PUNJAB VIDHAN SABHA

Monday, the 21st July, 2014

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਪੰਚਾਇਤੀ ਜ਼ਮੀਨ ਦੀ ਮਲਕੀਅਤ ਦੇਣ ਸਬੰਧੀ

***1504 ਸ਼੍ਰੀਮਤੀ ਅਰੁਨਾ ਚੌਧਰੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਮਿਤੀ 15.08.2008 ਤੋਂ ਪਹਿਲਾਂ ਪੰਚਾਇਤੀ ਜ਼ਮੀਨ ਤੇ ਆਪਣੇ ਘਰ ਬਣਾ ਚੁੱਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਪਲਾਟਾਂ ਦੀ ਮਲਕੀਅਤ ਦੇਣ ਲਈ ਸਰਕਾਰ ਦੀ ਕੋਈ ਪਾਲਿਸੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸ਼ਨਾਖਤ ਕੀਤੇ ਗਏ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਉਕਤ ਸ਼ਨਾਖਤ ਕੀਤੇ ਗਏ ਸਾਰੇ ਕੇਸਾਂ ਵਿੱਚ ਪਲਾਟਾਂ ਦੀ ਮਲਕੀਅਤ ਦੇ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਅਜਿਹੇ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਕਿੰਨੀ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ,

(ੳ) ਹਾਂ ਜੀ, ਮਿਤੀ 15.08.2008 ਤੋਂ ਪਹਿਲਾਂ ਸ਼ਾਮਲਾਤ ਜ਼ਮੀਨਾਂ ਤੇ ਆਪਣਾ ਘਰ ਬਣਾ ਕੇ ਰਹਿ ਰਹੇ ਅਨੁਸੂਚਿਤ ਜਾਤੀਆਂ ਅਤੇ ਵਿਮੁਕਤ ਜਾਤੀਆਂ ਜਿਸ ਵਿੱਚ ਬਾਜ਼ੀਗਰ ਜਾਤੀ ਵੀ ਸ਼ਾਮਲ ਹੈ, ਦੇ ਲੋਕਾਂ ਨੂੰ ਮਾਲਕੀ ਦੇ ਹੱਕ ਦੇਣ ਲਈ ਸਰਕਾਰ ਨੇ ਪਾਲਿਸੀ ਬਣਾਈ ਸੀ। ਸ਼ਨਾਖਤ ਕੀਤੇ ਗਏ ਕੇਸਾਂ ਦੀ ਕੁੱਲ ਗਿਣਤੀ 9357 ਹੈ।

(ਅ) ਹਾਂ ਜੀ, ਉਕਤ ਸ਼ਨਾਖਤ ਕੀਤੇ ਗਏ ਸਾਰੇ ਕੇਸਾਂ ਵਿੱਚੋਂ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ 186 ਕੇਸਾਂ ਤੋਂ ਬਿਨਾਂ ਬਾਕੀ ਸਾਰੇ ਲਾਭਪਾਤਰੀਆਂ ਨੂੰ ਮਾਲਕੀ ਦੇ ਹੱਕ ਦੇ ਦਿੱਤੇ ਗਏ ਹਨ।

ਸ਼੍ਰੀਮਤੀ ਅਰੁਨਾ ਚੌਧਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ ਜ਼ਿਲ੍ਹਾ ਗੁਰਦਾਸਪੁਰ ਪ੍ਰਸ਼ਾਸ਼ਨ ਵੱਲੋਂ ਇਨ੍ਹਾਂ ਨੂੰ ਭੇਜੀ ਗਈ ਇਹ ਰਿਪੋਰਟ ਸਹੀ ਨਹੀਂ ਹੈ ਕਿਉਂਕਿ ਮੇਰੇ ਇਲਾਕੇ ਦੀਨਾਨਗਰ ਵਿੱਚ ਪਿੰਡ ਕੋਲੀਆਂ ਵਿੱਚ 25 ਘਰ ਹਨ, ਇਸਮਾਇਲਪੁਰ ਵਿੱਚ ਇੱਕ ਘਰ ਹੈ ਅਤੇ ਮਕੌੜੇ ਵਿੱਚ 43 ਘਰ ਐਸੇ ਹਨ ਜਿਹੜੇ ਕਿ 1947 ਤੋਂ ਬਾਅਦ ਉਥੇ ਪੱਕੇ ਘਰ ਬਣਾ ਕੇ ਬੈਠੇ ਹਨ ਲੇਕਿਨ ਮਾਲਕਾਨਾ ਹੱਕ ਦੇਣ ਦੀ ਬਜਾਏ ਉਨ੍ਹਾਂ ਨੂੰ ਅਵਿਕਸ਼ਨ ਦੇ ਨੋਟਿਸ ਦਿੱਤੇ ਗਏ ਹਨ ਕਿ ਤੁਸੀਂ ਇਨ੍ਹਾਂ ਘਰਾਂ ਨੂੰ ਖਾਲੀ ਕਰੋ। ਇਸ ਦੇ ਨਾਲ ਹੀ ਸਾਲ 2005 ਦੌਰਾਨ ਪਿੰਡ ਜੋਗਰ ਵਿੱਚ 68 ਪਲਾਟ ਗ੍ਰਾਮ ਸਭਾ ਵਿੱਚ ਦਿੱਤੇ ਗਏ ਸਨ। ਸਾਲ 2008 ਵਿੱਚ ਕਬਜ਼ੇ ਬਾਰੇ ਲੈਟਰਜ਼ ਦਿੱਤੀਆਂ ਗਈਆਂ ਲੇਕਿਨ 6 ਮਹੀਨੇ ਬਾਅਦ ਜਦੋਂ ਇਹ ਪਾਲਿਸੀ ਤੁਸੀਂ ਫਾਈਨਲ ਕੀਤੀ ਹੈ, ਉਸ ਤੋਂ ਪਹਿਲੇ ਹੀ ਇਹ ਸਾਰੀ ਪੈਲੀ ਵਾਹ ਦਿੱਤੀ ਗਈ ਔਰ ਪਟੇ ਉੱਤੇ ਦੇ ਦਿੱਤੀ ਗਈ। ਸੋ, ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਕਿ ਮਿਹਰਬਾਨੀ ਕਰਕੇ ਇਨ੍ਹਾਂ ਗਰੀਬਾਂ ਨਾਲ ਇਹ ਧੱਕਾ ਨਾ ਕੀਤਾ ਜਾਵੇ ਕਿਉਂਕਿ ਮੈਂ ਸਰਕਾਰ ਦੀ ਸਾਰੀ ਪਾਲਿਸੀ ਪੜ੍ਹੀ ਹੈ। ਇਹ ਸਾਰੇ ਹੀ ਲੋਕ ਪਾਲਿਸੀ ਵਿਚਲੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ ਅਤੇ ਇਨ੍ਹਾਂ ਨੂੰ ਮਾਲਕਾਨਾ ਹੱਕ ਦਿੱਤੇ ਜਾਣੇ ਚਾਹੀਦੇ ਹਨ। ਮੈਂ ਇਸ ਸਬੰਧੀ ਮੰਤਰੀ ਜੀ ਤੋਂ ਐਸ਼ਿਓਰੈਂਸ ਚਾਹੁੰਦੀ ਹਾਂ।

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ ਜੀ।

ਸ਼੍ਰੀਮਤੀ ਅਰੁਨਾ ਚੌਧਰੀ : ਮੈਂ ਉਹੀ ਕਰ ਰਹੀ ਹਾਂ ਜੀ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਨ੍ਹਾਂ ਗਰੀਬ ਲੋਕਾਂ ਨੂੰ ਜਲਦੀ ਤੋਂ ਜਲਦੀ ਮਾਲਕਾਨਾ ਹੱਕ ਦੇ ਦਿੱਤੇ ਜਾਣਗੇ? ਮੈਨੂੰ ਇਸ ਬਾਰੇ ਟਾਈਮ ਬਾਊਂਡ ਜਵਾਬ ਦਿਓ ਕਿ ਇਨ੍ਹਾਂ ਲੋਕਾਂ ਨੂੰ ਕਦੋਂ ਤੱਕ ਮਾਲਕਾਨਾ ਹੱਕ ਦਿੱਤੇ ਜਾਣਗੇ ਔਰ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੇ ਤੁਹਾਨੂੰ ਗਲਤ ਰਿਪੋਰਟ ਦਿੱਤੀ ਹੈ, ਉਨ੍ਹਾਂ ਦੇ ਵਿਰੁੱਧ ਕੀ ਐਕਸ਼ਨ ਲਓਗੇ?

ਮੰਤਰੀ : ਸਪੀਕਰ ਸਾਹਿਬ, ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਹਲਕੇ ਵਿੱਚ ਪਿੰਡ ਇਸਮਾਇਲਪੁਰ ਵਿੱਚ ਇੱਕ ਘਰ ਹੈ ਅਤੇ ਕੋਲੀਆਂ ਪਿੰਡ ਵਿੱਚ 10 ਘਰ ਹਨ। ਇਨ੍ਹਾਂ ਨੇ ਛੱਪੜ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਇਹ ਵਿਅਕਤੀ ਇਸਾਈ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਇਸ ਕਰਕੇ ਇਹ

ਲੋਕ ਸਰਕਾਰ ਦੀ ਇਸ ਪਾਲਿਸੀ ਦੇ ਵਿੱਚ ਤਾਂ ਨਹੀਂ ਆਉਂਦੇ, ਫਿਰ ਵੀ ਜੇ ਇਨ੍ਹਾਂ ਦੀ ਨਿਗ੍ਹਾ ਵਿੱਚ ਕੋਈ ਐਸੇ ਕੇਸ ਹਨ ਜਿਹੜੇ ਇਸ ਸਕੀਮ ਦੇ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਨੂੰ ਜੇ ਕਿਸੇ ਕਾਰਨ ਮਾਲਕਾਨਾ ਹੱਕ ਨਹੀਂ ਮਿਲੇ ਜਾਂ ਉਨ੍ਹਾਂ ਨੂੰ ਕੋਈ ਪ੍ਰਾਬਲਮ ਹੈ ਤਾਂ ਉਨ੍ਹਾਂ ਬਾਰੇ ਇਹ ਮੈਨੂੰ ਦੱਸ ਦੇਣ, ਅਸੀਂ ਉਹ ਕੇਸ ਹੱਲ ਕਰ ਦੇਵਾਂਗੇ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੰਤਰੀ ਜੀ ਕੋਲ ਸ਼ਾਇਦ ਰਿਪੋਰਟਿੰਗ ਵਿੱਚ ਕੋਈ ਫਰਕ ਹੈ। ਕੋਲੀਆਂ ਵਿੱਚ 25 ਘਰ ਆਈਡੈਂਟੀਫਾਈ ਹੋਏ ਹਨ ਅਤੇ ਇਨ੍ਹਾਂ 25 ਘਰਾਂ ਨੂੰ ਨੋਟਿਸ ਗਏ ਹਨ। ਇਸ ਕਰਕੇ ਇਹ ਸਾਰੇ ਗਰੀਬ ਲੋਕ ਡਿਜ਼ਰਵਿੰਗ ਹਨ। ਜਿਹੜੀ ਤੁਸੀਂ ਗੱਲ ਦੱਸੀ ਹੈ, ਉਸ ਦੀ ਵੀ ਤੁਸੀਂ ਘੋਖ ਕਰ ਲਉ। ਇਸ ਦੀ ਇਨਕੁਆਇਰੀ ਕਰਵਾ ਲਉ ਔਰ ਜਲਦੀ ਤੋਂ ਜਲਦੀ ਇਨ੍ਹਾਂ ਲੋਕਾਂ ਨੂੰ ਮਾਲਕਾਨਾ ਹੱਕ ਦੇ ਦਿੱਤੇ ਜਾਣ। ਮੇਰੀ ਇਹੀ ਗੁਜ਼ਾਰਿਸ਼ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਹੁਤ ਹੀ ਇੰਪਾਰਟੈਂਟ ਮਸਲਾ ਬੀਬੀ ਜੀ ਨੇ ਉਠਾਇਆ ਹੈ। ਅਕਾਲੀ ਦਲ ਦੀ ਸਰਕਾਰ ਨੇ ਇਸ ਬਾਰੇ ਪਹਿਲਾਂ ਘੋਸ਼ਣਾ ਵੀ ਕੀਤੀ ਹੋਈ ਹੈ ਕਿ ਬੇਘਰਿਆਂ ਅਤੇ ਗਰੀਬ ਲੋਕਾਂ ਨੂੰ ਆਪਣੇ ਘਰ ਬਣਾਉਣ ਲਈ ਤਿੰਨ-ਤਿੰਨ ਮਰਲੇ ਜ਼ਮੀਨ ਦੇਣੀ ਹੈ। ਇਸ ਦੇ ਨਾਲ ਸਬੰਧਿਤ ਮੇਰੀ ਇਹ ਬੇਨਤੀ ਹੈ ਕਿ ਮੰਤਰੀ ਜੀ ਨੇ ਪੰਜਾਬ ਵਿੱਚ ਅਜਿਹੇ ਕੇਸਾਂ ਦੇ ਜੋ ਵੇਰਵੇ ਦਿੱਤੇ ਹਨ, ਉਹ ਬਹੁਤ ਹੀ ਥੋੜ੍ਹੇ ਘਰ ਦੱਸੇ ਹਨ। ਇੰਨੇ ਕੁ ਘਰ ਤਾਂ ਮੇਰੇ ਇਕੱਲੇ ਚਮਕੌਰ ਸਾਹਿਬ ਹਲਕੇ ਵਿੱਚ ਹੀ ਹਨ, ਜਿਸ ਵਿੱਚ ਤਕਰੀਬਨ 30-40 ਸਾਲ ਤੋਂ ਬਾਵਾ ਬਰਾਦਰੀ, ਸਿਕਲੀਗਰ ਬਰਾਦਰੀ, ਸ਼ਡਿਊਲਡ ਕਾਸਟ ਤੇ ਰਾਮਦਾਸੀਏ ਕਬੀਲੇ ਪੰਚਾਇਤ ਦੀ ਜ਼ਮੀਨ ਤੇ ਬੈਠੇ ਹਨ। ਪੰਚਾਇਤ ਵੀ ਉਨ੍ਹਾਂ ਦੇ ਨਾਲ ਸਹਿਮਤ ਹੈ।ਇਸ ਸਬੰਧੀ ਪੰਚਾਇਤ ਨੇ ਉਨ੍ਹਾਂ ਲੋਕਾਂ ਨੂੰ ਮਾਲਕਾਨਾ ਹੱਕ ਦਿਵਾਉਣ ਵਾਸਤੇ ਮਤੇ ਵੀ ਪਾਏ ਹੋਏ ਹਨ। ਮੇਰਾ ਸਵਾਲ ਇਹ ਹੈ ਕਿ ਜਿਹੜੇ ਇਸ ਤਰ੍ਹਾਂ ਦੇ ਲੋਕ ਪੰਜਾਬ ਦੇ ਵਿੱਚ ਵੱਖ ਵੱਖ ਥਾਵਾਂ ਤੇ ਬੈਠੇ ਹਨ, ਉਨ੍ਹਾਂ ਨੂੰ ਮਕਾਨਾਂ ਦੇ ਮਾਲਕਾਨਾ ਹੱਕ ਦੇਣ ਬਾਰੇ ਸਰਕਾਰ ਦਾ ਕੀ ਵਿਚਾਰ ਹੈ?

ਮੰਤਰੀ : ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ ਜੀ ਦੀ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਪਾਲਿਸੀ ਹੈ ਕਿ ਜਿਹੜੇ ਲੋਕ ਮਜ਼ਦੂਰੀ ਕਰਦੇ ਹਨ, ਜਿਨ੍ਹਾਂ ਕੋਲ ਆਪਣੇ ਘਰ ਨਹੀਂ ਹਨ ਅਤੇ ਆਮਦਨ ਦਾ ਕੋਈ ਸਾਧਨ ਨਹੀਂ ਹੈ ਤਾਂ ਅਜਿਹੀਆਂ ਸਾਰੀਆਂ ਛੋਟੀਆਂ ਜਾਤਾਂ ਵਾਲੇ ਲੋਕ ਇਸ ਪਾਲਿਸੀ ਵਿੱਚ ਕਵਰ ਹੁੰਦੇ ਹਨ। ਜੇਕਰ ਪੰਚਾਇਤ ਕੋਲ ਜ਼ਮੀਨ ਹੈ ਤਾਂ ਸਬੰਧਤ ਪੰਚਾਇਤ ਉਨ੍ਹਾਂ ਬੰਦਿਆਂ ਦੀ ਸ਼ਨਾਖਤ ਕਰਕੇ ਜਿਹੜੇ ਕਿ ਗਰੀਬ ਹਨ, ਰੈਜ਼ੋਲਿਊਸ਼ਨ ਪਾ ਕੇ ਸਬੰਧਿਤ ਮਹਿਕਮੇ ਦੇ ਥਰੂ ਸਾਨੂੰ ਭੇਜ ਦੇਵੇ ਤਾਂ ਅਸੀਂ ਇਸ ਤੇ ਜ਼ਰੂਰ ਕਾਰਵਾਈ ਕਰਾਂਗੇ। ਜੇ ਕਿਤੇ ਕੋਈ ਅਜਿਹਾ ਕੇਸ ਰਹਿ ਗਿਆ ਹੈ ਤਾਂ ਹੁਣ ਰੈਜ਼ੋਲਿਊਸ਼ਨ ਪਾ ਕੇ ਭਿਜਵਾ ਦੇਣ, ਅਸੀਂ ਕਰਵਾ ਦਿਆਂਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਨਹੀਂ ਸੀ। ਮੇਰਾ ਸਵਾਲ ਤਾਂ ਇਹ ਸੀ ਕਿ ਜਿਨ੍ਹਾਂ ਲੋਕਾਂ ਨੂੰ ਘਰ ਮਿਲ ਚੁੱਕੇ ਹਨ ਔਰ ਪੰਚਾਇਤਾਂ ਵਲੋਂ ਗਲੀਆਂ ਵੀ ਪੱਕੀਆਂ ਕੀਤੀਆਂ ਜਾ ਚੁੱਕੀਆਂ ਹਨ, ਉਨ੍ਹਾਂ ਲੋਕਾਂ ਨੂੰ ਹਾਲੇ ਤੱਕ ਮਾਲਕੀ ਦੇ ਹੱਕ ਨਹੀਂ ਦਿੱਤੇ ਗਏ। ਮੇਰਾ ਸਵਾਲ ਇਹ ਹੈ ਕਿ ਮੰਤਰੀ ਜੀ ਦੱਸਣ ਕਿ ਉਨ੍ਹਾਂ ਲੋਕਾਂ ਨੂੰ ਕਦੋਂ ਤੱਕ ਮਾਲਕਾਨਾ ਹੱਕ ਦੇ ਦਿੱਤੇ ਜਾਣਗੇ।

ਮੰਤਰੀ : ਸਪੀਕਰ ਸਾਹਿਬ, ਇਸ ਸਬੰਧੀ ਸਾਰਾ ਅਖਤਿਆਰ ਪੰਚਾਇਤ ਕੋਲ ਹੈ। ਜੇ ਉਹ ਲੋਕ ਪੰਚਾਇਤ ਦੀ ਸਕੀਮ ਵਿੱਚ ਕਵਰ ਹੁੰਦੇ ਹਨ ਤਾਂ ਅਸੀਂ ਮਾਲਕੀ ਦੇਣ ਨੂੰ ਤਿਆਰ ਹਾਂ। ਸਾਨੂੰ ਕੋਈ ਇਤਰਾਜ਼ ਨਹੀਂ ਹੈ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਹੁਣੇ ਮੰਤਰੀ ਜੀ ਨੇ ਕਿਹਾ ਹੈ ਕਿ ਮਤੇ ਪਾ ਕੇ ਭੇਜ ਦਿਓ, ਅਸੀਂ ਕਰਵਾ ਦਿਆਂਗੇ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਵੰਬਰ ਅਤੇ ਦਸੰਬਰ, 2006 ਦੇ ਮਤੇ ਪਏ ਹੋਏ ਹਨ। ਕਪੂਰਥਲੇ ਦੇ ਕਰੀਬ 35-40 ਪਿੰਡ ਹਨ, ਜਿਨ੍ਹਾਂ ਵਿੱਚ ਅਸੀਂ ਗਰੀਬ ਜਨਤਾ ਨੂੰ ਉਸ ਵੇਲੇ ਪਲਾਟ ਕੱਟ ਕੇ ਦਿੱਤੇ ਹਨ ਪਰ ਹਾਲੇ ਤੱਕ ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਮੇਰਾ ਸਵਾਲ ਇਹ ਹੈ ਕਿ ਕੀ ਮੰਤਰੀ ਜੀ ਉਸ ਵੇਲੇ ਦੇ ਮਤਿਆਂ ਤੇ ਕਾਰਵਾਈ ਕਰਨਗੇ? ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਨ੍ਹਾਂ ਮਤਿਆਂ ਤੇ ਹੁਣ ਤੱਕ ਕਾਰਵਾਈ ਇਸ ਕਰਕੇ ਨਹੀਂ ਕੀਤੀ ਕਿਉਂਕਿ ਉਸ ਵੇਲੇ ਕਾਂਗਰਸ ਸਰਕਾਰ ਨੇ ਪਲਾਟ ਕੱਟੇ ਸੀ। ਇਸ ਲਈ ਇਨ੍ਹਾਂ ਨੇ ਮਨਜ਼ੂਰੀ ਨਹੀਂ ਦਿੱਤੀ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ

ਕਾਂਗਰਸ ਜਾਂ ਅਕਾਲੀ ਪਾਰਟੀ ਦੀ ਕੋਈ ਗੱਲ ਨਹੀਂ ਹੈ। ਉਸ ਵੇਲੇ ਕੋਈ ਕਾਰਨ ਹੋਵੇਗਾ ਜਿਸ ਕਾਰਨ ਉਹ ਨਹੀਂ ਹੋ ਸਕਿਆ। ਉਸ ਵੇਲੇ ਤਾਂ ਇਨ੍ਹਾਂ ਦੀ ਹੀ ਸਰਕਾਰ ਸੀ। ਫਿਰ ਇਨ੍ਹਾਂ ਨੂੰ ਮਾਲਕਾਨਾ ਹੱਕ ਦਿਵਾ ਦੇਣੇ ਚਾਹੀਦੇ ਸੀ ਜੇਕਰ ਨਹੀਂ ਮਿਲੇ ਤਾਂ ਇਨ੍ਹਾਂ ਦੀ ਹੀ ਕੋਈ ਕਮਜ਼ੋਰੀ ਹੈ ਪਰ ਫਿਰ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਉਸ ਵੇਲੇ ਨਹੀਂ ਹੋਏ ਤਾਂ ਤੁਸੀਂ ਦੁਬਾਰਾ ਮਤਾ ਪਾਕੇ ਭੇਜ ਦਿਓ, ਅਸੀਂ ਕਰਵਾ ਦਿਆਂਗੇ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ।

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਬੈਠੋ। ਮੈਂ ਇੱਕ ਜ਼ਰੂਰੀ ਅਨਾਊਂਸਮੈਂਟ ਕਰਨੀ ਹੈ। (ਵਿਘਨ...ਸ਼ੋਰ)

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ...(ਵਿਘਨ...ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, ਮੈਂ ਕਿਹਾ ਮੰਤਰੀ ਜੀ ਨੇ ਜਵਾਬ ਦੇ ਦਿੱਤਾ ਹੈ। ਉਨ੍ਹਾਂ ਨੇ ਸਾਰੇ ਪੰਜਾਬ ਦੇ ਬਾਰੇ ਦੱਸ ਦਿੱਤਾ ਹੈ। (ਵਿਘਨ...ਸ਼ੋਰ)

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ...(ਵਿਘਨ...ਸ਼ੋਰ)

ANNOUNCEMENT BY THE HON'BLE SPEAKER

ਮਾਨਯੋਗ ਸਪੀਕਰ : ਮੈਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਸਾਡੇ ਵਿੱਚ ਸ਼੍ਰੀ ਬਲਰਾਮਜੀ ਦਾਸ ਟੰਡਨ ਜੋ ਕਿ ਛੱਤੀਸਗੜ੍ਹ ਦੇ ਮਾਨਯੋਗ ਗਵਰਨਰ ਬਣਨ ਵਾਲੇ ਹਨ, ਉਹ ਅੱਜ ਸਦਨ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਹਾਜ਼ਰ ਹਨ। ਆਓ ਅਸੀਂ ਇਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

STARRED QUESTIONS AND ANSWERS
(Resumption)

ਢਿੱਲਵਾ ਤੋਂ ਉੱਚਾ ਅਤੇ ਨਡਾਲਾ ਤੋਂ ਬੇਗੋਵਾਲ ਸੜਕਾਂ ਦੀ ਮੁਰੰਮਤ ਕਰਨਾ

*1458 **ਬੀਬੀ ਜਗੀਰ ਕੌਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ

[ਬੀਬੀ ਜਗੀਰ ਕੌਰ]

ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦੀਆਂ ਢਿੱਲਵਾਂ ਤੋਂ ਉੱਚਾ ਅਤੇ ਨਡਾਲਾ ਤੋਂ ਬੇਗੋਵਾਲ ਤੱਕ ਮਿਆਦ ਪੂਰੀ ਕਰ ਚੁੱਕੀਆਂ ਸੜਕਾਂ ਨੂੰ ਦੁਬਾਰਾ ਬਣਾਉਣ/ਮੁਰੰਮਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਜੀ ਹਾਂ, ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦਾ ਕੰਮ ਹੇਠ ਲਿਖੇ ਅਨੁਸਾਰ ਪ੍ਰਗਤੀ ਅਧੀਨ ਹੈ:

(ੳ) ਢਿੱਲਵਾਂ ਤੋਂ ਉੱਚਾ ਸੜਕ: ਇਸ ਸੜਕ ਤੇ 2.00 ਕਿਲੋਮੀਟਰ ਲੰਬਾਈ ਉਪਰ 50 ਐਮ.ਐਮ ਥਿੱਕ ਬੀ.ਐਮ. (ਬਿਚੂਮਨਸ ਮਕੈਡਮ) ਪਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 16 ਕਿਲੋਮੀਟਰ ਲੰਬਾਈ ਦੀ ਸੜਕ ਉੱਪਰ ਪੀ.ਸੀ. ਪਾਉਣ ਦਾ ਕੰਮ ਇਸ ਮਾਲੀ ਸਾਲ ਦੌਰਾਨ ਪੂਰਾ ਕਰ ਦਿੱਤਾ ਜਾਵੇਗਾ।

(ਅ) ਨਡਾਲਾ ਤੋਂ ਬੇਗੋਵਾਲ ਸੜਕ: ਇਸ ਸੜਕ ਤੇ 8.00 ਕਿਲੋਮੀਟਰ ਲੰਬਾਈ ਉੱਪਰ 50 ਐਮ.ਐਮ. ਥਿੱਕ ਬੀ.ਐਮ (ਬਿਚੂਮਨਸ ਮਕੈਡਮ) ਅਤੇ 2.80 ਕਿਲੋਮੀਟਰ ਲੰਬਾਈ ਉੱਪਰ ਐਸ.ਡੀ.ਬੀ.ਸੀ. ਪਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਇਸ ਮਾਲੀ ਸਾਲ ਦੌਰਾਨ ਪੂਰਾ ਕਰ ਦਿੱਤਾ ਜਾਵੇਗਾ।

ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦਾ ਕੰਮ ਸਰਕਾਰ ਵਲੋਂ ਸਾਲ 2013-14 ਦੌਰਾਨ ਹੀ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਦੋਨਾਂ ਸੜਕਾਂ ਦੇ ਮੁਰੰਮਤ ਦੇ ਕੰਮ ਅਲਾਟ ਕੀਤੇ ਹੋਏ ਹਨ ਅਤੇ ਇਹ ਕੰਮ ਪ੍ਰਗਤੀ ਅਧੀਨ ਹਨ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੰਤਰੀ ਸਾਹਿਬ ਦਾ ਧੰਨਵਾਦ ਜਿਨ੍ਹਾਂ ਨੇ ਐਸ਼ੋਰੈਂਸ ਦਿੱਤੀ ਹੈ।

ਮਾਨਯੋਗ ਸਪੀਕਰ : ਐਸ਼ੋਰੈਂਸ ਤਾਂ ਆ ਗਈ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਹੈ ਕਿ ਜਦੋਂ ਤੁਸੀਂ ਐਮ.ਪੀ. ਬਣੇ ਅਤੇ ਭਾਰਤ ਸਰਕਾਰ (ਲੋਕ ਸਭਾ) ਦੇ ਡਿਪਟੀ ਸਪੀਕਰ ਬਣੇ, ਇਹ ਸੜਕ ਉਦੋਂ ਤੋਂ ਬਣੀ ਹੋਈ ਹੈ। ਜੁਲਾਈ, 2013 ਵਿੱਚ ਇਸ ਦਾ ਟੈਂਡਰ ਹੋ ਗਿਆ ਸੀ। ਇਹ ਕੰਮ ਜਨਵਰੀ ਤੱਕ ਮੁਕੰਮਲ ਹੋ ਜਾਣਾ ਸੀ। ਉਦੋਂ ਇਸ ਲਈ ਫੰਡ ਨਹੀਂ ਗਏ, ਸ਼ਾਇਦ ਇਲੈਕਸ਼ਨ ਕੋਡ ਲੱਗ

ਗਿਆ ਸੀ। ਫਿਰ ਵੀ ਫੰਡ ਤਾਂ ਬਾਅਦ ਵਿੱਚ ਪਹੁੰਚ ਗਏ ਪਰ ਜਿਹੜਾ ਠੇਕੇਦਾਰ ਸੀ, ਉਸ ਨੇ ਬਹੁਤ ਤੰਗ ਕੀਤਾ। ਅਫ਼ਸਰਾਂ ਨੇ ਉਸ ਠੇਕੇਦਾਰ ਨੂੰ ਵਾਰ-ਵਾਰ ਕਿਹਾ ਪਰ ਉਸ ਨੇ ਕਿਸੇ ਦੀ ਨਹੀਂ ਸੁਣੀ। ਬੜੀ ਮੁਸ਼ਕਲ ਨਾਲ ਹੁਣ ਜੂਨ ਮਹੀਨੇ ਵਿੱਚ ਆ ਕੇ ਬੀ.ਐਮ. ਪਵਾਏ ਹਨ। ਜਦੋਂ ਪੈਸੇ ਪਹੁੰਚ ਗਏ ਹੋਣ ਅਤੇ ਠੇਕੇਦਾਰ ਕੰਮ ਨਾ ਕਰਨ, ਇਸ ਦੇ ਹੱਲ ਵਾਸਤੇ ਕੀ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਇਹੋ ਜਿਹੇ ਠੇਕੇਦਾਰਾਂ ਨੂੰ ਅੱਗੇ ਤੋਂ ਬਲੈਕ ਲਿਸਟ ਘੋਸ਼ਿਤ ਕੀਤਾ ਜਾਵੇ।

ਮਾਨਯੋਗ ਸਪੀਕਰ : ਬੀਬੀ ਜੀ, ਇਸ ਨਾਲ ਸਬੰਧਿਤ ਤਾਂ ਹੈ ਨਹੀਂ। ਧੰਨਵਾਦ ਜੀ।

ਨਸ਼ਾ ਛੁਡਾਊ ਕੇਂਦਰ ਖੋਲ੍ਹਣਾ

***1524 ਰਾਣਾ ਗੁਰਜੀਤ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿੱਚ ਹਰ ਵਿਧਾਨ ਸਭਾ ਅਤੇ ਲੋਕ ਸਭਾ ਹਲਕੇ ਵਿੱਚ ਲੰਬੀ ਅਤੇ ਬਠਿੰਡਾ ਦੀ ਤਰ੍ਹਾਂ 10-10 ਅਤੇ 25-25 ਬੈੱਡ ਦੇ ਨਸ਼ਾ ਛੁਡਾਊ ਕੇਂਦਰ ਸਥਾਪਤ ਕਰੇਗੀ; ਜੇਕਰ ਕਰੇਗੀ ਤਾਂ ਕਦੋਂ ਤੱਕ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਪੰਜਾਬ ਰਾਜ ਵਿੱਚ ਵਿਧਾਨ ਸਭਾ ਦੇ ਸਾਰੇ ਹਲਕਿਆਂ ਵਿੱਚ ਸਰਕਾਰ ਦੀ ਨਸ਼ਾ ਛੁਡਾਊ ਕੇਂਦਰ ਸਥਾਪਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਪੰਜਾਬ ਰਾਜ ਦੇ ਹਰੇਕ ਲੋਕ ਸਭਾ ਹਲਕੇ ਵਿੱਚ ਸਰਕਾਰੀ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਜਾ ਚੁੱਕੇ ਹਨ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਬੜੀਆਂ ਚੀਜ਼ਾਂ ਵੇਖੀਆਂ ਹਨ, ਜੋ ਕਿ ਖਾਧੀਆਂ ਜਾਂਦੀਆਂ ਹਨ। ਮੇਰਾ ਸਵਾਲ ਹੀ ਅੱਧਾ ਖਾਧਾ ਗਿਆ। ....

ਮਾਨਯੋਗ ਸਪੀਕਰ : ਜੋ ਸਵਾਲ ਬਣਦਾ ਹੋਵੇਗਾ, ਉਹ ਹੀ ਆਇਆ ਹੋਵੇਗਾ।

ਰਾਣਾ ਗੁਰਜੀਤ ਸਿੰਘ : ਮੇਰਾ ਸਵਾਲ ਇਹ ਸੀ ਕਿ ਪੰਜਾਬ ਦੇ ਵਿਧਾਨ ਸਭਾ ਹਲਕਾ, ਲੰਬੀ ਅਤੇ ਲੋਕ ਸਭਾ ਹਲਕਾ, ਬਠਿੰਡਾ ਵਿਚ ਨੌਜਵਾਨ ਪੰਜਾਬ

[ਰਾਣਾ ਗੁਰਜੀਤ ਸਿੰਘ]

ਦੇ ਬਾਕੀ ਵਿਧਾਨ ਸਭਾ ਅਤੇ ਲੋਕ ਸਭਾ ਹਲਕਿਆਂ ਤੋਂ ਵੱਧ ਗਿਣਤੀ ਵਿੱਚ ਨਸ਼ਾ ਕਰ ਰਹੇ ਹਨ। ਪਹਿਲਾਂ ਤਾਂ ਇਹ ਸੀ।

ਮਾਨਯੋਗ ਸਪੀਕਰ : ਜਿੰਨਾ ਪੋਰਸ਼ਨ ਕੋਈ ਆਬਜੈਕਸ਼ਨੇਬਲ ਸੀ, ਉਹ ਕੱਟਿਆ ਗਿਆ।

ਰਾਣਾ ਗੁਰਜੀਤ ਸਿੰਘ : ਇਹ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ....

ਮਾਨਯੋਗ ਸਪੀਕਰ : ਮੇਰੀ ਇੱਕ ਗੱਲ ਸਮਝ ਲਉ, ਜਿਹੜਾ ਮੈਂ ਸਮਝਦਾ ਹਾਂ ਕਿ ਕੋਈ ਆਬਜੈਕਸ਼ਨੇਬਲ ਸੀ, ਉਹ ਕੱਟਿਆ ਗਿਆ। ਤੁਸੀਂ ਇਸ ਵਿੱਚੋਂ ਪੁੱਛੋ।

ਰਾਣਾ ਗੁਰਜੀਤ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੁੱਖ ਮੰਤਰੀ ਸਾਹਿਬ, ਉਪ ਮੁੱਖ ਮੰਤਰੀ ਸਾਹਿਬ, ਜਿੱਥੇ ਜਾਂਦੇ ਹਨ, ਹਰ ਹਸਪਤਾਲ ਵਿੱਚ 10-10 ਜਾਂ 25-25 ਬੈੱਡ ਦੇ ਰੀਹੈਬਲੀਟੇਸ਼ਨ ਸੈਂਟਰ ਦੀ ਗੱਲ ਕਰਦੇ ਹਨ। ਕੀ ਇਹ ਕਾਫੀ ਹਨ? ਅੱਜ ਬਹੁਤ ਵੱਡੀ ਗਿਣਤੀ ਵਿੱਚ ਪੰਜਾਬ ਦੇ ਨੌਜਵਾਨ ਨਸ਼ਿਆਂ ਨਾਲ ਜੁੜ ਗਏ ਹਨ। ਇਸ ਹਿਸਾਬ ਨਾਲ ਤਾਂ ਕਈ ਸਾਲ ਬਾਅਦ ਇੱਕ-ਇੱਕ ਬੰਦੇ ਨੂੰ ਚਾਂਸ ਮਿਲੇਗਾ। ਇਹ ਰੀਹੈਬਲੀਟੇਸ਼ਨ ਸੈਂਟਰ ਗਿਣਤੀ ਵਿੱਚ ਬਹੁਤ ਘੱਟ ਹਨ। ਕੀ ਇਸ ਤੋਂ ਵੱਧ ਬਣਾਉਣ ਦੀ ਤੁਹਾਡੀ ਕੋਈ ਤਜਵੀਜ਼ ਹੈ ਤਾਂ ਕਿ ਸਾਡੇ ਨੌਜਵਾਨਾਂ ਨੂੰ ਰਾਹਤ ਮਿਲ ਸਕੇ?

ਮੰਤਰੀ : ਸਪੀਕਰ ਸਾਹਿਬ, 31 ਸੈਂਟਰ ਸਥਾਪਤ ਕਰਨੇ ਹਨ। 21 ਬਣ ਕੇ ਤਿਆਰ ਹੋ ਗਏ ਹਨ ਅਤੇ ਚੱਲ ਰਹੇ ਹਨ। 3 ਦੀ ਬਿਲਡਿੰਗ ਤਿਆਰ ਹੋ ਗਈ ਹੈ ਅਤੇ 15-20 ਦਿਨਾਂ ਵਿੱਚ ਚੱਲ ਜਾਣੇ ਹਨ। 7 ਸੈਂਟਰਾਂ ਦੀ ਬਿਲਡਿੰਗ ਤਿਆਰ ਹੋ ਰਹੀ ਹੈ। ਇਸ ਤੋਂ ਇਲਾਵਾ 5 ਮਾਡਲ ਸੈਂਟਰ ਸਥਾਪਤ ਕੀਤੇ ਹਨ ਜਿਹੜੇ ਮੈਡੀਕਲ ਕਾਲਜਾਂ ਰਾਹੀਂ ਚੱਲਦੇ ਹਨ। 17 ਪੁਆਇੰਟ ਅਜਿਹੇ ਬਣਾਏ ਹਨ ਕਿ ਜਿਹੜੇ ਨੌਜਵਾਨ ਇੰਜੈਕਸ਼ਨ ਨਾਲ ਨਸ਼ਾ ਲੈਂਦੇ ਹਨ, ਉਨ੍ਹਾਂ ਨੂੰ ਉਥੇ ਗੋਲੀਆਂ ਨਾਲ ਨਸ਼ਾ ਦਿੱਤਾ ਜਾਂਦਾ ਹੈ ਤਾਂ ਕਿ ਉਹ ਏਡਜ਼ ਤੋਂ ਬਚ ਸਕਣ। ਅੱਜ ਤੱਕ ਪੰਜਾਬ ਵਿੱਚੋਂ 3,25,302 ਬੰਦੇ ਅਸੀਂ ਸੈਂਟਰਾਂ ਵਿੱਚ ਵੇਖ ਚੁੱਕੇ ਹਾਂ। 1,61,560 ਬੰਦੇ ਕੈਂਪ ਲਗਾ ਕੇ ਵੇਖ ਚੁੱਕੇ ਹਾਂ। 12,553 ਵਿਅਕਤੀ ਐਡਮਿਟ ਹੋ ਕੇ ਠੀਕ ਹੋ ਕੇ ਗਏ ਹਨ ਅਤੇ ਹੋਰ ਆ ਰਹੇ ਹਨ। ਇਹ ਜਿਹੜੀ ਇਨ੍ਹਾਂ ਨੇ ਚਿੰਤਾ ਕੀਤੀ ਹੈ, ਇਹ ਇੰਨੀ ਵੱਡੀ ਚਿੰਤਾ ਨਹੀਂ ਹੈ। ਅਸੀਂ ਕੈਂਪਾਂ ਵਿੱਚ

ਵੇਖਣ ਦੇ ਨਾਲ ਨਾਲ 5,024 ਵਿਅਕਤੀਆਂ ਨੂੰ ਐਡਮਿਟ ਕਰਕੇ ਉਨ੍ਹਾਂ ਦਾ ਦਵਾਈ ਰਾਹੀਂ ਇਲਾਜ ਕਰਕੇ ਘਰ ਭੇਜ ਚੁੱਕੇ ਹਾਂ। ਪੰਜਾਬ ਵਿੱਚ ਅੱਜ ਸਿਰਫ 177 ਮਰੀਜ਼ ਐਡਮਿਟ ਹਨ ਅਤੇ ਸਾਡੇ ਕੋਲ ਸਾਧਨ ਉਪਲਬਧ ਹਨ। ਪਰਮਾਤਮਾ ਕਿਸੇ ਨੂੰ ਨਸ਼ੇ ਵਿੱਚ ਨਾ ਲਗਾਵੇ ਅਤੇ ਸਰਕਾਰ ਬਹੁਤ ਧਿਆਨ ਦੇ ਕੇ ਅੱਛਾ ਕੰਮ ਕਰ ਰਹੀ ਹੈ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਲ੍ਹਾਂ ਵਿੱਚ ਜਿਹੜੇ ਮੁੰਡੇ ਨਸ਼ਈ ਹਨ, ਉਨ੍ਹਾਂ ਦੇ ਇਲਾਜ ਲਈ ਕੀ ਪ੍ਰਬੰਧ ਹੈ? ਪੰਜਾਬ ਵਿੱਚ ਕੁੱਲ 35 ਸਾਈਕੈਟਰਿਸਟਸ ਉਪਲਬਧ ਹਨ। ਇਹ ਕੰਮ ਜ਼ਿਆਦਾ ਸਾਈਕੈਟਰਿਸਟਸ ਦਾ ਹੈ। ਇਨ੍ਹਾਂ ਦੇ ਡਿਪਾਰਟਮੈਂਟ ਨੇ ਜਗ੍ਹਾ-ਜਗ੍ਹਾ ਅਨਾਊਂਸ ਤਾਂ ਕਰ ਦਿੱਤਾ ਹੈ ਕਿ ਇਨ੍ਹਾਂ ਲਈ ਵੱਖਰੇ ਡਾਕਟਰ ਅਤੇ ਵੱਖਰੇ ਅਟੈਂਡੈਂਟਸ ਦਾ ਪ੍ਰਬੰਧ ਸਰਕਾਰ ਨੇ ਕੀਤਾ ਹੈ। ਜੇ ਉਹੀ ਹਸਪਤਾਲਾਂ ਵਿੱਚੋਂ ਕੱਢ ਕੇ ਇੱਧਰ ਲਗਾ ਦੇਣੇ ਹਨ ਤਾਂ ਮਰੀਜ਼ਾਂ ਨੂੰ ਕੌਣ ਦੇਖੇਗਾ? ਸਰਕਾਰ ਕੋਲ 35 ਸਾਈਕੈਟਰਿਸਟ ਹਨ ਅਤੇ ਜ਼ਿਲ੍ਹੇ 24 ਹਨ, ਹਲਕੇ 117 ਹਨ। ਇਸ ਤਰ੍ਹਾਂ ਕੰਮ ਕਿਵੇਂ ਚੱਲੇਗਾ?

ਮਾਨਯੋਗ ਸਪੀਕਰ : ਤੁਸੀਂ ਕੀ ਪੁੱਛਣਾ ਚਾਹੁੰਦੇ ਹੋ, ਉਹ ਪੁੱਛੋ?

ਰਾਣਾ ਗੁਰਜੀਤ ਸਿੰਘ : ਮੰਤਰੀ ਜੀ ਦੱਸਣ ਕਿ ਨਵੀਂ ਭਰਤੀ ਕਦੋਂ ਕੀਤੀ ਜਾਵੇਗੀ?

ਮਾਨਯੋਗ ਸਪੀਕਰ : ਹਾਂ ਜੀ, ਜਿਆਨੀ ਜੀ, ਕੀ ਹੋਰ ਡਾਕਟਰ ਭਰਤੀ ਕਰਨੇ ਹਨ?

ਮੰਤਰੀ : ਅੱਜ ਸਾਡੇ ਕੋਲ 38 ਡਾਕਟਰ ਮੌਜੂਦ ਹਨ। ਦੋ ਤਰੀਕ ਨੂੰ ਦਿੱਲੀ ਤੇ ਰਾਜਸਥਾਨ ਵਿੱਚ ਮੀਟਿੰਗ ਰੱਖ ਕੇ ਅਸੀਂ 16 ਹੋਰ ਡਾਕਟਰਾਂ ਦੀ ਭਰਤੀ ਸਬੰਧੀ ਮਨਜ਼ੂਰੀ ਲੈ ਲਈ ਹੈ। ਡਾਕਟਰਾਂ ਦੀ ਬਿਲਕੁਲ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। 38 ਡਾਕਟਰ ਟ੍ਰੇਨਿੰਗ ਕਰਨ ਉਪ੍ਰੰਤ ਸਾਡੇ ਕੋਲ ਕੰਮ ਕਰ ਰਹੇ ਹਨ ਅਤੇ ਸਾਡਾ ਕੰਮ ਚੱਲ ਰਿਹਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ....

ਮਾਨਯੋਗ ਸਪੀਕਰ : ਤੁਸੀਂ ਤਾਂ ਗੁਆਂਢੀ ਹੋ ਅਤੇ ਆਪਸ ਵਿੱਚ ਵੀ ਗੱਲ ਕਰ ਸਕਦੇ ਹੋ, ਦੱਸ ਸਕਦੇ ਹੋ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 31 ਸੈਂਟਰ ਸਥਾਪਿਤ ਕੀਤੇ ਹਨ, ਉਨ੍ਹਾਂ ਵਿੱਚੋਂ ਫਿਰੋਜ਼ਪੁਰ, ਫਾਜ਼ਿਲਕਾ ਅਤੇ ਮੁਕਤਸਰ ਵਿੱਚ ਕਿੰਨੇ ਸੈਂਟਰ ਹਨ ਅਤੇ ਕਿੰਨੇ ਮਰੀਜ਼ਾਂ ਨੂੰ ਰਾਹਤ ਦਿੱਤੀ ਗਈ ਹੈ, ਇਸ ਬਾਰੇ ਦੱਸਿਆ ਜਾਵੇ।

ਮੰਤਰੀ : ਸਰ, ਇਹ ਬੰਦੋਬਸਤ 22 ਜ਼ਿਲ੍ਹਿਆਂ ਵਿੱਚ ਹੈ। 31 ਵਿੱਚੋਂ 21 ਸੈਂਟਰ ਚਲ ਰਹੇ ਹਨ ਅਤੇ 10 ਹੋਰ ਸੈਂਟਰ 15-20 ਦਿਨਾਂ ਤੱਕ ਚਲ ਜਾਣਗੇ।

ਰਾਣਾ ਗੁਰਮੀਤ ਸਿੰਘ ਸੋਢੀ : ਮੰਤਰੀ ਜੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ, ਫਾਜ਼ਿਲਕਾ ਅਤੇ ਮੁਕਤਸਰ ਵਿੱਚ ਅਜਿਹੇ ਕਿੰਨੇ ਸੈਂਟਰ ਹਨ?

ਮੰਤਰੀ : ਸਪੀਕਰ ਸਾਹਿਬ, ਇਹ ਇਸ ਦਾ ਅਲੱਗ ਪ੍ਰਸ਼ਨ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

ਲਿੰਕ ਸੜਕਾਂ ਦੀ ਮੁਰੰਮਤ

***1527 ਸਰਦਾਰ ਜਗਮੋਹਨ ਸਿੰਘ ਕੰਗ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਐੱਸ.ਏ.ਐੱਸ. ਨਗਰ ਵਿੱਚ ਪੈਂਦੇ ਬਲਾਕ ਮਾਜਰੀ ਅਤੇ ਖਰੜ ਵਿੱਚ ਪੈਂਦੇ ਪਿੰਡਾਂ ਦੀਆਂ ਕਿਹੜੀਆਂ-ਕਿਹੜੀਆਂ ਲਿੰਕ ਸੜਕਾਂ ਦੀ ਰਿਪੇਅਰ ਸ਼ੁਰੂ ਹੋ ਚੁੱਕੀ ਹੈ ਤੇ ਕਿਹੜੀਆਂ ਬਾਕੀ ਰਹਿੰਦੀਆਂ ਹਨ;

(ਅ) ਇਨ੍ਹਾਂ ਲਿੰਕ ਸੜਕਾਂ ਦੀ ਰਿਪੇਅਰ ਲਈ ਕੀ ਮਾਪਦੰਡ ਅਪਣਾਇਆ ਜਾਂਦਾ ਹੈ;

(ੲ) ਸਾਲ 2014-15 ਵਿੱਚ ਇਨ੍ਹਾਂ ਦੋਵੇਂ ਬਲਾਕਾਂ ਦੀਆਂ ਹੋਰ ਕਿਹੜੀਆਂ-ਕਿਹੜੀਆਂ ਲਿੰਕ ਸੜਕਾਂ ਦੀ ਰਿਪੇਅਰ ਸ਼ੁਰੂ ਕੀਤੀ ਜਾਵੇਗੀ ਅਤੇ ਇਨ੍ਹਾਂ ਦੀ ਅਨੁਮਾਨਿਤ ਲਾਗਤ ਕੀ ਆਵੇਗੀ?

ਸਰਦਾਰ ਤੋਤਾ ਸਿੰਘ : (ੳ) ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਬਲਾਕ ਮਾਜਰੀ ਅਤੇ ਖਰੜ ਵਿੱਚ ਪੈਂਦੇ ਪਿੰਡਾਂ ਦੀਆਂ 114.60 ਕਿਲੋਮੀਟਰ ਲਿੰਕ

ਸੜਕਾਂ ਦੀ ਰਿਪੇਅਰ ਸ਼ੁਰੂ ਹੋ ਚੁੱਕੀ ਹੈ। ਇਨ੍ਹਾਂ ਸੜਕਾਂ ਦੀ ਸੂਚੀ * ਅਨੁਲੱਗ-'ੳ' ਤੇ ਹੈ। ਬਾਕੀ ਸੜਕਾਂ ਦੀ ਸੂਚੀ *ਅਨੁਲੱਗ-'ਅ' ਤੇ ਨੱਥੀ ਹੈ।

(ਅ) ਲਿੰਕ ਸੜਕਾਂ ਦੀ ਆਖਰੀ ਰਿਪੇਅਰ ਦੀ ਮਿਤੀ ਅਤੇ ਉਨ੍ਹਾਂ ਦੀ ਹਾਲਤ ਦੇ ਮੱਦੇ ਨਜ਼ਰ ਉਨ੍ਹਾਂ ਦੀ ਮੁੜ ਰਿਪੇਅਰ ਕਰਨ ਦਾ ਫੈਸਲਾ ਲਿਆ ਜਾਂਦਾ ਹੈ।

(ੲ) ਹਾਲ ਦੀ ਘੜੀ ਸਾਲ 2014-15 ਵਿੱਚ ਅਨੁਲੱਗ-'ੳ' ਵਿੱਚ ਦਿੱਤੀਆਂ ਸੜਕਾਂ ਦੀ ਹੀ ਮੁਰੰਮਤ ਕਰਨੀ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 114.60 ਕਿਲੋਮੀਟਰ ਸੜਕਾਂ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਪਰ ਮੇਰੀ ਜਾਣਕਾਰੀ ਮੁਤਾਬਿਕ ਇਹ ਜਾਣਕਾਰੀ ਠੀਕ ਨਹੀਂ ਹੈ। ਕੀ ਮੰਤਰੀ ਜੀ ਇਸ ਨੂੰ ਦਰੁਸਤ ਕਰਾਉਣ ਦੀ ਖੇਚਲ ਕਰਨਗੇ? ਦੂਸਰਾ, ਇਸ ਕੰਮ ਨੂੰ ਕਿਹੜੀ ਏਜੰਸੀ ਕਰ ਰਹੀ ਹੈ। ਕੀ ਪੀ.ਡਬਲਯੂ.ਡੀ., ਮੰਡੀ ਬੋਰਡ ਜਾਂ ਮਾਰਕਫੈਡ ਇਹ ਕੰਮ ਕਰਦਾ ਹੈ? ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੰਨ ਮਾਜਰਾ-ਚਟੌਲੀ-ਥਾਣਾ ਗੋਬਿੰਦਗੜ੍ਹ ਅਤੇ ਖਿਜਰਾਬਾਦ ਸੜਕ ਇੱਕ ਮੇਨ ਸੜਕ ਹੈ ਅਤੇ ਸਾਰੇ ਇਲਾਕੇ ਨੂੰ ਜੋੜਦੀ ਹੈ। ਇਹ ਰੋਪੜ ਤੋਂ ਲੈ ਕੇ ਚੰਡੀਗੜ੍ਹ ਤੱਕ ਸਾਰੇ ਹਲਕੇ ਨੂੰ ਕਵਰ ਕਰਦੀ ਹੈ। ਇਸ ਦਾ ਬਹੁਤ ਬੁਰਾ ਹਾਲ ਹੈ। ਇਸ ਦਾ ਨਾਮ ਕਿਤੇ ਨਹੀਂ ਆਇਆ।

ਮਾਨਯੋਗ ਸਪੀਕਰ : ਪਹਿਲਾਂ ਤੁਸੀਂ ਆਪਣੀ ਪਹਿਲੀ ਸਪਲੀਮੈਂਟਰੀ ਦਾ ਜਵਾਬ ਲੈ ਲਵੋ।

ਮੰਤਰੀ : ਸਪੀਕਰ ਸਾਹਿਬ, 114.60 ਕਿਲੋਮੀਟਰ ਲਿੰਕ ਸੜਕਾਂ ਦੀ ਰਿਪੇਅਰ ਦਾ ਕੰਮ ਸ਼ੁਰੂ ਹੈ ਅਤੇ ਇਸ ਉਪਰ 26,52,93,000/- ਰੁਪਏ ਦਾ ਖਰਚ ਆਉਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਸਾਰੀਆਂ ਸੜਕਾਂ ਬੀ.ਐਂਡ ਆਰ. ਬਣਾਉਂਦਾ ਹੈ ਪ੍ਰੰਤੂ ਪੈਸੇ ਮੰਡੀ ਬੋਰਡ ਦਿੰਦਾ ਹੈ। 31 ਮਾਰਚ, 2014 ਤੋਂ ਪਹਿਲਾਂ ਜਿਹੜੀਆਂ ਸੜਕਾਂ ਰਿਪੇਅਰ ਹੋਣੀਆਂ ਸਨ, ਇਹ ਦੋਨਾਂ ਬਲਾਕਾਂ ਦੀਆਂ ਸੜਕਾਂ 114.60 ਕਿਲੋਮੀਟਰ ਬਣਦੀਆਂ ਹਨ। ਇਨ੍ਹਾਂ ਦੀ ਕਾਫੀ ਰਿਪੇਅਰ ਹੋ ਚੁੱਕੀ ਹੈ ਅਤੇ ਅਸੀਂ ਫੈਸਲਾ ਕੀਤਾ ਹੈ ਕਿ 31 ਅਕਤੂਬਰ ਤੱਕ ਸਾਰੀ ਰਿਪੇਅਰ ਕਰਵਾ ਦਿੱਤੀ ਜਾਵੇਗੀ।

**Placed in the Revisor's Branch.

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੰਨ ਮਾਜਰਾ–ਚਟੌਲੀ–ਥਾਣਾ ਗੋਬਿੰਦਗੜ੍ਹ ਅਤੇ ਖਿਜਰਾਬਾਦ ਸੜਕ ਇੱਕ ਮੇਨ ਸੜਕ ਹੈ ਅਤੇ ਸਾਰੇ ਇਲਾਕੇ ਨੂੰ ਜੋੜਦੀ ਹੈ। ਇਸ ਸੜਕ ਵਿੱਚ ਗੋਡੇ–ਗੋਡੇ ਟੋਏ ਹਨ ਪਰ ਇਸ ਦਾ ਨਾਮ ਕਿਤੇ ਨਹੀਂ ਆਇਆ। ਕੀ ਮੰਤਰੀ ਜੀ ਐਸ਼ਿਓਰੈਂਸ ਦੇਣਗੇ ਕਿ ਇਹ ਸੜਕ ਬਣ ਜਾਵੇਗੀ? ਇਨ੍ਹਾਂ ਨੇ ਕਿਹਾ ਹੈ ਕਿ ਸੜਕ ਦੀ ਹਾਲਤ ਵੇਖ ਕੇ ਜਾਂ ਉਸਦੀ ਪਿਛਲੀ ਮਿਆਦ ਵੇਖ ਕੇ ਸੜਕ ਬਣਾਈ ਜਾਵੇਗੀ। ਇਨ੍ਹਾਂ ਸਬੰਧਿਤ ਸੜਕਾਂ ਤੇ ਕਾਫ਼ੀ ਮਾੜਾ ਮੈਟੀਰੀਅਲ ਅਤੇ ਮਾੜੀ ਵਰਕਮੈਂਨਸ਼ਿਪ ਦੀ ਵਰਤੋਂ ਕੀਤੀ ਜਾਂਦੀ ਹੈ ਕਿ ਉਹ ਸੜਕ ਦੋ ਸਾਲ ਵਿੱਚ ਹੀ ਟੁੱਟ ਜਾਂਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕੀ ਇਹ ਸੜਕ ਬਣਾ ਦਿੱਤੀ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਇਹ ਸੜਕ ਦੀ ਗੱਲ ਕਰਦੇ ਹਨ, ਇਨ੍ਹਾਂ ਦੇ ਹਲਕੇ ਵਿੱਚ ਰਿਪੇਅਰ ਵਾਲੀਆਂ ਕੁੱਲ ਸੜਕਾਂ 114.60 ਕਿਲੋਮੀਟਰ ਹਨ। ਹੁਣ ਅਸੀਂ ਹਦਾਇਤਾਂ ਦਿੱਤੀਆਂ ਅਤੇ ਨਵੇਂ ਸਿਰੇ ਤੋਂ ਵੈਰੀਫਾਈ ਕਰ ਰਹੇ ਹਾਂ। ਇਸ ਸਮੇਂ ਪੰਜਾਬ ਵਿੱਚ ਲਿੰਕ ਸੜਕਾਂ ਦੀ ਗਿਣਤੀ ਬਹੁਤ ਲੰਬੀ ਹੋ ਗਈ ਹੈ ਅਤੇ ਇਹ 58000 ਕਿਲੋਮੀਟਰ ਤੋਂ ਉਪਰ ਹੋ ਗਈਆਂ ਹਨ। ਹੁਣ ਅਸੀਂ ਤਿੰਨ ਕੈਟੇਗਰੀਆਂ 'ਏ', 'ਬੀ' ਅਤੇ 'ਸੀ' ਬਣਾ ਰਹੇ ਹਾਂ। ਇਹ ਕੰਮ ਮੰਡੀ ਬੋਰਡ ਕਰ ਰਿਹਾ ਹੈ। 'ਏ' ਕੈਟਾਗਰੀ ਵਿੱਚ ਉਹ ਸੜਕਾਂ ਆਉਣਗੀਆਂ ਜਿਨ੍ਹਾਂ ਉਤੇ ਮਿੰਨੀ ਬੱਸਾਂ, ਟਰੱਕ ਅਤੇ ਟਰਾਲੀਆਂ ਚਲਦੀਆਂ ਹਨ। ਅਜਿਹੀਆਂ ਸੜਕਾਂ ਬਹੁਤ ਜਲਦੀ ਟੁੱਟ ਜਾਂਦੀਆਂ ਹਨ, ਇਸ ਕਰਕੇ ਇਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। 'ਬੀ' ਕੈਟਾਗਰੀ ਵਿੱਚ ਆਮ ਸੜਕਾਂ ਹੋਣਗੀਆਂ ਅਤੇ 'ਸੀ' ਕੈਟੇਗਰੀ ਵਿੱਚ ਢਾਣੀਆਂ ਦੀਆਂ ਸੜਕਾਂ ਆਉਣਗੀਆਂ ਜਿਵੇਂ ਪੰਜ ਘਰਾਂ ਨੂੰ ਸੜਕ ਜਾਂ ਦਸ ਘਰਾਂ ਨੂੰ ਸੜਕ ਦਿੱਤੀ ਹੋਈ ਹੈ। ਅਜਿਹੀਆਂ ਸੜਕਾਂ ਨੂੰ 10 ਸਾਲ ਵੀ ਨਾ ਬਣਾਈਏ ਤਾਂ ਵੀ ਸਰ ਸਕਦਾ ਹੈ। ਅਸੀਂ ਟੀਚਾ ਹੀ 2005 ਤੋਂ ਪਹਿਲਾਂ ਦਾ ਲਿਆ ਹੈ। ਇਸ ਲਈ ਅੱਗੇ ਵਾਸਤੇ ਅਸੀਂ ਤਿੰਨ ਕੈਟਾਗਰੀਆਂ ਬਣਾ ਰਹੇ ਹਨ : 'ਏ', 'ਬੀ' ਅਤੇ 'ਸੀ' ਕੈਟਾਗਰੀ। ਇਸ ਕਰਕੇ ਅੱਗੇ ਵਾਸਤੇ ਟ੍ਰੈਫਿਕ ਦੇ ਅਧਾਰ ਤੇ ਸੜਕਾਂ ਦੀ ਰਿਪੇਅਰ ਨੂੰ ਪਹਿਲ ਦਿੱਤੀ ਜਾਇਆ ਕਰੇਗੀ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਕੀ ਇਹ ਇਸ ਸੜਕ ਨੂੰ ਬਣਾ ਦੇਣਗੇ ਜਿਸ ਦੀ ਮੈਂ ਮੰਗ ਕੀਤੀ ਹੈ ?

ਮਾਨਯੋਗ ਸਪੀਕਰ : ਉਨ੍ਹਾਂ ਨੇ ਪਹਿਲਾਂ ਹੀ ਐਸ਼ਿਓਰੈਂਸ ਦੇ ਦਿੱਤੀ ਹੈ ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਵੀ ਸੇਮ ਕੁਐਸਚਨ ਰੇਜ਼ ਕੀਤਾ ਸੀ ਪਰ ਉਹ ਅਨਸਟਾਰਡ ਕਰ ਦਿੱਤਾ ਗਿਆ । ਕੁਝ ਸੜਕਾਂ ਤੇ ਤਕਰੀਬਨ ਪਿਛਲੇ ਤਿੰਨ ਸਾਲ ਤੋਂ ਕੰਮ ਚੱਲ ਰਿਹਾ ਹੈ ਪਰ ਮੇਰੀ ਬੇਨਤੀ ਹੈ ਕਿ ਇਨ੍ਹਾਂ ਸੜਕਾਂ ਦੀ ਕੰਪੀਲੀਸ਼ਨ ਵਾਸਤੇ ਸਮੇਂ ਦੀ ਕੋਈ ਹੱਦ ਤਾਂ ਹੋਣੀ ਚਾਹੀਦੀ ਹੈ। ਮੇਰੇ ਹਲਕੇ ਵਿੱਚ ਦਾਊਂ ਬੈਲਟ ਹੈ ਜਿੱਥੇ ਤਕਰੀਬਨ ਸਾਰੇ ਕਿਸਾਨ ਸਬਜ਼ੀ ਹੀ ਪੈਦਾ ਕਰਦੇ ਹਨ । ਜਿਹੜਾ ਉਸ ਦਾ ਰਸਤਾ ਹੈ, ਉਥੇ ਪਹਿਲਾਂ ਲੋਕਲ ਬੱਸ ਲੱਗੀ ਹੋਈ ਸੀ ਪਰ ਸੜਕ ਖਰਾਬ ਹੋਣ ਕਾਰਨ ਉਹ ਵੀ ਬੰਦ ਹੋ ਗਈ । ਮੰਡੀਕਰਨ ਬੋਰਡ ਵੱਲੋਂ ਉਸ ਸੜਕ ਦਾ ਤਿੰਨ ਸਾਲਾਂ ਵਿੱਚ ਤਿੰਨ ਵਾਰੀ ਐਸਟੀਮੇਟ ਬਣ ਚੁੱਕਾ ਹੈ ਪਰ ਕੰਮ ਕੰਪਲੀਟ ਨਹੀਂ ਹੁੰਦਾ । ਕੀ ਜਥੇਦਾਰ ਸਾਹਿਬ ਦੱਸਣਗੇ ਕਿ ਇਹ ਕੰਮ ਕਦੋਂ ਤੱਕ ਕੰਪਲੀਟ ਹੋ ਜਾਵੇਗਾ ?

Mr. Speaker : Thanks.

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਨੂੰ ਆਪਣੀ ਸਪਲੀਮੈਂਟਰੀ ਦਾ ਜਵਾਬ ਲੈਣ ਦਿਓ । ਮੰਤਰੀ ਜੀ ਤਾਂ ਜਵਾਬ ਦੇਣ ਵਾਸਤੇ ਖੜ੍ਹੇ ਹਨ ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਇਹ ਸਪਲੀਮੈਂਟਰੀ ਇਸ ਕੁਐਸਚਨ ਨਾਲ ਕਨਸਰਨਡ ਹੀ ਨਹੀਂ ਹੈ । ਮੈਂ ਤੁਹਾਨੂੰ ਜਵਾਬ ਲੈ ਦਿੰਦਾ, ਜੇ ਸਪਲੀਮੈਂਟਰੀ ਵਿੱਚ ਕੋਈ ਗੱਲ ਹੁੰਦੀ ।

ਸਰਦਾਰ ਬਲਬੀਰ ਸਿੰਘ ਸਿੱਧੂ : ਮੰਤਰੀ ਜੀ ਖੜ੍ਹੇ ਹੋਏ ਹਨ ਤੇ ਮੈਨੂੰ ਪੁੱਛ ਲੈਣ ਦਿਓ ।

ਮਾਨਯੋਗ ਸਪੀਕਰ : ਜੇ ਸਪਲੀਮੈਂਟਰੀ ਇਸ ਕੁਐਸਚਨ ਵਿੱਚ ਅਰਾਈਜ਼ ਹੁੰਦੀ ਤਾਂ ਮੈਂ ਕਹਿ ਦਿੰਦਾ, ਕੰਪੈਲ ਵੀ ਕਰ ਦਿੰਦਾ। ਤੁਸੀਂ ਵੱਖਰਾ ਸਵਾਲ ਦੇ ਦਿਓ। ਮੈਂ ਤੁਹਾਨੂੰ ਉਸ ਦਾ ਜਵਾਬ ਲੈ ਦਿਆਂਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਸਵਾਲ ਦਿੱਤਾ ਸੀ ਪਰ ਤੁਸੀਂ ਉਸ ਨੂੰ ਅਨਸਟਾਰਡ ਕਰ ਦਿੱਤਾ ।

ਮਾਨਯੋਗ ਸਪੀਕਰ : ਉਸ ਦੀ ਕੋਈ ਵਜ੍ਹਾ ਹੋਣੀ ਹੈ ਜਾਂ ਤਾਂ ਉਸ ਸਵਾਲ ਦਾ ਜਵਾਬ ਲੰਬਾ ਹੋਵੇਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਮੈਂ ਤਾਂ ਕੇਵਲ ਆਪਣੇ ਹਲਕੇ ਦਾ ਹੀ ਪੁੱਛਿਆ ਸੀ ।

ਮਾਨਯੋਗ ਸਪੀਕਰ : ਮੇਰੀ ਇੱਕ ਬੇਨਤੀ ਸਮਝ ਲਓ। ਮੇਰੀ ਆਨਰੇਬਲ ਮੈਂਬਰਜ਼ ਆਫ ਦਿ ਹਾਊਸ ਨੂੰ ਬੇਨਤੀ ਹੈ ਕਿ ਉਦੋਂ ਮੈਨੂੰ ਅਨਸਟਾਰਡ ਕੁਐਸਚਨ ਕਰਨਾ ਪੈਂਦਾ ਹੈ ਜਦੋਂ ਤੁਸੀਂ ਕਾਫ਼ੀ ਪਿਛਲੀ ਡੇਟ ਤੋਂ ਲੈ ਕੇ ਕਈ ਮਹਿਕਮਿਆਂ ਨਾਲ ਸੰਬੰਧਿਤ ਇਨਫਰਮੇਸ਼ਨ ਮੰਗਣ ਲੱਗ ਪੈਂਦੇ ਹੋ । ਜੇ ਇੱਕ ਦੋ ਸਾਲ ਦੀ ਇਨਫਰਮੇਸ਼ਨ ਮੰਗੋ ਤਾਂ ਉਹ ਦਿੱਤੀ ਜਾ ਸਕਦੀ ਹੈ ਪਰ ਜੇਕਰ ਤੁਹਾਡੇ ਕੁਐਸਚਨ ਵਿੱਚ ਸਾਰੇ ਪੰਜਾਬ ਦਾ ਮਸਲਾ ਆ ਜਾਵੇ, ਉਹ ਵੀ ਅਨਸਟਾਰਡ ਵਿੱਚ ਆ ਜਾਂਦਾ ਹੈ ਕਿਉਂਕਿ ਇਸ ਦਾ ਜਵਾਬ ਲੰਬਾ ਹੁੰਦਾ ਹੈ। ਜਿਹੜਾ ਕਈ ਵਾਰ ਮਨਿਸਟਰ ਵਾਸਤੇ ਪਾਸੀਬਲ ਨਹੀਂ ਹੁੰਦਾ ਕਿ ਉਹ ਇਸ ਦਾ ਜਵਾਬ ਦੇ ਸਕੇ। ਇਸ ਕਰਕੇ ਇਹ ਅਨਸਟਾਰਡ ਕੁਐਸਚਨਾਂ ਦੀ ਲਿਸਟ ਵਿੱਚ ਆਉਂਦਾ ਹੈ। ਖੈਰ, ਚਲੋ । ਅਗਲਾ ਸਵਾਲ, ਸਰਦਾਰ ਇਕਬਾਲ ਸਿੰਘ ਜੀ ਝੂੰਦਾਂ ।

ਇੰਤਕਾਲ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣਾ

*1394 **ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਜਿਸਟਰਡ ਅਤੇ ਖਾਨਗੀ ਵਸੀਅਤਾਂ ਦੇ ਵਿਰਾਸਤ ਦੇ ਇੰਤਕਾਲ ਦੀ ਪ੍ਰਕਿਰਿਆ ਨੂੰ ਸਰਲ ਅਤੇ ਲੋਕ ਹਿਤੂ ਬਣਾਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਬਿਕਰਮ ਸਿੰਘ ਮਜੀਠੀਆ : ਇਸ ਸਮੇਂ ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਜੇਕਰ ਕਿਸੇ ਲੋਕ ਨੁਮਾਇੰਦੇ ਵੱਲੋਂ ਕੋਈ ਅਜਿਹੀ ਵਿਸ਼ੇਸ਼ ਤਜਵੀਜ਼ ਪ੍ਰਾਪਤ ਹੁੰਦੀ ਹੈ ਤਾਂ ਮਾਲ ਵਿਭਾਗ ਵੱਲੋਂ ਉਸ ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਪਹਿਲਾਂ ਹੀ ਇਹ ਵਿਭਾਗ ਲੋਕ ਨੁਮਾਇੰਦਿਆਂ ਵੱਲੋਂ ਦਿੱਤੇ ਸੁਝਾਵਾਂ ਤੇ ਅਮਲ ਕਰ ਰਿਹਾ ਹੈ। ਜੇਕਰ ਮਾਨਯੋਗ ਵਿਧਾਇਕ ਜੀ ਕੋਈ ਲੋਕ-ਪੱਖੀ ਸੁਝਾਅ ਦੇਣਾ ਚਾਹੁੰਣ ਤਾਂ ਉਸ ਦਾ ਸਵਾਗਤ ਹੈ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਔਰ ਜਿਵੇਂ ਉਨ੍ਹਾਂ ਨੇ ਕਿਹਾ ਹੈ, ਮੇਰੇ ਕੁਝ ਸੁਝਾਅ ਹਨ ਤੇ ਮੈਂ ਉਨ੍ਹਾਂ ਨਾਲ ਮਿਲ ਕੇ ਡਿਸਕਸ ਕਰਾਂਗਾ। ਮੈਂ ਇੱਕ ਬੇਨਤੀ ਕਰਨੀ

ਚਾਹੁੰਦਾ ਹਾਂ ਕਿ ਜਿਹੜੇ ਪਰਿਵਾਰ ਦਾ ਕੋਈ ਮੁਖੀ ਗੁਜ਼ਰ ਜਾਂਦਾ ਹੈ, ਉਨ੍ਹਾਂ ਦੀਆਂ ਵਿਧਵਾ ਔਰਤਾਂ ਅਤੇ ਨਾਬਾਲਗ ਬੱਚਿਆਂ ਨੂੰ ਵਿਰਾਸਤ ਦੇ ਇੰਤਕਾਲ ਕਰਵਾਉਣ ਲਈ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਇੰਤਕਾਲ ਸਬੰਧੀ ਕੋਈ ਸਰਲ ਪ੍ਰਕ੍ਰਿਆ ਹੋਣੀ ਚਾਹੀਦੀ ਹੈ । ਜਿਵੇਂ ਪਟਵਾਰੀ ਸਰਕਾਰੀ ਪੱਖ ਤੋਂ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੇ ਇੰਤਕਾਲ ਦੀ ਸਾਰੀ ਪ੍ਰਕ੍ਰਿਆ ਪੂਰੀ ਕਰੇ, ਇਹ ਮੈਂ ਸਿਰਫ ਡੈਥ ਕੇਸਿਜ਼ ਦੀ ਗੱਲ ਹੀ ਕਰ ਰਿਹਾ ਹਾਂ । ਇਸ ਤਰ੍ਹਾਂ ਕਰਨ ਨਾਲ ਸਰਕਾਰ ਦਾ ਹਮਦਰਦੀ ਭਰਿਆ ਰਵੱਈਆ ਸਾਬਤ ਹੋਵੇਗਾ, ਸਰਕਾਰ ਦੀ ਇਸ ਵਿੱਚ ਇਮੇਜ ਵੀ ਵਧੀਆ ਬਣੇਗੀ । ਹੁਣ ਕੀ ਹੋ ਰਿਹਾ ਹੈ, ਇਸ ਬਾਰੇ ਮੇਰੀ ਬੇਨਤੀ ਹੈ ਕਿ ਪਟਵਾਰੀ ਆਪ ਹੀ ਕਹਿ ਕੇ ਖਾਨਗੀ ਵਸੀਅਤ ਤਿਆਰ ਕਰਵਾ ਲੈਂਦੇ ਹਨ ਔਰ ਖਾਨਗੀ ਵਸੀਅਤਾਂ 90% ਜਾਅਲੀ ਹੁੰਦੀਆਂ ਹਨ । ਸਾਰੇ ਪੰਜਾਬ ਨੂੰ ਇਸ ਗੱਲ ਦਾ ਪਤਾ ਹੈ । ਆਪ ਹੀ ਖਾਨਗੀ ਵਸੀਅਤ ਤਿਆਰ ਕਰਵਾ ਕੇ ਫਿਰ ਆਪ ਹੀ ਉਸ ਨੂੰ ਝੂਠੀ ਸਾਬਤ ਕਰ ਦਿੰਦੇ ਹਾਂ । ਫਿਰ ਐਸ.ਡੀ.ਐਮ. ਸਾਹਿਬ ਕੋਲ ਜਾ ਕੇ ਕੁਰਸੀਨਾਮੇ ਅਨੁਸਾਰ ਹੀ ਇੰਤਕਾਲ ਚੜ੍ਹ ਜਾਂਦੇ ਹਨ । ਸੋ, ਉਹ ਭੈਣਾਂ ਤੋਂ ਤੇ ਹੋਰਨਾਂ ਤੋਂ ਇਨ੍ਹਾਂ ਕੇਸਾਂ ਵਿੱਚ ਰਜਿਸਟਰੀਆਂ ਕਰਵਾਉਂਦੇ ਹਨ । ਸੋ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਸਾਡੇ ਬੜੇ ਸੂਝਵਾਨ ਹਨ ਤੇ ਫੈਸਲੇ ਲੈਣ ਦੀ ਸਮਰੱਥਾ ਵੀ ਰੱਖਦੇ ਹਨ, ਉਹ ਵਿਚਾਰ ਵਟਾਂਦਰਾ ਕਰ ਲੈਣ ਤੇ ਪ੍ਰਾਇਰਟੀ ਤੇ ਇਸ ਬਾਰੇ ਕੋਈ ਫੈਸਲਾ ਲਿਆ ਜਾਵੇ ਔਰ ਨਾਇਬ ਤਹਿਸੀਲਦਾਰ ਲੈਵਲ ਤੇ ਹੀ ਇਨ੍ਹਾਂ ਦੇ ਫੈਸਲੇ ਹੋਣ ਤਾਂ ਕਿ ਪਰਿਵਾਰਕ ਤੌਰ ਤੇ ਇਨ੍ਹਾਂ ਲੋਕਾਂ ਨੂੰ ਜ਼ਿਆਦਾ ਦਿੱਕਤ ਨਾ ਆਵੇ । ਇਹ ਮੇਰਾ ਸੁਝਾਅ ਵੀ ਹੈ ਤੇ ਬੇਨਤੀ ਵੀ ਹੈ । ਮੈਨੂੰ ਪੂਰਨ ਆਸ ਹੈ ਕਿ ਸਾਡੇ ਮੰਤਰੀ ਜੀ ਇਸ ਬਾਰੇ ਫੈਸਲਾ ਲੈਣਗੇ, ਅਜਿਹਾ ਹੋਣ ਨਾਲ ਉਨ੍ਹਾਂ ਪਰਿਵਾਰਾਂ ਨੂੰ ਜਿਨ੍ਹਾਂ ਦੇ ਜੀਅ ਚਲੇ ਜਾਂਦੇ ਹਨ, ਵੱਡੀ ਸਹੂਲਤ ਮਿਲੇਗੀ। ਧੰਨਵਾਦ ।

ਸਰਕਾਰੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹਟਾਉਣਾ

***1473 ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਦੇ ਬਲਾਕ-1 ਦੇ ਕਈ ਪਿੰਡਾਂ ਖਾਸ ਕਰਕੇ ਪਿੰਡ ਲਾਦੀਆਂ ਕਲਾਂ, ਢੋਡੇ, ਥਰੀਕੇ, ਸਿੰਘਪੁਰਾ ਅਤੇ ਠੱਕਰਵਾਲ ਵਿੱਚ ਸਰਕਾਰੀ ਜ਼ਮੀਨਾਂ ਤੇ ਨਜਾਇਜ਼

[ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ]

ਕਬਜ਼ੇ ਕੀਤੇ ਹੋਏ ਹਨ ਅਤੇ ਇਨ੍ਹਾਂ ਕਬਜ਼ਿਆਂ ਨੂੰ ਹਟਾਉਣ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਰਾਜ ਸਰਕਾਰ ਵੱਲੋਂ ਵੀ ਹੁਕਮ ਜਾਰੀ ਕੀਤੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਜ਼ਿਲ੍ਹਾ ਲੁਧਿਆਣਾ, ਬਲਾਕ ਲੁਧਿਆਣਾ-1 ਪਿੰਡ ਲਾਦੀਆਂ ਕਲਾਂ, ਢੋਡੇ, ਥਰੀਕੇ, ਸਿੰਘਪੁਰਾ ਅਤੇ ਠੱਕਰਵਾਲ ਦੀ ਸ਼ਾਮਲਾਤ ਜਮੀਨ ਤੇ ਨਜਾਇਜ਼ ਕਬਜ਼ਿਆਂ ਨੂੰ ਛੁਡਾਉਣ ਸਬੰਧੀ ਕੀਤੀ ਗਈ ਕਾਰਵਾਈ ਦੀ ਰਿਪੋਰਟ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

ਅਨੁਲੱਗ 'ੳ'

ਲੜੀ ਨੰਬਰ	ਪਿੰਡ	ਕੀਤੀ ਗਈ ਕਾਰਵਾਈ
1.	ਲਾਦੀਆਂ ਕਲਾਂ	12 ਕਨਾਲ 4 ਮਰਲੇ ਜ਼ਮੀਨ ਦੇ 11 ਕੇਸਾਂ ਦਾ ਫੈਸਲਾ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕੁਲੈਕਟਰ, ਲੁਧਿਆਣਾ ਵੱਲੋਂ ਮਿਤੀ 18-06-2014 ਨੂੰ ਕੀਤਾ ਜਾ ਚੁੱਕਾ ਹੈ। ਦਖਲ ਵਰੰਟ ਜਾਰੀ ਕਰਵਾਉਣ ਉਪਰੰਤ ਪੰਚਾਇਤ ਨੂੰ ਕਬਜ਼ਾ ਦਿਵਾ ਦਿੱਤਾ ਜਾਵੇਗਾ।
2.	ਢੋਡੇ	ਛੱਪੜ ਦੇ ਖਸਰਾ ਨੰਬਰ 24 ਦੇ 7 ਮਰਲੇ ਰਕਬੇ ਤੇ ਨਜਾਇਜ਼ ਕਬਜ਼ਾ ਹੈ ਇਸ ਸਬੰਧੀ ਐਫ.ਆਈ.ਆਰ. ਨੰਬਰ 150 ਮਿਤੀ 04-10-2013 ਦਰਜ ਕਰਵਾਈ ਜਾ ਚੁੱਕੀ ਹੈ।
3.	ਥਰੀਕੇ	2 ਏਕੜ 4 ਕਨਾਲ ਗੈਰ ਵਾਹੀਯੋਗ ਜ਼ਮੀਨ ਤੇ ਕਬਜ਼ਾ ਹੈ, ਨਿਸ਼ਾਨਦੇਹੀ ਲਈ ਤਹਿਸੀਲਦਾਰ, ਲੁਧਿਆਣਾ ਨੂੰ ਲਿਖਿਆ ਹੋਇਆ ਹੈ। ਨਿਸ਼ਾਨਦੇਹੀ ਉਪਰੰਤ ਨਜਾਇਜ਼ ਕਾਬਜਕਾਰਾਂ

		ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।
4.	ਸਿੰਘਪੁਰਾ	ਕੋਈ ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਬਜ਼ਾ ਨਹੀਂ ਹੈ।
5.	ਠੱਕਰਵਾਲ	14 ਏਕੜ ਜ਼ਮੀਨ ਦਾ ਫੈਸਲਾ ਦੀ ਪੰਜਾਬ ਵਿਲੇਜ਼ ਕਾਮਨ ਲੈਂਡਜ (ਰੈਗੂਲੇਸ਼ਨ) ਐਕਟ, 1961 ਦੀ ਧਾਰਾ 11 ਅਧੀਨ ਗਰਾਮ ਪੰਚਾਇਤ ਦੇ ਹੱਕ ਵਿੱਚ ਹੋ ਚੁੱਕਾ ਹੈ। ਕਬਜ਼ਾ ਲੈਣ ਲਈ ਐਕਟ ਦੀ ਧਾਰਾ 7 ਅਧੀਨ ਬੇ-ਦਖਲੀ ਦੀ ਪਟੀਸ਼ਨ ਦਾਇਰ ਕੀਤੀ ਹੋਈ ਹੈ, ਜਿਸ ਵਿੱਚ ਸੁਣਵਾਈ ਦੀ ਮਿਤੀ 07-08-2014 ਨਿਸ਼ਚਿਤ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਜਵਾਬ ਦਿੱਤੇ ਹਨ ਜਾਂ ਥੱਲਿਓਂ ਡਿਪਾਰਟਮੈਂਟ ਵੱਲੋਂ ਆਏ ਹਨ, ਉਹ ਜਾਣਕਾਰੀ ਗਲਤ ਹੈ। ਜਿਹੜੀ ਲਾਦੀਆਂ ਕਲਾਂ ਦੀ ਜ਼ਮੀਨ ਹੈ, ਇਸ ਬਾਰੇ ਹਾਈ ਕੋਰਟ ਵੀ ਦੋ ਵਾਰੀ ਆਦੇਸ਼ ਦੇ ਚੁੱਕੀ ਹੈ ਕਿ ਖਾਲੀ ਕਰਵਾਓ ਲੇਕਿਨ ਥੱਲੇ ਵਾਲਾ ਪ੍ਰਸ਼ਾਸ਼ਨ ਕੋਈ ਕਾਰਵਾਈ ਨਹੀਂ ਕਰ ਰਿਹਾ। ਢੋਡੇ ਪਿੰਡ ਬਾਰੇ ਲਿਖਿਆ ਹੈ ਕਿ ਐਫ.ਆਈ.ਆਰ. ਦਰਜ ਹੋ ਗਈ ਹੈ ਪਰ ਉਸ ਜਗ੍ਹਾ ਤੇ ਉਸ ਬੰਦੇ ਨੇ ਦੁਬਾਰਾ ਫਿਰ ਕਬਜ਼ਾ ਕਰ ਲਿਆ ਹੈ। ਥਰੀਕੇ ਪਿੰਡ ਦੇ ਵਿੱਚ ਜਿਹੜੀ 2 ਏਕੜ 4 ਕਨਾਲ ਜਗ੍ਹਾ ਹੈ, ਇਸ ਦੀ ਕਾਨੂੰਗੋ ਨੇ ਨਿਸ਼ਾਨਦੇਹੀ ਕਰ ਦਿੱਤੀ ਹੈ। ਨਿਸ਼ਾਨਦੇਹੀ ਦੀ ਰਿਪੋਰਟ ਦੇ ਵਿੱਚ ਉਸ ਨੇ ਇਹ ਨਹੀਂ ਲਿਖਿਆ ਕਿ ਇਹ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਸਗੋਂ ਇਹ ਲਿਖਿਆ ਹੈ ਕਿ ਇਹ ਜ਼ਮੀਨ ਉਸ ਨੇ ਆਪਣੀ ਜ਼ਮੀਨ ਵਿੱਚ ਸ਼ਾਮਲ ਕਰ ਲਈ ਹੈ ਤਾਂ ਕਿ ਉਸ ਬੰਦੇ ਤੇ ਕਾਰਵਾਈ ਨਾ ਹੋ ਸਕੇ। ਸਿੰਘਪੁਰਾ ਬਾਰੇ ਮੇਰੇ ਸਵਾਲ ਵਿੱਚ ਇਹ ਲਿਖਿਆ ਸੀ ਕਿ ਇਹ ਵੈਲਫੇਅਰ ਡਿਪਾਰਟਮੈਂਟ ਦੀ ਜ਼ਮੀਨ ਹੈ, ਪੰਜਾਬ ਸਰਕਾਰ ਦੀ ਜ਼ਮੀਨ ਹੈ। ਇਸਦਾ ਜਵਾਬ ਵੀ ਗਲਤ ਆਇਆ ਹੋਇਆ ਹੈ। ਇੱਥੇ ਵੀ ਨਜਾਇਜ਼ ਕਬਜ਼ਾ ਹੈ। ਠੱਕਰਵਾਲ ਦੇ ਵਿੱਚ ਜਿਹੜੀ ਇਹ ਰਿਪੋਰਟ ਦਿੱਤੀ ਗਈ ਹੈ, ਇਸ ਵਿੱਚ ਜ਼ਿਕਰ ਹੈ ਕਿ ਚਾਰ ਏਕੜ ਜ਼ਮੀਨ ਹੈ ਜਿਸ ਤੇ ਕਬਜ਼ਾ ਕੀਤਾ ਹੋਇਆ ਹੈ।

[ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ]

ਬੱਲੋਕੇ ਜ਼ਮੀਨ ਵਿੱਚ ਪੰਚਾਇਤ ਨੇ ਰਕਬਾ ਖਾਲੀ ਕਰਵਾਇਆ ਸੀ ਲੇਕਿਨ ਉਨ੍ਹਾਂ ਨੇ ਸਰਪੰਚ ਦਾ ਸਿਰ ਪਾੜ ਦਿੱਤਾ। 6 ਮਹੀਨੇ ਹੋ ਗਏ ਹਨ ਲੇਕਿਨ ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਅਧਿਕਾਰੀ ਹਨ, ਕੀ ਉਨ੍ਹਾਂ ਤੇ ਕੋਈ ਕਾਰਵਾਈ ਹੋਵੇਗੀ ਅਤੇ ਕੀ ਇਸ ਜ਼ਮੀਨ ਦੇ ਉਤੇ ਸਰਕਾਰ ਦਾ ਕਬਜ਼ਾ ਹੋਵੇਗਾ ਜੀ ?

ਮੰਤਰੀ : ਸਪੀਕਰ ਸਾਹਿਬ, ਜਿਵੇਂ ਇਸ ਦਾ ਸਾਰਾ ਜਵਾਬ ਅਨੁਲੱਗ 'ੳ' ਤੇ ਡਿਟੇਲ ਵਿੱਚ ਦੱਸਿਆ ਹੈ ਪਰ ਫਿਰ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਐਮ.ਐਲ.ਏ. ਸਾਹਿਬ ਦੇ ਧਿਆਨ ਦੇ ਵਿੱਚ ਕੋਈ ਗੱਲ ਹੈ ਅਤੇ ਮਹਿਕਮੇ ਦੇ ਧਿਆਨ ਵਿੱਚ ਨਹੀਂ ਹੈ ਤਾਂ ਇਹ ਮੇਰੇ ਧਿਆਨ ਵਿੱਚ ਲਿਆ ਦੇਣ, ਇਸ ਤੇ ਪੂਰੀ ਕਾਰਵਾਈ ਕੀਤੀ ਜਾਵੇਗੀ।

ਫਰੀਦਕੋਟ ਸ਼ਹਿਰ ਵਿੱਚ ਵਾਟਰ ਵਰਕਸ ਬਣਾਉਣਾ

***1421. ਸ਼੍ਰੀ ਦੀਪ ਮਲਹੋਤਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਰੀਦਕੋਟ ਸ਼ਹਿਰ ਵਿੱਚ ਇੱਕ ਹੋਰ ਵਾਟਰ ਵਰਕਸ ਬਣਾਉਣ ਲਈ ਸਰਕਾਰ ਦੀ ਕੋਈ ਸਕੀਮ ਹੈ ; ਜੇਕਰ ਹੈ ਤਾਂ ਵਾਟਰ ਵਰਕਸ ਕਦੋਂ ਤੱਕ ਬਣਾਇਆ ਜਾਵੇਗਾ?

ਸ਼੍ਰੀ ਅਨਿਲ ਜੋਸ਼ੀ : ਫਰੀਦਕੋਟ ਸ਼ਹਿਰ ਵਿੱਚ ਵਾਟਰ ਸਪਲਾਈ ਦਾ ਕੰਮ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਵੇਖਿਆ ਜਾਂਦਾ ਹੈ। ਮੌਜੂਦਾ ਬੁਨਿਆਦੀ ਢਾਂਚੇ ਦੇ ਨਾਲ ਨਵਾਂ ਵਾਟਰ ਵਰਕਸ ਪ੍ਰੋਜੈਕਟ, ਜਿਸ ਵਿੱਚ ਸਟੋਰੇਜ, ਸੈਡੀਮੈਨਟੇਸ਼ਨ ਟੈਂਕ, ਵਾਟਰ ਟਰੀਟਮੈਂਟ ਪਲਾਂਟ, ਕਲੋਰੀਨੇਸ਼ਨ ਯੂਨਿਟ, ਸਕਸ਼ਨ ਵੈੱਲ, ਪੰਪਿੰਗ ਮਸ਼ੀਨਰੀ ਅਤੇ ਬਿਜਲੀ ਕੁਨੈਕਸ਼ਨ ਆਦਿ ਸ਼ਾਮਿਲ ਹਨ, ਬਣਾਉਣ ਲਈ ਅੰਦਾਜ਼ਨ 36 ਕਰੋੜ ਰੁਪਏ ਲੋੜੀਂਦੇ ਹਨ। ਇਸ ਸਕੀਮ ਦੀ ਮਨਜ਼ੂਰੀ ਅਤੇ ਫੰਡਾਂ ਦੇ ਪ੍ਰਬੰਧ ਲਈ ਵੱਖ ਵੱਖ ਏਜੰਸੀਆਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ। ਫੰਡਾਂ ਦੇ ਪ੍ਰਬੰਧ ਉਪਰੰਤ ਟੈਂਡਰ ਪ੍ਰਕ੍ਰਿਆ ਅਪਣਾਉਂਦੇ ਹੋਏ ਕੰਮ ਹੱਥਾਂ ਵਿੱਚ ਲੈ ਲਿਆ ਜਾਵੇਗਾ।

ਮਾਨਯੋਗ ਸਪੀਕਰ : ਮਲਹੋਤਰਾ ਜੀ, ਇਹ ਤਾਂ ਬੜਾ ਲੰਬਾ ਚੌੜਾ ਕੰਮ ਹੋ ਗਿਆ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1998 ਤੋਂ ਬਾਅਦ ਸਾਡੇ ਸ਼ਹਿਰ ਵਿੱਚ ਵਾਟਰ ਵਰਕਸ ਨਹੀਂ ਬਣਿਆ। ਅੱਜ ਵਾਟਰ ਵਰਕਸ ਤੋਂ 58-60 ਲੱਖ ਗੈਲਨ ਦੀ ਜ਼ਰੂਰਤ ਹੈ। 30 ਲੱਖ ਗੈਲਨ ਸਾਡਾ ਵਾਟਰ ਵਰਕਸ ਸਪਲਾਈ ਕਰਦਾ ਹੈ। ਨਹਿਰ ਤੇ ਦੋ ਟਿਊਬਵੈਲ ਲਗਾ ਕੇ ਅਸੀਂ ਲੋਕਾਂ ਨੂੰ ਪਾਣੀ ਮਿਕਸ ਕਰਕੇ ਦਿੰਦੇ ਹਾਂ। ਮੇਰੀ ਇਹ ਬੇਨਤੀ ਹੈ ਕਿ 36 ਕਰੋੜ ਰੁਪਏ ਦਾ ਪ੍ਰੋਜੈਕਟ ਜੇ.ਐਨ.ਐਨ.ਯੂ.ਆਰ.ਐਮ. ਨੂੰ ਭੇਜ ਦਿੱਤਾ ਹੈ। ਅਸੀਂ ਮਹਿਕਮੇ ਨੂੰ ਡੀ.ਸੀ. ਰੈਜ਼ੀਡੈਂਸ ਦੇ ਪਿੱਛੇ ਜਗ੍ਹਾ ਦੇ ਦਿੱਤੀ ਹੈ। ਇਨ੍ਹਾਂ ਦੇ ਮਹਿਕਮੇ ਨੂੰ ਜ਼ਮੀਨ ਟਰਾਂਸਫਰ/ਰਜਿਸਟਰੀ ਹੋ ਚੁੱਕੀ ਹੈ। ਇਹ ਪੀਣ ਵਾਲੇ ਸਾਫ਼ ਪਾਣੀ ਦਾ ਬਹੁਤ ਵੱਡਾ ਮਸਲਾ ਹੈ। ਮੈਂ ਡਿਪਟੀ ਸੀ.ਐਮ. ਸਾਹਿਬ ਦਾ ਅਤੇ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੇ ਸ਼ਹਿਰ ਦੇ ਵਿੱਚ 'ਰਾਜਾ ਮਾਈਨਰ' ਦਾ ਸਾਫ਼ ਪਾਣੀ ਦੇ ਕੇ ਕਮ-ਅਜ਼-ਕਮ ਸਾਫ਼ ਪਾਣੀ ਦਾ ਮਸਲਾ ਹੱਲ ਕਰ ਦਿੱਤਾ ਹੈ। ਇਹ ਵਾਟਰ ਵਰਕਸ ਬੜਾ ਜ਼ਰੂਰੀ ਹੈ। ਇਸ ਦੀ ਕੋਈ ਸਮਾਂ ਸੀਮਾ ਤੈਅ ਕਰ ਦਿਓ। ਭਾਵੇਂ ਕਿਤੋਂ ਵੀ ਫੰਡ ਲਵੋ ਪਰ ਪੀਣ ਵਾਲੇ ਸਾਫ਼ ਪਾਣੀ ਦਾ ਮਸਲਾ ਹੱਲ ਕਰੋ। ਸਾਡੇ ਸ਼ਹਿਰ ਦੀ ਆਬਾਦੀ ਸਵਾ ਲੱਖ ਦੀ ਹੋ ਗਈ ਹੈ। ਮੈਂ ਇਹੀ ਬੇਨਤੀ ਕਰਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਉਹ ਕਹਿੰਦੇ ਹਨ ਕਿ ਜ਼ਮੀਨ ਟਰਾਂਸਫ਼ਰ ਕਰ ਚੁੱਕੇ ਹਾਂ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਪਹਿਲਾਂ ਇਹ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸੀ। ਹੁਣ ਐਨ.ਐਨ.ਯੂ.ਆਰ.ਐਮ.ਜੇ ਤਾਂ ਖਤਮ ਹੋ ਗਈ ਹੈ। ਉਸ ਦੀ ਜਗ੍ਹਾ ਕੇਂਦਰ ਸਰਕਾਰ ਦੀ ਜਿਹੜੀ ਵੀ ਨਵੀਂ ਸਕੀਮ ਚੱਲੇਗੀ, ਅਸੀਂ ਮਾਮਲਾ ਟੇਕਅੱਪ ਕੀਤਾ ਹੈ, ਡਿਪਟੀ ਸੀ.ਐਮ. ਸਾਹਿਬ ਵੀ ਗਏ ਸੀ, ਮੈਂ ਵੀ ਗਿਆ ਸੀ, ਸੀ.ਐਮ. ਸਾਹਿਬ ਵੀ ਸੈਂਟਰ ਗੌਰਮਿੰਟ ਦੇ ਮੰਤਰੀ ਸ਼੍ਰੀ ਵੈਂਕਈਆ ਨਾਇਡੂ ਜੀ ਕੋਲ ਗਏ ਸੀ। ਉਨ੍ਹਾਂ ਨੇ ਦੱਸਿਆ ਹੈ ਕਿ ਜਿਹੜੀ ਵੀ ਨਵੀਂ ਸਕੀਮ ਚੱਲੇਗੀ, ਉਸ ਤਹਿਤ ਮਾਮਲਾ ਟੇਕਅੱਪ ਕਰ ਲੈਣਗੇ। ਉਨ੍ਹਾਂ ਨੇ ਐਸ਼ੋਰੈਂਸ ਦਿਵਾਈ ਹੈ ਕਿ ਪਹਿਲਾਂ ਪੁਰਾਣੇ ਫੰਡਜ਼ ਜਿਹੜੇ ਲੈਪਸ ਹੋਏ ਹਨ, ਜਿਹੜੇ ਪੁਰਾਣੀ ਸਰਕਾਰ ਨੇ ਜਾਰੀ ਕਰ ਦਿੱਤੇ ਸੀ ਪਰ ਉਹ ਸਿਰੇ ਨਹੀਂ ਚੜ੍ਹ ਸਕੇ, ਉਨ੍ਹਾਂ ਨੇ ਕਿਹਾ ਹੈ ਕਿ

[ਸਥਾਨਕ ਸਰਕਾਰ ਮੰਤਰੀ]

ਇਹ ਸਾਰੇ ਮੈਟਰ ਟੇਕਅੱਪ ਕਰਕੇ ਪਹਿਲਾਂ ਤੁਹਾਡਾ ਕੰਮ ਕਰਾਂਗੇ। ਪੈਸੇ ਆਉਂਦੇ ਹਨ ਤਾਂ ਅਸੀਂ ਕੰਮ ਸ਼ੁਰੂ ਕਰ ਦੇਵਾਂਗੇ ਜੀ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਬੇਨਤੀ ਹੈ ਕਿ ਜੇ ਸੱਚੀ ਪੁੱਛੋ ਤਾਂ ਸਭ ਤੋਂ ਵੱਧ ਜੇ ਕਿਸੇ ਦੀ ਡਿਮਾਂਡ ਹੈ ਤਾਂ ਇਹ ਸਾਡੇ ਸ਼ਹਿਰ ਦੀਆਂ ਔਰਤਾਂ ਦੀ ਹੈ। ਉਨ੍ਹਾਂ ਨੂੰ ਬੜੀ ਮੁਸ਼ਕਲ ਸਹਿਣੀ ਪੈਂਦੀ ਹੈ। ਕਦੇ ਅਸੀਂ ਰਾਤ ਨੂੰ 12.00 ਵਜੇ ਵਾਟਰ ਵਰਕਸ ਤੋਂ ਪਾਣੀ ਦਿੰਦੇ ਹਾਂ ਅਤੇ ਕਦੇ 2.00 ਵਜੇ ਦਿੰਦੇ ਹਾਂ ਅਤੇ ਕਦੇ ਸਵੇਰੇ 4.00 ਵਜੇ ਦਿੰਦੇ ਹਾਂ। ਉਨ੍ਹਾਂ ਨੇ ਸਵੇਰੇ ਬੱਚਿਆਂ ਨੂੰ ਸਕੂਲ ਵੀ ਭੇਜਣਾ ਹੁੰਦਾ ਹੈ। ਬਹੁਤ ਮਜ਼ਬੂਰੀ ਕਰਕੇ ਮੈਂ ਤੁਹਾਡੇ ਸਾਹਮਣੇ ਬੇਨਤੀ ਕਰਦਾ ਹਾਂ ਕਿ ਇਸ ਦੀ ਸਮਾਂ ਸੀਮਾ ਨਿਸ਼ਚਿਤ ਕਰ ਦਿਓ। ਸਾਲ 1998 ਤੋਂ ਬਾਅਦ ਸਾਡੇ ਸ਼ਹਿਰ ਦੀ ਵਾਟਰ ਸਪਲਾਈ ਅੱਜ ਤੱਕ ਕਿਸ ਤਰ੍ਹਾਂ ਮੇਨਟੇਨ ਰਹਿ ਸਕਦੀ ਹੈ ਜੀ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਇਹ ਡਿਪਾਰਟਮੈਂਟ ਨੇ ਭੇਜਿਆ ਹੈ ਤੇ ਨਵੇਂ ਬਜਟ ਤੋਂ ਬਾਅਦ ਉਨ੍ਹਾਂ ਨੇ ਐਸ਼ੋਰੈਂਸ਼ ਵੀ ਦਿੱਤੀ ਹੈ। ਬਾਕੀ ਉਨ੍ਹਾਂ ਨੇ ਜੋ ਦੱਸਿਆ ਹੈ ਉਹ ਠੀਕ ਹੈ, ਇਸ ਵਾਟਰ ਵਰਕਸ ਤੋਂ 150 ਲੱਖ ਲੀਟਰ ਰੋਜ਼ਾਨਾ ਸਪਲਾਈ ਕੀਤਾ ਜਾਂਦਾ ਹੈ। ਇਹ ਅਲੱਗ ਅਲੱਗ ਜ਼ੋਨ ਬਣਾ ਕੇ, ਸਿਸਟਮ ਬਣਾ ਕੇ ਕਰ ਰਹੇ ਹਾਂ, ਰਾਤ ਨੂੰ ਵੀ ਸਪਲਾਈ ਕਰਦੇ ਹਾਂ, 24 ਘੰਟੇ ਤਕਰੀਬਨ ਸਪਲਾਈ ਹੋ ਰਹੀ ਹੈ ਤੇ ਹਰੇਕ ਜੋਨ ਨੂੰ ਤਕਰੀਬਨ ਡੇਢ ਤੋਂ ਦੋ ਘੰਟੇ ਪਾਣੀ ਦੀ ਸਪਲਾਈ ਦਿੰਦੇ ਹਾਂ, ਜਿਥੇ ਪਾਣੀ ਨਹੀਂ ਪਹੁੰਚਦਾ ਉਥੇ ਰਾਤ ਦੇ ਸਮੇਂ ਦਿੰਦੇ ਹਾਂ। ਬਾਕੀ ਇਹ ਠੀਕ ਹੈ ਕਿ ਇਨ੍ਹਾਂ ਨੂੰ ਪ੍ਰਾਬਲਮ ਹੈ, ਇਸ ਬਾਰੇ ਬੈਠ ਕੇ ਵੀ ਹੋਰ ਸਲਾਹ ਕਰ ਲਵਾਂਗੇ, ਇਨ੍ਹਾਂ ਨੂੰ ਨਾਲ ਲੈ ਜਾਵਾਂਗੇ।

ਸ਼੍ਰੀ ਦੀਪ ਮਲਹੋਤਰਾ : ਇਸ ਦਾ ਛੇਤੀ ਕੋਈ ਨਾ ਕੋਈ ਹੱਲ ਕੱਢ ਦਿਉ । ਇਸ ਬਾਰੇ ਚਾਰ ਜਾਂ ਛੇ ਮਹੀਨੇ ਦਾ ਸਮਾਂ ਦੱਸ ਦਿਉ ਕਿ ਕਿੰਨੇ ਸਮੇਂ ਦੇ ਵਿੱਚ ਇਹ ਸਮੱਸਿਆ ਹੱਲ ਹੋ ਜਾਵੇਗੀ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਐਸ਼ੋਰੈਂਸ਼ ਦਿਵਾਉਂਦਾ ਹਾਂ ਕਿ ਇਹ ਨਾਲ ਚੱਲਣ, ਇਸ ਬਜਟ ਤੋਂ ਬਾਅਦ ਉਨ੍ਹਾਂ ਨੇ ਐਸ਼ੋਰੈਂਸ਼ ਦਿੱਤੀ ਹੈ ਕਿ ਜੇ ਪੈਸੇ ਆ ਗਏ ਤਾਂ ਤੁਹਾਡਾ ਕੰਮ ਸਭ ਤੋਂ ਪਹਿਲਾਂ ਸ਼ੁਰੂ ਕਰਾਂਗੇ।

ਸ਼੍ਰੀ ਦੀਪ ਮਲਹੋਤਰਾ : ਧੰਨਵਾਦ ਜੀ।

——

ਨਿਸ਼ਾਨ ਵਾਲਾ ਪ੍ਰਸ਼ਨ ਨੰ: 1600

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋ ਸਕਿਆ।)

——

ਪਤਾਲਪੁਰੀ ਸਾਹਿਬ ਵਿਖੇ ਪਾਣੀ ਦੇ ਵਹਾਅ ਵਿੱਚ ਵਾਧਾ ਕਰਨਾ

***1520. ਰਾਣਾ ਗੁਰਜੀਤ ਸਿੰਘ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੀਰਤਪੁਰ ਸਾਹਿਬ ਲਾਗੇ ਪਵਿੱਤਰ ਸਥਾਨ ਪਤਾਲਪੁਰੀ ਸਾਹਿਬ ਵਿਖੇ ਬਰਸਾਤੀ ਮੌਸਮ ਨੂੰ ਛੱਡ ਕੇ ਪਾਣੀ ਦਾ ਵਹਾਅ ਘੱਟ ਰਹਿੰਦਾ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਪਵਿੱਤਰ ਸਥਾਨ ਤੇ ਪਾਣੀ ਦਾ ਵਹਾਅ ਪੂਰਾ ਕਰਨ ਲਈ ਕੀ ਨੱਕੀਆਂ ਪਾਵਰ ਹਾਊਸ ਤੋਂ ਨਿਕਲਦਾ ਪਾਣੀ ਨੱਕੀਆਂ ਖੱਡ ਰਾਹੀਂ ਦਰਿਆ ਵਿੱਚ ਪਾਉਣ ਲਈ ਸਰਕਾਰ ਵੱਲੋਂ ਕੋਈ ਵਿਉਂਤ ਬਣਾਈ ਜਾ ਰਹੀ ਹੈ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਹਾਂ ਜੀ, ਕੀਰਤਪੁਰ ਸਾਹਿਬ ਨੇੜੇ ਪਵਿੱਤਰ ਸਥਾਨ ਪਤਾਲਪੁਰੀ ਸਾਹਿਬ ਵਿਖੇ ਬਰਸਾਤੀ ਮੌਸਮ ਨੂੰ ਛੱਡ ਕੇ ਪਾਣੀ ਦਾ ਵਹਾਅ ਘੱਟ ਰਹਿੰਦਾ ਹੈ ਕਿਉਂਕਿ ਨੰਗਲ ਹਾਈਡਲ ਚੈਨਲ ਦੀ ਨੱਕੀਆਂ ਅਸੈਕੇਪ ਰਾਹੀਂ ਕੇਵਲ 100 ਤੋਂ 150 ਕਿਉਸਿਕ ਪਾਣੀ ਨੱਕੀਆਂ ਖੱਡ ਵਿੱਚ ਪਤਾਲਪੁਰੀ ਸਾਹਿਬ ਲਈ ਛੱਡਿਆ ਜਾ ਰਿਹਾ ਹੈ। ਅਸਤਘਾਟ ਪਤਾਲਪੁਰੀ ਸਾਹਿਬ ਵਿਖੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਪੇਡਾ (PEDA) ਵੱਲੋਂ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਚੈਨਲ ਤੇ ਇੱਕ ਮਾਈਕਰੋ ਹਾਈਡਲ ਪ੍ਰੋਜੈਕਟ ਸਰਕਾਰ ਦੀ ਮਨਜ਼ੂਰੀ ਅਧੀਨ ਹੈ। ਇਹ ਪ੍ਰੋਜੈਕਟ ਮੁਕੰਮਲ ਹੋਣ ਉਪਰੰਤ ਇਸ ਪਵਿੱਤਰ ਅਸਥਾਨ ਤੇ ਪਾਣੀ ਦੀ ਘਾਟ ਪੂਰੀ ਹੋ ਜਾਵੇਗੀ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਲੋਕਾਂ ਦੀ ਬੜੀ ਆਸਥਾ ਹੈ, ਆਪਣੇ ਬਜ਼ੁਰਗਾਂ ਦੇ ਅਸਥ ਲੈ ਕੇ ਲੋਕ ਉਥੇ ਜਾਂਦੇ ਹਨ ਤੇ ਜਦੋਂ ਉਹ ਜਲ ਪਰਵਾਹ ਕਰਦੇ ਹਨ ਤਾਂ ਉਥੇ ਹੱਡੀਆਂ ਵੇਖ ਕੇ ਲੋਕਾਂ ਦਾ

[ਰਾਣਾ ਗੁਰਜੀਤ ਸਿੰਘ]

ਮਨ ਬਹੁਤ ਖਰਾਬ ਹੁੰਦਾ ਹੈ। ਇਹ ਸਮੱਸਿਆ ਕੋਈ ਅੱਜ ਦੀ ਨਹੀਂ ਹੈ, ਇਹ ਬੜੀ ਲੰਬੀ ਸਮੱਸਿਆ ਹੈ । ਮੇਰਾ ਖਿਆਲ ਹੈ ਕਿ ਸਰਕਾਰ ਨੂੰ ਲੋਕਾਂ ਨੇ ਕਈ ਵਾਰ ਇਸ ਬਾਰੇ ਜਾਣੂੰ ਕਰਵਾਇਆ ਹੈ। ਲੇਕਿਨ ਹਾਲੇ ਤੱਕ ਸਮੱਸਿਆ ਦਾ ਹੱਲ ਨਹੀਂ ਕੀਤਾ ਗਿਆ। ਇਹ ਜਿਹੜਾ ਨੱਕੀਆਂ ਪਾਵਰ ਸਟੇਸ਼ਨ ਹੈ, ਨੱਕੀਆਂ ਪਾਵਰ ਸਟੇਸ਼ਨ ਤੋਂ ਬਾਅਦ ਇੱਕੋਂ ਸਾਈਫਨ ਆਊਟ ਕਰਕੇ ਵੀ ਤੁਸੀਂ ਵੱਧ ਪਾਣੀ ਛੱਡ ਸਕਦੇ ਹੋ। ਕੀ ਇਸ ਉਤੇ ਮੰਤਰੀ ਜੀ ਆਸ਼ਵਾਸਨ ਦਿਵਾਉਣਗੇ ਕਿ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ਅਤੇ ਇਸ ਵਿੱਚ ਕਿੰਨਾ ਹੋਰ ਪਾਣੀ ਛੱਡਣਗੇ?

ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਸਾਰਿਆਂ ਵਾਸਤੇ ਬਹੁਤ ਜ਼ਰੂਰੀ ਬਣਦਾ ਹੈ, ਉਥੇ ਬਰਸਾਤੀ ਮੌਸਮ ਨੂੰ ਛੱਡ ਕੇ ਬਾਕੀ ਦਿਨਾਂ ਵਿੱਚ ਪਾਣੀ ਅਸਥ ਪਰਵਾਹ ਲਈ ਬਹੁਤ ਜ਼ਿਆਦਾ ਘੱਟ ਹੈ । ਇਸ ਘਾਟੇ ਨੂੰ ਪੂਰਾ ਕਰਨ ਲਈ 3.50 ਕਰੋੜ ਰੁਪਏ ਦੀ ਲਾਗਤ ਨਾਲ ਇੱਕ 300 ਕਿਲੋਵਾਟ ਬਿਜਲੀ ਉਤਪਾਦਨ ਕਰਨ ਵਾਲਾ ਮਾਈਕਰੋ ਹਾਈਡਲ ਪ੍ਰੋਜੈਕਟ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਚੈਨਲ ਦੀ ਬੁਰਜੀ 30180 ਮੀਟਰ ਉਤੇ ਸਰਕਾਰ ਦੀ ਮਨਜ਼ੂਰੀ ਅਧੀਨ ਹੈ। ਇਸ ਰਾਹੀਂ 200 ਕਿਊਸਕ ਹੋਰ ਪਾਣੀ ਪਤਾਲਪੁਰੀ ਸਾਹਿਬ ਨੂੰ ਨੱਕੀਆਂ ਹਾਈਡਲ ਰਾਹੀਂ ਉਪਲਬਧ ਹੋ ਜਾਵੇਗਾ ਅਤੇ ਇਸ ਪਵਿੱਤਰ ਅਸਥਾਨ ਤੇ ਪਾਣੀ ਦੀ ਘਾਟ ਪੂਰੀ ਹੋ ਜਾਵੇਗੀ।

ਭਦੌੜ ਅਤੇ ਤਪਾ ਦੇ ਸਕੂਲਾਂ ਵਿੱਚ ਖਾਲੀ ਅਸਾਮੀਆਂ ਭਰਨਾ

*** 1549. ਸ਼੍ਰੀ ਮੁਹੰਮਦ ਸਦੀਕ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਭਦੌੜ ਅਤੇ ਤਪਾ (ਬਰਨਾਲਾ) ਵਿਖੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸ਼੍ਰੇਣੀ ਵਾਰ ਅਸਾਮੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ਅਤੇ ਦੋਵੇਂ ਸਕੂਲਾਂ ਵਿੱਚ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ:

(ਅ) ਉਪਰੋਕਤ ਵਰਣਿਤ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਡਾਕਟਰ ਦਲਜੀਤ ਸਿੰਘ ਚੀਮਾ : (ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਦੌੜ ਅਤੇ ਤਪਾ (ਬਰਨਾਲਾ) ਵਿਖੇ ਇਸ ਸਮੇਂ ਸ਼੍ਰੇਣੀ ਵਾਰ ਪ੍ਰਵਾਨ ਅਤੇ ਖਾਲੀ ਅਸਾਮੀਆਂ ਦੀ ਗਿਣਤੀ ਅਨੁਲੱਗ 'ੳ' ਤੇ ਹੈ ।

(ਅ) ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੇ ਵੱਖ ਵੱਖ ਕਾਡਰਾਂ ਦੀਆਂ 6494 ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤੇ ਗਏ ਹਨ। ਛੇਤੀ ਹੀ ਯੋਗ ਉਮੀਦਵਾਰਾਂ ਦੀ ਚੋਣ ਕਰਕੇ ਇਹ ਖਾਲੀ ਅਸਾਮੀਆਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ।

ਅਨੁਲੱਗ 'ੳ'

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਦੌੜ (ਮੁੰਡੇ) (ਬਰਨਾਲਾ)

ਲੜੀ ਨੰ:	ਸ਼੍ਰੇਣੀ	ਮਨਜ਼ੂਰਸ਼ੁਦਾ ਪੋਸਟਾਂ	ਭਰੀਆਂ ਪੋਸਟਾਂ	ਖਾਲੀ ਪੋਸਟਾਂ	ਵਿਸ਼ੇਸ਼ ਕਥਨ
1	ਪ੍ਰਿੰਸੀਪਲ	1	1	–	–
2	ਲੈਕਚਰਾਰ	10	5	5	–
3	ਮਾਸਟਰ	28	12	16	–
4	ਸੀ. ਐਂਡ ਵੀ.	2	1	1	–
5.	ਕੰਪਿਊਟਰ ਟੀਚਰ	4	4	0	–
6.	ਲਾਇਬਰੇਰੀਅਨ	0	0	0	–
7.	ਕਲਰਕ	1	0	1	–
8.	ਐਸ.ਐਲ.ਏ.	3	1	2	–
9.	ਦਰਜਾ–4	5	3	2	–
	ਕੁੱਲ ਜੋੜ	54	27	27	

[ਸਿੱਖਿਆ ਮੰਤਰੀ]

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਦੌੜ (ਕੁੜੀਆਂ) (ਬਰਨਾਲਾ)

ਲੜੀ ਨੰ:	ਸ਼੍ਰੇਣੀ	ਮਨਜ਼ੂਰਸ਼ੁਦਾ ਪੋਸਟਾਂ	ਭਰੀਆਂ ਪੋਸਟਾਂ	ਖਾਲੀ ਪੋਸਟਾਂ	ਵਿਸ਼ੇਸ਼ ਕਥਨ
1	ਪ੍ਰਿੰਸੀਪਲ	1	1	–	–
2	ਲੈਕਚਰਾਰ	10	8	2	–
3	ਮਾਸਟਰ	24	12	12	–
4	ਸੀ. ਐਂਡ ਵੀ.	4	3	1	–
5.	ਕੰਪਿਊਟਰ ਟੀਚਰ	4	4	0	–
6.	ਲਾਇਬਰੇਰੀਅਨ	1	1	0	–
7.	ਕਲਰਕ	1	0	1	–
8.	ਐਸ.ਐਲ.ਏ.	3	1	2	–
9.	ਦਰਜਾ–4	4	2	2	–
	ਕੁੱਲ ਜੋੜ	52	32	20	

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤਪਾ (ਮੁੰਡੇ) (ਬਰਨਾਲਾ)

ਲੜੀ ਨੰ:	ਸ਼੍ਰੇਣੀ	ਮਨਜ਼ੂਰਸ਼ੁਦਾ ਪੋਸਟਾਂ	ਭਰੀਆਂ ਪੋਸਟਾਂ	ਖਾਲੀ ਪੋਸਟਾਂ	ਵਿਸ਼ੇਸ਼ ਕਥਨ
1	ਪ੍ਰਿੰਸੀਪਲ	1	1	–	–
2	ਲੈਕਚਰਾਰ	10	7	3	–
3	ਮਾਸਟਰ	17	11	6	–
4	ਸੀ. ਐਂਡ ਵੀ.	2	1	1	–
5.	ਕੰਪਿਊਟਰ ਟੀਚਰ	4	4	0	–
6.	ਲਾਇਬਰੇਰੀਅਨ	1	1	0	–
7.	ਕਲਰਕ	1	0	1	–
8.	ਐਸ.ਐਲ.ਏ.	3	2	1	–

9.	ਦਰਜਾ 4	5	2	3	–
	ਕੁੱਲ ਜੋੜ	44	29	15	–

ਇਨ੍ਹਾਂ ਸਕੂਲਾਂ ਵਿੱਚ ਇਸ ਸਮੇਂ 62 ਅਸਾਮੀਆਂ ਖਾਲੀ ਹਨ।

ਸ਼੍ਰੀ ਮੁਹੰਮਦ ਸਦੀਕ : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਆਪ ਜੀ ਰਾਹੀਂ ਮੈਨੂੰ ਮੰਤਰੀ ਜੀ ਨੂੰ ਸਵਾਲ ਕਰਨ ਦਾ ਮੌਕਾ ਮਿਲਿਆ ਹੈ। ਸਪੀਕਰ ਸਾਹਿਬ, ਮੈਂ ਇਸ ਸਕੂਲ ਦੀ ਗੱਲ ਕਰਦਾ ਹਾਂ ਕਿ ਭਦੌੜ ਸਕੂਲ ਇੱਕ ਬਹੁਤ ਹੀ ਅੱਛਾ ਸਕੂਲ ਹੈ, ਇਸ ਸਕੂਲ ਦੀਆਂ ਬਹੁਤ ਜ਼ਿਆਦਾ ਪ੍ਰਾਪਤੀਆਂ ਹਨ ਲੇਕਿਨ ਹਾਲਾਤ ਇਹ ਹਨ ਕਿ ਉਥੇ 52 ਅਸਾਮੀਆਂ ਦੀ ਮਨਜ਼ੂਰੀ ਹੈ ਤੇ ਸਿਰਫ 25 ਮਾਸਟਰ ਹੀ ਲੱਗੇ ਹੋਏ ਹਨ। ਇਸ ਤੋਂ ਇਲਾਵਾ ਉਸ ਸਕੂਲ ਦਾ ਮੈਟ੍ਰਿਕ ਤੇ ਪਲੱਸ ਟੂ ਦਾ ਨਤੀਜਾ ਸੈਂਟ-ਪਰਸੈਂਟ ਹੈ। ਇਸ ਸਕੂਲ ਵਿੱਚ ਹਰ ਸਾਲ ਜ਼ੋਨਲ ਅਥਲੈਟਿਕ ਮੀਟ ਹੁੰਦੀ ਹੈ, ਰੈਸਲਿੰਗ ਹੁੰਦੀ ਹੈ ਅਤੇ ਇਸ ਤੋਂ ਇਲਾਵਾ 20-25 ਸਕੂਲਾਂ ਦੇ ਵਿਦਿਆਰਥੀ ਭਾਗ ਲੈਂਦੇ ਹਨ। ਇਸ ਸਕੂਲ ਵਿੱਚ ਪਲੇਅ ਗਰਾਊਂਡ ਹੈ ਪਰੰਤੂ ਇਸ ਸਕੂਲ ਵਿੱਚ ਬਾਸਕਟ ਬਾਲ, ਫੁੱਟਬਾਲ...

ਮਾਨਯੋਗ ਸਪੀਕਰ : ਸਪਲੀਮੈਂਟਰੀ ਕਰੋ ਜੀ। ਕੋਈ ਸਵਾਲ ਪੁੱਛੋ।

ਸ਼੍ਰੀ ਮੁਹੰਮਦ ਸਦੀਕ : ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਅਸਾਮੀਆਂ ਖਾਲੀ ਹਨ, ਉਹ ਕਦੋਂ ਤੱਕ ਭਰੀਆਂ ਜਾਣਗੀਆਂ?

ਮਾਨਯੋਗ ਸਪੀਕਰ : ਇਸ ਬਾਰੇ ਤਾਂ ਉਨ੍ਹਾਂ ਦਾ ਜਵਾਬ ਆ ਗਿਆ ਹੈ। ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 6494 ਅਸਾਮੀਆਂ ਹਨ।

ਸ਼੍ਰੀ ਮੁਹੰਮਦ ਸਦੀਕ : ਕੋਈ ਸਮਾਂ ਸੀਮਾ ਹੈ ਜੀ ਕਿ ਇਹ ਕਦੋਂ ਤੱਕ ਭਰੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਹ ਐਡਵਰਟਾਈਜ਼ ਹੋ ਗਈਆਂ ਹਨ। ਸਾਡੀ ਆਪਣੀ ਕੋਸ਼ਿਸ਼ ਹੈ ਕਿ ਜਿੰਨੀ ਛੇਤੀ ਤੋਂ ਛੇਤੀ ਹੋ ਸਕੇ, ਇਹ ਅਸਾਮੀਆਂ ਭਰੀਆਂ ਜਾਣ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਤਪਾ ਮੇਰੀ ਜਨਮ ਭੂਮੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਨਾ ਅੱਛਾ ਸਕੂਲ ਹੈ ਕਿ ਅੱਜ ਤੋਂ 30-40 ਸਾਲ ਪਹਿਲਾਂ ਬਰਨਾਲੇ ਦੀ ਭੂਮੀ ਤੋਂ ਮੈਕਸੀਮਮ ਡਾਕਟਰ ਸਾਡੇ ਸਕੂਲ

[ਸਰਦਾਰ ਬਲਬੀਰ ਸਿੰਘ ਸਿੱਧੂ]

ਨੇ ਪੈਦਾ ਕੀਤੇ ਹਨ ਪਰ ਅੱਜ ਹਾਲਾਤ ਇਹ ਹਨ ਕਿ ਉੱਥੇ ਟੀਚਰਾਂ ਦੀ ਗਿਣਤੀ ਅੱਧੀ ਹੈ। ਇਸ ਕਰਕੇ ਜਿਹੜੇ ਅਜਿਹੇ ਸਕੂਲ ਹਨ, ਉਨ੍ਹਾਂ ਸਕੂਲਾਂ ਨੂੰ ਟੀਚਰ ਪ੍ਰਾਇਰਟੀ ਤੇ ਦੇਣੇ ਚਾਹੀਦੇ ਹਨ ਤਾਂ ਕਿ ਬੱਚਿਆਂ ਨੂੰ ਕੁਆਲਿਟੀ ਐਜੂਕੇਸ਼ਨ ਮਿਲਦੀ ਰਹੇ।

ਸ਼੍ਰੀ ਮੁਹੰਮਦ ਸਦੀਕ : ਸਪਲੀਮੈਂਟਰੀ, ਸਪੀਕਰ ਸਾਹਿਬ। ਤਪੇ ਦੇ ਸਕੂਲ ਦੀ ਮੈਂ ਜਿਹੜੀ ਗੱਲ ਕਰ ਰਿਹਾ ਸੀ, ਇਹ ਸਕੂਲ 200 ਵਿਦਿਆਰਥੀਆਂ ਵਾਸਤੇ ਬਣਿਆ ਸੀ ਪਰ ਅੱਜ ਉਥੇ ਵਿਦਿਆਰਥੀ 550 ਹਨ। ਬਹੁਤ ਮੁਸ਼ਕਿਲ ਨਾਲ ਬੱਚੀਆਂ ਉਥੇ ਪੜ੍ਹਦੀਆਂ ਹਨ। ਅੱਛੀ ਗੱਲ ਇਹ ਹੈ ਕਿ ਉਸ ਸਕੂਲ ਦੀਆਂ ਦੋ ਵਿਦਿਆਰਥਣਾਂ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚੋਂ ਫਸਟ ਆਈਆਂ ਹਨ। ਮੇਰੀ ਬੇਨਤੀ ਹੈ ਕਿ ਉਸ ਸਕੂਲ ਨੂੰ ਅੱਛੀ ਜਗ੍ਹਾ ਦਿੱਤੀ ਜਾਵੇ, ਉਸ ਸਕੂਲ ਨੂੰ ਸ਼ਿਫ਼ਟ ਕੀਤਾ ਜਾਵੇ ਅਤੇ ਉਨ੍ਹਾਂ ਬੱਚੀਆਂ ਵਾਸਤੇ ਕੋਈ ਖਾਸ ਪ੍ਰਬੰਧ ਕੀਤਾ ਜਾਵੇ। ਕੀ ਮੰਤਰੀ ਜੀ ਦੱਸਣਗੇ ਕਿ ਇਸ ਮਾਮਲੇ ਵਿੱਚ ਤੁਸੀਂ ਕੀ ਕਰ ਰਹੇ ਹੋ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਵੱਲੋਂ ਜਿਸ ਤਰ੍ਹਾਂ ਹੁਕਮ ਹੋਇਆ ਹੈ, ਜਿਹੜੀ ਵੀ ਕੋਈ ਤਰੁੱਟੀ ਇਨ੍ਹਾਂ ਦੇ ਸਕੂਲਾਂ ਵਿੱਚ ਹੈ, ਇਨ੍ਹਾਂ ਨਾਲ ਬੈਠ ਕੇ, ਪੁੱਛ ਕੇ ਦੂਰ ਕਰਾਂਗੇ ਕਿਉਂਕਿ ਇਹ ਸਾਡੇ ਪੰਜਾਬ ਦੇ ਬਹੁਤ ਹੀ ਸਤਿਕਾਰਯੋਗ ਮੈਂਬਰ ਹਨ, ਜੋ ਵੀ ਇਹ ਕਹਿਣਗੇ, ਪਹਿਲ ਦੇ ਅਧਾਰ ਤੇ ਪ੍ਰੋਵਾਈਡ ਕਰਵਾਇਆ ਜਾਵੇਗਾ।

ਸ਼੍ਰੀ ਮੁਹੰਮਦ ਸਦੀਕ : ਧੰਨਵਾਦ ਜੀ।

ਅੰਤਰਰਾਸ਼ਟਰੀ ਪੱਧਰ ਦਾ ਫੁੱਟਬਾਲ ਸਟੇਡੀਅਮ ਬਣਾਉਣਾ

***1407. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਵਿਖੇ ਅੰਤਰਰਾਸ਼ਟਰੀ ਪੱਧਰ ਦਾ ਫੁੱਟਬਾਲ ਸਟੇਡੀਅਮ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸੁਖਬੀਰ ਸਿੰਘ ਬਾਦਲ : ਹਾਂ ਜੀ। ਰਾਜ ਸਰਕਾਰ ਵੱਲੋਂ ਕਸਬਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 5.45 ਕਰੋੜ ਰੁਪਏ ਦੀ ਲਾਗਤ

ਨਾਲ ਇੱਕ "ਬਣਾਉਟੀ ਘਾਹ ਵਾਲਾ ਫੁੱਟਬਾਲ ਗਰਾਉਂਡ (ਐਸਟਰੋਟਰਫ)" ਬਣਾਉਣ ਦੀ ਤਜਵੀਜ਼ ਹੈ, ਜਿਸ ਸਬੰਧ ਵਿੱਚ ਭਾਰਤ ਸਰਕਾਰ ਦੀ ਸਕੀਮ "ਅਰਬਨ ਸਪੋਰਟਸ ਇਨਫਰਾਸਟਰਕਚਰ" ਅਧੀਨ 100% ਕੇਂਦਰੀ ਸਹਾਇਤਾ ਲਈ ਕੇਸ ਪ੍ਰਵਾਨਗੀ ਹਿੱਤ ਭਾਰਤ ਸਰਕਾਰ ਨੂੰ ਭੇਜਿਆ ਹੋਇਆ ਹੈ। ਭਾਰਤ ਸਰਕਾਰ ਵੱਲੋਂ ਫੰਡਜ ਉਪਲਬਧ ਕਰਵਾਉਣ ਉਪਰੰਤ ਇਹ ਬਣਾਉਟੀ ਘਾਹ ਵਾਲਾ ਫੁੱਟਬਾਲ ਗਰਾਊਂਡ ਤਿਆਰ ਕਰ ਲਿਆ ਜਾਵੇਗਾ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਡਿਪਟੀ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਹਲਪੁਰ ਦਾ ਇਹ ਇਲਾਕਾ ਗੜ੍ਹਸ਼ੰਕਰ, ਚੱਬੇਵਾਲ ਅਤੇ ਆਦਮਪੁਰ ਫੁੱਟਬਾਲ ਦੀ ਨਰਸਰੀ ਕਰਕੇ ਜਾਣਿਆ ਜਾਂਦਾ ਹੈ। ਇਸ ਇਲਾਕੇ ਨੇ ਨੈਸ਼ਨਲ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ। ਓਲੰਪੀਅਨ ਜਰਨੈਲ ਸਿੰਘ ਇੰਡੀਆ ਦੀ ਟੀਮ ਅਤੇ ਏਸ਼ੀਆ ਦੀ ਟੀਮ ਦੇ ਵੀ ਕੈਪਟਨ ਰਹੇ ਹਨ। ਸਰਦਾਰ ਮਨਜੀਤ ਸਿੰਘ ਜੀ ਦੋ ਵਾਰੀ ਇੰਡੀਆ ਦੀ ਟੀਮ ਦੇ ਕੈਪਟਨ ਰਹੇ ਅਤੇ ਸਰਦਾਰ ਗੁਰਦੇਵ ਸਿੰਘ ਵੀ ਇੰਡੀਆ ਦੀ ਟੀਮ ਦੇ ਕੈਪਟਨ ਰਹੇ। ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ ਅਰਜੁਨਾ ਅਵਾਰਡ ਅਤੇ ਸਰਦਾਰ ਗੁਰਦੇਵ ਸਿੰਘ ਹੋਰਾਂ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਵੀ ਪ੍ਰਾਪਤ ਹੋਇਆ। ਸਰਦਾਰ ਇੰਦਰ ਸਿੰਘ ਨੂੰ ਅਰਜੁਨਾ ਅਵਾਰਡ ਪ੍ਰਾਪਤ ਹੋਇਆ। ਅੱਜ ਵੀ ਇਸ ਇਲਾਕੇ ਦੇ ਨੌਜਵਾਨ ਸਰਦਾਰ ਹਰਮਨਜੋਤ ਸਿੰਘ ਖਾਂਤੜਾ ਈਸਟ ਬੰਗਾਲ ਕਲੱਬ, ਕੋਲਕਾਤਾ ਵਿਖੇ ਦੋ ਸਾਲ ਦੇ ਐਗਰੀਮੈਂਟ ਤੇ ਡੇਢ ਕਰੋੜ ਰੁਪਿਆ ਲੈ ਰਹੇ ਹਨ ਅਤੇ ਸਰਦਾਰ ਬਲਵੰਤ ਸਿੰਘ ਮੋਹਨ ਬਾਗਾਨ ਕਲੱਬ, ਕੋਲਕਾਤਾ ਵਿਖੇ ਦੋ ਸਾਲ ਦੇ ਐਗਰੀਮੈਂਟ ਤੇ ਡੇਢ ਕਰੋੜ ਰੁਪਿਆ ਲੈ ਰਹੇ ਹਨ। ਇਸੇ ਤਰ੍ਹਾਂ ਸਰਦਾਰ ਕਮਲਜੀਤ ਸਿੰਘ ਜੀ ਗੋਆ ਵਿਖੇ ਇੱਕ ਸਾਲ ਦਾ 50 ਲੱਖ ਰੁਪਿਆ, ਸਰਦਾਰ ਬਲਜੀਤ ਸਿੰਘ ਈਸਟ ਬੰਗਾਲ ਵਿੱਚ ਸਾਲਾਨਾ 50 ਲੱਖ ਰੁਪਿਆ, ਸਰਦਾਰ ਬਲਬੀਰ ਸਿੰਘ ਭਜੌੜਾ ਸਾਲਾਨਾ 50 ਲੱਖ ਰੁਪਿਆ ਅਤੇ ਸ਼੍ਰੀ ਰਜਨੀਸ਼ ਕੁਮਾਰ....

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਨੇਕਾਂ ਖਿਡਾਰੀ ਹਨ ਜਿਹੜੇ ਇਨ੍ਹਾਂ ਗਰਾਊਂਡਾਂ ਵਿੱਚ ਖੇਡ ਕੇ ਅੱਜ ਹਿੰਦੁਸਤਾਨ ਦੇ ਵੱਡੇ ਕਲੱਬਾਂ ਵਿੱਚ ਖੇਡ ਦਾ ਵਧੀਆ

[ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ]

ਪ੍ਰਦਰਸ਼ਨ ਦਿਖਾ ਰਹੇ ਹਨ। ਮੈਂ ਡਿਪਟੀ ਮੁੱਖ ਮੰਤਰੀ ਜੀ ਦਾ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਨੇ ਬਜਟ ਵਿੱਚ 5.45 ਕਰੋੜ ਰੁਪਏ ਰੱਖ ਕੇ ਇਹ ਸਟੇਡੀਅਮ ਬਣਾਉਣ ਦਾ ਵਾਇਦਾ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਜਦੋਂ ਤੋਂ ਇਨ੍ਹਾਂ ਨੇ ਵਾਗਡੋਰ ਸੰਭਾਲੀ ਹੈ, ਪਹਿਲੇ ਸਮਿਆਂ ਵਿੱਚ ਗੇਮਾਂ ਵਾਸਤੇ ਬਹੁਤ ਘੱਟ ਫੰਡ ਰੱਖੇ ਜਾਂਦੇ ਸਨ...

Mr. Speaker : Thank you.

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਅੱਜ ਬਹੁਤ ਵੱਡੇ ਫੰਡ ਗੇਮਾਂ ਵਾਸਤੇ ਰੱਖੇ ਗਏ ਹਨ। ਮੈਂ ਡਿਪਟੀ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕਦੋਂ ਅਤੇ ਕਿੰਨੇ ਚਿਰ ਵਿੱਚ ਇਹ ਸਟੇਡੀਅਮ ਤੁਸੀਂ ਖੇਡ ਜਗਤ ਨੂੰ ਮੁਹੱਈਆ ਕਰਵਾਉਗੇ?

ਮਾਨਯੋਗ ਸਪੀਕਰ : ਜਲਦੀ ਤੋਂ ਜਲਦੀ ਕਰਵਾ ਦੇਣਗੇ।

ਸਰਦਾਰ ਜਗਮੋਹਨ ਸਿੰਘ ਕੰਗ : ਸਪਲੀਮੈਂਟਰੀ, ਸਪੀਕਰ ਸਾਹਿਬ...

ਮਾਨਯੋਗ ਸਪੀਕਰ : ਇਸ ਕੁਐਸਚਨ ਨਾਲ ਆਪਣਾ ਸਬੰਧ ਹੈ ਜਾਂ ਉਸ ਜ਼ਿਲ੍ਹੇ ਨਾਲ ਆਪਣਾ ਕੋਈ ਸਬੰਧ ਹੈ?

ਸਰਦਾਰ ਜਗਮੋਹਨ ਸਿੰਘ ਕੰਗ : ਹਾਂ ਜੀ, ਬਿਲਕੁਲ ਸਬੰਧ ਹੈ ਜੀ। ਸਪੀਕਰ ਸਾਹਿਬ, ਮੈਂ ਡਿਪਟੀ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਦੇ ਸਮੇਂ ਤੋਂ ਪੰਜਾਬ ਸਰਕਾਰ ਨੇ ਬਲਾਕ ਪੱਧਰ ਤੇ ਸਟੇਡੀਅਮ ਬਣਾਉਣੇ ਸ਼ੁਰੂ ਕੀਤੇ ਸੀ। ਫਿਰ ਇਨ੍ਹਾਂ ਦੀ ਸਰਕਾਰ ਆ ਗਈ, ਉਸ ਤੋਂ ਬਾਅਦ ਸਾਡੀ ਸਰਕਾਰ ਆ ਗਈ। ਸਾਲ 2002 ਤੋਂ 2007 ਤੱਕ ਦਾਸ ਖੇਡ ਮੰਤਰੀ ਰਿਹਾ ਹੈ। ਅਸੀਂ ਇਹ ਸਕੀਮ ਜਾਰੀ ਰੱਖੀ ਸੀ। ਕੀ ਡਿਪਟੀ ਸੀ.ਐਮ. ਸਾਹਿਬ ਦੱਸਣਗੇ ਕਿ ਕੀ ਬਲਾਕ ਪੱਧਰ ਤੇ ਸਟੇਡੀਅਮ ਬਣਾਉਣ ਦੀ ਸਕੀਮ ਹੁਣ ਚੱਲ ਰਹੀ ਹੈ ਜਾਂ ਬੰਦ ਹੋ ਗਈ ਹੈ? ਕੀ ਬਲਾਕ ਲੈਵਲ ਤੇ ਇਹ ਸਟੇਡੀਅਮ ਬਣਨੇ ਜਾਰੀ ਰਹਿਣਗੇ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਸਿਵਲ ਹਸਪਤਾਲਾਂ ਵਿੱਚ ਖਾਲੀ ਅਸਾਮੀਆਂ

*1544. **ਸ਼੍ਰੀਮਤੀ ਗੁਰਇਕਬਾਲ ਕੌਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਰਾਹੋਂ, ਨਵਾਂਸ਼ਹਿਰ (ਜ਼ਿਲ੍ਹਾ ਨਵਾਂਸ਼ਹਿਰ) ਅਤੇ ਦੀਨਾ ਨਗਰ (ਗੁਰਦਾਸਪੁਰ) ਦੇ ਸਿਵਲ ਹਸਪਤਾਲਾਂ ਵਿੱਚ ਵੱਖ ਵੱਖ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਨ੍ਹਾਂ ਹਸਪਤਾਲਾਂ ਵਿੱਚ ਖਾਲੀ ਅਸਾਮੀਆਂ ਦਾ ਵੇਰਵਾ ਕੀ ਹੈ?

(ਅ) ਉਪਰੋਕਤ ਵਰਣਿਤ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਅਜਿਹਾ ਕਦੋਂ ਤੱਕ ਹੋਣ ਦੀ ਸੰਭਾਵਨਾ ਹੈ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, (ੳ) ਰਾਹੋਂ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਅਤੇ ਦੀਨਾ ਨਗਰ (ਗੁਰਦਾਸਪੁਰ) ਦੇ ਹਸਪਤਾਲਾਂ ਵਿੱਚ ਵੱਖ ਵੱਖ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ਜੀ।

(ਅ) ਵਿਭਾਗ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕਰ ਰਿਹਾ ਹੈ।

ਅਨੁਲੱਗ 'ੳ'

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਿਵਲ ਡਿਸਪੈਂਸਰੀ, ਰਾਹੋਂ ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

ਲੜੀ ਨੰ:	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ	ਭਰੀਆਂ	ਖਾਲੀ
1.	ਮੈਡੀਕਲ ਅਫ਼ਸਰ	1	1	0
2.	ਫਾਰਮਾਸਿਸਟ	1	0	1
3.	ਵਾਰਡ ਸਰਵੈਂਟ	1	1	0
4.	ਸਵੀਪਰ	1	1	0
	ਕੁੱਲ	4	3	1

ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਜ਼ਿਲ੍ਹਾ ਹਸਪਤਾਲ ਵਿਖੇ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

ਸੰਸਥਾ ਦਾ ਨਾਮ : ਜ਼ਿਲ੍ਹਾ ਹਸਪਤਾਲ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)

ਲੜੀ ਨੰ:	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ	ਭਰੀਆਂ	ਖਾਲੀ
1.	ਸੀਨੀਅਰ ਮੈਡੀਕਲ ਅਫਸਰ	1	1	0
2.	ਮੈਡੀਕਲ ਅਫਸਰ (ਮੈਡੀਸਨ)	1	0	1
3.	ਮੈਡੀਕਲ ਅਫਸਰ (ਸਰਜਰੀ)	1	1	0
4.	ਮੈਡੀਕਲ ਅਫਸਰ (ਗਾਇਨੀ)	1	1	0
5.	ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ)	4	3	1
6.	ਮੈਡੀਕਲ ਅਫਸਰ (ਹੱਡੀਆਂ ਦੇ ਮਾਹਿਰ)	1	1	0
7.	ਮੈਡੀਕਲ ਅਫਸਰ (ਐਨਸਥੀਸੀਆ)	1	1	0
8.	ਮੈਡੀਕਲ ਅਫਸਰ (ਪੈਥੋਲੋਜੀ)	1	1	0
9.	ਮੈਡੀਕਲ ਅਫਸਰ (ਅੱਖਾਂ ਦੇ ਮਾਹਿਰ)	1	1	0
10.	ਮੈਡੀਕਲ ਅਫਸਰ (ਰੇਡੀਓਲੋਜੀ)	1	0	1
11.	ਮੈਡੀਕਲ ਅਫਸਰ (ਸਾਇਕੈਟਰੀ)	1	0	1
12.	ਬਲੱਡ ਟਰਾਸਫਿਊਜ਼ਨ ਅਫਸਰ	1	0	1
13.	ਮੈਡੀਕਲ ਅਫਸਰ (ਸਕਿਨ ਐਂਡ ਵੀ.ਡੀ.)	1	1	0
14.	ਮੈਡੀਕਲ ਅਫਸਰ (ਈ.ਐਨ.ਟੀ.)	1	1	0
15.	ਮੈਡੀਕਲ ਅਫਸਰ (ਡੈਂਟਲ)	1	1	0
16.	ਮੈਡੀਕਲ ਅਫਸਰ (ਐਮ.ਬੀ.ਬੀ.ਐਸ.)	3	3	0
17.	ਨਰਸਿੰਗ ਸਿਸਟਰ	1	1	0
18.	ਸਟਾਫ ਨਰਸ	28	19	9

19.	ਚੀਫ ਫਾਰਮਾਸਿਸਟ	1	1	0
20.	ਫਾਰਮਾਸਿਸਟ	3	3	0
21.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1	1	1	0
22.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2	2	0	2
23.	ਰੇਡੀਓਗ੍ਰਾਫਰ	3	3	0
24.	ਕਲਰਕ	3	0	3
25.	ਡਰਾਈਵਰ	1	1	0
26.	ਦਰਜਾ-4	26	18	8
27.	ਸਵੀਪਰ	7	4	3
	ਕੁੱਲ	95	66	29

ਜ਼ਿਲ੍ਹਾ ਗੁਰਦਾਸਪੁਰ ਦੇ ਕਮਿਊਨਿਟੀ ਹੈਲਥ ਸੈਂਟਰ, ਦੀਨਾਨਗਰ (ਸਿੰਘੋਵਾਲ) ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

ਸੰਸਥਾ ਦਾ ਨਾਮ: ਕਮਿਊਨਿਟੀ ਹੈਲਥ ਸੈਂਟਰ, ਦੀਨਾਨਗਰ (ਸਿੰਘੋਵਾਲ)

ਲੜੀ ਨੰ:	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ	ਭਰੀਆਂ	ਖਾਲੀ
1.	ਸੀਨੀਅਰ ਮੈਡੀਕਲ ਅਫਸਰ	1	1	0
2.	ਮੈਡੀਕਲ ਅਫਸਰ (ਮੈਡੀਸਨ)	1	1	0
3.	ਮੈਡੀਕਲ ਅਫਸਰ (ਸਰਜਰੀ)	1	1	0
4.	ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ)	1	0	1
5.	ਮੈਡੀਕਲ ਅਫਸਰ (ਗਾਇਨੀ)	1	1	0
6.	ਮੈਡੀਕਲ ਅਫਸਰ (ਐਮ.ਬੀ.ਬੀ.ਐਸ.)	1	1	0
7.	ਮੈਡੀਕਲ ਅਫਸਰ (ਡੈਂਟਲ)	1	1	0
8.	ਸਟਾਫ ਨਰਸ	6	6	0
9.	ਫਾਰਮਾਸਿਸਟ	2	2	0

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

10.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ–2	1	1	0
11.	ਰੇਡੀਓਗ੍ਰਾਫਰ	2	2	0
12.	ਦਰਜਾ–4	3	3	0
13.	ਸਵੀਪਰ	1	1	0
	ਕੁੱਲ	22	21	1

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਆਪ ਜੀ ਦੁਆਰਾ ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਹਰ ਬੰਦੇ ਦੀ ਲਾਈਫ ਵਿੱਚ ਕੁਝ ਪ੍ਰੀਆਰਟੀਜ਼ ਹੁੰਦੀਆਂ ਹਨ। ਸਿਹਤ ਅਤੇ ਪਾਣੀ ਹਰ ਇਨਸਾਨ ਦੀ ਬਹੁਤ ਵੱਡੀ ਜ਼ਰੂਰਤ ਹੈ। ਮੇਰੇ ਨਵਾਂਸ਼ਹਿਰ ਦੇ ਹਸਪਤਾਲ ਵਿੱਚ ਕਾਫੀ ਗਰੀਬ ਲੋਕ ਆ ਕੇ ਇਲਾਜ ਕਰਵਾਉਂਦੇ ਹਨ। ਉਥੇ ਲੋਅ ਕਲਾਸ ਅਤੇ ਮਿਡਲ ਕਲਾਸ ਲੋਕ ਆਉਂਦੇ ਹਨ, ਜਿਨ੍ਹਾਂ ਕੋਲ ਪੈਸਾ ਨਹੀਂ ਹੈ। ਉਹ ਜਦੋਂ ਇਲਾਜ ਕਰਵਾਉਣ ਆਉਂਦੇ ਹਨ, ਉਥੇ ਸਾਨੂੰ ਹਸਪਤਾਲ ਵਿੱਚ ਜਿੰਨੇ ਡਾਕਟਰ ਚਾਹੀਦੇ ਹਨ, ਉਨੇ ਡਾਕਟਰ ਨਹੀਂ ਹਨ। ਬਹੁਤ ਵੱਡੀ ਪ੍ਰਾਬਲਮ ਉਥੇ ਆ ਰਹੀ ਹੈ। ਖਾਸ ਕਰਕੇ ਗਾਇਨੀਕਾਲੋਜਿਸਟ ਦੀ ਉਥੇ ਪ੍ਰਾਬਲਮ ਹੈ, ਜਦੋਂ ਕੋਈ ਔਰਤ ਬੱਚਾ ਜਣਨ ਆਉਂਦੀ ਹੈ ਤਾਂ ਡਾਕਟਰ ਦੇ ਨਾ ਹੋਣ ਕਾਰਨ ਉਹ ਬੇਵਜ੍ਹਾ ਮੌਤ ਦੇ ਮੂੰਹ ਵਿੱਚ ਚਲੀ ਜਾਂਦੀ ਹੈ। ਇਹ ਬਹੁਤ ਵੱਡੀ ਦੁਖਦਾਇਕ ਗੱਲ ਹੈ। ਫਿਰ ਬੱਚੇ ਨੂੰ ਸੰਭਾਲਣ ਲਈ ਕੋਈ ਪੈਡੀਆਟ੍ਰਿਕ ਡਾਕਟਰ ਵੀ ਨਹੀਂ ਹੈ। ਮੇਰੇ ਕੋਲ ਇਨ੍ਹਾਂ ਨੇ ਲਿਸਟ ਭੇਜ ਦਿੱਤੀ ਹੈ, ਬਹੁਤ ਅੱਛੀ ਗੱਲ ਹੈ....

ਮਾਨਯੋਗ ਸਪੀਕਰ : ਭੈਣ ਜੀ, ਸਪਲੀਮੈਂਟਰੀ ਕਰੋ।

ਸ਼੍ਰੀਮਤੀ ਗੁਰਇਕਬਾਲ ਕੌਰ : ਉਥੇ ਗਾਇਨੀਲੋਜਿਸਟ ਤੇ ਪੈਡੀਆਟ੍ਰਿਕਸ ਡਾਕਟਰਜ਼ ਦੀ ਸਖਤ ਜ਼ਰੂਰਤ ਹੈ। ਮੈਂ ਤੁਹਾਡੇ ਧਿਆਨ ਵਿੱਚ ਇੱਕ ਹੋਰ ਗੱਲ ਲਿਆਉਣੀ ਚਾਹੁੰਦੀ ਹਾਂ....

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ। ਮੇਰੇ ਧਿਆਨ ਵਿੱਚ ਨਾ ਲਿਆਵੋ। ਸਵਾਲ ਪੁੱਛੋ, ਜੇ ਕੋਈ ਹੋਰ ਪੁੱਛਣਾ ਹੈ।

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਜਿਹੜਾ ਨਵਾਂਸ਼ਹਿਰ

ਦਾ ਹਸਪਤਾਲ ਹੈ, ਅਗਰ ਆਪ ਜੀ ਮੈਨੂੰ ਟਾਈਮ ਦੇਵੋ ਤਾਂ ਮੈਂ ਚੰਗੀ ਤਰ੍ਹਾਂ ਉਸ ਦੇ ਬਾਰੇ ਦੱਸ ਸਕਦੀ ਹਾਂ।

ਮਾਨਯੋਗ ਸਪੀਕਰ : ਬੀਬੀ ਜੀ, ਤੁਸੀਂ ਮਿਲ ਕੇ ਗੱਲ ਕਰ ਲੈਣਾ ਜੀ।

ਸ਼੍ਰੀਮਤੀ ਗੁਰਇਕਬਾਲ ਕੌਰ : ਜਿਹੜੀ ਰਾਹੋਂ ਬਾਰੇ ਜਾਣਕਾਰੀ ਤੁਸੀਂ ਮੈਨੂੰ ਭੇਜੀ ਹੈ, ਇਹ ਹਸਪਤਾਲ ਤਾਂ ਖੁਦ ਇੱਕ ਆਈ.ਸੀ.ਯੂ. ਦੇ ਵਿੱਚ ਵੈਂਟੀਲੇਟਰ ਤੇ ਸਿਸਕਦਾ ਹੋਇਆ ਹਸਪਤਾਲ ਹੈ ਜਿਹੜਾ ਆਪ ਬਿਮਾਰ ਹੈ, ਉਸ ਦੇ ਵਿੱਚ ਤਾਂ ਕੋਈ ਡਾਕਟਰ ਹੀ ਨਹੀਂ ਹੈ।

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਕਰੋ ਜੀ।

ਸ਼੍ਰੀਮਤੀ ਗੁਰਇਕਬਾਲ ਕੌਰ : ਉਥੇ 6 ਕਰੋੜ ਰੁਪਿਆ ਆ ਚੁੱਕਾ ਹੈ। ਅਸੀਂ ਜਗ੍ਹਾ ਡੋਨੇਟ ਕੀਤੀ ਹੋਈ ਹੈ।

ਮਾਨਯੋਗ ਸਪੀਕਰ : ਅਗਲਾ ਸਵਾਲ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੇਰੀ ਵੀ ਸਪਲੀਮੈਂਟਰੀ ਹੈ ਜੀ।

ਮਾਨਯੋਗ ਸਪੀਕਰ : ਬੀਬੀ ਜੀ, ਹੁਣ ਮੈਂ ਅਗਲਾ ਕੁਐਸਚਨ ਬੋਲ ਚੁੱਕਾ ਹਾਂ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਰਹਿ ਗਈ ਹੈ ਜੀ। ਮੇਰਾ ਦੀਨਾਨਗਰ ਦਾ ਕੁਐਸਚਨ ਵੀ ਇਸ ਦੇ ਨਾਲ ਹੀ ਕਲੱਬ ਕੀਤਾ ਹੋਇਆ ਹੈ।

ਮਾਨਯੋਗ ਸਪੀਕਰ : ਠੀਕ ਹੈ ਜੀ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਮੇਰੇ ਦੀਨਾਨਗਰ ਹਸਪਤਾਲ ਵਿੱਚ ਇੱਕ ਪੈਡੀਆਟ੍ਰਿਕ ਡਾਕਟਰ ਨਹੀਂ ਹੈ, ਉਥੇ ਇਹ ਪੋਸਟ ਖਾਲੀ ਹੈ ਔਰ ਸਭ ਤੋਂ ਜ਼ਿਆਦਾ ਜ਼ਰੂਰੀ ਨਰਸਿੰਗ ਸਟਾਫ ਹੈ, ਉਥੇ ਇੱਕ ਫਾਰਮਾਸਿਸਟ ਵੀ ਬਹੁਤ ਹੀ ਜ਼ਰੂਰੀ ਚਾਹੀਦਾ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕਿੰਨੀ ਜਲਦੀ ਉਥੇ ਬੱਚਿਆਂ ਦੀ ਦੇਖਭਾਲ ਵਾਸਤੇ ਚਾਈਲਡ ਸਪੈਸ਼ਲਿਸਟ, ਨਰਸਿੰਗ ਸਟਾਫ ਔਰ ਫਾਰਮਾਸਿਸਟ ਭੇਜ ਦੇਣਗੇ? ਉਥੇ ਬਹੁਤ ਹੀ ਜ਼ਿਆਦਾ ਮੁਸ਼ਕਿਲ ਹੈ। ਸਰ, ਟਾਈਮ ਬਾਊਂਡ ਦੱਸਣਾ ਜੀ।

ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਮੇਰੀਆਂ ਇਨ੍ਹਾਂ ਦੋਵਾਂ ਭੈਣਾਂ ਨੂੰ ਬਾਦਲ ਸਾਹਿਬ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਬਾਦਲ ਸਾਹਿਬ ਨੇ ਹਸਪਤਾਲਾਂ ਦੀ ਜੂਨ ਇਨੀ ਸੁਧਾਰੀ ਹੈ ਕਿ ਕਿਸੇ ਤਰ੍ਹਾਂ ਦੀ ਕੋਈ ਕਮੀ ਉਥੇ ਨਹੀਂ ਛੱਡੀ। ਜਿਥੋਂ ਤੱਕ ਰਾਹੋਂ ਦੀ ਗੱਲ ਹੈ, ਉਥੇ ਪਹਿਲਾਂ ਡਿਸਪੈਂਸਰੀ ਚੱਲ ਰਹੀ ਸੀ। ਉਥੇ 30 ਬਿਸਤਰਿਆਂ ਦਾ ਹਸਪਤਾਲ ਮਨਜ਼ੂਰ ਹੋ ਕੇ ਬਿਲਡਿੰਗ ਬਣ ਰਹੀ ਹੈ ਜੀ। ਦੀਨਾਨਗਰ ਦੇ ਵਿੱਚ ਜਿਹੜੀ ਕੋਈ ਇੱਕ ਡਾਕਟਰ ਦੀ ਕਮੀ ਹੈ, ਉਹ ਅਸੀਂ ਭਰ ਦਿਆਂਗੇ। 11ਵੀਂ ਮੌਖਿਕ ਇੰਟਰਵਿਊ ਵਿੱਚ 42 ਡਾਕਟਰ ਮਿਲੇ ਹਨ। ਹੁਣ ਦੋ ਤਾਰੀਖ ਨੂੰ ਫਿਰ ਇੰਟਰਵਿਊ ਹੋ ਰਹੀ ਹੈ। ਇਸਦੇ ਵਿੱਚ ਜਿਹੜੇ ਡਾਕਟਰ ਮਿਲਣਗੇ, ਇਨ੍ਹਾਂ ਦੇ ਹਸਪਤਾਲ ਵਿੱਚ ਸਭ ਤੋਂ ਪਹਿਲਾਂ ਭਰ ਦਿਆਂਗੇ ਜੀ। ਨਵਾਂਸ਼ਹਿਰ ਦੇ ਹਸਪਤਾਲ ਦੀ ਜਿਹੜੀ ਗੱਲ ਹੈ, ਬਾਹਰ 100 ਬਿਸਤਰਿਆਂ ਦੇ ਹਸਪਤਾਲ ਦੀ ਬਿਲਡਿੰਗ ਬਣ ਕੇ ਤਿਆਰ ਹੈ। ਸੜਕ ਬਣਨ ਵਿੱਚ ਥੋੜ੍ਹੀ ਦੇਰ ਹੈ। ਅਸੀਂ 100 ਬਿਸਤਰੇ ਦੇ ਹਸਪਤਾਲ ਨੂੰ ਪੂਰਾ ਵਧੀਆ ਚਮਕਾ ਦਿਆਂਗੇ। ਉਥੇ ਸਾਰੇ ਡਾਕਟਰ ਪੂਰੇ ਕਰ ਦਿਆਂਗੇ। ਪਰ ਧੰਨਵਾਦ ਬਾਦਲ ਸਾਹਿਬ ਦਾ ਕਰਨਾ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦੀ ਹਾਂ ਕਿ ਦੀਨਾਨਗਰ ਵਿੱਚ ਪਹਿਲਾਂ ਕੋਈ ਵੀ ਹਸਪਤਾਲ ਨਹੀਂ ਸੀ। ਇਹ ਹਸਪਤਾਲ ਕਾਂਗਰਸ ਦੀ ਸਰਕਾਰ ਦੀ ਦੇਣ ਹੈ। ਇਸ ਤੋਂ ਪਹਿਲਾਂ ਦੀਨਾਨਗਰ ਦੇ ਵਿੱਚ ਕੋਈ ਹਸਪਤਾਲ ਹੀ ਨਹੀਂ ਸੀ। ਸੋ, ਜੇ ਇਹ ਕਮੀ ਵੀ ਪੂਰੀ ਕਰ ਦੇਵੋਗੇ ਤਾਂ ਤੁਹਾਡਾ ਬਹੁਤ ਬਹੁਤ ਧੰਨਵਾਦ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਦੱਸਿਆ ਹੈ ਕਿ ਇੰਨੇ ਬੈੱਡ ਦੇ ਹਸਪਤਾਲ ਤਿਆਰ ਹਨ ਅਤੇ ਸੜਕ ਨਹੀਂ ਬਣੀ। ਇਹ ਇੰਟਰਵਿਊ ਜ਼ਿਆਦਾ ਲੈ ਰਹੇ ਹਨ ਅਤੇ ਕੰਮ ਉਥੇ ਘੱਟ ਹੋ ਰਿਹਾ ਹੈ। ਇਨ੍ਹਾਂ ਨੂੰ ਕਹੋ ਕਿ ਇੰਟਰਵਿਊਜ਼ ਲੈਣੀਆਂ ਘੱਟ ਕਰਨ ਅਤੇ ਕੰਮ ਜ਼ਿਆਦਾ ਕਰੋ।

ਮਾਨਯੋਗ ਸਪੀਕਰ : ਧੰਨਵਾਦ ਜੀ, ਜਿਵੇਂ ਜਿਵੇਂ ਡਾਕਟਰ ਮਿਲਦੇ ਹਨ, ਉਵੇਂ ਹੀ ਕੰਮ ਹੋਏਗਾ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਪਹਿਲਾਂ ਵੀ ਇਨ੍ਹਾਂ ਨੇ ਕਿਹਾ ਸੀ ਕਿ ਸਾਈਕੈਟਰਿਸਟ ਦੀ ਇੰਟਰਵਿਊ ਲੈ ਰਹੇ ਹਾਂ। ਇਹ

ਕਿੰਨੀਆਂ ਕੁ ਇੰਟਰਵਿਊਜ਼ ਲੈਂਦੇ ਹਨ? (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਸੋਢੀ ਸਾਹਿਬ, ਪਲੀਜ਼ ਬੈਠ ਜਾਉ।

——

ਗਲੀਆਂ ਨਾਲੀਆਂ ਲਈ ਗ੍ਰਾਂਟ ਦੀ ਵਰਤੋਂ

*1539. **ਸਰਦਾਰ ਸਾਧੂ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਭੋਜੋ ਮਾਜਰੀ (ਨਾਭਾ) ਵਿੱਚ ਪੰਚਾਇਤੀ ਰਾਜ ਵਿੰਗ ਨੂੰ ਚੈੱਕ ਨੰ: 425 ਮਿਤੀ 15/10/13 ਰਾਹੀਂ ਗਲੀਆਂ ਨਾਲੀਆਂ ਦੇ ਫਰਸ਼ ਪੱਕੇ ਕਰਨ ਲਈ ਰਕਮ 3,00,000/- ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਹੁਣ ਤੱਕ ਕੰਮ ਨਾ ਕਰਨ ਦੇ ਕਾਰਨ ਕੀ ਹਨ ਅਤੇ ਇਹ ਕੰਮ ਕਦੋ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਪੰਚਾਇਤੀ ਰਾਜ ਵਿੰਗ ਨੂੰ ਚੈੱਕ ਨੰ: 425 ਮਿਤੀ 15/10/13 ਰਾਹੀਂ ਪਿੰਡ ਭੋਜੋ ਮਾਜਰੀ (ਨਾਭਾ) ਦੀਆਂ ਗਲੀਆਂ ਨਾਲੀਆਂ ਦੇ ਫਰਸ਼ ਪੱਕੇ ਕਰਨ ਲਈ ਕੋਈ ਵੀ ਗ੍ਰਾਂਟ ਨਹੀਂ ਦਿੱਤੀ ਗਈ ਸੀ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਮਹਿਕਮੇ ਨੂੰ ਚੈੱਕ ਗਿਆ, ਉਹ ਵੀ ਐਮ.ਪੀ. ਲੈਂਡ ਫੰਡ ਵਿੱਚੋਂ ਗਿਆ ਹੈ। ਅਸੀਂ ਆਪ ਜਾ ਕੇ ਪੰਚਾਇਤੀ ਰਾਜ ਵਿਭਾਗ ਨੂੰ ਦਿੱਤਾ ਹੈ ਪਰ ਮੰਤਰੀ ਜੀ ਕਹਿੰਦੇ ਹਨ ਕਿ ਸਾਨੂੰ ਚੈੱਕ ਨਹੀਂ ਮਿਲਿਆ। ਮੈਂ ਸਮਝਦਾ ਹਾਂ ਕਿ ਮੰਤਰੀ ਜੀ ਨੂੰ ਇਨ੍ਹਾਂ ਦੇ ਮਹਿਕਮੇ ਨੇ ਮਿਸਗਾਈਡ ਕੀਤਾ ਹੈ। ਇਸ ਕਰਕੇ ਮੇਰਾ ਪੱਕਾ ਯਕੀਨ ਹੈ ਕਿ ਮਹਿਕਮੇ ਨੇ ਇਨ੍ਹਾਂ ਨੂੰ ਦੱਸਿਆ ਹੀ ਨਹੀਂ, ਇਨ੍ਹਾਂ ਨੇ ਆਪਣੇ ਆਪ ਹੀ ਕਹਿ ਦਿੱਤਾ ਕਿ ਚੈੱਕ ਨਹੀਂ ਆਇਆ। ਮੈਂ ਸਦਨ ਨੂੰ ਯਕੀਨ ਦਿਵਾਉਦਾ ਹਾਂ ਕਿ ਜੇਕਰ ਚੈੱਕ ਨਾ ਗਿਆ ਹੋਵੇ ਤਾਂ ਮੈਂ ਦੇਣਦਾਰ ਹਾਂ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਸਾਧੂ ਸਿੰਘ : ਇਹ ਚੈੱਕ ਕਿਥੇ ਗਿਆ?(ਵਿਘਨ...ਸ਼ੋਰ)

ਮਾਨਯੋਗ ਸਪੀਕਰ : ਹੁਣ ਚੈੱਕ ਬਾਰੇ ਇਹ ਕੀ ਦੱਸਣਗੇ ਕਿ ਕਿਥੇ ਗਿਆ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਇਹ ਨਹੀਂ ਦੱਸਣਗੇ ਫਿਰ ਕੌਣ ਦੱਸੇਗਾ ਜੀ? ਮੇਰੀ ਬੇਨਤੀ ਇਹ ਹੈ ਕਿ ਅਸੀਂ ਪੰਚਾਇਤੀ ਰਾਜ ਵਿਭਾਗ ਨੂੰ ਇਸ ਗੱਲੋਂ ਸਿੱਧੇ ਤੌਰ ਤੇ ਚੈੱਕ ਦਿੱਤਾ ਸੀ ਕਿਉਂਕਿ ਉਥੇ ਅਕਾਲੀ ਦਲ ਦੀ ਪੰਚਾਇਤ ਸੀ ਅਤੇ ਉਨ੍ਹਾਂ ਨੇ ਚੈੱਕ ਲਗਾਉਣਾ ਨਹੀਂ ਸੀ। ਇਸ ਕਰਕੇ ਅਸੀਂ ਪੰਚਾਇਤ ਨੂੰ ਦੇਣ ਦੀ ਬਜਾਏ ਸਿੱਧਾ ਵਿਭਾਗ ਨੂੰ ਦਿੱਤਾ ਸੀ ਪਰ ਇਨ੍ਹਾਂ ਨੇ ਵੀ ਚੈੱਕ ਨਹੀਂ ਲਗਾਇਆ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਪੁੱਛਿਆ ਕਿ ਪੰਚਾਇਤੀ ਰਾਜ ਵਿਭਾਗ ਵੱਲੋਂ ਕੋਈ ਗਰਾਂਟ ਆਈ ਸੀ ਪਰ ਸਾਡੇ ਵਲੋਂ ਕੋਈ ਗਰਾਂਟ ਨਹੀਂ ਆਈ।ਇਹ ਠੀਕ ਕਹਿੰਦੇ ਹਨ ਕਿ ਮੈਂਬਰ ਪਾਰਲੀਮੈਂਟ ਵੱਲੋਂ ਗਰਾਂਟ ਆਈ ਸੀ, ਪਰ ਉਨ੍ਹਾਂ ਦੀਆਂ ਮਿਤੀਆਂ ਵਿੱਚ ਫਰਕ ਹੈ। ਐਮ.ਪੀ. ਫੰਡ ਦੀ ਡੇਟ ਅਤੇ ਪੰਚਾਇਤ ਦੀ ਡੇਟ ਵਿੱਚ ਫਰਕ ਹੈ। ਪਰ ਗਰਾਂਟ ਇਨ੍ਹਾਂ ਦੀ ਆਈ ਸੀ। ਬੀਬੀ ਪਰਨੀਤ ਕੌਰ ਜੀ, ਉਸ ਵੇਲੇ ਮਨਿਸਟਰ ਸਨ, ਉਨ੍ਹਾਂ ਨੇ 3 ਲੱਖ ਰੁਪਏ ਦੀ ਗਰਾਂਟ ਦਿੱਤੀ ਸੀ।ਅਸੀਂ ਉਸ ਦਾ ਟੈਂਡਰ ਵੀ ਲਗਾ ਦਿੱਤਾ ਸੀ ਪਰ ਉਸ ਸਮੇਂ ਇਨ੍ਹਾਂ ਦੀ ਪੰਚਾਇਤ ਦਾ ਕੋਈ ਰੌਲਾ ਪੈ ਗਿਆ ਜਿਸ ਕਰਕੇ ਕੰਮ ਨਹੀਂ ਹੋਇਆ। ਗਰਾਂਟ ਦੀ ਪਹਿਲੀ ਕਿਸ਼ਤ 2 ਲੱਖ 25 ਹਜ਼ਾਰ ਦੀ ਰਾਸ਼ੀ ਜਾਰੀ ਹੋਈ ਸੀ ਉਸ ਦਾ ਟੈਂਡਰ ਵੀ ਕਰ ਦਿੱਤਾ ਗਿਆ ਸੀ ਪਰ ਪੰਚਾਇਤ ਦੀ ਉਲਝਣ ਕਰਕੇ ਕੰਮ ਨਹੀਂ ਹੋ ਸਕਿਆ। ਇਸ ਕਰਕੇ ਉਹ ਗਰਾਂਟ ਵਾਪਸ ਜਮ੍ਹਾਂ ਕਰਵਾ ਦਿੱਤੀ ਗਈ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਅਸੀਂ ਇਸੇ ਕਰਕੇ ਹੀ ਤਾਂ ਪੰਚਾਇਤ ਨੂੰ ਦੇਣ ਦੀ ਬਜਾਏ ਸਿੱਧਾ ਪੰਚਾਇਤੀ ਰਾਜ ਵਿਭਾਗ ਨੂੰ ਚੈੱਕ ਦਿੱਤਾ ਸੀ। ਪੰਚਾਇਤ ਨੇ ਤਾਂ ਲਗਾਉਣਾ ਹੀ ਨਹੀਂ ਸੀ। ਮੇਰੀ ਬੇਨਤੀ ਹੈ ਕਿ ਮੰਤਰੀ ਜੀ ਦੱਸਣ ਕਿ ਇਸ ਗਰਾਂਟ ਨੂੰ ਕਿੰਨੇ ਸਮੇਂ ਵਿੱਚ ਲਗਾ ਦੇਣਗੇ?

ਮੰਤਰੀ : ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਨੇ ਉਸ ਵੇਲੇ ਕਾਨੂੰਨ ਨਹੀਂ ਪੜ੍ਹਿਆ ਹੋਣਾ। ਇਹ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਹ ਹਾਈ ਕੋਰਟ ਦਾ ਫੈਸਲਾ ਹੈ, 10 ਲੱਖ ਰੁਪਏ ਤੋਂ ਥੱਲੇ ਦੀ ਗਰਾਂਟ ਪੰਚਾਇਤਾਂ ਨੇ ਹੀ ਲਗਾਉਣੀ ਹੁੰਦੀ ਹੈ। ਪਰ ਇਨ੍ਹਾਂ ਨੇ ਚੈੱਕ ਸਿੱਧਾ ਵਿਭਾਗ ਨੂੰ ਭੇਜ ਦਿੱਤਾ ਜੋ ਕਿ ਗਲਤ ਭੇਜਿਆ ਹੈ। ਇਸ ਕਰਕੇ ਉਹ ਪੈਸਾ ਨਹੀਂ ਲੱਗ ਸਕਿਆ। (ਵਿਘਨ...ਸ਼ੋਰ)

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੇ ਮਹਿਕਮੇ ਨੇ ਹੀ ਇਹ ਕੰਮ ਉਲਝਾ ਕੇ ਰੱਖਿਆ ਹੈ, ਇਹ ਸਬੰਧਤ ਜ਼ਿੰਮੇਵਾਰ ਅਧਿਕਾਰੀਆਂ ਨੂੰ ਕੋਈ ਸਜ਼ਾ ਦੇਣਗੇ। ਕੀ ਐਕਸ਼ਨ ਲੈਣਗੇ? (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਹਾਂ ਜੀ, ਸਾਧੂ ਸਿੰਘ ਜੀ, ਅਗਲਾ ਸਵਾਲ ਵੀ ਤੁਹਾਡਾ ਹੈ। (ਵਿਘਨ...ਸ਼ੋਰ) ਤੁਸੀਂ ਸਵਾਲ ਕਰਨਾ ਹੈ ਜਾਂ ਮੈਂ ਅੱਗੇ ਚੱਲਾਂ। (ਵਿਘਨ...ਸ਼ੋਰ)

ਸਰਦਾਰ ਸਾਧੂ ਸਿੰਘ : ਪਹਿਲਾਂ ਇਸ 3 ਲੱਖ ਦੀ ਗਰਾਂਟ ਦਾ ਮਸਲਾ ਨਿਬੇੜੋ ਜੀ। ਸਰਕਾਰਾਂ ਕੋਲ ਕੋਈ ਘਾਟਾ ਨਹੀਂ ਹੁੰਦਾ, ਇਹ ਹੋਰ ਗਰਾਂਟ ਦੇ ਦੇਣ। (ਵਿਘਨ...ਸ਼ੋਰ)

———

ਨਾਭਾ ਵਿਖੇ ਅੱਗ ਬੁਝਾਊ ਸਿਸਟਮ ਲਗਾਉਣਾ

*1540. **ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :-

(ੳ) ਨਾਭਾ ਵਿੱਚ ਅੱਗ ਬੁਝਾਊ ਸਿਸਟਮ ਸਥਾਪਿਤ ਕਰਨ ਦੇ ਵੇਰਵੇ ਕੀ ਹਨ;

(ਅ) ਕੀ ਨਾਭਾ ਵਿਖੇ ਵਧੀਆ ਸਾਜ਼ੋ ਸਮਾਨ ਵਾਲਾ ਅੱਗ ਬੁਝਾਊ ਸਿਸਟਮ ਚਾਲੂ ਹਾਲਤ ਵਿੱਚ ਹੈ; ਜੇਕਰ ਨਹੀਂ ਤਾਂ ਸਰਕਾਰ ਦੁਆਰਾ ਇਸ ਨੂੰ ਸਥਾਪਿਤ ਕਰਨ ਲਈ ਕੀ ਕਦਮ ਚੁੱਕੇ ਗਏ/ ਚੁੱਕੇ ਜਾਣੇ ਹਨ ਅਤੇ ਇਹ ਕਦੋਂ ਤੱਕ ਸਥਾਪਿਤ ਹੋਣ ਦੀ ਸੰਭਾਵਨਾ ਹੈ?

ਸ਼੍ਰੀ ਅਨਿਲ ਜੋਸ਼ੀ : ਨਾਭਾ ਵਿਖੇ ਇਸ ਸਮੇਂ ਨਾ ਕੋਈ ਫਾਇਰ ਬ੍ਰਿਗੇਡ ਸਥਾਪਿਤ ਹੈ ਅਤੇ ਨਾ ਹੀ ਹਾਲ ਦੀ ਘੜੀ ਉਥੇ ਫਾਇਰ ਬ੍ਰਿਗੇਡ ਸਥਾਪਿਤ ਕਰਨ ਦੀ ਕੋਈ ਤਜਵੀਜ਼ ਹੈ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ 10 ਸਾਲਾਂ ਤੋਂ ਲਗਾਤਾਰ ਦੀ ਗੱਲ ਦੱਸਦਾ ਹਾਂ। ਇਹ ਜਿਹੜੀ ਨਾਭੇ ਵਿੱਚ ਫਾਇਰ ਬ੍ਰਿਗੇਡ ਦੀ ਗੱਲ ਕਰਦੇ ਹਨ, ਪੰਜ ਸਾਲ ਤਾਂ ਨਾਭੇ ਤੋਂ ਸਰਦਾਰ ਰਣਦੀਪ ਸਿੰਘ ਨਾਭਾ ਐਮ.ਐਲ.ਏ. ਰਹੇ ਹਨ। ਇਨ੍ਹਾਂ ਨੇ ਵਾਰ ਵਾਰ ਇਹ ਸਵਾਲ ਉਠਾਇਆ ਹੈ।

[ਸਰਦਾਰ ਸਾਧੂ ਸਿੰਘ]

ਮਾਨਯੋਗ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਵੱਲੋਂ ਵੀ ਐਸ਼ੋਰੈਂਸ ਦਿੱਤੀ ਗਈ, ਭਰੋਸਾ ਦਿੱਤਾ ਗਿਆ ਕਿ ਉਥੇ ਫਾਇਰ ਬ੍ਰਿਗੇਡ ਭੇਜ ਦਿੱਤੀ ਜਾਵੇਗੀ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਵੀ, ਪਿਛਲੀ ਵਾਰੀ ਵੀ ਮੈਂ ਤੁਹਾਨੂੰ ਕਿਹਾ ਸੀ, 15 ਦਿਨ ਹੋਏ ਹਨ, ਉਥੇ 2 ਕਰੋੜ ਰੁਪਏ ਦਾ ਫਰਨੀਚਰ ਹਾਊਸ ਸੜ ਕੇ ਸਵਾਹ ਹੋ ਗਿਆ। ਬਰਨਾਲੇ ਤੋਂ ਫਾਇਰ ਬ੍ਰਿਗੇਡ ਆਈ, ਪਟਿਆਲੇ ਅਤੇ ਸੰਗਰੂਰ ਤੋਂ ਆਈ। ਜਦੋਂ ਤੱਕ ਫਾਇਰ ਬ੍ਰਿਗੇਡ ਆਈ, ਉਦੋਂ ਤੱਕ ਸਾਰਾ ਸਮਾਨ ਸੜ ਕੇ ਸਵਾਹ ਹੋ ਗਿਆ। ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਲੇ ਵੀ ਕੋਈ ਕਸਰ ਬਾਕੀ ਹੈ, ਇਹ ਕਦੋਂ ਤੱਕ ਫਾਇਰ ਬ੍ਰਿਗੇਡ ਭੇਜ ਦੇਣਗੇ? ਡਿਪਟੀ ਸੀ.ਐਮ. ਸਾਹਿਬ ਅੱਗ ਲੱਗਣ ਤੋਂ ਪਹਿਲਾਂ ਨਾਭੇ ਗਏ ਸਨ ਅਤੇ ਲੋਕਾਂ ਨੇ ਮੰਗ ਕੀਤੀ ਕਿ ਸਾਡੇ ਇੱਥੇ ਫਾਇਰ ਬ੍ਰਿਗੇਡ ਦੀ ਸਹੂਲਤ ਦੇ ਦਿਉ। ਡਿਪਟੀ ਸੀ.ਐਮ. ਸਾਹਿਬ ਨੇ ਹਾਸੇ ਵਿੱਚ ਕਿਹਾ ਕਿ ਜੇ ਤੁਸੀਂ ਅੱਜ ਜਹਾਜ਼ ਮੰਗ ਲੈਂਦੇ ਤਾਂ ਉਹ ਵੀ ਦੇ ਦਿੰਦਾ, ਫਾਇਰ ਬ੍ਰਿਗੇਡ ਕਿਹੜੀ ਗੱਲ ਹੈ। ਜਹਾਜ਼ ਤਾਂ ਬਾਅਦ ਵਿੱਚ ਦੇ ਦਿਉ ਪਰ ਡਿਪਟੀ ਸੀ.ਐਮ. ਸਾਹਿਬ ਮੇਰੀ ਬੇਨਤੀ ਹੈ ਕਿ ਤੁਸੀਂ ਕਿਰਪਾ ਕਰਕੇ ਉਥੇ ਜਲਦੀ ਫਾਇਰ ਬ੍ਰਿਗੇਡ ਭੇਜ ਦਿਉ। (ਵਿਘਨ) (ਸ਼ੋਰ)

ਮੰਤਰੀ : ਮੈਨੂੰ ਕਾਰਨ ਦੱਸ ਲੈਣ ਦਿਉ। (ਸ਼ੋਰ) (ਵਿਘਨ)

ਮਾਨਯੋਗ ਸਪੀਕਰ : ਧਰਮਸੋਤ ਜੀ, ਤੁਸੀਂ ਬੈਠ ਜਾਉ। ਜੋਸ਼ੀ ਜੀ ਜਵਾਬ ਦੇ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਅਸਲ ਵਿੱਚ ਕਾਰਨ ਫਾਇਰ ਬ੍ਰਿਗੇਡ ਲਈ ਟੈਂਡਰ ਲਗਾਉਣ ਦਾ ਨਹੀਂ ਹੈ। ਗੱਲ ਫਾਇਰ ਬ੍ਰਿਗੇਡ ਦੀ ਨਹੀਂ ਹੈ। 5 ਕਰੋੜ ਰੁਪਿਆ ਇੱਕ ਫਾਇਰ ਬ੍ਰਿਗੇਡ ਲਈ ਟੈਂਡਰ ਵਾਸਤੇ ਲੱਗਦਾ ਹੈ। ਪਰ ਜਿਹੜੀ ਖਾਸ ਗੱਲ ਹੈ, ਉਹ ਇਹ ਹੈ ਕਿ ਇਸ ਦੇ ਰੱਖ ਰਖਾਅ ਵਾਸਤੇ 1 ਕਰੋੜ ਰੁਪਏ ਸਾਲਾਨਾ ਖਰਚਾ ਆਉਂਦਾ ਹੈ। ਨਗਰ ਕੌਂਸਲ, ਨਾਭਾ ਦੇ ਜਿਹੜੇ ਵਿੱਤੀ ਸਾਧਨ ਹਨ, ਉਹ ਘੱਟ ਹਨ। ਇਸ ਕਰਕੇ ਇਹ ਹਾਲੇ ਨਹੀਂ ਹੋ ਸਕਦਾ।(ਵਿਘਨ) ਸਪੀਕਰ ਸਾਹਿਬ, ਮਲੂਕਾ ਸਾਹਿਬ ਵੀ ਕਹਿ ਰਹੇ ਹਨ ਕਿ ਸਾਡੇ ਕੋਲ ਦੋ ਹਨ, ਇੱਕ ਇਨ੍ਹਾਂ ਨੂੰ ਦੇ ਦਿਉ ਤੇ ਇੱਕ ਸਾਡੇ ਗਲੋਂ ਲੱਥੇ। ਗੱਲ ਇਹ ਹੈ ਕਿ ਮੁੜ ਕੇ ਉਸ ਦਾ ਖਰਚਾ ਪੂਰਾ ਕਰਨ ਦਾ ਪ੍ਰਬੰਧ ਜੇ ਕਰ ਲਉਗੇ ਤਾਂ ਅਸੀਂ ਭੇਜ ਦਿੰਦੇ ਹਾਂ, ਫਿਰ ਤੁਸੀਂ ਕਹਿ ਦੇਵੋਗੇ ਕਿ ਪੈਸੇ ਵੀ ਭੇਜੋ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਨਹੀਂ, ਜੋਸ਼ੀ ਸਾਹਿਬ, ਪ੍ਰਬੰਧ ਤਾਂ ਸਰਕਾਰ ਨੇ ਕਰਨਾ ਹੈ। (ਵਿਘਨ)

ਸਰਦਾਰ ਸਾਧੂ ਸਿੰਘ : ਇਹ ਤਾਂ ਸਾਰਾ ਡਿਪਟੀ ਸੀ.ਐਮ. ਸਾਹਿਬ ਨੇ ਹੀ ਕਰਨਾ ਹੈ, ਤੁਹਾਡੇ ਕੋਲ ਤਾਂ ਕਾਗਜ਼ ਹੀ ਆਉਣਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਧਰਮਸੋਤ ਜੀ, ਬੱਸ। ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬਹੁਤ ਹੀ ਅਹਿਮ ਮਸਲਾ ਹੈ। ਉਥੇ ਇਨ੍ਹਾਂ ਨੇ ਫਰਨੀਚਰ ਸੜਨ ਦੀ ਗੱਲ ਕੀਤੀ ਹੈ, ਸਾਡਾ ਇਲਾਕਾ ਵੀ ਕਾਟਨ ਦਾ ਇਲਾਕਾ ਹੈ, ਉਹ ਨਿਰਾ ਬਾਰੂਦ ਦਾ ਢੇਰ ਹੈ। ਅਬੋਹਰ ਵਾਸਤੇ ਇਹ ਸਹੂਲਤ ਲੈਣ ਲਈ ਸਾਨੂੰ ਪੀ.ਆਈ.ਐਲ. ਲਗਾਉਣੀ ਪਈ ਸੀ ਕਿਉਂਕਿ ਕਈ ਵਾਰਦਾਤਾਂ ਹੋ ਗਈਆਂ ਸਨ, ਜਿਵੇਂ ਮਲੂਕਾ ਸਾਹਿਬ ਨੇ ਕਿਹਾ ਹੈ, ਉਵੇਂ ਪ੍ਰਬੰਧ ਕਰ ਦਿਉ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਮੇਰੇ ਨਾਲੋਂ ਵੀ ਜ਼ਿਆਦਾ ਸਮਝਦਾਰ ਹੋ (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇੱਕ ਮਿੰਟ। ਦੇਖੋ, ਮੈਂ ਇਸ ਮਸਲੇ ਉਤੇ ਆਰ.ਟੀ.ਆਈ. ਲਗਾਈ ਸੀ। ਪੰਜਾਬ ਵਿੱਚ 132 ਫਾਇਰ ਬ੍ਰਿਗੇਡ ਹਨ ਅਤੇ ਫਾਇਰ ਡਿਪਾਰਟਮੈਂਟ ਕਹਿ ਰਿਹਾ ਹੈ ਕਿ 96 ਕੰਡਮ ਹਾਲਤ ਵਿੱਚ ਹਨ। ਇਹ ਤੁਹਾਡੇ ਵਿਭਾਗ ਦਾ ਰਿਪਲਾਈ ਹੈ। ਹਾਈ ਕੋਰਟ ਨੇ ਡਾਇਰੈਕਸ਼ਨ ਦਿੱਤੀ ਅਤੇ ਇਨ੍ਹਾਂ ਨੇ ਐਫੀਡੈਵਿਟ ਦਿੱਤਾ ਕਿ 6 ਮਹੀਨਿਆਂ ਵਿੱਚ 3 ਫਾਇਰ ਬ੍ਰਿਗੇਡ ਅਬੋਹਰ ਦੇ ਦਿਆਂਗੇ। ਇਹ ਇਕੱਲਾ ਅਬੋਹਰ ਦਾ ਮਸਲਾ ਨਹੀਂ ਸੀ। ਨਾਰਮਜ਼ ਮੁਤਾਬਕ 50,000 ਬੰਦਿਆਂ ਉਤੇ ਇੱਕ ਫਾਇਰ ਬ੍ਰਿਗੇਡ ਚਾਹੀਦੀ ਹੈ। ਅੱਜ ਪੰਜਾਬ ਦੀ ਕੀ ਹਾਲਤ ਹੈ ਕਿ ਸਰਕਾਰ ਕੋਲ ਪੈਸੇ ਦੀ ਘਾਟ ਹੈ। ਡਿਜ਼ਾਸਟਰ ਮੈਨੇਜਮੈਂਟ ਦੇ ਤਹਿਤ ਇਨ੍ਹਾਂ ਕੋਲ ਬਹੁਤ ਪੈਸਾ ਪਿਆ ਹੈ। ਉਸ ਪੈਸੇ ਨੂੰ ਇਸਤੇਮਾਲ ਕਰ ਲਉ। As far as I know, I think Hon'ble Minister has been misled. 5 ਕਰੋੜ ਰੁਪਿਆ ਫਾਇਰ ਟੈਂਡਰ ਤੇ ਨਹੀਂ ਲੱਗਦਾ। (ਵਿਘਨ) (ਸ਼ੋਰ) ਵੇਖੋ, ਪੂਰੇ ਪੰਜਾਬ ਦਾ ਇਹ ਬੜਾ ਅਹਿਮ ਮਸਲਾ ਹੈ। ਜੇ ਕੋਈ ਵਾਰਦਾਤ ਹੋ ਗਈ atleast my request is that Deputy Chief Minister should look into it ਕਿ ਡਿਜ਼ਾਸਟਰ ਮੈਨੇਜਮੈਂਟ ਵਾਲੇ ਪੈਸੇ ਅਸੀਂ ਇਸ ਪਾਸੇ ਇਸਤੇਮਾਲ ਕਰ ਸਕਦੇ ਹਾਂ ਕਿ ਨਹੀਂ ਕਿਉਂਕਿ ਇਹ ਵੀ ਡਿਜ਼ਾਸਟਰ ਹੀ ਹੈ।

ਮਾਨਯੋਗ ਸਪੀਕਰ : ਚੱਲੋ, ਕੋਈ ਨਹੀਂ, ਉਹ ਦੇਖ ਲੈਣਗੇ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨਾਲ ਗੱਲ ਕਰਾਂਗਾ, ਜੇਕਰ ਇਹ ਫਿੱਟ ਹੋਇਆ ਤਾਂ we can look into that. (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਰਣਦੀਪ ਸਿੰਘ ਨਾਭਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਕੀ ਉਨ੍ਹਾਂ ਦੀ ਐਸ਼ੋਰੈਂਸ ਦੇਣ ਤੋਂ ਬਾਅਦ ਵੀ ਕੋਈ ਸਵਾਲ ਹੈ। ਬੀਬੀ ਭੱਠਲ ਜੀ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ : ਜਿਹੜਾ ਸਾਧੂ ਸਿੰਘ ਜੀ ਨੇ ਮਾਮਲਾ ਚੁੱਕਿਆ ਹੈ, ਮੈਂ ਉਸ ਸਬੰਧ ਵਿੱਚ ਹੀ ਗੱਲ ਕਰਨੀ ਚਾਹੁੰਦੀ ਹਾਂ। ਜੋ ਕੋਈ ਮਨਿਸਟਰ ਜਾਂ ਚੀਫ ਮਨਿਸਟਰ ਹਾਊਸ ਦੇ ਫਲੌਰ ਤੇ ਕੁਮਿੱਟਮੈਂਟ ਕਰਦਾ ਹੈ ਤੇ ਐਸ਼ੋਰੈਂਸ ਦਿੰਦਾ ਹੈ, ਉਸ ਦੀ ਕਿੰਨੀ ਵੈਲਿਊ ਹੈ? ਜੇ ਕੁਮਿਟਮੈਂਟ ਕੀਤੀ ਗਈ ਹੈ, ਉਸ ਨੂੰ ਪੂਰਾ ਕਰਨ ਲਈ ਕਨਸਨਰਡ ਮਨਿਸਟਰ ਚਾਹੇ ਕਿਤੋਂ ਵੀ ਇੰਤਜ਼ਾਮ ਕਰਨ, ਕਿਉਂਕਿ ਜੇ ਸੀ.ਐਮ. ਸਾਹਿਬ ਨੇ ਕੁਮਿਟਮੈਂਟ ਕਰ ਦਿੱਤੀ, ਉਹ ਪੂਰੀ ਕਰਨੀ ਬਣਦੀ ਹੈ। ਉਸ ਤੋਂ ਬਾਅਦ ਇਹ ਗੱਲ ਆਉਣੀ ਕਿ ਇਹ ਕਮੀ ਹੈ this is very unfortunate. ਇਸ ਦਾ ਅਸੀਂ ਡਿਸਾਈਡ ਕਰੀਏ ਕਿ ਐਸ਼ੋਰੈਂਸ ਸੋਚ ਕੇ ਦਿਉ। ਜੇ ਦਿੱਤੀਆਂ ਗਈਆਂ ਹਨ ਤਾਂ ਕਿੰਨੇ ਸਮੇਂ ਵਿੱਚ ਪੂਰੀਆਂ ਹੋਣਗੀਆਂ ਜਾਂ ਕਿੰਨੀਆਂ ਪੂਰੀਆਂ ਕੀਤੀਆਂ ਹਨ ਜਾਂ ਕਿੰਨੀਆਂ ਰਹਿ ਗਈਆਂ ਹਨ, ਇਹ ਵੀ ਦੇਖਣਾ ਚਾਹੀਦਾ ਹੈ। ਇਹ ਮਸਲੇ ਇੱਧਰ ਦੇ ਅਤੇ ਉਧਰ ਦੇ ਸਾਰੇ ਮੈਂਬਰਾਂ ਨਾਲ ਤਾਅਲੁਕ ਰੱਖਦੇ ਹਨ।ਇਹ ਕੁਮਿਟਮੈਂਟ ਸਾਰੇ ਮੈਂਬਰਾਂ (ਰੂਲਿੰਗ ਤੇ ਆਪੋਜੀਸ਼ਨ ਦੋਵੇਂ ਬੈਂਚਿਜ਼ ਦੇ ਮੈਂਬਰਜ਼) ਨਾਲ ਤਾਅਲੁੱਕ ਰੱਖਦੀ ਹੈ। ਇਸ ਦੀ ਇੰਪਾਰਟੈਂਸ ਹੋਣੀ ਚਾਹੀਦੀ ਹੈ। ਜੇਕਰ ਚੀਫ ਮਨਿਸਟਰ ਜਾਂ ਸੀਨੀਅਰ ਮਨਿਸਟਰ ਦੀ ਐਸ਼ਿਓਰੈਂਸ ਹੈ ਤਾਂ ਉਸ ਤੇ ਅਮਲ ਹੋਵੇ। ਤੁਸੀਂ ਸਪੀਕਰ ਹੋ, ਤੁਸੀਂ ਇਸ ਬਾਰੇ ਡਿਸਾਈਡ ਕਰਕੇ ਹਦਾਇਤਾਂ ਦਿਉ ਤਾਂ ਜੋ ਉਸ ਐਸ਼ਿਓਰੈਂਸ ਨੂੰ ਆਨਰ ਕੀਤਾ ਜਾ ਸਕੇ।

ਮਾਨਯੋਗ ਸਪੀਕਰ : ਇਸ ਵਾਸਤੇ ਐਸ਼ਿਓਰੈਂਸ ਕਮੇਟੀ ਬਣੀ ਹੋਈ ਹੈ।

ਮੰਤਰੀ : ਇਸ ਵਾਸਤੇ ਇੱਥੇ ਕੋਈ ਐਸ਼ਿਓਰੈਂਸ ਨਹੀਂ ਦਿੱਤੀ ਗਈ। ਸੀ.ਐਮ. ਸਾਹਿਬ ਨੇ ਇਸ ਬਾਰੇ ਇੱਥੇ ਕੋਈ ਐਸ਼ਿਓਰੈਂਸ ਨਹੀਂ ਦਿੱਤੀ।

(ਵਿਘਨ) (ਅਵਾਜ਼ਾਂ: ਦਿੱਤੀ ਹੋਈ ਹੈ ਜੀ।)

ਜੇਕਰ ਦਿੱਤੀ ਹੋਈ ਤਾਂ ਅਸੀਂ ਵੇਖ ਲਵਾਂਗੇ। ਸਪੀਕਰ ਸਾਹਿਬ, 45 ਕਰੋੜ ਰੁਪਏ ਜਿਹੜਾ ਜਾਖੜ ਸਾਹਿਬ ਨੇ ਕਿਹਾ ਹੈ, ਉਹ ਡਿਜ਼ਾਸਟਰ ਮੈਨੇਜਮੈਂਟ ਫੰਡ ਵਿੱਚੋਂ ਸੈਂਕਸ਼ਨ ਹੋ ਗਿਆ ਹੈ। ਪ੍ਰੋਸੈਸ ਚਲ ਰਿਹਾ ਹੈ ਅਤੇ ਜਲਦੀ ਹੀ ਕਾਰਵਾਈ ਹੋਵੇਗੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਬੜੀ ਜ਼ੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ ਮੰਤਰੀ ਜੀ ਹਾਊਸ ਨੂੰ ਬੜਾ ਮਿਸਗਾਈਡ ਕਰ ਰਹੇ ਹਨ। ਸੀ.ਐਮ. ਸਾਹਿਬ ਨੇ ਇਸ ਸਦਨ ਵਿੱਚ ਐਸ਼ਿਓਰੈਂਸ ਦਿੱਤੀ ਸੀ।

ਮਾਨਯੋਗ ਸਪੀਕਰ: ਕੀ ਸੀ.ਐਮ. ਸਾਹਿਬ ਨੇ ਇਸ ਹਾਊਸ ਵਿੱਚ ਕੋਈ ਐਸ਼ਿਓਰੈਂਸ ਦਿੱਤੀ ਸੀ?

ਸਰਦਾਰ ਰਣਦੀਪ ਸਿੰਘ : ਸਰ, ਬਿਲਕੁਲ ਹਾਊਸ ਵਿੱਚ ਐਸ਼ਿਓਰੈਂਸ ਦਿੱਤੀ ਹੈ। ਉਨ੍ਹਾਂ ਕਿਹਾ ਸੀ ਕਿ ਨਾਭਾ ਸਾਹਿਬ ਨੇ ਕਿਹਾ ਹੈ, ਮੈਂ ਆਪਣੇ ਡਿਸਕਰੀਸ਼ਨਰੀ ਕੋਟੇ ਵਿੱਚੋਂ ਫਾਇਰਿੰਗ ਸਿਸਟਮ ਦਿਆਂਗਾ, ਇਹ ਗੱਲ ਉਦੋਂ ਕਹੀ ਸੀ ਜਦੋਂ ਨਾਭੇ ਵਿੱਚ ਐਲ.ਪੀ.ਜੀ. ਗੈਸ ਫੈਕਟਰੀ ਦੇ ਬਾਹਰ ਬੰਬ ਲੱਭਿਆ ਸੀ ਜੋ ਕਿ ਅੱਤਵਾਦੀਆਂ ਨੇ ਉਥੇ ਲਗਾਇਆ ਸੀ। ਸੀ.ਐਮ. ਸਾਹਿਬ ਨੇ ਉਸ ਵੇਲੇ ਇੱਥੇ ਐਸ਼ਿਓਰੈਂਸ ਦਿੱਤੀ ਸੀ। ਮੇਰੀ ਬੇਨਤੀ ਹੈ ਕਿ ਜਿਵੇਂ ਬੀਬੀ ਜੀ ਨੇ ਕਿਹਾ ਹੈ, ਇਸ ਸਬੰਧੀ ਸਿਸਟਮ ਬਣਾਉ, ਐਸ਼ਿਓਰੈਂਸ ਦੀ ਵੈਲਿਊ ਹੋਣੀ ਚਾਹੀਦੀ ਹੈ, ਬੁੱਕਤ ਹੋਣੀ ਚਾਹੀਦੀ ਹੈ। ਤੁਸੀਂ ਇਸ ਸਦਨ ਦੇ ਕਸਟੋਡੀਅਨ ਹੋ। ਤੁਸੀਂ ਰਿਕਾਰਡ ਚੈਕ ਕਰਵਾ ਸਕਦੇ ਹੋ।

ਮਾਨਯੋਗ ਸਪੀਕਰ : ਇਸ ਵਾਸਤੇ ਐਸ਼ਿਓਰੈਂਸ ਕਮੇਟੀ ਬਣੀ ਹੋਈ ਹੈ, ਉਹ ਦੇਖ ਲਵੇਗੀ।

ਸਰਦਾਰ ਰਣਦੀਪ ਸਿੰਘ : ਧੰਨਵਾਦ ਜੀ।

ਪੀਣਯੋਗ ਪਾਣੀ ਦੀ ਸਪਲਾਈ

***1543. ਸ਼੍ਰੀਮਤੀ ਗੁਰਇਕਬਾਲ ਕੌਰ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਨਵਾਂ ਸ਼ਹਿਰ ਵਿਧਾਨ ਸਭਾ ਚੋਣ ਹਲਕੇ ਵਿੱਚ ਉਨ੍ਹਾਂ ਪਿੰਡਾਂ ਦੀ ਸੂਚੀ

[ਸ਼੍ਰੀਮਤੀ ਗੁਰਇਕਬਾਲ ਕੌਰ]

ਕੀ ਹੈ ਜਿਥੇ ਮਾਪਦੰਡਾਂ ਅਨੁਸਾਰ ਪੀਣ ਵਾਲਾ ਸਾਫ ਪਾਣੀ ਉਪਲੱਬਧ ਨਹੀਂ ਹੈ;

(ਅ) ਉਕਤ ਪਿੰਡਾਂ ਵਿੱਚ ਸਾਫ ਪੀਣ ਵਾਲਾ ਪਾਣੀ ਉਪਲੱਬਧ ਕਰਵਾਉਣ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ:

ਸਟੇਟਮੈਂਟ

ਨਵਾਂ ਸ਼ਹਿਰ ਵਿਧਾਨ ਸਭਾ ਚੋਣ ਹਲਕੇ ਦੇ 16 ਪਿੰਡਾਂ ਨੂੰ ਇਸ ਵੇਲੇ ਪੀਣ ਵਾਲਾ ਸਾਫ ਪਾਣੀ ਮੁਕੱਰਰ ਮਾਪਦੰਡਾਂ ਦੇ ਅਨੁਸਾਰ ਨਹੀਂ ਮਿਲ ਰਿਹਾ। ਇਨ੍ਹਾਂ ਪਿੰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਪਿੰਡ ਦਾ ਨਾਂ	ਬਲਾਕ	ਮੌਜੂਦਾ ਸਥਿਤੀ
1	ਕੰਗ	ਔੜ	ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਇਸ ਸਕੀਮ ਨੂੰ 03/2015 ਤੱਕ ਚਾਲੂ ਕਰ ਦਿੱਤਾ ਜਾਵੇਗਾ।
2	ਜਾਨੀਆ	ਨਵਾਂ ਸ਼ਹਿਰ	ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਇਸ ਸਕੀਮ ਨੂੰ 12/2014 ਤੱਕ ਚਾਲੂ ਕਰ ਦਿੱਤਾ ਜਾਵੇਗਾ।
3	ਚਰਾਨ	ਨਵਾਂ ਸ਼ਹਿਰ	ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਇਸ ਸਕੀਮ ਨੂੰ 12/2014 ਤੱਕ ਚਾਲੂ ਕਰ ਦਿੱਤਾ ਜਾਵੇਗਾ।
4	ਬਹਾਦਰਪੁਰ	ਔੜ	ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਇਸ ਸਕੀਮ ਨੂੰ 03/2015 ਤੱਕ ਚਾਲੂ ਕਰ ਦਿੱਤਾ ਜਾਵੇਗਾ।
5	ਪੱਲੀ ਝਿੱਕੀ	ਨਵਾਂ ਸ਼ਹਿਰ	

6	ਅਮਰਗੜ੍ਹ	ਨਵਾਂ ਸ਼ਹਿਰ	ਇਨ੍ਹਾਂ ਪਿੰਡਾਂ ਲਈ ਵੱਖਰੀਆਂ ਸਕੀਮਾਂ
7	ਕਰਿਆਮ	ਨਵਾਂ ਸ਼ਹਿਰ	ਵਿਸ਼ਵ ਬੈਂਕ ਪ੍ਰੋਜੈਕਟ ਫੇਜ਼-2 ਤਹਿਤ
8	ਹੁਸੈਨ ਚੱਕ	ਨਵਾਂ ਸ਼ਹਿਰ	ਤਜਵੀਜ਼ ਕੀਤੀਆਂ ਗਈਆਂ ਹਨ ਅਤੇ
9	ਸ਼ਾਹਬਾਜਪੁਰ	ਨਵਾਂ ਸ਼ਹਿਰ	ਇਨ੍ਹਾਂ ਦਾ ਕੰਮ ਸਾਲ 2015-16 ਵਿੱਚ ਸ਼ੁਰੂ ਕੀਤਾ ਜਾਵੇਗਾ।
10	ਮਜਾਰਾ ਖੁਰਦ	ਨਵਾਂ ਸ਼ਹਿਰ	
11	ਜੇਠੂ ਮਾਜਰਾ	ਨਵਾਂ ਸ਼ਹਿਰ	
12	ਆਲੋਵਾਲ	ਨਵਾਂ ਸ਼ਹਿਰ	
13	ਮਜਾਰਾ ਕਲਾਂ	ਨਵਾਂ ਸ਼ਹਿਰ	
14	ਲਾਲੇਵਾਲ	ਔੜ	
15	ਭੰਗਲ ਕਲਾਂ	ਨਵਾਂ ਸ਼ਹਿਰ	
16	ਗੜ੍ਹ ਪਧਾਣਾ	ਔੜ	

ਉਪਰੋਕਤ ਤੋਂ ਇਲਾਵਾ 5 ਪਿੰਡਾਂ ਵਿੱਚ ਦਿੱਤਾ ਜਾਣ ਵਾਲਾ ਪਾਣੀ ਦੂਸ਼ਿਤ ਪਾਇਆ ਗਿਆ ਹੈ ਅਤੇ ਇਨ੍ਹਾਂ ਪਿੰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਪਿੰਡ ਦਾ ਨਾਂ	ਬਲਾਕ	ਰਿਮਾਰਕਸ
1	ਬਘੌਰਾਂ	ਨਵਾਂ ਸ਼ਹਿਰ	ਇਨ੍ਹਾਂ ਪਿੰਡਾਂ ਵਿੱਚ ਆਰ.ਓ. ਲਾਉਣ ਦਾ
2	ਬੜਵਾ	ਨਵਾਂ ਸ਼ਹਿਰ	ਕੰਮ ਪ੍ਰਗਤੀ ਅਧੀਨ ਹੈ ਅਤੇ ਇਸ ਨੂੰ
3	ਚੱਕ ਦਾਨਾ	ਔੜ	ਮਿਤੀ 30.9.2014 ਤੱਕ ਪੂਰਾ ਕਰ ਦਿੱਤਾ ਜਾਵੇਗਾ।
4	ਸਜਾਵਲਪੁਰ	ਨਵਾਂ ਸ਼ਹਿਰ	ਇਨ੍ਹਾਂ ਪਿੰਡਾਂ ਵਿੱਚ ਆਰ.ਓ. ਲਾਉਣ
5	ਸਨਾਵਾ	ਨਵਾਂ ਸ਼ਹਿਰ	ਦੀ ਤਜਵੀਜ਼ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਗਈ ਹੈ ਅਤੇ ਪ੍ਰਵਾਨਗੀ ਉਪਰੰਤ ਇਹ ਕੰਮ ਵੀ ਸਾਲ 2014-15 ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਮੈਂ ਰੱਖੜਾ ਸਾਹਿਬ ਮੰਤਰੀ ਜੀ ਦਾ ਸ਼ੁਕਰਗੁਜ਼ਾਰ ਹਾਂ ਕਿ ਇਨ੍ਹਾਂ ਨੇ ਮੈਨੂੰ ਡਿਟੇਲ ਵਿੱਚ ਇਨਫਰਮੇਸ਼ਨ ਦਿੱਤੀ ਹੈ। ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸਿਹਤ ਤੇ ਪਾਣੀ ਜ਼ਿੰਦਗੀ ਦੀ ਬਹੁਤ ਵੱਡੀ ਜ਼ਰੂਰਤ ਹੈ। ਕੀ ਤੁਸੀਂ ਸਾਨੂੰ 2015 ਤੱਕ ਗੰਦਾ ਪਾਣੀ ਪਿਆਓਗੇ? 12 ਪਿੰਡਾਂ ਦਾ ਪਾਣੀ ਤਾਂ ਬਹੁਤ ਹੀ ਗੰਦਾ ਹੈ। 70 ਪਿੰਡਾਂ ਨੂੰ ਕੇਵਲ 70% ਤੱਕ ਪਾਣੀ ਮਿਲ ਰਿਹਾ ਹੈ। ਕੁਝ ਲੋਕ ਸਬਮਰਸੀਬਲ ਪੰਪ ਲਗਵਾ ਲੈਂਦੇ ਹਨ, ਕਈ ਵਾਰ ਜਿਹੜੇ ਗਰੀਬ ਲੋਕਾਂ ਦੇ ਪੰਪ ਹਨ, ਉਹ ਉਖਾੜ ਦਿੱਤੇ ਜਾਂਦੇ ਹਨ ਅਤੇ ਉਹ ਵਿਚਾਰੇ ਗਰੀਬ ਲੋਕ ਬੈਠੇ ਰਹਿ ਜਾਂਦੇ ਹਨ। ਇਸ ਕੰਮ ਨੂੰ ਪਰੀਓਰਿਟੀ ਬੇਸ ਤੇ ਕੀਤਾ ਜਾਵੇ। ਮੇਰਾ ਸਵਾਲ ਇਹ ਹੈ ਕਿ ਅਗਲਾ ਪ੍ਰੋਜੈਕਟ ਜਿਹੜਾ 12 ਪਿੰਡਾਂ ਦਾ ਕਰਨਾ ਹੈ। ਵਰਲਡ ਬੈਂਕ ਦੀ ਸਕੀਮ ਫੇਜ਼-2 ਵੱਲੋਂ ਪੈਸੇ ਆਉਣੇ ਹਨ।ਕੀ ਅਸੀਂ ਉਦੋਂ ਤੱਕ ਉਡੀਕਦੇ ਹੀ ਰਹਾਂਗੇ। ਉਸ ਦੀ ਕੀ ਸਪੀਡ ਹੈ? ਕੀ ਮੈਨੂੰ ਮੰਤਰੀ ਜੀ ਦੱਸਣਗੇ?

Mr. Speaker : We have to wait, madam. ਰੱਖੜਾ ਸਾਹਿਬ, ਕੁਝ ਦੱਸ ਸਕਦੇ ਹੋ? ਵੇਟ ਤਾਂ ਕਰਨੀ ਹੀ ਪੈਣੀ ਹੈ।

ਮੰਤਰੀ : ਸਪੀਕਰ ਸਾਹਿਬ, ਅਸੀਂ ਤਾਂ ਉਸ ਪ੍ਰੋਗਰਾਮ ਨੂੰ ਐਡਵਾਂਸ ਕਰਨ ਦੇ ਹੱਕ ਵਿੱਚ ਹਾਂ ਅਤੇ ਛੇਤੀ ਹੀ ਕਰ ਦੇਵਾਂਗੇ।

ਲੈਕਚਰਾਰਾਂ/ਮਾਸਟਰਾਂ ਦੀਆਂ ਬਦਲੀਆਂ ਕਰਨੀਆਂ

***1612. ਸਰਦਾਰ ਅਜਾਇਬ ਸਿੰਘ ਭੱਟੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਨਵਰੀ, 2013 ਦੌਰਾਨ ਡੀ.ਈ.ਓ. ਜਲੰਧਰ ਦੁਆਰਾ ਬਦਲੀਆਂ ਲਈ ਸਿਫਾਰਸ਼ ਕੀਤੇ ਗਏ ਅੰਗਰੇਜ਼ੀ ਅਤੇ ਗਣਿਤ ਵਿਸ਼ਿਆਂ ਦੇ ਲੈਕਚਰਾਰਾਂ/ਮਾਸਟਰਾਂ ਦੀ ਸੂਚੀ ਕੀ ਹੈ ਅਤੇ ਹਰ ਇੱਕ ਕੇਸ ਵਿੱਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ?

ਡਾਕਟਰ ਦਲਜੀਤ ਸਿੰਘ ਚੀਮਾ : ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ ਵੱਲੋਂ ਜਨਵਰੀ, 2013 ਦੌਰਾਨ ਅੰਗਰੇਜ਼ੀ ਅਤੇ ਗਣਿਤ ਵਿਸ਼ਿਆਂ ਦੇ ਲੈਕਚਰਾਰਾਂ/ਮਾਸਟਰਾਂ ਦੀਆਂ ਬਦਲੀਆਂ ਸਬੰਧੀ, ਉਨ੍ਹਾਂ ਦੇ ਦਫਤਰ ਦੇ ਰਿਕਾਰਡ ਅਨੁਸਾਰ, ਸ਼੍ਰੀ ਕੰਵਲਜੀਤ ਸਿੰਘ ਲੈਕਚਰਾਰ ਅੰਗਰੇਜ਼ੀ ਅਤੇ ਸ਼ੀ ਅਨਿਲ ਕੁਮਾਰ, ਮੈਥ ਮਾਸਟਰ ਦੀ ਪ੍ਰਬੰਧਕੀ ਆਧਾਰ ਤੇ ਬਦਲੀ ਕਰਨ ਬਾਰੇ ਸਰਕਾਰ ਨੂੰ ਭੇਜਣ ਲਈ ਪੱਤਰ ਮਿਤੀ 22.1.2013 ਤਿਆਰ ਕੀਤਾ ਗਿਆ ਸੀ। ਪਰੰਤੂ

ਉਨ੍ਹਾਂ ਵੱਲੋਂ ਇਹ ਪੱਤਰ ਸਰਕਾਰ ਨੂੰ ਨਹੀਂ ਭੇਜਿਆ ਗਿਆ। ਰਿਕਾਰਡ ਘੋਖਣ ਉਪਰੰਤ ਇਹ ਅਸਲ ਪੱਤਰ ਜ਼ਿਲ੍ਹਾ ਸਿੱਖਿਆ ਅਫਸਰ ਦਫਤਰ ਦੀ ਫਾਈਲ ਵਿੱਚੋਂ ਹੀ ਮਿਲੇ ਹਨ। ਕਿਉਂ ਜੋ ਇਹ ਪੱਤਰ ਸਰਕਾਰ ਪਾਸ ਪ੍ਰਾਪਤ ਨਹੀਂ ਹੋਇਆ, ਇਸ ਲਈ, ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਉਕਤ ਦੋਨਾਂ ਅਧਿਆਪਕਾਂ ਦੀ ਬਦਲੀ ਪਹਿਲਾਂ ਸਰਕਾਰ ਦੇ ਹੁਕਮ ਮਿਤੀ 7.9.2012 ਅਨੁਸਾਰ ਪ੍ਰਬੰਧਕੀ ਆਧਾਰ ਤੇ ਹੇਠ ਦਰਜ ਸਟੇਸ਼ਨਾਂ ਤੇ ਕੀਤੀ ਗਈ ਸੀ:-

ਲੜੀ ਨੰ:	ਕਰਮਚਾਰੀ ਦਾ ਨਾਂ ਤੇ ਮੌਜੂਦਾ ਤਾਇਨਾਤੀ	ਅਹੁਦਾ	ਨਵੀਂ ਤਾਇਨਾਤੀ	ਵਿਸ਼ੇਸ਼ ਕਥਨ
	ਕੰਵਲਜੀਤ ਸਿੰਘ, ਸਕੰਸਸਸ ਨਕੋਦਰ, ਜਲੰਧਰ	ਲੈਕਚਰਾਰ	ਸਸਸਸ ਮੋਰੋਂ, ਜਲੰਧਰ	ਪ੍ਰਬੰਧਕੀ ਆਧਾਰ ਤੇ
2	ਅਨਿਲ ਕੁਮਾਰ, ਸਕੰਸਸਸ ਨਕੋਦਰ, ਜਲੰਧਰ	ਮੈਥ ਮਾਸਟਰ	ਸਹਸ ਡਰੋਲੀ ਖੁਰਦ, ਜਲੰਧਰ	ਪ੍ਰਬੰਧਕੀ ਆਧਾਰ ਤੇ

ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਜਲੰਧਰ ਦੇ ਪੱਤਰ ਮਿਤੀ 22.1.2013 ਨੂੰ ਹੁਣ ਵੇਖਿਆ ਗਿਆ। ਹੈ। ਇਸ ਪੱਤਰ ਅਨੁਸਾਰ ਉਕਤ ਕਰਮਚਾਰੀਆਂ ਬਾਰੇ ਆਰ.ਟੀ.ਆਈ ਐਕਟ ਅਧੀਨ ਮੰਗੀਆਂ ਜਾ ਰਹੀਆਂ ਸੂਚਨਾਵਾਂ ਦੇ ਆਧਾਰ ਤੇ ਇਨ੍ਹਾਂ ਦੀ ਬਦਲੀ ਦੂਰ ਦੁਰਾਡੇ ਜ਼ਿਲ੍ਹਿਆਂ ਵਿੱਚ ਕਰਨ ਬਾਰੇ ਸਿਫਾਰਸ਼ ਤਿਆਰ ਕੀਤੀ ਗਈ ਸੀ ਜਦੋਂ ਕਿ ਆਰ.ਟੀ.ਆਈ. ਐਕਟ ਅਨੁਸਾਰ ਸੂਚਨਾ ਮੰਗਣਾ ਬਿਨੈਕਾਰ ਦਾ ਅਧਿਕਾਰ ਹੈ ਅਤੇ ਇਸ ਆਧਾਰ ਤੇ ਉਸ ਖਿਲਾਫ ਕਾਰਵਾਈ ਕਰਨੀ ਉਚਿਤ ਨਹੀਂ ।

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਸਿਵਲ ਹਸਪਤਾਲ, ਭਦੌੜ ਨੂੰ ਅੱਪਗ੍ਰੇਡ ਕਰਨ ਬਾਰੇ

*1548. **ਸ਼੍ਰੀ ਮੁਹੰਮਦ ਸਦੀਕ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਿਵਲ ਹਸਪਤਾਲ, ਭਦੌੜ ਨੂੰ ਗ੍ਰੇਡ 'ਡੀ' ਸ਼੍ਰੇਣੀ ਵਜੋਂ ਅੱਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਹਸਪਤਾਲ ਨੂੰ ਅੱਪਗ੍ਰੇਡ ਕਰਨ ਤੋਂ ਬਾਅਦ ਸਾਰੀਆਂ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ,

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਨਹੀਂ ਜੀ।

ਛੱਪੜਾਂ ਦੀ ਸਫਾਈ ਕਰਨਾ

*1569. **ਸਰਦਾਰ ਜਗਮੋਹਨ ਸਿੰਘ ਕੰਗ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਜਾਂ ਕਿਸੇ ਹੋਰ ਅਦਾਰੇ ਵੱਲੋਂ ਸੂਬੇ ਵਿੱਚ ਵੱਖ-ਵੱਖ ਪਿੰਡਾਂ ਵਿੱਚ ਛੱਪੜਾਂ ਦੀ ਸਾਫ-ਸਫਾਈ ਕਰਨ ਦੀ ਕੋਈ ਸਕੀਮ ਬਣਾਈ ਹੈ; ਜੇਕਰ ਬਣਾਈ ਗਈ ਹੈ ਤਾਂ ਬਲਾਕ ਮਾਜਰੀ ਅਤੇ ਖਰੜ ਵਿੱਚ ਕਿਹੜੇ-ਕਿਹੜੇ ਪਿੰਡਾਂ ਵਿੱਚ ਛੱਪੜਾਂ ਦੀ ਸਫਾਈ ਆਦਿ ਕਰਵਾਉਣ ਦੀ ਤਜਵੀਜ਼ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਹਾਂ ਜੀ। ਸੂਬੇ ਵਿੱਚ ਵੱਖ-ਵੱਖ ਪਿੰਡਾਂ ਵਿੱਚ ਛੱਪੜਾਂ ਦੀ ਸਾਫ-ਸਫਾਈ ਕਰਨ ਦੀ ਸਕੀਮ ਬਣਾਈ ਗਈ ਹੈ। ਬਲਾਕ ਮਾਜਰੀ ਅਤੇ ਖਰੜ ਦੇ ਜਿਨ੍ਹਾਂ ਪਿੰਡਾਂ ਵਿੱਚ ਛੱਪੜਾਂ ਦੀ ਸਾਫ-ਸਫਾਈ ਆਦਿ ਕਰਾਉਣੀ ਹੈ, ਉਨ੍ਹਾਂ ਦੀ ਸੂਚੀ ਅਨੁਲੱਗ-'ੳ' ਤੇ ਹੈ।

ਅਨੁਲੱਗ 'ੳ'

ਲੜੀ ਨੰ:	ਜ਼ਿਲ੍ਹੇ ਦਾ ਨਾਂ	ਬਲਾਕ ਦਾ ਨਾਂ	ਗ੍ਰਾਮ ਪੰਚਾਇਤ ਦਾ ਨਾਂ
1	ਐਸ.ਏ.ਐਸ.ਨਗਰ	ਖਰੜ	ਮੁੱਲਾਂਪੁਰ ਗਰੀਬਦਾਸ
2	ਐਸ.ਏ.ਐਸ.ਨਗਰ	ਖਰੜ	ਕਾਲੇਵਾਲ

3	ਐਸ.ਏ.ਐਸ.ਨਗਰ	ਖਰੜ	ਘੜੂੰਆਂ
4	ਐਸ.ਏ.ਐਸ.ਨਗਰ	ਖਰੜ	ਰੁੜਕੀ ਪੁਖਤਾ
5	ਐਸ.ਏ.ਐਸ.ਨਗਰ	ਖਰੜ	ਬਲੌਂਗੀ
6	ਐਸ.ਏ.ਐਸ.ਨਗਰ	ਖਰੜ	ਕੰਡਾਲਾ
7	ਐਸ.ਏ.ਐਸ.ਨਗਰ	ਖਰੜ	ਭਾਗੋਮਾਜਰਾ
8	ਐਸ.ਏ.ਐਸ.ਨਗਰ	ਖਰੜ	ਸਨੇਟਾ
9	ਐਸ.ਏ.ਐਸ.ਨਗਰ	ਖਰੜ	ਗੁਡਾਣਾ
10	ਐਸ.ਏ.ਐਸ.ਨਗਰ	ਖਰੜ	ਬਾਕਰਪੁਰ
11	ਐਸ.ਏ.ਐਸ.ਨਗਰ	ਖਰੜ	ਮਾਜਰਾ
12	ਐਸ.ਏ.ਐਸ.ਨਗਰ	ਖਰੜ	ਪੜੋਲ
13	ਐਸ.ਏ.ਐਸ.ਨਗਰ	ਖਰੜ	ਮੀਆਂਪੁਰ ਚੰਗਰ
14	ਐਸ.ਏ.ਐਸ.ਨਗਰ	ਖਰੜ	ਲਖਨੌਰ
15	ਐਸ.ਏ.ਐਸ.ਨਗਰ	ਖਰੜ	ਤੀੜਾ
16	ਐਸ.ਏ.ਐਸ.ਨਗਰ	ਖਰੜ	ਦੁਸਾਰਨਾ
17	ਐਸ.ਏ.ਐਸ.ਨਗਰ	ਖਰੜ	ਮਸਤਗੜ
18	ਐਸ.ਏ.ਐਸ.ਨਗਰ	ਖਰੜ	ਕਰਤਾਰਪੁਰ
19	ਐਸ.ਏ.ਐਸ.ਨਗਰ	ਖਰੜ	ਖੇੜਾ
20	ਐਸ.ਏ.ਐਸ.ਨਗਰ	ਖਰੜ	ਤੱਕੀਪੁਰ

ਮਲੋਟ ਵਿਖੇ ਸੀਵਰੇਜ ਸਿਸਟਮ/ਸੀਵੇਜ ਟਰੀਟਮੈਂਟ ਪਲਾਂਟ ਦਾ ਕੰਮ ਮੁਕੰਮਲ ਕਰਨਾ

***1601. ਸਰਦਾਰ ਹਰਪ੍ਰੀਤ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਮਲੋਟ ਸ਼ਹਿਰ ਦੇ ਸੀਵਰੇਜ ਸਿਸਟਮ, ਸੀਵਰੇਜ ਟਰੀਟਮੈਂਟ ਪਲਾਂਟ

[ਸਰਦਾਰ ਹਰਪ੍ਰੀਤ ਸਿੰਘ]

ਅਤੇ ਪਾਣੀ ਸਪਲਾਈ ਤੇ ਸਾਲ 2007 ਤੋਂ ਲੈ ਕੇ ਹੁਣ ਤੱਕ ਸਾਲ ਵਾਰ ਕਿੰਨੀ ਲਾਗਤ ਆ ਚੁੱਕੀ ਹੈ ਅਤੇ ਬਕਾਇਆ ਕੰਮ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ;

(ਅ) ਜਿਹੜਾ ਸੀਵਰੇਜ ਸਿਸਟਮ, ਸੀਵਰੇਜ ਟਰੀਟਮੈਂਟ ਪਲਾਂਟ ਅਤੇ ਪਾਣੀ ਦੀ ਸਪਲਾਈ ਦਾ ਨੁਕਸਾਨ ਹੋਇਆ, ਉਸ ਦੀ ਰਿਪੇਅਰ ਕਦੋਂ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ?

ਸ਼੍ਰੀ ਅਨਿਲ ਜੋਸ਼ੀ : (ੳ) ਮਲੋਟ ਦੇ ਸੀਵਰੇਜ ਸਿਸਟਮ, ਐਸ.ਟੀ.ਪੀ. ਅਤੇ ਪਾਣੀ ਦੀ ਸਪਲਾਈ ਤੇ ਸਾਲ 2007 ਤੋਂ ਲੈ ਕੇ ਹੁਣ ਤੱਕ ਸਾਲਵਾਰ ਕੀਤੇ ਖਰਚੇ ਦਾ ਵੇਰਵਾ ਅਨੁਲੱਗ ਤੇ ਦਿੱਤਾ ਗਿਆ ਹੈ। ਬਾਕੀ ਕੰਮ ਫੰਡ ਉਪਲਬਧ ਹੋਣ ਤੇ ਪੂਰਾ ਕੀਤਾ ਜਾਵੇਗਾ।

(ਅ) ਸੀਵਰੇਜ ਸਿਸਟਮ ਅਤੇ ਪਾਣੀ ਦੀ ਸਪਲਾਈ ਦਾ ਜੋ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੈ, ਉਸ ਦੇ ਲਈ ਪੰਜਾਬ ਇੰਜੀਨੀਅਰਿੰਗ ਕਾਲਜ ਦੇ ਸਲਾਹਕਾਰ ਸੈੱਲ ਵੱਲੋਂ ਅੰਤਰਿਮ ਰਿਪੋਰਟ ਦਿੱਤੀ ਗਈ ਹੈ। ਇਸ ਲਈ ਵੱਖਰੇ ਤੌਰ ਤੇ ਤਖ਼ਮੀਨਾ ਬਣਾਇਆ ਜਾ ਰਿਹਾ ਹੈ ਜੋ ਕਿ ਫੰਡ ਮਿਲਣ ਉਪ੍ਰੰਤ ਇੱਕ ਸਾਲ ਵਿੱਚ ਪੂਰਾ ਕਰ ਦਿੱਤਾ ਜਾਵੇਗਾ।

ਅਨੁਲੱਗ

ਮਲੋਟ ਸ਼ਹਿਰ ਦੇ ਸੀਵਰੇਜ ਸਿਸਟਮ, ਸੀਵਰੇਜ ਟਰੀਟਮੈਂਟ ਪਲਾਂਟ ਅਤੇ ਪਾਣੀ ਦੀ ਸਪਲਾਈ ਤੇ ਸਾਲ 2007 ਤੋਂ ਲੈ ਕੇ ਹੁਣ ਤੱਕ ਸਾਲਵਾਰ ਲਾਗਤ ਦਾ ਵੇਰਵਾ:

ਲੱਖ ਰੁਪਏ

ਸਾਲ	**ਵਾਟਰ ਸਪਲਾਈ**	**ਸੀਵਰੇਜ**	**ਐਸ.ਟੀ.ਪੀ.**
2007-08	0.00	0.00	0.00
2008-09	0.00	289.19	0.00
2009-10	0.00	536.04	0.00
2010-11	45.26	603.17	0.00

2011-12	262.35	637.63	0.00
2012-13	85.21	606.92	53.56
2013-14	7.31	116.36	159.79
2014-15	0.12	4.99	0.00
ਜੋੜ	400.25	2794.30	213.35

ਜ਼ਿਲ੍ਹਾ ਫਿਰੋਜ਼ਪੁਰ ਦੇ ਦਿਹਾਤੀ ਇਲਾਕਿਆਂ ਵਿੱਚ ਆਰ.ਓ ਸਿਸਟਮ ਲਾਉਣਾ

***1416. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਦੇ ਦਿਹਾਤੀ ਇਲਾਕਿਆਂ ਵਿੱਚ ਆਰ.ਓ. ਸਿਸਟਮ ਲਗਾਉਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

ਸਰਦਾਰ ਸੁਰਜੀਤ ਸਿੰਘ ਰੱਖੜਾ : ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੁੱਲ 672 ਪਿੰਡ ਹਨ। ਇਨ੍ਹਾਂ ਵਿੱਚੋਂ 178 ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾ ਦਿੱਤੇ ਗਏ ਹਨ। 38 ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਤੋਂ ਇਲਾਵਾ ਸਾਲ 2014-15 ਦੌਰਾਨ 34 ਹੋਰ ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣ ਦੀ ਤਜਵੀਜ਼ ਹੈ।

UNSTARRED QUESTIONS AND ANSWERS

ਸਕੂਲਾਂ ਵਿੱਚ ਅਧਿਆਪਕਾਂ/ਹੋਰ ਅਮਲੇ ਦੀਆਂ ਖਾਲੀ ਅਸਾਮੀਆਂ ਭਰਨ ਬਾਰੇ

129. ਸ਼੍ਰੀ ਰਜਨੀਸ਼ ਕੁਮਾਰ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਅਧਿਆਪਕਾਂ ਅਤੇ ਹੋਰ ਅਮਲੇ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਮਨਜ਼ੂਰੀ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ?

ਡਾਕਟਰ ਦਲਜੀਤ ਸਿੰਘ ਚੀਮਾ : ਰਾਜ ਦੇ ਸਰਕਾਰੀ ਸਕੂਲਾਂ, ਵਿਭਾਗ

[ਸਿੱਖਿਆ ਮੰਤਰੀ]

ਅਧੀਨ ਚਲਦੀਆਂ ਸੁਸਾਇਟੀਆਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਚਲਾਏ ਜਾ ਰਹੇ ਸਕੂਲਾਂ ਵਿੱਚ ਖਾਲੀ ਅਸਾਮੀਆਂ ਦੀ ਸੂਚਨਾ ਅਨੁਲੱਗ–'ੳ' ਤੇ ਹੈ ਜੀ।

ਉਪ੍ਰੋਕਤ ਤੋਂ ਇਲਾਵਾ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਖਾਲੀ ਪਈਆਂ 4445 ਅਸਾਮੀਆਂ ਭਰਨ ਲਈ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 08.07.2014 ਨੂੰ ਹੋਈ ਮੀਟਿੰਗ ਵਿੱਚ ਦੇ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੀਆਂ ਅਸਾਮੀਆਂ ਬਾਰੇ ਵਿਭਾਗ ਪਾਸ ਕੋਈ ਰਿਕਾਰਡ ਨਹੀਂ ਹੁੰਦਾ। ਇਨ੍ਹਾਂ ਸਕੂਲਾਂ ਵਿੱਚ ਅਸਾਮੀਆਂ ਉਨ੍ਹਾਂ ਦੇ ਆਪਣੇ ਪੱਧਰ ਤੇ ਹੀ ਭਰੀਆਂ ਜਾਂਦੀਆਂ ਹਨ।

ਅਨੁਲੱਗ–'ੳ'

ਰਾਜ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ:

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਪ੍ਰਿੰਸੀਪਲ	1729	147	147	ਨਿਲ
ਹੈਡ ਮਾਸਟਰ	1624	956	300	656
ਲੈਕਚਰਾਰ	12245	3961	990 (25 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਹੋਇਆ ਹੈ।)	2971
ਮਾਸਟਰ	47886	11737	8312 (5723 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਹੋਇਆ ਹੈ।)	3425
ਵੋਕੇਸ਼ਨਲ ਮਾਸਟਰ	3241	1935	1451	484

ਕਲਾਸੀਕਲ ਅਤੇ ਵਰਨੈਕੂਲਰ ਮਾਸਟਰ	10108	2481	2481(746 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਹੋਇਆ ਹੈ।	ਨਿਲ
ਕਲਰਕ	3003	719	612 (169 ਕਲਰਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਸਿਲੈਕਸ਼ਨ ਲਿਸਟ ਪ੍ਰਾਪਤ ਹੋਈ ਹੈ, ਜਿਸ ਉਪਰ ਕਾਰਵਾਈ ਚਲ ਰਹੀ ਹੈ।)	107
ਐਸ.ਐਲ.ਏ.	2451	613	552	61
ਲਾਇਬ੍ਰੇਰੀਅਨ	590	218	197	21
ਸਹਾਇੱਕ ਲਾਇਬ੍ਰੇਰੀਅਨ		351	101	66 35
ਲਾਇਬ੍ਰੇਰੀ ਰਿਸਟੋਰਰ		526	234	188 46
ਗਰੁੱਪ-ਡੀ	11866	4851	4851	ਨਿਲ

ਰਾਜ ਦੇ ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਜੇ.ਬੀ.ਟੀ. ਟੀਚਰ	26268	4586	4586 (ਇਹ ਅਸਾਮੀਆਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਕੰਮ	ਨਿਲ

[ਸਿੱਖਿਆ ਮੰਤਰੀ]

			ਕਰ ਰਹੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਕੇ ਭਰੀਆਂ ਜਾਣੀਆਂ ਹਨ।)	
ਹੈਡ ਟੀਚਰ	5210	1931	1290	641
ਸੈਂਟਰ ਹੈਡ ਟੀਚਰ	1156	492	259 (ਅਸਾਮੀਆਂ ਰਿਵਾਈਵ ਕਰਵਾਉਣ ਦੀ ਕਾਰਵਾਈ ਚਲ ਰਹੀ ਹੈ।)	233

ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਚਲ ਰਹੇ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਪ੍ਰਾਇਮਰੀ ਅਧਿਆਪਕ	3798	ਨਿਲ	ਨਿਲ	ਨਿਲ
ਅਪਰ ਪ੍ਰਾਇਮਰੀ ਅਧਿਆਪਕ	6863	ਨਿਲ	ਨਿਲ	ਨਿਲ
ਦਫਤਰੀ ਅਮਲਾ	1400	ਨਿਲ	ਨਿਲ	ਨਿਲ
ਇਨਡਿਊਸਿਵ ਐਜੂਕੇਸ਼ਨ ਰਿਸੋਰਸ ਟੀਚਰ	440	12	12	ਨਿਲ
ਕੰਪਿਊਟਰ ਫੈਕਲਟੀ	7172	231	231	ਨਿਲ

ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਸਕੀਮ ਅਧੀਨ ਚਲ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਪ੍ਰਿੰਸੀਪਲ	06	ਨਿਲ	ਨਿਲ	ਨਿਲ
ਪੀ.ਜੀ. ਟੀਚਰ	38	38	38	ਨਿਲ
ਟੀ.ਜੀ. ਟੀਚਰ	78	16	16	ਨਿਲ
ਪੀ.ਆਰ. ਟੀਚਰ	60	44	44	ਨਿਲ
ਲਾਇਬ੍ਰੇਰੀਅਨ	06	ਨਿਲ	ਨਿਲ	ਨਿਲ
ਡਾਟਾ ਐਂਟਰੀ ਕਲਰਕ	06	ਨਿਲ	ਨਿਲ	ਨਿਲ

ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਸਕੀਮ ਅਧੀਨ ਚਲ ਰਹੇ ਮਾਡਲ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਪ੍ਰਿੰਸੀਪਲ	21	10	10(ਭਰਤੀ ਦਾ ਕੰਮ ਚਲ ਰਿਹਾ ਹੈ)	ਨਿਲ
ਪੀ.ਜੀ. ਟੀਚਰ	206	206	206(ਭਰਤੀ ਦਾ ਕੰਮ ਚਲ ਰਿਹਾ ਹੈ।)	ਨਿਲ

[ਸਿੱਖਿਆ ਮੰਤਰੀ]

ਟੀ.ਜੀ. ਟੀਚਰ	273	131	131	ਨਿਲ
ਲਾਇਬ੍ਰੇਰੀਅਨ	21	05	05	ਨਿਲ
ਡਾਟਾ ਐਂਟਰੀ ਕਲਰਕ	21	02	02	ਨਿਲ

ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਸਕੀਮ ਅਧੀਨ ਚਲ ਰਹੇ ਹਾਈ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ:

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਮੁੱਖ ਅਧਿਆਪਕ	276	276	276 (264 ਅਸਾਮੀਆਂ ਭਰਨ ਲਈ ਭਰਤੀ ਦਾ ਕੰਮ ਚਲ ਰਿਹਾ ਹੈ।)	ਨਿਲ
ਅਧਿਆਪਕ	1678	865	865 (764 ਅਸਾਮੀਆਂ ਭਰਨ ਲਈ ਭਰਤੀ ਦਾ ਕੰਮ ਚਲ ਰਿਹਾ ਹੈ।)	ਨਿਲ
ਲੈਬ ਅਟੈਂਡੈਂਟ	276	173	173	ਨਿਲ
ਕਲਰਕ-ਕਮ-ਲਾਇਬ੍ਰੇਰੀ ਅਸਿਸਟੈਂਟ	276	276	276 (149 ਅਸਾਮੀਆਂ ਭਰਨ ਲਈ ਭਰਤੀ ਦਾ ਕੰਮ ਚਲ ਰਿਹਾ ਹੈ।)	ਨਿਲ
ਉਰਦੂ ਅਧਿਆਪਕ	42	01	01	ਨਿਲ

ਪੰਜਾਬ ਵਿੱਚ ਸਕੂਲ ਸਿੱਖਿਆ ਬੋਰਡ ਅਧੀਨ ਚਲ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਸਾਮੀਆਂ ਦੀ ਸੂਚਨਾ

ਅਸਾਮੀ/ ਕਾਡਰ	ਮਨਜ਼ੂਰ ਅਸਾਮੀਆਂ	ਖਾਲੀ ਅਸਾਮੀਆਂ	ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ	ਤਰੱਕੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ
ਪ੍ਰਿੰਸੀਪਲ	11	02	01	01
ਲੈਕਚਰਾਰ	105	30	13 (ਅਸਾਮੀਆਂ ਭਰਨ ਲਈ ਭਰਤੀ ਪ੍ਰੋਸੈਸ ਚਲ ਰਿਹਾ ਹੈ।)	17
ਮਾਸਟਰ/ ਮਿਸਟ੍ਰੈਸ	119	41	20 (ਅਸਾਮੀਆਂ ਭਰਨ ਲਈ ਭਰਤੀ ਪ੍ਰੋਸੈਸ ਚਲ ਰਿਹਾ ਹੈ।)	21
ਕਲਾਸੀਕਲ ਅਤੇ ਵਰਨੈਕੂਲਰ ਟੀਚਰ	09	03	03	ਨਿਲ
ਵੋਕੇਸ਼ਨਲ ਟੀਚਰ	04	ਨਿਲ	ਨਿਲ	ਨਿਲ
ਜੇ.ਬੀ.ਟੀ. ਟੀਚਰ	39	22	22 (13 ਅਸਾਮੀਆਂ ਭਰਨ ਲਈ ਭਰਤੀ ਪ੍ਰੋਸੈਸ ਚਲ ਰਿਹਾ ਹੈ।)	ਨਿਲ
ਤਬਲਾ ਮਾਸਟਰ	04	03	03	ਨਿਲ

[ਸਿੱਖਿਆ ਮੰਤਰੀ]

ਲਾਇਬ੍ਰੇਰੀਅਨ	02	02	02	ਨਿਲ
ਸਕੂਲ ਲਾਇਬ੍ਰੇਰੀਅਨ	10	09	09	ਨਿਲ
ਸੀਨੀਅਰ ਲੈਬਾਰਟਰੀ ਅਟੈਂਡੈਂਟ	08	01	01	ਨਿਲ
ਲੈਬ ਅਟੈਂਡੈਂਟ	31	ਨਿਲ	ਨਿਲ	ਨਿਲ
ਦਰਜਾ-4	60	38	38	ਨਿਲ
ਕਲਰਕ	07	ਨਿਲ	ਨਿਲ	ਨਿਲ
ਐਨ.ਟੀ.ਟੀ. ਟੀਚਰ	11	11	11 (ਅਸਾਮੀਆਂ ਭਰਨ ਲਈ ਭਰਤੀ ਪ੍ਰੋਸੈਸ ਚਲ ਰਿਹਾ ਹੈ।)	ਨਿਲ

ਗਰਾਮ ਪੰਚਾਇਤ ਘਸੀਟਪੁਰ ਦੇ ਸਰਪੰਚ ਤੋਂ ਰਿਕਵਰੀ ਕਰਨਾ

130. ਸ਼੍ਰੀ ਰਜਨੀਸ਼ ਕੁਮਾਰ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਚਾਇਤ ਅਫਸਰ ਮੁਕੇਰੀਆਂ ਦੇ ਪੱਤਰ ਨੰ: 755 ਮਿਤੀ 28.02.2014 ਰਾਹੀਂ ਜਾਰੀ ਕੀਤੇ ਗਏ ਨੋਟਿਸ ਅਨੁਸਾਰ ਸਰਪੰਚ, ਗਰਾਮ ਪੰਚਾਇਤ ਘਸੀਟਪੁਰ ਤੋਂ ਹੁਣ ਤੱਕ ਕਿੰਨੀ ਰਿਕਵਰੀ ਕੀਤੀ ਗਈ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਸ਼੍ਰੀਮਤੀ ਨੇਕ ਬਾਲਾ ਸਾਬਕਾ ਸਰਪੰਚ ਗਰਾਮ ਪੰਚਾਇਤ ਘਸੀਟਪੁਰ ਨੂੰ ਕਰਵਾਏ ਕੰਮਾਂ ਦੀ ਅਸੈਸਮੈਂਟ ਅਨੁਸਾਰ 1151300/- ਰੁਪਏ ਦੀ ਰਾਸ਼ੀ ਵਸੂਲਣਯੋਗ ਪਾਈ ਗਈ ਸੀ ਜਿਸ ਦੀ ਵਸੂਲੀ ਸਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੁਕੇਰੀਆਂ ਵਲੋਂ ਜਾਰੀ ਪੱਤਰ ਨੰ: 755 ਮਿਤੀ 28.02.2014 ਰਾਹੀਂ ਕੋਈ ਰਿਕਵਰੀ ਨਹੀਂ ਕੀਤੀ ਗਈ ਹੈ ਅਤੇ ਕੇਵਲ ਨੋਟਿਸ ਹੀ ਜਾਰੀ ਕੀਤਾ ਗਿਆ ਸੀ। ਇਸ ਪੱਤਰ ਰਾਹੀਂ ਜਾਰੀ ਕੀਤੇ ਗਏ ਨੋਟਿਸ ਦੇ ਸਬੰਧ ਵਿੱਚ ਸ਼੍ਰੀਮਤੀ ਨੇਕ ਬਾਲਾ, ਸਾਬਕਾ

ਸਰਪੰਚ ਗਰਾਮ ਪੰਚਾਇਤ ਘਸੀਟਪੁਰ ਵੱਲੋਂ ਆਪਣੇ ਪੱਤਰ ਨੰ:1 ਸਪੈਸ਼ਲ ਮਿਤੀ 13.03.2014 ਰਾਹੀਂ ਇਹ ਸਪਸ਼ਟੀਕਰਨ ਦਿੱਤਾ ਕਿ ਉਹ ਇਸ ਅਸੈਸਮੈਂਟ ਨਾਲ ਸਹਿਮਤ ਨਹੀਂ ਹੈ ਕਿਉਂਕਿ ਕਰਵਾਏ ਗਏ ਕੰਮਾਂ ਦੀ ਅਸੈਸਮੈਂਟ ਕਰਨ ਬਾਰੇ ਉਸਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ ਅਤੇ ਉਸਦੀ ਹਾਜ਼ਰੀ ਵਿੱਚ ਕਰਵਾਏ ਗਏ ਕੰਮਾਂ ਦੀ ਪੈਮਾਇਸ਼/ਮਿਣਤੀ ਕੀਤੀ ਜਾਵੇ। ਇਸ ਸਬੰਧੀ ਰਿਪੋਰਟ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮੁਕੇਰੀਆਂ ਵਲੋਂ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਹੁਸ਼ਿਆਰਪੁਰ ਨੂੰ ਭੇਜੀ ਗਈ। ਇਹ ਰਿਪੋਰਟ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਨੂੰ ਪੇਸ਼ ਕੀਤੀ ਗਈ ਅਤੇ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵਲੋਂ ਆਪਣੇ ਦਫਤਰ ਦੇ ਪੱਤਰ ਨੰ: ਡੀ.ਏ./ਪੀ.ਸੀ./8151-52, ਮਿਤੀ 23.06.14 ਰਾਹੀਂ ਆਦੇਸ਼ ਦਿੱਤੇ ਕਿ ਉੱਪ-ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਅਤੇ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ, ਹੁਸ਼ਿਆਰਪੁਰ ਸਰਪੰਚ ਗਰਾਮ ਪੰਚਾਇਤ ਘਸੀਟਪੁਰ ਵੱਲੋਂ ਕਰਵਾਏ ਕੰਮਾਂ ਦੀ ਇਨਕੁਆਰੀ/ਪੜਤਾਲ ਕਰਕੇ ਤੁਰੰਤ ਰਿਪੋਰਟ ਭੇਜਣ ਜਿਸ ਦੇ ਸਬੰਧ ਵਿੱਚ ਉੱਪ ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਅਤੇ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ, ਹੁਸ਼ਿਆਰਪੁਰ ਵੱਲੋਂ ਆਪਣੇ ਪੱਤਰ ਨੰ: ਪਰਡ/ਹ/14/3120 ਮਿਤੀ 15.07.14 ਰਾਹੀਂ ਸ਼੍ਰੀਮਤੀ ਨੇਕ ਬਾਲਾ, ਸਾਬਕਾ ਸਰਪੰਚ ਗਰਾਮ ਪੰਚਾਇਤ ਘਸੀਟਪੁਰ ਵਲੋਂ ਕਰਵਾਏ ਗਏ ਕੰਮਾਂ ਦੀ ਉਸ ਦੀ ਹਾਜ਼ਰੀ ਵਿੱਚ ਅਸੈਸਮੈਂਟ ਕਰਕੇ ਰਿਪੋਰਟ ਭੇਜੀ ਹੈ, ਜਿਸ ਅਨੁਸਾਰ ਉਸ ਵਲੋਂ 2,93,472/- ਰੁਪਏ ਦੀ ਰਾਸ਼ੀ ਵਸੂਲਣਯੋਗ ਦਰਸਾਈ ਗਈ ਹੈ ਅਤੇ ਇਹ ਰਾਸ਼ੀ ਵਸੂਲ ਕਰਨ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਮੁਕੇਰੀਆਂ ਵਲੋਂ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 216 ਅਧੀਨ ਸ਼੍ਰੀਮਤੀ ਨੇਕ ਬਾਲਾ ਸਰਪੰਚ ਗਰਾਮ ਪੰਚਾਇਤ ਘਸੀਟਪੁਰ ਬਲਾਕ ਮੁਕੇਰੀਆਂ ਨੂੰ ਨੋਟਿਸ ਜਾਰੀ ਕੀਤਾ ਜਾ ਰਿਹਾ ਹੈ।

ਬੇਟ ਏਰੀਏ ਵਿੱਚ ਡੋਗਰਾ ਸਰਟੀਫਿਕੇਟ ਬਣਾਉਣੇ

131. ਸ਼੍ਰੀ ਰਜਨੀਸ਼ ਕੁਮਾਰ : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਦੁਆਰਾ ਹਲਕਾ ਮੁਕੇਰੀਆਂ ਵਿੱਚ ਕੰਢੀ

[ਸ਼੍ਰੀ ਰਜਨੀਸ਼ ਕੁਮਾਰ]

ਏਰੀਏ ਵਿੱਚ ਪਿੰਡਾਂ ਦੇ ਵਸਨੀਕਾਂ ਦੇ ਡੋਗਰਾ ਕਮਿਊਨਿਟੀ ਨਾਲ ਸਬੰਧਿਤ ਹੋਣ ਦੇ ਸਰਟੀਫਿਕੇਟ ਬਣਾਏ ਜਾਂਦੇ ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵੱਲੋਂ ਬੇਟ ਏਰੀਏ ਵਿੱਚ ਵੀ ਇਹ ਸਰਟੀਫਿਕੇਟ ਬਣਾਉਣ ਲਈ ਵਿਚਾਰ ਕਰੇਗੀ?

ਸਰਦਾਰ ਬਿਕਰਮ ਸਿੰਘ ਮਜੀਠੀਆ : ਇਹ ਠੀਕ ਹੈ ਕਿ ਸਰਕਾਰ ਦੁਆਰਾ ਕੰਢੀ ਏਰੀਆ ਵਿੱਚ ਸਥਿਤ ਕੁਝ ਵਸਨੀਕਾਂ ਦੇ ਹਿੰਦੂ ਡੋਗਰਾ ਜਾਤੀ ਨਾਲ ਸਬੰਧ ਹੋਣ ਲਈ ਸਰਟੀਫਿਕੇਟ ਬਣਾਏ ਜਾਂਦੇ ਹਨ। ਅਜਿਹੇ ਸਰਟੀਫਿਕੇਟ ਬਣਾਉਣ ਲਈ ਭਾਰਤੀ ਫੌਜ ਦੇ ਡੋਗਰਾ ਰੈਜੀਮੈਂਟਲ ਸੈਂਟਰ, ਫੈਜ਼ਾਬਾਦ ਤੋਂ ਪ੍ਰਾਪਤ ਨਾਰਮਜ਼ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਜੇ ਕਿਸੇ ਵਿਭਾਗ ਜਾਂ ਅਦਾਰੇ ਵੱਲੋਂ ਬੇਟ ਏਰੀਏ ਲਈ ਵੀ ਇਹ ਸਰਟੀਫਿਕੇਟ ਬਣਾਉਣ ਲਈ ਮੰਗ ਪ੍ਰਾਪਤ ਹੋਈ ਤਾਂ ਇਸ ਬਾਰੇ ਵਿਚਾਰ ਕਰ ਲਿਆ ਜਾਵੇਗਾ।

——

MATTERS RAISED DURING ZERO HOUR AND STATEMENTS BY THE DEPUTY CHIEF MINISTER/ MINISTERS THEREON

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸ਼ੁੱਕਰਵਾਰ ਨੂੰ ਇੱਥੇ ਹਾਊਸ ਵਿੱਚ ਮੈਂ ਇੱਕ ਇਸ਼ੂ ਰੇਜ਼ ਕੀਤਾ ਸੀ । ਕੁਐਸਚਨ ਸੋਢੀ ਸਾਹਿਬ ਦਾ ਸੀ ਤੇ ਆਨਰੇਬਲ ਡਿਪਟੀ ਸੀ. ਐਮ. ਸਾਹਿਬ ਤੋਂ ਡਰੱਗਜ਼ ਰਿਲੇਟਿਡ ਇਸ਼ੂਜ਼ ਦੇ ਸੰਬੰਧ ਵਿੱਚ ਜਵਾਬ ਮੰਗਿਆ ਗਿਆ ਸੀ । ਇਨ੍ਹਾਂ ਨੇ ਕਿਹਾ ਕਿ ਸੀ ਦੋ ਦਿਨ ਦਾ ਸਮਾਂ ਦਿਓ ਤੇ ਫਿਰ ਜਵਾਬ ਦੇਵਾਂਗੇ ।

ਮਾਨਯੋਗ ਸਪੀਕਰ : ਕੱਲ੍ਹ ਇਨ੍ਹਾਂ ਨੇ ਜਵਾਬ ਦੇਣਾ ਹੈ ਤੇ ਇਹ ਜਵਾਬ ਦੇ ਦੇਣਗੇ ।

ਸ਼੍ਰੀ ਸੁਨੀਲ ਜਾਖੜ : ਨਹੀਂ, ਸਪੀਕਰ ਸਾਹਿਬ । ਉਸ ਜਵਾਬ ਤੋਂ ਪਹਿਲਾਂ ਇਸ ਨਾਲ ਰਿਲੇਟਿਡ ਇੱਕ ਗੱਲ ਆ ਰਹੀ ਹੈ । ਇਹ ਜਵਾਬ ਤਾਂ ਦੇਣਗੇ ਪਰ ਉਸ ਤੋਂ ਪਹਿਲਾਂ out of sheer vendetta, ਸਾਡੇ ਇੱਕ ਆਨਰੇਬਲ ਮੈਂਬਰ ਸਾਹਿਬ ਰਾਜਾ ਵੜਿੰਗ ਜੀ ਦਾ ਅੱਜ ਪੇਪਰਜ਼ ਵਿੱਚ ਨਾਂ ਪਬਲਿਸ਼ ਹੋਇਆ ਸੀ ਜਿਸ ਵਿੱਚ ਇੱਕ ਐਸ. ਐਸ. ਪੀ ਨੇ ਪ੍ਰੈਸ ਨੂੰ ਬਿਆਨ ਦਿੱਤਾ ਹੈ ਕਿ ਕਿਸੇ

ਮੁਲਜ਼ਮ ਨੇ ਇਨ੍ਹਾਂ ਨਾਲ ਗੱਲ ਕੀਤੀ ਹੈ ਤੇ ਇਨ੍ਹਾਂ ਦਾ ਟੈਲੀਫੂਨ ਨੰਬਰ ਉਸ ਰਿਕਾਰਡ ਵਿੱਚ ਸ਼ੋਅ ਹੋਇਆ ਹੈ । ਉਸ ਤੋਂ ਅੱਗੇ ਐਸ. ਐਸ. ਪੀ. ਦੇ ਬਿਆਨ ਲੱਗੇ ਹਨ ਕਿ ਅਸੀਂ ਉਨ੍ਹਾਂ ਨੂੰ ਬੁਲਾ ਕੇ ਇੰਟੈਰੋਗੇਟ ਕਰਾਂਗੇ ਕਿ whether his vehicle has been used for transporting these drugs or not? Speaker Sahib, there has to be one standard. ਇਹ ਨਹੀਂ ਹੋ ਸਕਦਾ ਕਿ ਜਿਨ੍ਹਾਂ ਲੋਕਾਂ ਦੇ ਬਕਾਇਦਾ ਪ੍ਰੈਸ ਕਾਨਫਰੰਸ ਕਰਕੇ ਜਿਹੜਾ accused ਹੈ, ਉਸ ਨੇ ਨਾਂ ਲਏ ਹੋਣ, ਉਨ੍ਹਾਂ ਬਾਬਤ ਜਦੋਂ ਵੀ ਗੱਲ ਕਰੀਦੀ ਹੈ ਤੇ ਆਨਰੇਬਲ ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਪਹਿਲਾਂ ਸਬੂਤ ਪੇਸ਼ ਕਰੋ, ਫਿਰ ਜਾਂਚ ਕਰਵਾਵਾਂਗੇ । ਸਾਡੇ ਇੱਕ ਆਨਰੇਬਲ ਮੈਂਬਰ ਸਾਹਿਬ ਤੇ ਇਸ ਕਿਸਮ ਦਾ blatant allegation ਲਗਾਇਆ ਗਿਆ ਹੈ । ਇਹ ਇਲਜ਼ਾਮ ਉਸ ਐਸ. ਐਸ. ਪੀ. ਨੇ ਲਗਾਇਆ ਹੈ ਜਿਹੜਾ ਭੋਲੇ ਨੂੰ ਫੜ੍ਹ ਕੇ ਲਿਆਇਆ ਸੀ । ਸਾਡੇ ਕੋਲ ਫੋਟੋਗ੍ਰਾਫਰਸ ਵੀ ਹਨ । ਉਸ ਨੇ ਇਹ ਬਿਆਨ ਤਾਂ ਨਹੀਂ ਦਿੱਤਾ ਕਿ ਜਿਹੜੇ ਜਿਹੜੇ ਬੰਦਿਆਂ ਦੇ ਨਾਂ ਉਸ ਨੇ ਲਏ ਹਨ, ਸਾਡੇ ਆਨਰੇਬਲ ਮੰਤਰੀ ਮਜੀਠੀਆ ਸਾਹਿਬ ਸਾਹਿਬ ਦਾ ਵੀ ਨਾਂ ਲਿਆ ਸੀ, ਉਨ੍ਹਾਂ ਨੇ ਇਹ ਤਾਂ ਕਿਤੇ ਨਹੀਂ ਕਿਹਾ ਸੀ ਕਿ ਮੈਂ ਇਨ੍ਹਾਂ ਨੂੰ ਬੁਲਾ ਕੇ ਪੁੱਛਗਿੱਛ ਕਰਾਂਗਾ । ਸਾਡੇ ਇੱਕ ਮੈਂਬਰ ਸਾਹਿਬ ਦਾ ਨਾਂ ਲੈਕੇ, he said that without any proof ਸਿਰਫ ਉਸ ਦਾ ਨਾਂ ਉਸ ਵਿੱਚ ਸ਼ੋਅ ਕਰਦਾ ਹੈ ਤੇ ਉਸ ਕਰਕੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇੰਟੈਰੋਗੇਟ ਕਰਾਂਗੇ, ਇਨਵੈਸਟੀਗੇਟ ਕਰਾਂਗੇ । ਸਪੀਕਰ ਸਾਹਿਬ, You are custodian of this House. ਸਰਕਾਰ ਉਨੀ ਇੱਕੀ ਕਰ ਸਕਦੀ ਹੈ ਪਰ you are the custodian of the House and you cannot have double standard. ਸਪੀਕਰ ਸਾਹਿਬ, ਇਸ ਵਾਸਤੇ ਅਸੀਂ ਆਪਣੀ ਤਰਫੋਂ ਕਹਿਣਾ ਚਾਹੁੰਦੇ ਹਾਂ ਕਿ ਸਾਡੇ ਆਨਰੇਬਲ ਮੈਂਬਰ ਸਾਹਿਬ ਨੂੰ ਪਹਿਲਾਂ ਤਾਂ ਟਾਈਮ ਦਿਓ, ਬਾਕੀ on behalf of the entire CLP ਮੈਂ ਤੁਹਾਡੇ ਨੋਟਿਸ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਇਸ ਕਿਸਮ ਦੀ ਧੱਕੇਸ਼ਾਹੀ ਨਾ ਹੋਵੇ । ਇਹ ਧੱਕੇਸ਼ਾਹੀ ਹੈ, ਜਿਸ ਕਰਕੇ ਇਨ੍ਹਾਂ ਨੂੰ ਇਹ ਦਿਨ ਦੇਖਣੇ ਪਏ ਹਨ । ਬਾਦਲ ਸਾਹਿਬ ਨੇ ਕਈ ਸਟੇਜਾਂ ਤੇ ਕਿਹਾ ਕਿ ਸਾਡੀਆਂ ਗਲਤੀਆਂ ਦਾ ਖਮਿਆਜ਼ਾ ਮੋਦੀ ਸਾਹਿਬ ਨੂੰ ਨਾ ਦਿਓ । ਇਹ ਉਹ ਗਲਤੀਆਂ ਹਨ ਜਿਨ੍ਹਾਂ ਦੀ ਆਪਾਂ ਗੱਲ ਕਰਦੇ ਹਾਂ । ਇਸ ਤਰ੍ਹਾਂ ਦੇ ਪੁਲਿਸ ਦੇ ਧੱਕੇ ਕਰਕੇ ਆਪੋਜ਼ੀਸ਼ਨ ਦੀ ਅਵਾਜ਼ ਬੰਦ ਕਰਵਾਉਣਾ ਚਾਹੁੰਦੇ ਹੋ, we will not tolerate and we

[ਸ਼੍ਰੀ ਸੁਨੀਲ ਜਾਖੜ]

will not allow it. (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਾਰੀ ਦੀ ਸਾਰੀ ਸੀ. ਐਲ. ਪੀ. ਇਸ ਮਸਲੇ ਤੇ ਖੜ੍ਹੀ ਹੈ। I am nobody to give clean chit to anybody. ਜਿਸ ਤਰ੍ਹਾਂ ਅਸੀਂ ਸੀ. ਐਮ. ਦੇ ਰੈਜ਼ੀਡੈਂਸ ਤੇ ਧਰਨੇ ਤੇ ਗਏ ਸੀ, ਅਸੀਂ ਉਦੋਂ ਵੀ ਕਿਹਾ ਸੀ ਕਿ I should also be put under investigation. But, ਇਸ ਤਰ੍ਹਾਂ ਕਰਕੇ ਤੁਸੀਂ pick and choose ਕਰੋਗੇ ਤਾਂ ਇਹ ਬਰਦਾਸ਼ਤ ਨਹੀਂ ਹੋਵੇਗਾ । ਅਸੀਂ ਆਪਣੇ ਤੌਰ ਤੇ ਮੰਗ ਕਰਦੇ ਹਾਂ ਕਿ ਸਾਡੇ ਜਿਹੜੇ ਮੈਂਬਰ ਸਾਹਿਬ ਹਨ, ਇਸ ਸਬੰਧ ਵਿੱਚ an independent enquiry should be held. ਕਿਸੇ ਸਿਟਿੰਗ ਜੱਜ ਤੇ ਲਗਵਾ ਦਿਓ, ਸੀ. ਬੀ. ਆਈ ਤੋਂ ਲਗਵਾਓ, ਉਸ ਦੀ ਇਨਕੁਆਰੀ ਕਰਕੇ ਸਭ ਕੁਝ ਪਾਕ ਦਾਮਨ ਹੋਣਾ ਚਾਹੀਦਾ ਹੈ ਪਰ ਸਾਡੀ ਇਨਕੁਆਰੀ ਦੇ ਨਾਲ ਇਨ੍ਹਾਂ ਦੀ ਵੀ ਇਨਕੁਆਰੀ ਹੋਣੀ ਚਾਹੀਦੀ ਹੈ । There cannot be double standard. ਸਪੀਕਰ ਸਾਹਿਬ, ਤੁਹਾਨੂੰ ਇਸ ਗੱਲ ਤੇ ਰੂਲਿੰਗ ਦੇਣੀ ਪਵੇਗੀ । ਡਿਪਟੀ ਸੀ. ਐਮ. ਸਾਹਿਬ ਕੋਈ ਗੱਲ ਕਹਿਣ, ਉਸ ਤੋਂ ਪਹਿਲਾਂ ਸਾਡੇ ਆਨਰੇਬਲ ਮੈਂਬਰ ਜਿਨ੍ਹਾਂ ਬਾਰੇ ਅਖਬਾਰ ਵਿੱਚ ਛਪਿਆ ਹੈ, ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇ । It is not a small matter. ਸਪੀਕਰ ਸਾਹਿਬ, ਜਿਸ ਟਾਈਮ ਤੇ ਇਹ ਐਲੀਗੇਸ਼ਨ ਲੱਗੇ ਹਨ, that is very crucial, we will look towards you.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ ....

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਇੱਕ ਮਿੰਟ ਜੀ। ...(ਵਿਘਨ)....

ਮਾਨਯੋਗ ਸਪੀਕਰ : ਡਿਪਟੀ ਸੀ.ਐਮ. ਸਾਹਿਬ ਨੂੰ ਬੋਲ ਲੈਣ ਦਿਓ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਾਖੜ ਸਾਹਿਬ ਬੜੇ ਸੂਝਵਾਨ ਤੇ ਸਭ ਤੋਂ ਪੁਰਾਣੇ ਮੈਂਬਰ ਹਨ। ਜਾਖੜ ਸਾਹਿਬ, ਜੇ ਅਸੀਂ ਵੈਂਡੈਟਾ ਕਰਨਾ ਹੁੰਦਾ ਤਾਂ ਅਸੀਂ ਸੱਤ ਸਾਲ ਨਹੀਂ ਉਡੀਕਣਾ ਸੀ। ਸਾਡੀ ਸਰਕਾਰ ਆਈ ਨੂੰ ਸੱਤ ਸਾਲ ਹੋ ਗਏ ਹਨ , ਇੱਕ ਵੀ ਮੈਂਬਰ ਦੱਸੇ ਜੇ ਕਿਸੇ ਨਾਲ ਧੱਕਾ ਕੀਤਾ ਹੋਵੇ। ਮੈਨੂੰ ਵੀ ਅੱਜ ਸਵੇਰੇ ਹੀ ਪਤਾ ਲੱਗਿਆ ਹੈ ਕਿਉਂਕਿ ਮੈਂ ਬਾਹਰ ਗਿਆ ਹੋਇਆ ਸੀ। ਮੈਂ ਸਵੇਰੇ ਆਪਣੇ ਫੋਨ ਦੇਖੇ ਤਾਂ ਐਮ.ਐਲ.ਏ. ਸਾਹਿਬ ਦੇ ਕਈ ਫੋਨ ਮੇਰੇ ਫੋਨ ਤੇ ਆਏ ਹੋਏ ਸੀ। ਮੈਂ ਬਾਹਰ ਸੀ, ਮੈਂ ਅੱਜ ਹੈ ਨਹੀਂ ਸੀ। ਮੈਂ ਸਵੇਰੇ ਹੀ ਲੈਂਡ ਕੀਤਾ ਹੈ। ਮੈਂ ਸਵੇਰੇ ਸਭ ਤੋਂ ਪਹਿਲਾਂ ਡੀ.ਜੀ.ਪੀ. ਸਾਹਿਬ ਨੂੰ ਕਿਹਾ ਕਿ ਮੈਨੂੰ ਐਗਜ਼ਾਮਿਨ ਕਰਕੇ ਦਿਓ, ਪੂਰੀ ਰਿਪੋਰਟ ਦਿਓ ਕਿ ਇਸ ਵਿੱਚ

ਹੈ ਕੀ। ਵੈਂਡੈਟਾ ਸਾਡੇ ਵਿੱਚ ਹੈ ਹੀ ਨਹੀਂ ਹੈ। ਸਾਡੇ ਤੇ ਜੋ ਵੈਂਡੈਟਾ ਹੋਇਆ ਹੈ, ਉਹ ਤੁਹਾਨੂੰ ਪਤਾ ਹੈ। ਜਾਖੜ ਸਾਹਿਬ, ਜੇ ਅਸੀਂ ਬਦਲਾ ਲੈਣ ਲੱਗ ਜਾਂਦੇ ਤਾਂ ਅੱਜ ਤੱਕ ਆਪਾਂ ਬਹੁਤ ਅੱਗੇ ਵਧ ਜਾਂਦੇ। ਤੁਸੀਂ ਇੱਕ ਵੀ ਇੰਸੀਡੈਂਟ ਦੱਸ ਦਿਓ ਕਿ ਕਿਸੇ ਵੀ ਐਮ.ਐਲ.ਏ. ਤੇ ਕੀਤਾ ਹੋਵੇ ਤਾਂ ਹੁਣ ਅਸੀਂ ਸੱਤ ਸਾਲ ਬਾਅਦ ਕਿਉਂ ਕਰਾਂਗੇ। ਆਹ ਜਿਹੜਾ ਦੋ ਦਿਨ ਪਹਿਲਾਂ ਦਾ ਤੁਸੀਂ ਜ਼ਿਕਰ ਕੀਤਾ ਹੈ, ਸੋਢੀ ਸਾਹਿਬ ਨੇ ਇੱਕ ਕੁਐਸਚਨ ਪੁੱਛਿਆ ਸੀ, ਉਸ ਦਾ ਕਾਫੀ ਡਿਟੇਲਿਡ ਜਵਾਬ ਚਾਹੀਦਾ ਸੀ। ਜਦੋਂ ਅਸੀਂ ਕੱਲ੍ਹ ਨੂੰ ਹਾਊਸ ਵਿੱਚ ਜਵਾਬ ਦੇਵਾਂਗੇ ਤਾਂ ਇਹ ਕੋਈ ਇੱਕ ਪੇਜ ਦਾ ਨਹੀਂ ਹੋਏਗਾ। ਇਨ੍ਹਾਂ ਨੇ White Paper on drugs ਮੰਗਿਆ ਸੀ । ਇੱਕ ਦਿਨ ਵਿੱਚ ਅਸੀਂ ਕਿਥੋਂ ਵਾਈਟ ਪੇਪਰ ਤਿਆਰ ਕਰ ਸਕਦੇ ਹਾਂ? ਅਸੀਂ ਸਪੀਕਰ ਸਾਹਿਬ ਨੂੰ ਰਿਕੁਐਸਟ ਕੀਤਾ ਸੀ ਕਿ ਘੱਟੋ ਘੱਟ ਸਾਨੂੰ ਦੋ ਦਿਨ ਦਿਓ । Since it involves not only our State but other States and international border also, we have to compile the data. ਸੋ, ਉਸ ਦੇ ਵਾਸਤੇ ਅਸੀਂ ਟਾਈਮ ਮੰਗਿਆ ਸੀ, ਵੈਂਡੈਟਾ ਕਰਨ ਵਾਸਤੇ ਨਹੀਂ ਮੰਗਿਆ ਸੀ। ਨਾ ਅਸੀਂ ਵੈਂਡੈਟਾ ਕਰਨਾ ਹੈ, ਨਾ ਪਹਿਲਾਂ ਕੀਤਾ ਹੈ ਅਤੇ ਨਾ ਹੀ ਕਰਾਂਗੇ। ਅੱਗੇ ਨੂੰ ਵੀ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਕਦੇ ਵੀ ਨਹੀਂ ਕਰਾਂਗੇ। (ਥੰਪਿੰਗ) ਹੁਣ ਮੈਂ ਦੂਜੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਡੀ.ਜੀ.ਪੀ. ਸਾਹਿਬ ਨੂੰ ਇਹੀ ਕਿਹਾ ਹੈ ਕਿ ਐਕਚੂਅਲ ਫੈਕਚੂਅਲ ਰਿਪੋਰਟ ਦਿਓ। ਜੋ ਮੇਰੇ ਕੋਲ ਰਿਪੋਰਟ ਆਏਗੀ, ਮੈਂ ਉਹ ਤੁਹਾਡੇ ਸਾਹਮਣੇ ਪੇਸ਼ ਕਰ ਦੇਵਾਂਗਾ। ਮੇਰੇ ਬਾਰੇ ਇਨ੍ਹਾਂ ਨੂੰ ਪਤਾ ਹੈ ਕਿ ਜਦੋਂ ਵੀ ਇਹ ਮੈਨੂੰ ਫੋਨ ਕਰਦੇ ਹਨ, ਮੈਂ ਇਨ੍ਹਾਂ ਦੀ ਗੱਲ ਸੁਣਦਾ ਹਾਂ। ਕੀ ਮੈਂ ਤੁਹਾਡੇ ਨਾਲ ਕਦੇ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੰਬੋਧਨ ਕਰਦੇ ਹੋਏ) ਵੈਂਡੈਟਾ ਕੀਤਾ ਹੈ? ਇਹ ਕਿਤੇ ਇੱਕ ਇੰਸੀਡੈਂਟ ਵੀ ਨਹੀਂ ਦੱਸ ਸਕਦੇ। ਭਾਵੇਂ ਇਹ ਸਾਡੇ ਅਸੰਬਲੀ ਹਲਕੇ ਦੇ ਨੇੜੇ ਹਨ, ਭਾਵੇਂ ਇਹ ਸਾਡੇ ਪੁਰਾਣੇ ਹਲਕੇ ਤੋਂ ਜਿੱਤੇ ਹਨ। ਇਹ ਪਿਛਲੇ ਸੱਤ ਸਾਲਾਂ ਵਿੱਚ ਕੋਈ ਇੱਕ ਇੰਸੀਡੈਂਟ ਦੱਸ ਦੇਣ। ਜੇ ਕਿਤੇ ਇਨ੍ਹਾਂ ਦੇ ਵਰਕਰ ਤੇ ਵੀ ਕੋਈ ਕੇਸ ਹੁੰਦਾ ਹੈ ਤਾਂ ਇਹ ਮੈਨੂੰ ਫੋਨ ਕਰਦੇ ਹਨ ਅਤੇ ਮੈਂ ਨਾਲ ਦੀ ਨਾਲ ਸਾਰਟ ਆਊਟ ਕਰਵਾਉਂਦਾ ਹਾਂ। ਸੋ, ਸਾਨੂੰ ਵੈਂਡੈਟਾ ਕਰਨ ਦੀ ਕੋਈ ਲੋੜ ਨਹੀਂ। ਹੁਣ ਅਸੀਂ war on drugs ਕਰ ਰਹੇ ਹਾਂ, ਜਿਸ ਵਿੱਚ ਕਈ ਲੋਕਾਂ ਦੇ ਨਾਮ ਆ ਗਏ, ਦੋਸ਼ੀਆਂ ਨੂੰ ਫੜ੍ਹਨ ਨਾਲ ਨਾਮ ਅੱਗੇ ਆ ਗਏ, These are the things coming out in the investigation. ਹੁਣ ਹਰ

[ਸ਼੍ਰੀ ਸੁਨੀਲ ਜਾਖੜ]

ਇਨਵੈਸਟੀਗੇਸ਼ਨ ਦਾ ਕਹਾਂਗੇ ਕਿ ਇਹ ਪੁਲੀਟੀਕਲ ਵੈਂਡੈਟਾ ਹੈ, ਇਸ ਵਿੱਚ ਸਾਡਾ ਰੋਲ ਨਹੀਂ ਹੈ। ਨਾ ਅਸੀਂ ਵੈਂਡੈਟਾ ਕਰ ਰਹੇ ਹਾਂ, ਨਾ ਅਸੀਂ ਕਰਾਂਗੇ। ਮੈਂ ਤੁਹਾਨੂੰ ਇਹ ਇਨਸ਼ਿਓਰ ਕਰਦਾ ਹਾਂ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਇਸ ਮਸਲੇ ਦਾ ਸਭ ਤੋਂ ਵੱਡਾ ਸਫਰਰ ਰਿਹਾ ਹਾਂ। ਤੁਸੀਂ ਇੰਡੀਪੈਂਡੈਂਟ ਇਨਕੁਆਇਰੀ ਦੀ ਗੱਲ ਕੀਤੀ ਹੈ। ਮੈਂ ਪਹਿਲਾਂ ਇਸ ਵਿਧਾਨ ਸਭਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੀਫ ਜਸਟਿਸ ਦੀ ਅਦਾਲਤ ਨੂੰ ਆਪਾਂ ਇੰਡੀਪੈਂਡੈਂਟ ਮੰਨਦੇ ਹਾਂ ਕਿ ਨਹੀਂ? ਮੇਰਾ ਕੇਸ, ਇਕੱਲੇ ਦਾ ਕੇਸ ਇਨ੍ਹਾਂ ਦੇ ਪ੍ਰਧਾਨ ਸਾਹਿਬ, ਇਨ੍ਹਾਂ ਦੇ ਕਾਂਗਰਸ ਦੇ ਹੋਰ ਸੀਨੀਅਰ ਲੀਡਰ ਅਤੇ ਅਕਾਲੀ ਦਲ ਮਾਨ ਦੇ ਲੀਡਰ ਹਾਈ ਕੋਰਟ ਵਿੱਚ ਲੈ ਕੇ ਗਏ। ਉਥੋਂ ਕੀ ਜਵਾਬ ਮਿਲਿਆ, ਇਹ ਮੇਰੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਜਾਣਦੇ ਹਨ। The Hon'ble High Court has dismissed it as withdrawn. ਆਰਡਰ ਫਾਈਨਲ ਸੀ ਅਤੇ ਕਿਹਾ ਕਿ we will not allow you to play politics in the court room. ਜੇ ਕਿਸੇ ਨੇ ਪਾਲਿਟਿਕਸ ਖੇਡਣੀ ਹੈ ਤਾਂ ਬਾਹਰ ਜਾ ਕੇ ਖੇਡੋ। ਚਲੋ ਉਹ ਮਸਲਾ ਸੀ। ਮੇਰੇ ਜਿਹੜੀ ਇਨਕੁਆਇਰੀ ਸੀ, ਮੇਰੇ ਬਾਰੇ ਇਨ੍ਹਾਂ ਨੇ ਬਾਰ ਬਾਰ ਜਾ ਕੇ ਕੋਰਟ ਵਿੱਚ ਲਿਖ ਕੇ ਦਿੱਤਾ। ਹਾਈ ਕੋਰਟ ਦੇ ਚੀਫ ਜਸਟਿਸ ਦੀਆਂ ਉਸ ਵਿੱਚ ਕੀ ਟਿੱਪਣੀਆਂ ਹਨ, ਕੀ ਤੁਸੀਂ ਉਨ੍ਹਾਂ ਨੂੰ ਕਦੇ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ? ਅੱਜ ਉਠ ਕੇ ਜਿਥੇ ਚਾਹੁੰਦਾ ਹੈ, ਜਿਹੜਾ ਚਾਹੁੰਦਾ ਹੈ ਜਿਹੜੇ ਮਰਜ਼ੀ ਨਾਲ ਮੇਰਾ ਨਾਮ ਜੋੜ ਲੈਂਦਾ ਹੈ। ਜਾਖੜ ਸਾਹਿਬ, ਤੁਹਾਡੀ ਤਾਂ ਅਸੀਂ ਬਹੁਤ ਇਜ਼ਤ ਕਰਦੇ ਹਾਂ, ਜੇ ਉਸ ਦੇ ਲਈ ਦਰਦ ਹੈ ਤਾਂ ਦਰਦ ਫਿਰ ਬਰਾਬਰ ਦਾ ਹੋਵੇ। ਸਪੀਕਰ ਸਾਹਿਬ, ਜੇ ਸਿੰਗਲ ਆਊਟ ਹੋਣੇ ਹਨ ਤਾਂ ਫਿਰ ਤਾਂ ਇੱਕ ਫਾਰਮਰ ਡੀ.ਜੀ.ਪੀ. ਨੇ ਵੀ 5-6 ਦੇ ਨਾਮ ਲਏ ਹਨ। ਮਜ਼ਾਕ ਬਣ ਗਿਆ ਹੈ ਇਸ ਗੱਲ ਦਾ। ਮੈਨੂੰ ਜਿੰਨਾ ਮਰਜ਼ੀ ਦਰਦ ਹੈ, ਬਾਕੀ ਫੈਸਲਾ ਇਹ ਆਪ ਕਰ ਲੈਣ। ਇਨ੍ਹਾਂ ਨੇ ਸਾਬਕਾ ਮੁੱਖ ਮੰਤਰੀ, ਜਿਹੜੇ ਲੋਕ ਸਭਾ ਵਿੱਚ ਡਿਪਟੀ ਲੀਡਰ ਹਨ, ਉਨ੍ਹਾਂ ਦਾ ਚਾਰ ਦਿਨ ਪਹਿਲਾਂ ਦਾ ਬਿਆਨ ਹੈ, it is unfair to talk somebody by just accusation. ਸੁਪਰੀਮ ਕੋਰਟ ਦੀ ਟਿੱਪਣੀ ਹੈ ਕਿ

ਜਿਹੜਾ ਅਕਿਊਜ਼ਡ ਹੋਵੇ ਜਾਂ ਅਪਰੂਵਰ ਹੋਵੇ till there is some credible evidence ਉਸ ਗੱਲ ਦਾ ਕੋਈ ਮਤਲਬ ਨਹੀਂ। ਸਪੀਕਰ ਸਾਹਿਬ, 6 ਮਹੀਨੇ ਹੋ ਗਏ ਹਨ, ਕੀ ਇੱਕ ਵੀ ਐਵੀਡੈਂਸ ਰੱਖਿਆ ਗਿਆ ਹੈ? ਸਰ, ਈ.ਡੀ. ਇਨ੍ਹਾਂ ਦੀ ਹੈ, ਪੰਜ ਸੈਂਟਰਲ ਏਜੰਸੀਆਂ ਨੇ ਉਸ ਤੋਂ ਇਨਵੈਸਟੀਗੇਸ਼ਨ ਕੀਤੀ ਸੀ। ਸਪੀਕਰ ਸਾਹਿਬ, ਦਿੱਲੀ ਵਿੱਚ ਕਾਂਗਰਸ ਦੀ ਸਰਕਾਰ ਸੀ ਅਤੇ ਸਾਰਾ ਕੁਝ ** ਦੇ ਜਿਹੜੇ ਪ੍ਰਧਾਨ ਸਾਹਿਬ ਹਨ, ਉਨ੍ਹਾਂ ਦੇ ਇਸ਼ਾਰੇ ਉਤੇ ਕੰਮ ਚਲਦਾ ਸੀ। ਪੰਜ ਏਜੰਸੀਆਂ ਦਾ ਕਿਸੇ ਦਾ ਕੁਝ ਨਹੀਂ ਆਇਆ, ਸਡਨਲੀ, ਵਿੱਚੋਂ ਇੱਕ ਦਿਨ ਸ਼ਰਾਰਤ ਹੋਈ ਤੇ 11ਵੀਂ ਪੇਸ਼ੀ ਤੇ ਚੁੱਕ ਕੇ ਮੇਰਾ ਨਾਂ ਲੈ ਲਿਆ । ਸਪੀਕਰ ਸਾਹਿਬ, ਮਗਰ ਅੱਜ ਤੱਕ ਇਸ ਮੌਕੇ ਤੱਕ, ਉਸ ਬਿਆਨ ਤੋਂ ਬਾਅਦ ਕੋਈ ਪਰੂਫ ਨਹੀਂ ਰੱਖਿਆ। ਮੇਰਾ ਕਹਿਣ ਦਾ ਭਾਵ ਹੈ ਕਿ ਅਸੀਂ ਸਾਰੇ ਚੁਣੇ ਹੋਏ ਨੁਮਾਇੰਦੇ ਹਾਂ ਜੇ ਇਸ ਤਰੀਕੇ ਦੀ ਮਿੱਟੀ ਪਲੀਤ ਸਿਆਸੀ ਲਾਹਾ ਲੈਣ ਨੂੰ ਇੱਥੇ ਕੀਤੀ ਜਾ ਰਹੀ ਹੈ, I am as aggrieved as Mr. Raja Waring till proven guilty. ਮਗਰ ਇਸ ਗੱਲ ਦਾ ਦੁੱਖ ਹੈ। ਤੁਸੀਂ ਇੰਡੀਪੀਡੈਂਟ ਇਨਕੁਆਰੀ ਦੀ ਗੱਲ ਕਰਦੇ ਹੋ ਤੇ ਫਿਰ ਮੈਂ ਚੀਫ ਜਸਟਿਸ ਦੀ ਕੋਰਟ ਨੂੰ ਕੀ ਮੰਨਾਂਗਾ, ਚੀਫ ਜਸਟਿਸ ਦੀ ਕੋਰਟ ਦੀਆਂ ਟਿੱਪਣੀਆਂ ਨੂੰ ਆਪਾਂ ਕੀ ਮੰਨਾਂਗੇ? ਸੋ, ਇਨ੍ਹਾਂ ਸਾਰੀਆਂ ਗੱਲਾਂ ਦਾ ਵਿਚਾਰ ਹੋਣਾ ਚਾਹੀਦਾ ਹੈ। ਇਹ ਜਿਹੜਾ ਸਿੰਗਲ ਆਊਟ ਵਾਲਾ ਪ੍ਰਾਸੈਸ ਹੈ, ਇਹ ਫਿਰ ਜਾਂ ਤਾਂ ਜਿਨ੍ਹਾਂ ਜਿਨ੍ਹਾਂ ਦੀ, ਜਿਹੜਾ ਜਿਹੜਾ ਜਿਥੇ ਜਿਥੇ ਨਾਂ ਲੈ ਰਿਹਾ ਹੈ, ਉਸ ਸਭ ਬਾਰੇ ਕੋਈ ਸਿਸਟਮ ਬਣਾਉ , ਨਾਲੇ ਜਾਖੜ ਸਾਹਿਬ ਮੇਰੇ ਮੁਤੱਲਕ ਜੇ ਇਹ ਵਾਰ ਵਾਰ ਗੱਲ ਕਰਦੇ ਹਨ, ਵਾਰ ਵਾਰ ਇਹ ਗੱਲ ਕਰਦੇ ਹਨ ਤਾਂ ਮੇਰੀ ਇੰਡੀਪੀਡੈਂਟ ਹਾਈ ਕੋਰਟ ਵਿੱਚ ਚੀਫ ਜਸਟਿਸ ਦੇ ਡਬਲ ਬੈਂਚ ਤੇ ਜਾ ਕੇ ਇਸ ਬਾਰੇ ਕਈ ਵਾਰੀ ਡਿਸਕਸ਼ਨ ਹੋ ਚੁੱਕੀ ਹੈ ਤੇ ਜਿਹੜੇ ਉਸ ਵਿੱਚ ਜਵਾਬ ਮਿਲੇ ਹਨ ਤਾਂ ਉਨ੍ਹਾਂ ਨੂੰ ਕਾਂਗਰਸ ਦੇ ਪ੍ਰਧਾਨ ਸਾਹਿਬ ਨੂੰ ਉਹ ਵੀ ਪੜ੍ਹਨ ਦੀ ਕ੍ਰਿਪਾਲਤਾ ਜ਼ਰੂਰ ਕਰਨੀ ਚਾਹੀਦੀ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਅੱਜ ਮੇਰੀ ਜ਼ਿੰਦਗੀ ਦੇ ਬਹੁਤ ਹੀ ਇਮਤਿਹਾਨ ਦੀ ਘੜੀ ਹੈ, ਜਿਥੋਂ ਮੈਂ ਆਪਣੀ ਜ਼ਿੰਦਗੀ ਛੇ ਸਾਲ ਦਾ ਹੁੰਦਿਆਂ ਆਪਣਾ ਮਾਂ-ਬਾਪ ਗਵਾ ਕੇ ਸ਼ੁਰੂ ਕੀਤੀ ਸੀ, ਉਹ ਜ਼ੀਰੋ ਤੋਂ ਸ਼ੁਰੂ ਕੀਤੀ ਸੀ ਤੇ ਅੱਜ ਦੁਬਾਰਾ ਜ਼ੀਰੋ ਤੇ ਆ ਕੇ ਖੜ੍ਹੀ ਹੋ ਗਈ ਹੈ। ਸਪੀਕਰ

**Expunged as ordered by the Chair.

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਸਾਹਿਬ, ਮੈਂ ਕੋਈ ਸਫਾਈ ਦੇਣ ਵਾਸਤੇ ਖੜ੍ਹਾ ਨਹੀਂ ਹੋਇਆ, ਮੈਂ ਨਾ ਤਾਂ ਕੋਈ ਕਲੀਨ ਚਿੱਟ ਲੈਣ ਵਾਸਤੇ ਖੜ੍ਹਾ ਹੋਇਆ ਅਤੇ ਨਾ ਹੀ ਕਿਸੇ ਉਤੇ ਕਿਸੇ ਤਰ੍ਹਾਂ ਦਾ ਕੋਈ ਇਲਜ਼ਾਮ ਲਗਾਉਣ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਇਸ ਪਾਵਨ ਪਵਿੱਤਰ ਸਦਨ ਵਿੱਚ ਇਹੀ ਸੋਚ ਕੇ ਆਇਆ ਸੀ, 52000 ਲੋਕਾਂ ਨੇ ਮੇਰੇ ਤੇ ਵਿਸ਼ਵਾਸ ਪ੍ਰਗਟ ਕੀਤਾ। ਸੋਚਿਆ ਸੀ ਕਿ ਸੱਚੀ ਸੁੱਚੀ ਰਾਜਨੀਤੀ ਕਰਾਂਗੇ ਤੇ ਵਧੀਆ ਤਰੀਕੇ ਨਾਲ ਆਪਣੀ ਜ਼ਿੰਦਗੀ ਬਤੀਤ ਕਰਾਂਗੇ ਪਰ ਮੈਨੂੰ ਇਹ ਨਹੀਂ ਪਤਾ ਸੀ ਕਿ ਇਸ ਸੱਚੀ-ਸੁੱਚੀ ਰਾਜਨੀਤੀ ਦੇ ਵਿੱਚ ਇੰਨਾ ਵਿਘਨ ਹੈ, ਇੰਨੀਆਂ ਅੜਚਣਾਂ ਤੇ ਰੋੜੇ ਆਉਣਗੇ ਜਿਥੇ ਆਦਮੀ ਆਪਣੇ ਜ਼ਮੀਰ ਦੀ ਅਵਾਜ਼ ਭੁੱਲ ਜਾਂਦਾ ਹੈ। ਬੇਸ਼ਕ ਮੇਰੀ ਕਿਸੇ ਨਾਲ ਕੋਈ ਦੁਸ਼ਮਣੀ ਹੋਵੇ, ਬੇਸ਼ਕ ਕਿਸੇ ਨਾਲ ਮੇਰੀ ਰੰਜਿਸ਼ ਹੋਵੇ, ਬੇਸ਼ਕ ਕਿਸੇ ਨੇ ਮੈਨੂੰ ਗਾਲ੍ਹ ਕੱਢੀ ਹੋਵੇ, ਚੰਗਾ ਮੰਦਾ ਬੋਲਿਆ ਹੋਵੇ ਲੇਕਿਨ ਜੇ ਤਾਕਤ ਮਿਲੀ ਤਾਂ ਰਾਜਾ ਵੜਿੰਗ ਕਦੇ ਜ਼ਿੰਦਗੀ ਦੇ ਵਿੱਚ ਇਹੋ ਜਿਹੀ ਰੰਜਿਸ਼ ਜਾਂ ਇਹੋ ਜਿਹੇ ਵੈਨਡੇਟਾ ਦਾ ਕਿਸੇ ਨੂੰ ਸ਼ਿਕਾਰ ਨਹੀਂ ਬਣਾ ਸਕੇਗਾ ਕਿਉਂਕਿ ਮੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ। ਸਪੀਕਰ ਸਾਹਿਬ, ਮੇਰੇ ਤੇ ਇਲਜ਼ਾਮ ਲਗਾਇਆ ਗਿਆ, ਮੈਨੂੰ ਡੇਲੀ ਪੋਸਟ ਦੇ ਪੱਤਰਕਾਰ ਰਜਤ ਦੀਪ ਦਾ ਫੋਨ ਆਇਆ । ਉਹ ਕਹਿਣ ਲਗਾ ਕਿ ਤੁਹਾਡੇ ਤੇ ਇਲਜ਼ਾਮ ਲੱਗਾ ਹੈ, ਅੱਜ ਕੋਈ ਬੰਦਾ ਫੜਿਆ ਗਿਆ ਹੈ, ਤੁਹਾਡਾ ਨਾਂ ਉਸ ਵਿੱਚ ਆ ਰਿਹਾ ਹੈ। ਮੈਂ ਪੁੱਛਿਆ ਕਿ ਨਾਂ ਕਿਥੇ ਹੈ ਤਾਂ ਉਹ ਕਹਿੰਦਾ ਕਿ ਉਸ ਦੀ ਕੰਟੈਕਟ ਬੁੱਕ ਦੇ ਵਿੱਚ ਆ ਰਿਹਾ ਹੈ, ਜਿਥੇ ਆਪਾਂ ਬੰਦੇ ਨਾਲ ਕੰਟੈਕਟ ਰੱਖਦੇ ਹਾਂ, ਉਸ ਦੇ ਵਿੱਚ ਤੁਹਾਡਾ ਨਾਂ ਆ ਰਿਹਾ ਹੈ । ਮੈਂ ਕਿਹਾ ਕੋਈ ਗੱਲ ਨਹੀਂ। ਉਹ ਕਹਿ ਲਗਾ ਕਿ ਉਹ ਕਹਿ ਰਿਹਾ ਹੈ ਕਿ ਮੈਂ ਰਾਜਾ ਵੜਿੰਗ ਨੂੰ ਮਨਜੀਤ ਸਿੰਘ ਫੁਲੀਏਵਾਲੇ ਦੇ ਨਾਲ ਮਿਲਿਆ ਸੀ, ਮੈਂ ਕਿਹਾ ਕਿ ਕੋਈ ਗੱਲ ਨਹੀਂ, After that I had a word with the SSP ਅਤੇ ਐਸ.ਐਸ.ਪੀ ਨੇ ਮੈਨੂੰ ਕਿਹਾ ਕਿ ਕੋਈ ਗੱਲ ਨਹੀਂ ਕਿ ਇਹ ਆਇਆ ਹੈ ਤੇ ਅਜਿਹੀ ਕੋਈ ਗੱਲ ਨਹੀਂ ਤਾਂ ਮੈਂ ਵੀ ਚੁੱਪ ਕਰ ਗਿਆ। ਅਗਲੇ ਦਿਨ ਨਿਊਜ਼ ਵੇਖੀ ਤੇ ਸ਼ਾਮ ਨੂੰ ਫਿਰ ਵੇਖੀ ਤਾਂ ਸਵੇਰੇ ਫਿਰ ਐਸ.ਐਸ.ਪੀ. ਨਾਲ ਦੁਬਾਰਾ ਸੰਪਰਕ ਕੀਤਾ ਤਾਂ ਮੈਨੂੰ ਐਸ.ਐਸ.ਪੀ ਸਾਹਿਬ ਨੇ ਆਖਿਆ ਕਿ ਤੁਸੀਂ ਸਾਹਿਬ ਨਾਲ ਗੱਲ ਕਰ ਲਵੋ । ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਵੀ ਆਖਿਆ, ਕਿਉਂਕਿ ਇੰਨੀ ਵੱਡੀ ਗੱਲ ਸੀ, ਮੈਂ ਸ਼੍ਰੀ ਸੁਨੀਲ ਜਾਖੜ ਜੀ ਨੂੰ ਵੀ ਇਸ ਗੱਲ ਦੇ ਬਾਰੇ ਦੱਸਿਆ ਸੀ । I called him ਨੰਬਰ ਲੈ ਕੇ, ਮੈਂ ਉਨ੍ਹਾਂ ਨੂੰ ਕਿਹਾ ਕਿ ਸੰਪਰਕ ਨਹੀਂ ਹੋਇਆ, ਉਹ ਕਹਿੰਦੇ

ਕਿ ਮੈਂ ਸੰਪਰਕ ਕਰਵਾ ਦਿਆਂਗਾ। ਮੈਂ ਕਿਹਾ ਕਿ ਤੁਸੀਂ ਕਰਵਾ ਦਿਉ। ਮੈਂ ਗੱਲ ਕਰ ਲਵਾਂਗਾ, ਮੈਨੂੰ ਉਨ੍ਹਾਂ ਨਾਲ ਕੋਈ ਹਰਜ਼ ਨਹੀਂ ਹੈ, ਇਹ ਮੇਰੇ ਸਤਿਕਾਰਯੋਗ ਡਿਪਟੀ ਚੀਫ ਮਨਿਸਟਰ ਸਾਹਿਬ ਹਨ। ਉਸ ਤੋਂ ਬਾਅਦ ਸ਼ਾਮ ਨੂੰ all of a sudden next day ਖਬਰਾਂ ਪੀ. ਟੀ.ਸੀ. ਤੇ ਹੋਰ ਤਮਾਮ ਚੈਨਲਾਂ ਦੇ ਉਤੇ ਆਈਆਂ। ਮੇਰੇ ਟੈਲੀਫੋਨਾਂ ਦੀਆਂ ਘੰਟੀਆਂ ਖੜਕਣ ਲੱਗੀਆਂ। ਕਹਿਣ ਲੱਗੇ ਕਿ ਤੁਹਾਡੇ ਬਾਰੇ ਬੰਦੇ ਨੇ ਕਿਹਾ ਹੈ ਕਿ ਉਸਨੇ ਤੁਹਾਨੂੰ ਸਾਲ 2011 ਵਿੱਚ ਦੋ ਲੱਖ ਰੁਪਿਆ ਇਲੈਕਸ਼ਨ ਫੰਡ ਦਿੱਤਾ ਸੀ। ਇਹ ਮਨਜੀਤ ਸਿੰਘ ਫੂਲੇ ਵਾਲੇ ਦੇ ਥਰੂ ਦਿੱਤਾ ਸੀ ਜਿਹੜਾ ਕਿ ਬਲਾਕ ਸੰਮਤੀ ਦਾ ਮੈਂਬਰ ਹੈ। ਅੱਜ ਉਸ ਉੱਤੇ ਮਰਡਰ ਦਾ ਕੇਸ ਦਰਜ ਹੈ। ਉਹ ਮਲੋਟ ਦਾ ਰਹਿਣ ਵਾਲਾ ਹੈ, ਮਲੋਟ ਵਿੱਚ ਉਸ ਦਾ ਪਿੰਡ ਪੈਂਦਾ ਹੈ ਅਤੇ ਉਹ ਕਾਂਗਰਸ ਦਾ ਬਲਾਕ ਸੰਮਤੀ ਮੈਂਬਰ ਹੈ। ਉਸ ਦੇ ਥਰੂ ਤੈਨੂੰ ਪੈਸੇ ਦਿੱਤੇ ਹਨ। ਇਹ ਵੀ ਕਿਹਾ ਗਿਆ ਕਿ ਰਾਜਾ ਵੜਿੰਗ ਨੇ ਉਸ ਨੂੰ ਕਿਹਾ ਹੈ ਕਿ ਹਰਿਆਣੇ ਵਿੱਚ ਅੱਜ ਆਪਣੀ ਸਰਕਾਰ ਹੈ, ਤੂੰ ਉਥੇ ਬੁੱਲੇ ਲੁੱਟ, ਜੋ ਮਰਜ਼ੀ ਕਰ, ਮੈਂ ਆਪੇ ਸੰਭਾਲ ਲਵਾਂਗਾ। ਪੰਜਾਬ ਵਿੱਚ ਸਾਲ 2012 ਵਿੱਚ ਸਰਕਾਰ ਆ ਜਾਵੇਗੀ, ਉਦੋਂ ਮੈਂ ਤੈਨੂੰ ਇਹ ਧੰਦਾ ਕਰਵਾਵਾਂਗਾ। ਇਹ ਬਿਆਨ ਐਸ.ਐਸ.ਪੀ. ਮਾਨਸਾ ਨੇ ਦਿੱਤਾ। ਉਹ so called SSP ਜਿਸ ਨੂੰ ਇਲੈਕਸ਼ਨ ਕਮਿਸ਼ਨ ਨੇ ਪਹਿਲੇ ਹੱਲੇ ਬਦਲ ਦਿੱਤਾ ਸੀ ਅਤੇ ਫੇਰ ਉਸ ਨੂੰ ਉਥੇ ਦੁਬਾਰਾ ਲਗਾਇਆ ਗਿਆ। ਉਹ ਪਹਿਲਾਂ ਵੀ ਐਸ.ਐਚ.ਓ. ਲੰਬੀ ਰਹੇ ਹਨ, ਬੜੇ ਚਿਰ ਤੋਂ ਸੇਵਾ ਕਰਦੇ ਆ ਰਹੇ ਹਨ। ਡੀ.ਐਸ.ਪੀ. ਗਿੱਦੜਬਾਹਾ ਵੀ ਰਹੇ ਹਨ। ਇਹ ਸਾਰੀਆਂ ਗੱਲਾਂ ਦੇ ਬਾਵਜੂਦ ਮੈਂ ਨਹੀਂ ਚਾਹੁੰਦਾ ਕਿ ਸੁਨੀਲ ਜਾਖੜ ਜੀ, ਸਾਰਾ ਸਦਨ ਅਤੇ ਚੀਫ਼ ਮਨਿਸਟਰ ਸਾਹਿਬ ਮੈਨੂੰ ਕਲੀਨ ਚਿੱਟ ਦੇਣ ਪਰ ਮੈਂ ਉਨ੍ਹਾਂ 52,000 ਲੋਕਾਂ ਵਿੱਚ ਜਾਣਾ ਹੈ, ਮੈਂ ਕਿਵੇਂ ਦੁਬਾਰਾ ਉਨ੍ਹਾਂ ਨੂੰ ਜ਼ੀਰੋ ਤੋਂ ਯਕੀਨ ਦਿਵਾਵਾਂ, ਅੱਜ ਵਿਧਾਨ ਸਭਾ ਦੇ ਅੱਧੇ ਚਿਹਰੇ ਅਤੇ ਪ੍ਰੈਸ ਵਾਲਿਆਂ ਦੇ ਅੱਧੇ ਚਿਹਰੇ ਮੇਰੇ ਵੱਲ ਜਿਸ ਨਿਗਾਹ ਨਾਲ ਵੇਖ ਰਹੇ ਸਨ ਜਿਵੇਂ ਮੈਂ ਕਾਤਲ ਅਤੇ ਚੋਰ ਹੁੰਦਾ ਹਾਂ, ਜਿਵੇਂ ਮੈਂ ਮੁਜ਼ਰਿਮ ਹੁੰਦਾ ਹਾਂ। ਮੈਨੂੰ ਆਪਣੇ ਆਪ ਤੇ ਸ਼ਰਮ ਆ ਰਹੀ ਸੀ, ਮੈਂ ਇਸ ਸਦਨ ਤੋਂ ਕਲੀਨ ਚਿੱਟ ਲੈਣ ਵਾਸਤੇ ਨਹੀਂ ਆਇਆ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਸਾਥੀਆਂ ਤੇ ਵੀ ਇਲਜ਼ਾਮ ਲੱਗੇ, ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ਨੇ ਹੁਣੇ ਬੋਲਿਆ ਹੈ ਕਿ ਮੇਰੇ ਤੇ ਇਲਜ਼ਾਮ ਲੱਗਿਆ, ਸਰਦਾਰ ਸਰਵਨ ਸਿੰਘ ਫਿਲੌਰ ਜੀ ਤੇ ਇਲਜ਼ਾਮ ਲੱਗਿਆ, ਕਈ ਹੋਰਾਂ ਦੇ ਨਾਂ ਸ਼੍ਰੀ ਸ਼ਸ਼ੀਕਾਂਤ ਸਾਹਿਬ ਨੇ ਲਏ। ਵਲਟੋਹਾ ਸਾਹਿਬ ਬੈਠੇ ਹਨ,

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਇਨ੍ਹਾਂ ਦੇ ਨਾਂ ਲਏ ਗਏ। ਮੈਂ ਨਹੀਂ ਜਾਣਦਾ ਕਿ ਕੀ ਸੱਚ ਹੈ ਅਤੇ ਕੀ ਝੂਠ ਹੈ, ਕਿਉਂ ਨਾਂ ਲਏ ਗਏ ਜਾਂ ਕੀ ਸੱਚਾਈ ਹੈ, ਉਸ ਪਿੱਛੇ ਧਰਨੇ ਲੱਗੇ ਲੇਕਿਨ ਅੱਜ ਮੈਨੂੰ ਇਸ ਸਦਨ ਵਿੱਚ ਇਸ ਪੰਜਾਬ ਪੁਲਿਸ ਤੇ ਇਤਬਾਰ ਨਹੀਂ। ਮੈਨੂੰ ਹੋਰ ਕਿਸੇ ਤੇ ਇਤਬਾਰ ਨਹੀਂ। ਮੈਂ ਆਪ ਜੀ ਨੂੰ ਇਹ ਗੱਲ ਕਹਿੰਦਾ ਹਾਂ ਕਿ ਪੰਜਾਬ ਅਤੇ ਪੰਜਾਬ ਦੇ ਬਾਹਰੋਂ ਜਿਹੜੀਆਂ ਉਂਗਲਾਂ ਉਠਦੀਆਂ ਹਨ ਕਿ ਪੰਜਾਬ ਦੇ ਸਿਆਸਤਦਾਨ ਮਾੜੇ ਹਨ, ਪੰਜਾਬ ਦੇ ਸਿਆਸਤਦਾਨ ਸ਼ਹਿ ਦੇ ਕੇ ਡਰੱਗ ਵਿਕਵਾਉਂਦੇ ਹਨ, ਕੋਈ ਨਾ ਕੋਈ ਚੌਥਾ ਮੁਜ਼ਰਿਮ ਉੱਠ ਕੇ ਸਾਡੇ ਤੇ ਇਲਜ਼ਾਮ ਲਗਾਉਂਦਾ ਹੈ, ਇਹ ਸਾਰੀਆਂ ਉਂਗਲਾਂ ਉੱਠਣੀਆਂ ਬੰਦ ਹੋ ਜਾਣ, ਮੈਂ ਚਾਹੁੰਦਾ ਹਾਂ ਕਿ ਮੇਰੇ ਅਤੇ ਮੇਰੇ ਸਾਥੀਆਂ, ਜਿਨ੍ਹਾਂ ਤੇ ਇਲਜ਼ਾਮ ਲਗਦੇ ਹਨ, ਸਭ ਤੋਂ ਪਹਿਲਾਂ ਮੇਰੇ ਅਤੇ ਮੇਰੇ ਇਸ ਸਦਨ ਦੇ ਜਿਨ੍ਹਾਂ ਸਾਥੀਆਂ ਤੇ ਇਲਜ਼ਾਮ ਲੱਗੇ ਹਨ, ਚਾਹੇ ਉਹ ਮਜੀਠੀਆ ਸਾਹਿਬ ਹਨ, ਚਾਹੇ ਫਿਲੌਰ ਸਾਹਿਬ ਹਨ, ਚਾਹੇ ਵਲਟੋਹਾ ਸਾਹਿਬ ਹਨ, ਚਾਹੇ ਉਹ ਸਾਡੇ ਵਿੱਚੋਂ ਹਨ, ਸੀ.ਬੀ.ਆਈ. ਨੂੰ ਇਨਕੁਆਇਰੀ ਦਿੱਤੀ ਜਾਵੇ।(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ** ** ਇਹ ਤੁਹਾਡੇ ਨਾਲ ਇਸ ਸਦਨ ਵਿੱਚ ਵਾਅਦਾ ਕਰਦਾ ਹਾਂ ਲੇਕਿਨ ਇੱਕ ਤਰਫ਼ੀ ਗੱਲ ਨਾ ਕੀਤੀ ਜਾਵੇ ਕਿ ਟੈਲੀਫੋਨਾਂ ਤੇ ਪੁਲਿਸ ਵਾਲੇ ਸਾਨੂੰ ਕਹਿਣ। ਮੈਂ ਆਈ.ਜੀ. ਉਮਰਾਨੰਗਲ ਜੀ ਨਾਲ ਗੱਲ ਕੀਤੀ, ਕੋਈ ਬੰਦਾ ਗੱਲ ਕਰਨ ਨੂੰ ਤਿਆਰ ਨਹੀਂ। ਕਹਿੰਦੇ ਉੱਤੇ ਗੱਲ ਕਰ ਲਓ। ਮੈਂ ਕਿਹਾ ਉੱਤੇ ਕਿਸ ਨਾਲ ਗੱਲ ਕਰ ਲਵਾਂ।

ਮਾਨਯੋਗ ਸਪੀਕਰ : ਕਿਸੇ ਮੁਜ਼ਰਿਮ ਦੇ ਕਹਿਣ ਤੇ.....

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੈਂ ਜਿਨ੍ਹਾਂ ਨੂੰ ਜਾਣਦਾ ਹਾਂ ਉਨ੍ਹਾਂ ਨਾਲ ਹੀ ਗੱਲ ਕਰਨੀ ਹੈ। ਮੇਰੀ ਆਪ ਜੀ ਨੂੰ ਗੁਜਾਰਿਸ਼ ਹੈ ਕਿ ਇਸ ਸਭ ਦੀ ਸੀ.ਬੀ.ਆਈ. ਤੋਂ ਇਨਕੁਆਇਰੀ ਕਰਵਾਈ ਜਾਵੇ। ਧੰਨਵਾਦ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ ਕਿ ਮੈਂ ਪਿਛਲੇ ਕਈ ਮਹੀਨਿਆਂ ਤੋਂ ਦੇਖ ਰਿਹਾ ਹਾਂ ਕਿ ਡਰੱਗਜ਼ ਦੇ ਮਾਮਲੇ ਤੇ ਪੋਲੀਟਿਕਸ ਜ਼ਿਆਦਾ ਹੋਣ ਲੱਗ ਗਈ ਹੈ, ਅਸੀਂ ਇੱਕ-ਦੂਜੇ ਨੂੰ ਯੂਜ਼ ਕਰਨ ਲੱਗ ਗਏ ਹਾਂ। ਜਾਖੜ ਸਾਹਿਬ, From the day one, ਮੈਂ ਕਲੀਅਰ ਕਿਹਾ ਹੈ ਕਿ ਕੋਈ ਗਲਤ ਕੰਮ ਨਹੀਂ ਕਰਨਾ। ਸਪੈਸ਼ਲੀ ਡਰੱਗਜ਼ ਹੋਵੇ ਜਾਂ ਕੋਈ ਹੋਰ ਗੱਲ ਹੋਵੇ, ਵੈਂਡੇਟਾ ਨਾਂ ਦੀ ਕੋਈ ਚੀਜ਼ ਨਹੀਂ ਹੋਵੇਗੀ। ਜੇ ਮਾਨਯੋਗ ਮੈਂਬਰ

**Expunged as ordered by the Chair.

ਸਾਹਿਬ ਸੋਚਦੇ ਹਨ ਕਿ ਅਸੀਂ ਵੈਂਡੇਟਾ ਕੀਤਾ ਹੈ ਤਾਂ ਇਹ ਬੜੀ ਗਲਤਫਹਿਮੀ ਵਿੱਚ ਹਨ ਕਿਉਂਕਿ ਬਾਦਲ ਸਾਹਿਬ ਅਤੇ ਮੈਂ ਪਹਿਲਾਂ ਹੀ ਕਹਿ ਚੁੱਕੇ ਹਾਂ। ਇਸ ਤੋਂ ਇਲਾਵਾ ਮੈਨੂੰ ਐਗਜ਼ੈਕਟ ਇਸ ਬਾਰੇ ਇਨਫਰਮੇਸ਼ਨ ਨਹੀਂ ਹੈ ਕਿ ਕੀ ਫੈਕਟਸ ਹਨ? ਇਸ ਕਰਕੇ ਮੈਂ ਸਦਨ ਵਿੱਚ ਐਗਜ਼ੈਕਟ ਕਹਿ ਨਹੀਂ ਸਕਦਾ ਪਰ ਡੀ.ਜੀ.ਪੀ., ਪੰਜਾਬ ਦੀ ਡਿਊਟੀ ਲਗਾਈ ਹੈ ਕਿ ਉਹ ਮੈਨੂੰ ਐਗਜ਼ੈਕਟ ਫੈਕਟਸ ਦੱਸਣ ਕਿ ਕੀ ਹਨ, ਕੀ ਲਿੰਕ ਹੈ ਜਾਂ ਨਹੀਂ ਹੈ, ਕੀ ਪੈਸੇ ਦਿੱਤੇ ਹਨ ਜਾਂ ਨਹੀਂ ਦਿੱਤੇ ਹਨ ਅਤੇ ਰਿਕਾਰਡ ਕੀ ਹੈ, ਇਸ ਸਭ ਕੁਝ ਬਾਰੇ ਦੱਸਣ। ਇਨਵੈਸਟੀਗੇਸ਼ਨ ਚੱਲ ਰਹੀ ਹੈ ਸ਼ਾਇਦ ਉਹ ਇੱਕ ਜਾਂ ਦੋ ਦਿਨ ਪਹਿਲਾਂ ਫੜਿਆ ਹੋਣਾ ਹੈ ਕਿਉਂਕਿ ਮੈਂ ਇੱਥੇ ਨਹੀਂ ਸੀ। So, investigation is going on. ਜਦੋਂ ਪੁਲਿਸ ਕਿਸੇ ਨੂੰ ਫੜਦੀ ਹੈ, ਫੇਰ ਉਸ ਦੀ ਸਾਰੀ ਇਨਫਰਮੇਸ਼ਨ ਕਿ ਕਿਥੋਂ ਆਇਆ, ਕਿੱਥੇ ਗਿਆ ਬਾਰੇ ਪੜਤਾਲ ਕਰਦੀ ਹੈ। ਅਸੀਂ ਅੱਜ ਡਰੱਗਜ਼ ਨੂੰ ਕੰਟਰੋਲ ਕਰਨ ਵਿੱਚ ਇਸੇ ਕਾਰਨ ਹੀ ਸਕਸੈੱਸਫੁਲ ਹੋਏ ਹਾਂ ਕਿਉਂਕਿ ਜਦੋਂ ਪੁਲਿਸ ਕਿਸੇ ਨੂੰ ਫੜਦੀ ਹੈ ਤਾਂ ਫਿਰ ਉਸ ਦੇ ਸਾਰੇ ਅੱਗੇ ਪਿਛੇ ਦਾ ਰਿਕਾਰਡ ਵੇਖਦੀ ਹੈ ਕਿ ਕਿਥੋਂ ਸਮਾਨ ਆਇਆ ਤੇ ਕਿਧਰ ਗਿਆ। ਜੇ ਅਸੀਂ ਅੱਜ ਡਰੱਗਜ਼ ਨੂੰ ਕੰਟਰੋਲ ਕਰਨ ਵਿੱਚ ਸਕਸੈੱਸਫੁਲ ਹੋਏ ਹਾਂ ਉਹ ਤਾਂ ਹੀ ਹੋਏ ਹਾਂ ਜੇ ਅਸੀਂ ਸੋਰਸ ਤੇ ਗਏ ਹਾਂ ਕਿ ਉਸ ਨੇ ਕਿਥੋਂ ਲਿਆਂਦਾ ਤੇ ਅੱਗੇ ਕਿਸ ਨੂੰ ਦਿੱਤਾ, ਪਿਛੇ ਕਿੱਥੇ ਗਿਆ, ਇਹ ਸਭ ਕੁਝ ਕਰਕੇ ਅਸੀਂ ਸਕਸੈੱਸਫੁਲ ਹੋਏ ਹਾਂ।

ਸਪੀਕਰ ਸਾਹਿਬ, ਜੇ ਮੈਂ ਤੁਹਾਨੂੰ ਪੰਜਾਬ ਪੁਲਿਸ ਦਾ ਟਰੈਕ ਰਿਕਾਰਡ ਦੱਸਣਾ ਚਾਹੁੰਦਾ ਹਾਂ, ਭਾਵੇਂ ਆਪਾਂ ਪੰਜਾਬ ਪੁਲਿਸ ਨੂੰ ਬਦਨਾਮ ਕਰੀ ਜਾਂਦੇ ਹਾਂ, ਜਿੰਨਾ ਕੰਮ ਡਰੱਗਜ਼ ਦੇ ਖਿਲਾਫ ਪੰਜਾਬ ਪੁਲਿਸ ਨੇ ਕੀਤਾ ਹੈ, ਕਿਸੇ ਨੇ ਨਹੀਂ ਕੀਤਾ। ਭਾਵੇਂ ਕਿ ਇਹ ਰਿਸਪਾਂਸੀਬਿਲਟੀ ਗੌਰਮਿੰਟ ਆਫ ਇੰਡੀਆ ਦੀ ਸੀ, ਪੰਜਾਬ ਕੋਈ ਡਰੱਗਜ਼ ਪ੍ਰੋਡਿਊਸ ਨਹੀਂ ਕਰਦਾ। ਸਾਰੀਆਂ ਡਰੱਗਜ਼ 100% ਬਾਹਰੋਂ ਆਉਂਦੀਆਂ ਹਨ। ਪੰਜਾਬ ਟਰਾਂਜਿਟ ਰੂਟ ਹੈ। ਗੌਰਮਿੰਟ ਆਫ ਇੰਡੀਆ ਦੀ ਫਸਟ ਪ੍ਰੀਆਰਟੀ ਸੀ.ਬੀ.ਆਈ. ਹੈ। ਸੀ.ਬੀ.ਆਈ. ਅੱਜ ਤੱਕ ਇੰਡੀਆ ਵਿੱਚ ਕਿਤੇ ਵੀ ਡਰੱਗਜ਼ ਇਸ਼ੂਜ਼ ਦੀ ਇਨਵੈਸਟੀਗੇਸ਼ਨ ਨਹੀਂ ਕਰਦੀ। ਜੇ ਇਨਵੈਸਟੀਵੇਸ਼ਨ ਕਰਦੀ ਹੈ, ਇਨ੍ਹਾਂ ਦਾ ਨਾਰਕੋਟਿਕਸ ਬੋਰਡ ਬਣਾਇਆ ਹੋਇਆ ਹੈ, which is responsible for going after drug push-overs and drug claims. ਫਿਰ ਇਨ੍ਹਾਂ ਨੇ ਡੀ.ਆਰ.ਆਈ. ਬਣਾਇਆ ਹੈ which

[ਉਪ ਮੁੱਖ ਮੰਤਰੀ]

goes into that, ਬੀ.ਐਸ.ਐਫ. ਦੀ ਡਿਊਟੀ ਲਗਾਈ ਹੈ। ਪਰ ਜੇ ਅੱਜ ਤੱਕ ਵੀ ਉਨ੍ਹਾਂ ਦਾ ਰਿਕਾਰਡ ਦੇਖੋ, ਜਿੰਨਾ ਮਾਲ ਤੇ ਹੈਰੋਇਨ ਪੰਜਾਬ ਵਿੱਚ ਆਇਆ ਹੈ, ਮੈਂ ਤੁਹਾਨੂੰ ਕੱਲ੍ਹ ਨੂੰ ਡਿਟੇਲ ਦੇ ਦੇਵਾਂਗਾ, ਮੈਂ ਅੱਜ ਜ਼ਿਆਦਾ ਨਹੀਂ ਦੱਸਣਾ ਚਾਹੁੰਦਾ, ਕੱਲ੍ਹ ਨੂੰ ਸਾਰੀ ਡਿਟੇਲ ਤੁਹਾਡੇ ਸਾਹਮਣੇ ਰੱਖ ਦੇਵਾਂਗਾ। ਜੋ ਕੰਮ ਗੌਰਮਿੰਟ ਆਫ ਇੰਡੀਆ ਦੀਆਂ ਏਜੰਸੀਆਂ ਨੇ ਕਰਨਾ ਸੀ, 90% ਉਹ ਕੰਮ ਪੰਜਾਬ ਪੁਲਿਸ ਕਰ ਰਹੀ ਹੈ। ਇਹ ਜਿਹੜਾ ਬੰਦਾ ਫੜਿਆ ਹੈ ਜਿਸ ਬਾਰੇ ਥੋੜ੍ਹਾ ਜਿਹਾ ਦੱਸਿਆ ਹੈ, ਇਹ ਪੰਜਾਬ ਵਿੱਚੋਂ ਨਹੀਂ ਫੜਿਆ ਸਗੋਂ ਜਾ ਕੇ ਸਿਰਸਾ ਤੋਂ ਫੜਿਆ ਗਿਆ ਹੈ। ਕਈ ਬੰਦੇ ਦਿੱਲੀਉਂ ਜਾ ਕੇ ਫੜੇ ਹਨ। ਹੁਣ ਇਹ ਜਦੋਂ ਸਿਰਸੇ ਤੋਂ ਜਾ ਕੇ ਫੜਿਆ ਹੈ, ਫਿਰ ਪੁੱਛਿਆ ਕਿ ਸੋਰਸ ਕਿਥੋਂ ਹੈ ਤਾਂ ਪਤਾ ਲੱਗਿਆ ਕਿ ਉਹ ਮੱਧ ਪ੍ਰਦੇਸ਼ ਤੋਂ ਲੈ ਕੇ ਆਉਂਦਾ ਸੀ। ਇਹ ਜਿਹੜਾ ਗੁਰਲਾਲ ਸਿੰਘ ਹੈ, ਆਪਣੇ ਨਾਰਥ ਇੰਡੀਆ ਦੇ ਮਾਲਵਾ ਬੈਲਟ ਦੀ ਡਰੱਗਜ਼ ਦਾ ਸਭ ਤੋਂ ਵੱਡਾ ਸਪਲਾਇਰ ਇਹ ਸੀ। ਜੋ ਮੈਨੂੰ ਥੋੜ੍ਹਾ ਜਿਹਾ ਪਤਾ ਲੱਗਿਆ ਹੈ। ਅੱਜ ਥੋੜ੍ਹਾ ਜਿਹਾ ਡੀ.ਜੀ.ਪੀ. ਸਾਹਿਬ ਨੇ ਆ ਕੇ ਮੈਨੂੰ ਪੰਜ ਕੁ ਮਿੰਟ ਵਿੱਚ ਦੱਸਿਆ ਹੈ। ਸਭ ਤੋਂ ਵੱਡਾ ਭਾਵ ਕਿ ਮੇਨ ਸਪਲਾਇਰ ਹੀ ਇਹ ਸੀ। ਅਸੀਂ ਇਸ ਨੂੰ ਹਰਿਆਣਾ ਤੋਂ ਫੜਿਆ ਹੈ। ਹਰਿਆਣਾ ਦੀ ਪੁਲਿਸ ਇੰਨੀ ਦੇਰ ਕੀ ਕਰ ਰਹੀ ਸੀ? ਇਹ ਰਹਿੰਦਾ ਹਰਿਆਣਾ ਵਿੱਚ ਸੀ। ਜਿਹੜੇ ਅਸੀਂ ਹੋਰ ਫੜੇ ਹਨ, ਕੋਈ ਕਰਨਾਲ ਕੋਲੋਂ ਫੜਿਆ ਹੈ, ਕੋਈ ਦਿੱਲੀਉਂ ਫੜਿਆ ਹੈ, ਕੋਈ ਯੂ.ਪੀ. ਜਾ ਕੇ ਫੜਿਆ ਹੈ। ਇਨ੍ਹਾਂ ਨੂੰ ਪੰਜਾਬ ਪੁਲਿਸ ਹੀ ਜਾ ਕੇ ਫੜ ਰਹੀ ਹੈ। ਦਿੱਲੀ ਦਾ ਤਾਂ ਕੋਈ ਕੰਮ ਹੀ ਹੈ ਨਹੀਂ। ਦੂਜੀ ਗੱਲ, ਆਪਾਂ ਕਹਿੰਦੇ ਹਾਂ ਕਿ ਪੰਜਾਬ ਪੁਲਿਸ ਝੂਠੇ ਕੇਸ ਬਣਾਉਂਦੀ ਹੈ। ਮੈਂ ਡਾਟਾ ਕਢਵਾਇਆ ਹੈ, ਜਿਹੜਾ ਮੈਂ ਕੱਲ੍ਹ ਦੇਣਾ ਸੀ ਪਰ ਕਿਉਂਕਿ ਇਨ੍ਹਾਂ ਨੇ ਅੱਜ ਇਸ਼ੂ ਰੇਜ਼ ਕਰ ਦਿੱਤਾ ਹੈ। ਪੰਜਾਬ ਪੁਲਿਸ ਦੇ ਕਨਵਿਕਸ਼ਨ ਰੇਟ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ, I am talking about only drugs, ਮੈਂ ਸਿਰਫ ਡਰੱਗਜ਼ ਤੇ ਗੱਲ ਕਰ ਰਿਹਾ ਹਾਂ, ਹੋਰ ਕਿਸੇ ਇਸ਼ੂ ਤੇ ਨਹੀਂ। ਸਾਲ 2002 ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਪਹਿਲਾਂ ਬਹੁਤ ਹੀ ਘੱਟ ਡਰੱਗਜ਼ ਫੜਦੇ ਹੁੰਦੇ ਸੀ। ਪੰਜਾਬ ਪੁਲਿਸ ਦਾ ਕਨਵਿਕਸ਼ਨ ਰੇਟ ਉਦੋਂ 47% ਸੀ। ਲਾਸਟ ਈਅਰ ਕਨਵਿਕਸ਼ਨ ਰੇਟ 80.5% ਰਿਹਾ ਹੈ। ਇਸ ਸਾਲ 81.2% ਹੈ, ਸਾਲ 2012 ਵਿੱਚ ਇਹ ਰੇਟ 73% ਸੀ। ਜੇ ਅਸੀਂ 10-10 ਹਜ਼ਾਰ ਬੰਦੇ ਫੜੇ ਹਨ, ਕਨਵਿਕਸ਼ਨ ਰੇਟ ਵੀ ਜੇਕਰ 73% ਹੈ ਤਾਂ ਇਹ ਵੀ ਸ਼ੋਅ ਕਰਦਾ ਹੈ, ਹੁਣ ਇਸ ਤਰ੍ਹਾਂ ਤਾਂ ਕਹਿ ਨਹੀਂ

ਸਕਦੇ ਕਿ ਜੁਡੀਸ਼ਰੀ ਨੇ ਵੀ ਗਲਤ ਕੀਤਾ ਹੈ। ਕੀ ਹੁਣ ਤੁਸੀਂ ਇਹ ਕਹੋਗੇ ਕਿ ਜੁਡੀਸ਼ਰੀ ਵਿੱਚ ਵੀ ਗਲਤ ਹੋ ਰਿਹਾ ਹੈ? ਡਰੱਗਜ਼ ਪੁਲਿਸ ਫੜਦੀ ਹੈ, ਬਾਕੀ ਤਾਂ ਜੁਡੀਸ਼ਰੀ ਵੇਖਦੀ ਹੈ ਕਿ ਜੋ ਹੋਇਆ ਹੈ, ਇਹ ਸਹੀ ਹੋਇਆ ਹੈ ਕਿ ਨਹੀਂ ਹੋਇਆ। ਪਰ ਹੁਣ ਆਪਾਂ ਨੇ ਇੱਕ ਮਨ ਬਣਾ ਲਿਆ ਹੈ। ਜੇ ਆਪਣੇ ਤੇ ਹੋ ਜਾਵੇ ਤਾਂ ਆਪਾਂ ਟ੍ਰਸਟ (Trust) ਨਹੀਂ ਕਰਦੇ । ਦੂਜੇ ਤੇ ਹੋ ਜਾਵੇ ਤਾਂ ਆਪਾਂ ਕਹਿਣ ਲੱਗ ਪੈਂਦੇ ਹਾਂ। Let the law take its own course, and I assure this House that if he is not guilty, nobody will touch him. ਅਸੀਂ ਕਿਸੇ ਨਾਲ ਧੱਕਾ ਨਹੀਂ ਕਰਾਂਗੇ, ਸਾਡਾ ਅਸੂਲ ਹੀ ਧੱਕਾ ਕਰਨ ਦਾ ਨਹੀਂ ਹੈ। I cannot say anything now. I cannot give him clean chit as a Home Minister. ਨਾ ਹੁਣ ਜਾਖੜ ਸਾਹਿਬ ਦੇ ਸਕਦੇ ਹਨ, ਨਾ ਹੀ ਮੈਂ ਦੇ ਸਕਦਾ ਹਾਂ ਕਿਉਂਕਿ ਇਨਵੈਸਟੀਗੇਸ਼ਨ ਹੋਈ ਨਹੀਂ। Let the investigation take place ਜੇ ਕੋਈ ਇਨਵੈਸਟੀਗੇਸ਼ਨ ਵਿੱਚ ਗਿਲਟੀ ਨਹੀਂ ਸਾਬਤ ਹੁੰਦਾ ਤਾਂ why does he need to worry. ਜੇ ਕੋਈ ਇਸ਼ੂ ਆਇਆ ਹੈ, ਕਿਸੇ ਨੇ ਕਿਹਾ ਹੈ, investigation is going on. It is too premature for me or anyone to say, to come out with a decision. ਕਿ ਇਹ ਇੰਨੋਸੈਂਟ ਹੈ ਤੇ ਦੂਜਾ ਗਿਲਟੀ ਹੈ। whatever it is, let the Police do its work. They have done good work, let them continue with this.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ : ਸਪੀਕਰ ਸਾਹਿਬ, ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਜੀ। ਸਪੀਕਰ ਸਾਹਿਬ, I want to ask one thing, ਮੈਨੂੰ ਇੱਕ ਗੱਲ ਦੀ ਜ਼ਰੂਰ ਇੱਥੇ ਜਾਂ ਤਾਂ ਜਾਖੜ ਸਾਹਿਬ ਤਸੱਲੀ ਕਰਵਾਉਣ ਜਾਂ ਤੁਸੀਂ ਕਰਵਾ ਦਿਉ ਕਿ ਦੇਸ਼ ਵਿੱਚ ਇੱਕ ਕਾਨੂੰਨ ਹੈ। ਜਿਵੇਂ ਇਹ ਮਹਿਸੂਸ ਕਰ ਰਹੇ ਹਨ ਕਿ ਇਨ੍ਹਾਂ ਨਾਲ ਬੇਇਨਸਾਫੀ ਹੋਈ ਹੈ। ਕਿਸੇ ਨਾਲ ਵੀ ਬੇਇਨਸਾਫੀ ਹੋਵੇ ਤਾਂ ਇਸਦੀ ਇਨਕੁਆਇਰੀ ਹੋਵੇ। ਇਸ ਤੋਂ ਬਾਅਦ ਉਹ ਕਿੱਥੇ ਜਾਂਦਾ ਹੈ ਜੀ? ਉਹ ਜੁਡੀਸ਼ਰੀ ਕੋਲ ਜਾਂਦਾ ਹੈ। ਜੁਡੀਸ਼ਰੀ ਫੈਸਲਾ ਕਰਦੀ ਹੈ ਅਤੇ ਜੁਡੀਸ਼ਰੀ ਦੇ ਵੀ ਵੱਖਰੇ ਵੱਖਰੇ ਲੈਵਲ ਹਨ। ਹਿੰਦੁਸਤਾਨ ਵਿੱਚ ਦੋ ਤਰ੍ਹਾਂ ਦੀਆਂ ਕਚਹਿਰੀਆਂ ਮੰਨੀਆਂ ਜਾਂਦੀਆਂ ਹਨ, ਇੱਕ ਜੁਡੀਸ਼ਰੀ ਦੀ ਕਚਹਿਰੀ ਹੈ ਅਤੇ ਦੂਜੀ ਲੋਕਾਂ ਦੀ ਕਚਹਿਰੀ ਹੈ। ਸਪੀਕਰ ਸਾਹਿਬ, ਮੇਰਾ ਕੇਸ ਦੋਵੇਂ ਕਚਹਿਰੀਆਂ ਵਿੱਚ ਗਿਆ ਹੈ। ਨਾ ਉਸ ਗੱਲ ਨੂੰ ਕੋਈ ਮੰਨਦਾ ਹੈ, ਨਾ ਦੂਜੀ ਗੱਲ ਨੂੰ। ਲੋਕਾਂ ਦੀ ਕਚਹਿਰੀ

[ਮਾਲ ਤੇ ਮੁੜ ਵਸੇਬਾ ਮੰਤਰੀ]

ਵਿੱਚ ਮੈਂ 21000 ਵੋਟਾਂ ਨਾਲ ਪਾਰਲੀਮੈਂਟ ਦੀ ਸੀਟ ਫਿਰ ਜਿੱਤ ਕੇ ਆਇਆ ਹਾਂ। ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਭਾਵੇਂ ਐਮ.ਪੀ. ਬਣੇ ਹਨ ਮਗਰ 21000 ਵੋਟਾਂ ਨਾਲ ਮਜੀਠੇ ਤੋਂ ਹਾਰ ਕੇ ਆਏ ਹਨ, ਉਸ ਫੈਸਲੇ ਨੂੰ ਵੀ ਕੋਈ ਨਹੀਂ ਮੰਨਦਾ। ਮੇਰੇ ਕਹਿਣ ਦਾ ਭਾਵ ਹੈ ਕਿ ਜ਼ਰੂਰ ਇਸ ਗੱਲ ਤੇ ਫੈਸਲਾ ਕੀਤਾ ਜਾਵੇ ਕਿ ਕੋਈ ਕਾਨੂੰਨ, ਕੋਈ ਪ੍ਰੋਸੈਸ ਇਸ ਸਬੰਧ ਵਿੱਚ ਪੰਜਾਬ ਦੀ ਵਿਧਾਨ ਸਭਾ ਵੀ ਕਰੇਗੀ ਜਾਂ ਫਿਰ ਜਿਸ ਦਾ ਮਨ ਕਰੇਗਾ ਉਹੀ ਉੱਠ ਕੇ ਜਿਹੜੀ ਮਰਜ਼ੀ ਗੱਲ ਕਰ ਦੇਵੇ ਅਤੇ ਸਫਾਈਆਂ ਦੇਣ ਵਾਲਾ ਸਫਾਈਆਂ ਦਿੰਦਾ ਰਹੇ। ਜਿਸ ਤਰ੍ਹਾਂ ਰਾਜਾ ਵੜਿੰਗ ਗੱਲ ਕਰਦਾ ਹੈ ਮੇਰੇ ਵੀ ਨਿੱਕੇ ਨਿੱਕੇ ਨਿਆਣੇ ਹਨ, ਉਹ ਜਦੋਂ ਸਕੂਲ ਜਾਣਗੇ ਅਤੇ ਉਨ੍ਹਾਂ ਨੂੰ ਕੋਈ ਗੱਲ ਕਹਿ ਦੇਵੇ ਤਾਂ ਸਾਡੇ ਸੀਨੇ ਵਿੱਚ ਉਹ ਗੱਲ ਕਿੰਝ ਲੱਗਦੀ ਹੈ, ਉਹ ਸਾਰਿਆਂ ਨੂੰ ਪਤਾ ਹੈ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਮੇਰੀ ਬੇਨਤੀ ਹੈ ਕਿ ਜੁਡੀਸ਼ੀਅਲ ਪ੍ਰੋਸੈਸ ਤੇ ਭਰੋਸਾ ਕਰੋ, ਜੇਕਰ ਤੁਸੀਂ ਕੋਰਟ ਨੂੰ ਇੰਡੀਪੈਂਡੰਟ ਪ੍ਰੋਸੈਸ ਮੰਨਦੇ ਹੋ ਤਾਂ ਉਸ ਦੇ ਫੈਸਲੇ ਦੀ ਉਡੀਕ ਕਰੋ। ਮੈਂ ਧੰਨਵਾਦੀ ਹਾਂ ਕੈਪਟਨ ਅਮਰਿੰਦਰ ਸਿੰਘ ਦਾ, ਭਾਵੇਂ ਕਿ ਮੇਰੇ ਉਨ੍ਹਾਂ ਨਾਲ ਬਹੁਤ ਫਰਕ ਰਹੇ ਹਨ। ਉਨ੍ਹਾਂ ਨੇ ਵੀ ਕੁਝ ਦਿਨ ਪਹਿਲਾਂ ਬਿਆਨ ਦਿੱਤਾ ਹੈ ਕਿ this is unfair to talk about Majithia but I think it is very little and it is too late. Although ਜਿਹੜੀ ਯੁਨੈਨੀਮਿਟੀ ਉਨ੍ਹਾਂ ਨੇ ਦਿਖਾਈ ਹੈ, ਮੈਂ ਉਸ ਗੱਲ ਲਈ ਉਨ੍ਹਾਂ ਦੀ ਇੱਜ਼ਤ ਕਰਦਾ ਹਾਂ। ਮੇਰੀ ਬੇਨਤੀ ਹੈ ਕਿ ਅੱਜ ਇੱਕ ਦਾ ਨਾਂ ਲੱਗ ਗਿਆ ਕੱਲ੍ਹ ਨੂੰ ਕਿਸੇ ਹੋਰ ਦਾ ਲੱਗ ਜਾਵੇਗਾ।ਆਪਾਂ ਵੋਟਾਂ ਲੈਣ ਵਾਲੇ ਬੰਦੇ ਹਾਂ। ਸਾਨੂੰ ਆਪਣੇ ਨਾਲ ਖੜ੍ਹੇ ਬੰਦੇ ਦਾ ਨਹੀਂ ਪਤਾ ਹੁੰਦਾ ਕਿ ਜਿਹੜਾ ਫੋਟੋ ਖਿਚਵਾ ਰਿਹਾ ਹੁੰਦਾ ਹੈ ਕਿ ਉਸ ਨੇ ਕੀ ਕੀਤਾ ਹੈ। ਨਾ ਆਪਣੇ ਕੋਲ ਕੋਈ ਥਰਮਾਮੀਟਰ ਹੈ, ਜਿਸ ਨਾਲ ਪਤਾ ਲਗ ਜਾਵੇਗਾ ਕਿ ਕੌਣ ਕੀ ਕੰਮ ਕਰਦਾ ਹੈ। ਤੁਸੀਂ ਗੁੱਸਾ ਨਾ ਕਰਿਓ ਪਰ ਇਹ ਮਜ਼ਾਕ ਬਣ ਕੇ ਰਹਿ ਗਿਆ ਹੈ without any proof, any conclusive evidence, we are painting everybody in one colour ਇਸ ਨਾਲ ਪੰਜਾਬ ਦੀ ਅਤੇ ਸਾਰੇ ਸਿਆਸੀ ਲੋਕਾਂ ਦੀ ਮਿੱਟੀ ਪਲੀਤ ਹੋ ਗਈ ਹੈ। ਤੁਸੀਂ ਕਹਿ ਰਹੇ ਹੋ ਕਿ ਕਿਹੋ ਜਿਹੇ ਦਿਨ ਦੇਖਣੇ ਪੈ ਗਏ ਹਨ। ਇਹ ਕੇਵਲ ਸਾਨੂੰ ਹੀ ਮਾੜੇ ਦਿਨ ਨਹੀਂ ਦੇਖਣੇ ਪੈ ਰਹੇ, ਇਹ ਕਾਂਗਰਸ ਦੀਆਂ ਸੀਟਾਂ ਵੀ ਦੇਖ ਲਓ ਕਿਥੇ ਚਲੀਆਂ ਗਈਆਂ। ਇਹ ਲੋਕਾਂ ਦਾ ਹੀ ਵਿਸ਼ਵਾਸ ਉੱਠਦਾ ਜਾ ਰਿਹਾ ਹੈ। ਕਿਉਂਕਿ the way, to gain political

brownie points, we are treating each other. ਸੋ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ It is not about Raja Warring's family alone and it is not about me ਕੁਝ ਦਿਨ ਪਹਿਲਾਂ ਮੇਰੇ ਨਾਲ ਹੋਈ ਹੈ, ਅੱਜ ਇਨ੍ਹਾਂ ਨਾਲ ਹੋ ਗਈ ਹੈ। ਜਿਸ ਰਫਤਾਰ ਨਾਲ ਇਹ ਗੱਡੀ ਚੱਲ ਰਹੀ ਹੈ, ਇਸ ਦੀ ਕੋਈ ਖੁਸ਼ੀ ਨਾ ਮਨਾਵੇ, ਕਿਸੇ ਦਾ ਵੀ ਕੋਈ ਵੀ ਉਠ ਕੇ ਨਾਮ ਲੈ ਲੈਂਦਾ ਹੈ। ਜਿਹੜੇ ਉਠ ਕੇ ਨਾਮ ਲੈ ਲੈਂਦੇ ਹਨ, ਮੈਂ ਤਾਂ ਕਹਿੰਦਾ ਹਾਂ ਕਿ ਪਹਿਲਾਂ ਇਨ੍ਹਾਂ ਨੂੰ ਪੇਸ਼ ਕਰੋ, ਇਹ ਪਹਿਲਾਂ ਸੁੱਤੇ ਪਏ ਸੀ, ਇੰਨੇ ਵੱਡੇ ਅਫਸਰ ਹੋ ਕੇ ਇਹ ਕੀ ਕਰਦੇ ਸੀ। ਸਪੀਕਰ ਸਾਹਿਬ, ਹਰ ਗੱਲ ਦਾ ਮਜ਼ਾਕ ਬਣ ਕੇ ਰਹਿ ਗਿਆ ਹੈ। If we want to show seriousness, it should not be one sided on one issue, and we should be serious alert to law ਜਿਹੜਾ ਸਾਡੇ ਦੇਸ਼ ਵਿੱਚ ਰੂਲ ਆਫ ਲਾਅ ਹੈ, ਉਸ ਦਾ ਵੀ ਸਤਿਕਾਰ ਕਰੋ। ਬੜੀ ਮਿੱਟੀ ਪਲੀਤ ਹੋਈ ਹੈ। ਰਾਜਾ ਵੜਿੰਗ ਜੀ, ਤੁਹਾਡੇ ਤਾਂ ਦੋ ਦਿਨਾਂ ਵਿੱਚ ਹੰਝੂ ਨਿਕਲ ਗਏ, ਮੈਨੂੰ ਤਾਂ 6 ਮਹੀਨੇ ਹੋ ਗਏ। ਜਿਵੇਂ ਮੇਰੇ ਬਾਰੇ ਬੋਲਿਆ ਗਿਆ ਹੈ, ਤੁਹਾਡੇ ਤੋਂ ਕੁਝ ਲੁਕਿਆ ਨਹੀਂ। ਮੈਂ ਕਦੇ ਸੁਪਨੇ ਵਿੱਚ ਵੀ ਕਿਸੇ ਤੋਂ ਘਬਰਾਇਆ ਨਹੀਂ ਪਰ ਜੋ ਮੇਰੇ ਨਾਲ ਹੋਈ, ਉਹ ਤੁਹਾਨੂੰ ਪਤਾ ਹੈ। ਸਪੀਕਰ ਸਾਹਿਬ, ਇੱਕ ਮਿੰਟ ਵਿੱਚ ਹੀ ਰਗੜਾ ਲਗ ਜਾਂਦਾ ਹੈ। ਸੋ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਸੰਵੇਦਨਸ਼ੀਲ ਮੁੱਦੇ ਨੂੰ ਉਸ ਦੀ ਸੰਵੇਦਨਸ਼ੀਲਤਾ ਨੂੰ ਸਮਝਦੇ ਹੋਏ ਉਸ ਹਿਸਾਬ ਨਾਲ ਹੀ ਨਜਿੱਠਿਆ ਜਾਵੇ।

ਮਾਨਯੋਗ ਸਪੀਕਰ : ਮੈਂ ਇੱਕ ਬੇਨਤੀ ਕਰ ਦਿਆਂ ....(ਵਿਘਨ.ਸ਼ੋਰ)

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਮੈਂ ਕਿਸੇ ਦੇ ਖਿਲਾਫ ਗੱਲ ਨਹੀਂ ਕਰਨੀ, ਮੈਂ ਜਨਰਲ ਗੱਲ ਕਰਨੀ ਹੈ। ਜਿਥੋਂ ਤੱਕ ਪੰਜਾਬ ਪੁਲਿਸ ਦਾ ਡਰੱਗ ਦਾ ਮਾਮਲਾ ਹੈ। ਪੰਜਾਬ ਪੁਲਿਸ ਦਾ ਰੋਲ ਬਹੁਤ ਸ਼ਲਾਘਾਯੋਗ ਹੈ। ਚਾਹੇ ਅੱਤਵਾਦ ਦਾ ਮਾਮਲਾ ਹੈ, ਉਸ ਸਮੇਂ ਵੀ ਪੰਜਾਬ ਪੁਲਿਸ ਦਾ ਰੋਲ ਸ਼ਲਾਘਾਯੋਗ ਰਿਹਾ। ਡਿਪਟੀ ਮੁੱਖ ਮੰਤਰੀ ਸਾਹਿਬ ਨੇ ਜੋ ਕਿਹਾ ਮੈਂ ਉਸ ਨਾਲ ਸਹਿਮਤ ਹਾਂ। ਪਰ ਸਪੀਕਰ ਸਾਹਿਬ, ਜਿਸ ਤਰੀਕੇ ਨਾਲ, ਤੁਸੀਂ ਆਪ ਕਿਹਾ ਹੈ ਕਿ ਅਜੇ ਇੰਨਕੁਆਰੀ ਪ੍ਰੀ-ਮੈਚਿਉਰਡ ਹੈ, ਜਿਸ ਤਰੀਕੇ ਨਾਲ ਐਸ.ਐਸ.ਪੀ ਮਾਨਸਾ ਨੇ ਪ੍ਰੈਸ ਕਾਨਫਰੰਸ ਕਰਕੇ ਐਮ.ਐਲ.ਏ. ਦਾ ਨਾਮ ਕੋਟ ਕੀਤਾ ਹੈ, ਕੀ ਇਹ ਠੀਕ ਹੈ? ਇਹ ਬਹੁਤ ਸੀਰੀਅਸ ਮਸਲਾ ਹੈ। ਕੀ ਐਸ.ਐਸ.ਪੀ. ਪ੍ਰੈਸ ਕਾਨਫਰੰਸ

[ਸਰਦਾਰ ਲਾਲ ਸਿੰਘ]

ਕਰਕੇ ਜਿਸ ਮਰਜ਼ੀ ਦਾ ਨਾਂ ਲੈ ਸਕਦਾ ਹੈ? ਉਸ ਦਾ ਫਰਜ਼ ਬਣਦਾ ਸੀ, ਤੁਹਾਡੇ ਨਾਲ ਗੱਲ ਕਰਦਾ, ਡੀ.ਜੀ.ਪੀ. ਨਾਲ ਗੱਲ ਕਰਦਾ। ਪਰ ਇੰਨਕੁਆਰੀ ਦੀ ਫਸਟ ਸਟੇਜ ਵਿੱਚ ਹੀ ਐਸ.ਐਸ.ਪੀ. ਇੱਕ ਐਮ.ਐਲ.ਏ. ਨੂੰ ਕਟਿਹਰੇ ਵਿੱਚ ਖੜ੍ਹਾ ਕਰੇ, ਕੀ ਇਹ ਠੀਕ ਹੈ? ਸਪੀਕਰ ਸਾਹਿਬ, ਮੇਰੀ ਮੰਗ ਹੈ ਕਿ ਉਸ ਐਸ.ਐਸ.ਪੀ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਬੜਾ ਇੰਪਾਰਟਮੈਂਟ ਮਸਲਾ ਹੈ। ਵੜਿੰਗ ਸਾਹਿਬ ਨੇ ਆਪਣੇ ਬਿਆਨ ਵਿੱਚ ਇਹ ਗੱਲ ਕਹੀ ਹੈ ਕਿ ਮੈਂ ਕੇਵਲ ਰਾਜਨੀਤੀ ਤੋਂ ਰਿਟਾਇਰ ਨਹੀਂ ਹੋਵਾਂਗਾ ਮੈਂ ਤਾਂ ** **। ਸਪੀਕਰ ਸਾਹਿਬ, ਇਹ ਬਿਆਨ ਠੀਕ ਕਰ ਦਿਉ। ਇਹ ਰਿਕਾਰਡ ਵਿੱਚ ਨਹੀਂ ਆਉਣਾ ਚਾਹੀਦਾ It should not be recorded ਕਿ ** ** ਇਹ ਗਲਤ ਸ਼ਬਦ ਹੈ। ਦੂਸਰੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਡਰੱਗਜ਼ ਤੇ ਬਹੁਤ ਸਾਰੀ ਡਿਬੇਟ ਹੋਈ ਹੈ। ਅਸੀਂ ਸਾਰੇ ਬੜੇ ਚਿੰਤਤ ਮਹਿਸੂਸ ਕਰ ਰਹੇ ਹਾਂ ਕਿ ਐਮ.ਐਲ.ਏ. ਦੇ ਨਾਮ ਪੁਲਸ ਨੇ ਕਿਉਂ ਲੈ ਲਏ। ਇਹ ਬੜੀ ਅੱਛੀ ਗੱਲ ਹੈ ਕਿ ਸਾਰਿਆਂ ਨੇ ਕੰਨਸਰਨ ਮਹਿਸੂਸ ਕੀਤਾ ਹੈ, ਭਾਵੇਂ ਲੇਟ ਮਹਿਸੂਸ ਕੀਤਾ ਹੈ ਪਰ ਇਹ ਸਾਡੇ ਸਾਰਿਆਂ ਤੇ ਲਾਗੂ ਹੁੰਦਾ ਹੈ। ਜੇ ਅਸੀਂ ਇੱਕ ਦੂਜੇ ਨੂੰ ਨਾ ਨਿੰਦੀਏ ਤਾਂ ਪਬਲਿਕ ਨਹੀਂ ਨਿੰਦਦੀ। ਜਦੋਂ ਅਸੀਂ ਖੜ੍ਹੇ ਹੁੰਦੇ ਹਾਂ ਤਾਂ ਅਸੀਂ ਵੀ ਦੋਸ਼ ਲਗਾਉਣ ਨੂੰ ਦੇਰ ਨਹੀਂ ਲਗਾਉਂਦੇ। ਮਜੀਠੀਆ ਜੀ ਖੜ੍ਹੇ ਹੋ ਕੇ ਬਿਲਕੁਲ ਠੀਕ ਕਹਿ ਰਹੇ ਸਨ ਕਿ 6 ਮਹੀਨੇ ਇਨ੍ਹਾਂ ਨੂੰ ਕਿਸੇ ਨੇ ਜਿਊਣ ਨਹੀਂ ਦਿੱਤਾ ਅਤੇ ਉਹ ਵੀ ਸਿਰਫ ਰਾਜਨੀਤੀ ਵਾਸਤੇ, I think ਅਗਰ ਅਸੀਂ ਮੈਂਬਰ ਸਾਹਿਬਾਨ ਇੱਕ ਦੂਸਰੇ ਖਿਲਾਫ ਪੁਲੀਟੀਕਲ ਮਾਈਲੇਜ ਲੈਣ ਵਾਸਤੇ ਐਲੀਗੇਸ਼ਨ ਵੈਰੀਫਾਈ ਕਰਕੇ ਬੋਲੀਏ, I think things can be restored to a better extent. (ਵਿਘਨ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ : ਸਪੀਕਰ ਸਾਹਿਬ, ਇੱਕ ਲਾਸਟ ਪੁਆਇੰਟ ਹੈ। No intended hurt. ਸਪੀਕਰ ਸਾਹਿਬ, ਆਪਣੇ ਵਿੱਚ ਮਾੜੇ ਮੋਟੇ ਪੈੱਗ ਸ਼ੈੱਗ ਜਾਂ

**Expunged as per ruling dated 13.03.2013

ਕੋਈ ਹੋਰ ਕੁਝ ਕਰ ਲੈਣ ਵਾਲੇ ਵੀ ਹਨ ਪਰ ਮੈਂ ਤਾਂ ਕਦੇ ਉਹ ਵੀ ਨਹੀਂ ਕੀਤਾ। ਮੇਰੇ ਤੇ ਇਲਜ਼ਾਮ ਅਜਿਹੇ ਲਗਾ ਦਿੱਤੇ ਕਿ ਰਹੇ ਰੱਬ ਦਾ ਨਾਂ। ਨਾ ਮੇਰੇ ਬਜ਼ੁਰਗਾਂ ਨੂੰ ਨੀਂਦ ਆਉਂਦੀ ਹੈ। (ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ. ਏ. ਵੱਲ ਇਸ਼ਾਰਾ ਕਰਕੇ) ਹਾਲੇ ਭਰਾਵਾ ਤੇਰੇ ਬਜ਼ੁਰਗ ਮਾਤਾ ਪਿਤਾ ਇਹ ਗੱਲ ਦੇਖਣ ਨੂੰ ਨਹੀਂ, ਤੂੰ ਮੇਰੇ ਵੱਲ ਵੇਖੀ ਜਾ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਮਜੀਠੀਆ ਨਾਲ ਕੀ ਬਣੀ ਹੈ ਅਤੇ ਮੇਰੇ ਪਰਿਵਾਰ ਨਾਲ ਕੀ ਬਣੀ ਹੈ। My mother is on the verge of a nervous breakdown because of this issue. (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਬੋਲ ਲਿਆ ਹੈ, ਹੁਣ ਸਰਦਾਰ ਲਾਲ ਸਿੰਘ ਜੀ ਬੋਲਣ। (ਵਿਘਨ) (ਸ਼ੋਰ) Please sit down. ਸਰਦਾਰ ਤਰਲੋਚਨ ਸਿੰਘ ਜੀ ਬੈਠ ਜਾਉ। ਤੁਹਾਡਾ ਕੋਈ ਕੰਮ ਨਹੀਂ ਹੈ। (ਵਿਘਨ) ਹਾਂ ਜੀ, ਸਰਦਾਰ ਲਾਲ ਸਿੰਘ ਜੀ।

ਸਰਦਾਰ ਲਾਲ ਸਿੰਘ : ਤੁਹਾਡੇ ਸਾਹਮਣੇ ਉਸ ਨੇ ਕਿਹਾ ਹੈ ਕਿ ਉਪਰ ਗੱਲ ਕਰੋ। ਸਰਕਾਰ ਨੂੰ ਖੁਸ਼ ਕਰਨ ਵਾਸਤੇ ਜਾਂ ਕੋਈ ਮਾਹੌਲ ਬਣਾਉਣ ਵਾਸਤੇ ਜਾਂ ਕੋਈ ਇਸ਼ੂ ਬਣਾਉਣ ਵਾਸਤੇ ਕੀ ਲੋੜ ਸੀ ਕਿ ਉਹ ਕਹਿੰਦਾ ਕਿ ਉਪਰ ਗੱਲ ਕਰੋ। (ਵਿਘਨ) ਇਸ ਦਾ ਮਤਲਬ ਕੀ ਹੈ, ਇਸ ਤੋਂ ਕੀ ਸਮਝਿਆ ਜਾਵੇ, ਇਹ ਗੱਲ ਜ਼ਰਾ ਕਲੈਰੀਫਾਈ ਕਰਵਾ ਦਿਉ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਸ਼੍ਰੀ ਤਰਲੋਚਨ ਸਿੰਘ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਤਰਲੋਚਨ ਸਿੰਘ ਜੀ, ਤੁਸੀਂ ਬੈਠ ਜਾਉ। ਹਾਂ ਜੀ, ਜਾਖੜ ਸਾਹਿਬ। (ਵਿਘਨ) ਲਾਲ ਸਿੰਘ ਜੀ ਬੈਠ ਜਾਉ। This matter is very serious. ਬੈਠ ਜਾਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਆਨਰੇਬਲ ਡਿਪਟੀ ਸੀ.ਐਮ. ਸਾਹਿਬ ਨੇ ਅਤੇ ਮਨਿਸਟਰ ਸਾਹਿਬ ਨੇ ਅਤੇ ਸਾਡੇ ਮੈਂਬਰ ਸਾਹਿਬ ਨੇ ਵੀ ਕਿਹਾ ਹੈ ਕਿ If you would recall I have said that there cannot be two set of standards. ਇੱਕ ਸ਼ੇਅਰ ਹੈ, "ਹਰ ਸ਼ਖਸ਼ ਬਣਾ ਲੇਤਾ ਹੈ ਇਖਲਾਕ ਕਾ ਏਕ ਮਿਆਰ, ਆਪਣੇ ਲਿਏ ਔਰ ਔਰੋਂ ਕੇ ਲੀਏ ਕੁਛ ਔਰ।" ਸਾਡੇ ਵਾਲੇ ਬੰਦੇ ਦਾ ਨਾਂ ਆਇਆ, ਜਿਸ ਬਾਰੇ ਸਰਦਾਰ ਲਾਲ ਸਿੰਘ ਜੀ ਨੇ ਗੱਲ ਕੀਤੀ ਹੈ ਕਿ

[ਸ਼੍ਰੀ ਸੁਨੀਲ ਜਾਖੜ]

ਐਸ.ਐਸ.ਪੀ. ਪ੍ਰੈਸ ਕਾਨਫਰੰਸ ਕਰਦਾ ਹੈ। ਉਸ ਦੀ ਇੰਟੈਰੋਗੇਸ਼ਨ ਦੀ ਰਿਪੋਰਟ ਵੀ 'ਵਾਟਸ-ਐਪ' ਤੇ ਤੁਰੀ ਫਿਰਦੀ ਹੈ, ਜੇ ਕਹੋ ਤਾਂ ਤੁਹਾਨੂੰ ਵੀ ਭੇਜ ਦਿੰਦੇ ਹਾਂ। It is a public domain. ਉਹ ਭੇਜ ਰੱਖੀ ਹੈ। Speaker Sahib, this is not good. ਮੈਂ ਤਾਂ ਨਾ ਕਿਸੇ ਤੇ ਇਲਜ਼ਾਮ ਲਗਾਉਣ ਲੱਗਾ ਹਾਂ ਅਤੇ ਨਾ ਹੀ ਮੈਂ ਕਿਸੇ ਨੂੰ ਕਲੀਨ ਚਿੱਟ ਦੇਣ ਲੱਗਾ ਹਾਂ। Speaker Sahib, I can understand your hurt but if you would recall, ਇਸ ਹਾਊਸ ਵਿੱਚ ਮੇਰੇ ਖਿਲਾਫ ਕਿਸੇ ਨੇ ਇਲਜ਼ਾਮ ਲਗਾਇਆ ਸੀ ਕਿ ਸੁਨੀਲ ਤਾਂ ਕਲੀਨ ਚਿੱਟ ਦੇ ਆਇਆ। ਮੈਂ ਕਿਹਾ ਸੀ, I do not believe that you are involved in drug paddling, ਮੈਂ ਕਿਹਾ ਸੀ ਕਿ giving protection to those persons, knowingly ਕਿ ਉਹ ਮਾੜੇ, ਭੈੜੇ ਬੰਦੇ ਹਨ, ਮੈਂ ਕਿਹਾ ਸੀ ਕਿ ਭੈੜੇ-ਭੈੜੇ ਯਾਰ ਪ੍ਰੀਤੋ ਦੇ। ਸਾਰਿਆਂ ਨੇ ਕਿਹਾ ਸੀ ਕਿ ਗਲਤ ਬੋਲ ਰਹੇ ਹੋ। Only because of association with those people ਕਿ ਅਜਿਹੇ ਕੰਮ ਕਰਨ ਵਾਲਿਆਂ ਨੂੰ ਪੁਲੀਟੀਕਲ ਪੈਟਰਨੇਜ ਦੇਣ ਦਾ ਦੋਸ਼ ਤੁਹਾਡੇ ਤੇ ਲਗਾਇਆ ਸੀ। let there be a fair enquiry. ਇਸ ਵਿੱਚ ਜਿਸ ਐਸ.ਐਸ. ਪੀ. ਦਾ ਨਾਂ ਆ ਰਿਹਾ ਹੈ, he has very dubious background. ਉਸ ਨੂੰ 4 ਸਾਲ ਦੀ ਸਜ਼ਾ ਹੋਈ ਹੈ and still he has been promoted as SSP.

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਇੱਕ ਮਿੰਟ ਸੁਣ ਲਉ। Please correct your words. ਮੈਂ ਤੁਹਾਨੂੰ ਕਈ ਵਾਰ ਦੇਖਿਆ ਹੈ ਕਿ ਤੁਸੀਂ ਗੱਲ ਕਹਿ ਦਿੰਦੇ ਹੋ ਅਤੇ ਫੈਕਟਸ ਕੁਝ ਹੋਰ ਹੁੰਦੇ ਹਨ। ਫਿਰ ਤੁਸੀਂ ਚੁੱਪ ਕਰ ਜਾਂਦੇ ਹੋ। For your kind information ਜਿਸ ਨੂੰ ਸਜ਼ਾ ਹੋ ਜਾਂਦੀ ਹੈ, ਉਹ ਐਸ.ਐਸ.ਪੀ. ਨਹੀਂ ਰਹਿ ਸਕਦਾ। ਮੈਂ ਕਈ ਵਾਰ ਦੇਖਿਆ ਹੈ ਕਿ without facts, you keep on saying. (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ : ਸਪੀਕਰ ਸਾਹਿਬ, I want to ask something. In a way, I am sad, I am unhappy also ਕਿ ਇਨ੍ਹਾਂ ਦੇ ਦਰਦ ਤਾਂ ਹੋਈ। ਹੁਣ ਤੱਕ ਤਾਂ ਇਨ੍ਹਾਂ ਨੂੰ ਦਰਦ ਹੀ ਨਹੀਂ ਸੀ ਹੁੰਦੀ। ਪਤਾ ਨਹੀਂ ਤੁਹਾਡੀਆਂ ਰਗਾਂ ਵਿੱਚ ਕਿਹੜਾ ਖੂਨ ਦੌੜਦਾ ਹੈ। ਉਸਦਾ dubious ਰਿਕਾਰਡ ਤਾਂ ਤੁਸੀਂ ਧਿਆਨ ਵਿੱਚ ਲੈ ਆਂਦਾ ਹੈ। ਹੈ ਜਾਂ ਨਹੀਂ ਹੈ, I don't

know. ਪਰ ਭੋਲੇ ਦਾ ਤਾਂ ਪਿਛਲਾ ਬੜਾ ਵੰਡਰਫੁੱਲ ਰਿਕਾਰਡ ਹੈ ਨਾ? ਸਾਲ 2002 ਵਿੱਚ ਉਸ ਤੇ ਪਰਚਾ ਦਰਜ ਹੋਇਆ ਸੀ। ਜੇਕਰ ਮੈਂ ਉਸ ਦੇ ਰਿਕਾਰਡ ਦੀ ਗੱਲ ਕਰਨ ਲੱਗਾਂ ਤਾਂ ਕਿਥੋਂ ਉਸ ਨੂੰ ਫੜਿਆ, ਕਿੱਥੇ ਕੀ ਹੋਇਆ and I request you Jakhar Sahib .... (Intrruptions)... no, because you said patronage. Either you say if you are saying with conviction, please put it on record all these things, who are giving patronage. ਇਹ ਸਾਰਾ ਕੁਝ ਕੋਰਟ ਵਿੱਚ ਗਿਆ ਹੈ, each and everything, let me tell you, ਜਿਹੜੇ ਮੌਜੂਦਾ ਕਾਂਗਰਸ ਪ੍ਰਧਾਨ ਹਨ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ। ਉਸ ਨੇ ਮੇਰੇ ਉਤੇ ਕਿਸੇ ਤਰ੍ਹਾਂ ਦੀ ਕੋਈ ਚੈਰਿਟੀ ਨਹੀਂ ਕਰਨੀ। ਉਸਨੂੰ ਤਾਂ ਜਿਹੜਾ ਨਹੀਂ ਵੀ ਲੱਭਦਾ, ਉਹ ਵੀ ਉਸਨੇ ਮੇਰੇ ਖਿਲਾਫ ਲੱਭ ਕੇ ਲੈ ਜਾਣਾ ਹੈ ਪਰ ਆਪਾਂ ਕੋਰਟ ਦੀ ਟਿੱਪਣੀ ਨੂੰ ਮੰਨਾਂਗੇ ਜਾਂ ਨਹੀਂ ਮੰਨਾਂਗੇ? What is the conclusion ? I want to understand when you get up and make the statement. ਦਿੱਲੀ ਵਿੱਚ ਤੁਹਾਡੀ ਸਰਕਾਰ ਰਹੀ ਹੈ। ਪੰਜਾਂ ਏਜੰਸੀਆਂ ਨੇ ਉਸ ਦੀ ਪੁੱਛਗਿੱਛ ਕੀਤੀ । No agency has made any revelation. ਕੀ ਆਪਾਂ ਉਸ ਨੂੰ ਮੰਨਾਂਗੇ ਜਾਂ ਨਹੀਂ ਮੰਨਾਂਗੇ? ਸਪੀਕਰ ਸਾਹਿਬ, ਸਟੇਟਮੈਂਟ ਦੇਖੋ, 11 ਪੇਸ਼ੀਆਂ ਤੋਂ ਬਾਅਦ ਅਤੇ 1 ਸਾਲ 4 ਮਹੀਨੇ ਬਾਅਦ ਕੋਈ ਕਿਸੇ ਇੱਕ ਬੰਦੇ ਦਾ ਨਾਂ ਲੈ ਲੈਂਦਾ ਹੈ, ਜਦੋਂ ਨਾਂ ਲੈਂਦਾ ਹੈ ਤਾਂ ਜਾਖੜ ਸਾਹਿਬ, ਤੁਸੀਂ ਇਹ ਗੱਲ ਵਿਧਾਨ ਸਭਾ ਵਿੱਚ ਕਹੀ ਸੀ। ਲਿਟਰਲੀ, ਜਿਵੇਂ ਪ੍ਰਾਈਮ ਮਨਿਸਟਰ ਦੀ ਪ੍ਰੈਸ ਕਾਨਫਰੰਸ ਹੁੰਦੀ ਹੈ, ਉਸ ਤਰ੍ਹਾਂ ਬੰਦੇ ਸੱਦੇ ਗਏ ਸੀ ਕਿ ਅੱਜ ਬਹੁਤ ਵੱਡਾ ਖੁਲਾਸਾ ਹੋਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਮੁਲਜ਼ਮ ਕਿਵੇਂ ਫੋਨ ਕਰ ਸਕਦਾ ਹੈ ਕਿ ਖੁਲਾਸਾ ਹੋ ਰਿਹਾ ਸੀ ਜਾਂ ਨਹੀਂ ਸੀ ਹੋ ਰਿਹਾ। ਇਸ ਲਈ ਇਹ ਇਕੱਲਾ ਗੱਲਾਂ ਨਾਲ ਨਹੀਂ। ਦਰਦ ਦੋਵੇਂ ਪਾਸੇ ਵਿਖਾਉ। ਮੈਂ ਇਹੋ ਹੀ ਬੇਨਤੀ ਕਰ ਰਿਹਾ ਹਾਂ। ਇੱਕ ਪਾਸੇ ਵਿੱਚ ਦਰਦ ਨਾ ਵਿਖਾਉ ਬਲਕਿ ਦਰਦ ਦੋਵੇਂ ਪਾਸੇ ਬਰਾਬਰ ਦਾ ਵਿਖਾਉ। ਇਹ ਵੀ ਦੱਸ ਦਿਉ ਕਿ ਜਿਹੜੇ ਪੈਟਰੋਨੇਜ ਦੀ ਤੁਸੀਂ ਗੱਲ ਕਰਦੇ ਹੋ, ਤੁਸੀਂ ਕੋਰਟ ਨੂੰ ਮੰਨਦੇ ਹੋ ਕਿ ਨਹੀਂ ਮੰਨਦੇ? ਆਪਾਂ ਇੰਡੀਪੈਂਡੈਂਟ ਕੋਰਟ ਦੀ ਇਨਕੁਆਰੀ ਵਾਸਤੇ ਕਹਿੰਦੇ ਹਾਂ। ਆਪਾਂ ਕੋਰਟ ਨੂੰ ਇੰਡੀਪੈਂਡੈਂਟ ਮੰਨਦੇ ਹਾਂ ਕਿ ਨਹੀਂ ਮੰਨਦੇ? ਉਥੇ ਇਸ ਮਸਲੇ ਤੇ ਇੱਕ ਇੱਕ ਚੀਜ਼ ਤੇ ਗੱਲ ਹੋਈ ਹੈ। ਸਪੀਕਰ ਸਾਹਿਬ, ਜਿਹੜੇ ਮੇਰੇ ਉਲਟ ਇਹ ਲਿਜਾਂਦੇ ਸਨ, ਉਹ ਆਪਣੇ ਹਲਕੇ ਵਿੱਚੋਂ ਵੀ ਰਹਿ ਗਏ। ਮੈਂ ਲੋਕਾਂ ਦੀ

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ]

ਕਚਹਿਰੀ ਦੀ ਵੀ ਗੱਲ ਕਰਦਾ ਹਾਂ। ਕਾਨੂੰਨ ਦੀ ਕਚਹਿਰੀ ਵਿੱਚ ਅਤੇ ਲੋਕਾਂ ਦੀ ਕਚਹਿਰੀ ਵਿੱਚ ਵੀ ਉਨ੍ਹਾਂ ਨੂੰ ਰਗੜਾ ਲੱਗਾ ਹੈ। ਇਸ ਲਈ ਸਾਰੀ ਗੱਲ ਨੂੰ ਡੂੰਘਾਈ ਨਾਲ ਸੋਚੋ। ਕਿਸੇ ਦਾ ਪੁਲੀਟੀਕਲ ਕੈਰੀਅਰ, ਕਿਸੇ ਦੀ ਇਜ਼ਤ, ਕਿਸੇ ਦੇ ਮਾਪਿਆਂ ਨੂੰ ਠੇਸ ਪਹੁੰਚਾਉਣ ਦਾ ਜਿਹੜਾ ਨਵਾਂ ਸਿਸਟਮ ਸ਼ੁਰੂ ਹੋਇਆ ਹੈ। Speaker Sahib, I am telling you, that my mother's condition is so serious because of this issue. That I have all sympathies for anybody who has to go through this terrible experience without proven to be guilty.

ਮਾਨਯੋਗ ਸਪੀਕਰ : ਬਹੁਤ ਹੋ ਗਿਆ ਹੈ। (ਵਿਘਨ)

(ਕੁਝ ਅਵਾਜ਼ਾਂ:.. ਡਬਲ ਸਟੈਂਡਰਡ ਅਪਣਾਇਆ ਜਾ ਰਿਹਾ ਹੈ.....)

ਮਾਨਯੋਗ ਸਪੀਕਰ : ਮੈਂ ਇੱਕ ਬੇਨਤੀ ਕਰ ਦਿਆਂ। ਪਲੀਜ਼ ਬੈਠ ਜਾਉ। ਕੋਈ ਡਬਲ ਸਟੈਂਡਰਡ ਨਹੀਂ ਹੈ। ਸ਼੍ਰੀ ਤਰਲੋਚਨ ਜੀ, ਮੇਰੀ ਗੱਲ ਸੁਣ ਲਵੋ। ਮੇਰੀ ਬੇਨਤੀ ਸੁਣ ਲਵੋ। ਨਹੀਂ ਜੀ, ਤਰਲੋਚਨ ਜੀ, ਨਹੀਂ।

(ਇਸ ਸਮੇਂ ਸਥਾਨਕ ਸਰਕਾਰ ਮੰਤਰੀ ਸ਼੍ਰੀ ਅਨਿਲ ਜੋਸ਼ੀ ਅਤੇ ਵਿਰੋਧੀ ਧਿਰ ਦੇ ਮਾਨਯੋਗ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ-ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ, ਨਾਗਰਾ ਸਾਹਿਬ, ਨਹੀਂ ਜੀ।ਸ਼੍ਰੀ ਅਨਿਲ ਜੋਸ਼ੀ ਜੀ, ਮੈਂ ਤੁਹਾਨੂੰ ਰਾਣਾ ਸੋਢੀ ਜੀ ਤੋਂ ਬਾਅਦ ਟਾਈਮ ਦਿਆਂਗਾ।

Rana Gurmeet Singh Sodhi : I think it is not in the good health for the state of Punjab. It is a very sad state of affairs that we are, I think, washing dirty linen just in the public, just to defame or scoring one brownie point on each other. ਸਪੀਕਰ ਸਾਹਿਬ, ਮੇਰੀ ਸਦਨ ਨੂੰ ਇਹ ਰਿਕੁਐਸਟ ਹੈ ਔਰ ਖਾਸ ਕਰਕੇ ਤੁਹਾਨੂੰ ਕਿ ਜਿਹੜੇ ਇਸ ਤਰ੍ਹਾਂ ਦੇ ਹਾਦਸੇ ਹੁੰਦੇ ਹਨ ਕਿ ਇਲੈਕਟਿਡ ਮੈਂਬਰਾਂ ਤੇ ਇਲਜ਼ਾਮ

ਲਗਾਏ ਜਾ ਰਹੇ ਹਨ । ਅਸੀਂ ਪਬਲਿਕ ਵਿੱਚ ਰਹਿਣਾ ਹੈ । ਅਸੀਂ ਲੋਕਾਂ ਨੂੰ ਮਿਲਣਾ ਹੈ । ਇਹ ਗੱਲ ਬੜੀ ਸਹੀ ਹੈ । I can appreciate Deputy Chief Minister's gestures ਕਿ ਇਹ ਜਿਸ ਢੰਗ ਨਾਲ ਡਰੱਗਜ਼ ਕੰਟਰੋਲ ਨੂੰ ਜਾਂ ਪੁਲਿਸ ਨੂੰ ਹੈਂਡਲ ਕਰ ਰਹੇ ਹਨ ਲੇਕਿਨ ਉਸ ਦੇ ਨਾਲ ਨਾਲ ਕੁਝ ਹੋਰ ਚੀਜ਼ਾਂ ਦਾ ਵੀ ਸਾਨੂੰ ਧਿਆਨ ਰੱਖਣਾ ਪਵੇਗਾ ਕਿ ਇਲੈਕਟਿਡ ਐਮ. ਐਲ. ਏ. ਤੇ ਐਮ. ਪੀਜ਼ ਤੇ, ਮਨਿਸਟਰ ਤੇ, all of a sudden ਬਿਆਨ ਦੇ ਦੇਣਾ, ਮੀਡੀਆ ਦੁਆਰਾ ਇਮੀਜੀਏਟਲੀ ਬਿਨਾਂ ਇਨਕੁਆਇਰੀ ਕੀਤਿਆਂ ਉਸ ਨੂੰ ਛਾਪ ਦੇਣਾ, I think ਇਸ ਤੇ ਤੁਹਾਨੂੰ ਕੋਈ ਨਾ ਕੋਈ ਵਿਚਾਰ ਕਰਨਾ ਪਵੇਗਾ । ਇਸ ਤੇ ਕੋਈ ਨਾ ਕੋਈ ਹਾਊਸ ਦੀ ਕਮੇਟੀ ਬਣਾਉਣੀ ਪਵੇਗੀ ਕਿ ਸਾਨੂੰ ਕੁਝ ਨਾ ਕੁਝ ਐਸੇ ਤਰੀਕੇ ਇਸਤੇਮਾਲ ਕਰਨੇ ਪੈਣਗੇ ਕਿ ਅਸੀਂ ਰਾਹ ਜਾਂਦੇ ਹੋਏ ਕੁਰਾਹੇ ਪਏ ਬੈਠੇ ਹਾਂ । ਹਿੰਦੁਸਤਾਨ ਦੀ ਇੱਕ ਨੰਬਰ ਸਟੇਟ ਪੰਜਾਬ ਰਿਹਾ ਹੈ, ਚਾਹੇ ਗਰੀਨ ਰੈਵੋਲਿਊਸ਼ਨ ਸੀ, ਚਾਹੇ ਵਾਈਟ ਰੈਵੋਲਿਊਸ਼ਨ ਸੀ, ਹਿੰਦੁਸਤਾਨ ਦੀ ਅਜ਼ਾਦੀ ਵਾਸਤੇ ਸਾਡੇ ਲੋਕਾਂ ਨੇ ਸੰਘਰਸ਼ ਕੀਤਾ ਪਰ ਅੱਜ ਸਾਨੂੰ ਨੈਸ਼ਨਲ ਤੇ ਇੰਟਰਨੈਸ਼ਨਲ ਲੋਕਾਂ ਤੋਂ ਟੈਲੀਫੂਨ ਆਉਂਦੇ ਹਨ ਕਿ ਉਥੇ ਪੰਜਾਬ ਵਿੱਚ ਡਰੱਗ ਸਮਗਲਿੰਗ ਹੋ ਰਹੀ ਹੈ, ਉਥੇ ਕੀ ਕੁਝ ਹੋ ਰਿਹਾ ਹੈ । ਅਲੱਗ ਅਲੱਗ ਉਨ੍ਹਾਂ ਲੋਕਾਂ ਦੇ ਨਾਂ ਆ ਰਹੇ ਹਨ ਜਿਨ੍ਹਾਂ ਤੇ ਹਾਲੇ ਤੱਕ ਕਿਸੇ ਚੀਜ਼ ਦੀ ਐਸਟੈਬਲਿਸ਼ਮੈਂਟ ਨਹੀਂ ਹੋਈ । ਅੱਜ ਸਾਰੇ ਹਾਦਸੇ ਇਸ ਸਦਨ ਵਿੱਚ ਹੋਏ ਹਨ, it is a very good occasion, I would say ਕਿ ਅੱਜ ਇਹ ਡਿਸਕਸ਼ਨ ਹੋ ਗਈ ਹੈ । ਜੇ ਇਹ ਡਿਸਕਸ਼ਨ ਨਾ ਹੁੰਦੀ ਤਾਂ ਸ਼ਾਇਦ ਇਸ ਤੋਂ ਵੱਧ ਉਲਝਣਾਂ ਪੈਦਾ ਹੋ ਜਾਂਦੀਆਂ । I am concerned with all those Members. ਜਿਨ੍ਹਾਂ ਤੇ ਅਨ-ਨਸਸੈਰਲੀ ਇਹ ਐਲੀਗੇਸ਼ਨਜ਼ ਲੱਗੇ ਹਨ ਔਰ ਤੁਹਾਨੂੰ ਇਸ ਤੇ ਗਹਿਰੀ ਸੋਚ ਕਰਕੇ ਇਸ ਸਦਨ ਵਾਸਤੇ ਕੋਈ ਨਾ ਕੋਈ ਇਲਾਜ ਲੱਭਣਾ ਪਵੇਗਾ । ਡਿਪਟੀ ਸੀ. ਐਮ. ਸਾਹਿਬ ਇੱਥੇ ਬੈਠੇ ਹਨ । ਮੈਂ ਹਾਊਸ ਦੀ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ । ਇਨ੍ਹਾਂ ਨੂੰ ਆਪਣੇ ਆਫੀਸਰਜ਼ ਨੂੰ warn ਕਰਨਾ ਪਵੇਗਾ ਕਿ ਜੇ ਇਸ ਤਰ੍ਹਾਂ ਦਾ ਹਾਦਸਾ ਹੁੰਦਾ ਹੈ ਤਾਂ they must contact the Home Minister, the Chief Minister. There is an authority on everybody and if they are guilty, they must be punished as per the law but if it is just a political vendetta or it is just a pointing finger on somebody, whether Majithia Sahib is there or somebody else, I am really

[Rana Gurmeet Singh Sodhi]

touched with both sides hearing all these conversations what has happened on both of them but we have to sort out. It is just not a mere discussion ਕਿ ਅੱਜ ਅਸੀਂ ਇਹ ਗੱਲ ਕਰਕੇ ਭੁੱਲ ਜਾਈਏ । ਸਾਡੀ ਡਿਪਟੀ ਸੀ. ਐਮ. ਸਾਹਿਬ ਨੂੰ ਬੇਨਤੀ ਹੈ ਕਿ ਉਹ ਇਸ ਦਾ ਇਲਾਜ ਲੱਭਣ । ਇਹ ਤਾਂ ਇੱਕ ਡਰੱਗਜ਼ ਦਾ ਹਾਦਸਾ ਹੈ, ਕੱਲ੍ਹ ਨੂੰ ਕੋਈ ਮਰਡਰ ਦਾ ਜਾਂ ਕਿਸੇ ਹੋਰ ਪ੍ਰਕਾਰ ਦੀ ਚੀਜ਼ ਹੋ ਸਕਦੀ ਹੈ। ਕੋਈ ਨਾ ਕੋਈ ਆਦਮੀ ਕਿਸੇ ਨਾ ਕਿਸੇ ਪਾਰਟੀ ਵਿੱਚ ਇਨਵਾਲਵ ਹੈ ਔਰ ਉਹ ਤੁਹਾਡੇ ਤੋਂ ਕੋਈ ਨਾ ਕੋਈ ਟੈਲੀਫੂਨ ਜਾਂ ਕੋਈ ਹੋਰ ਚੀਜ਼ ਕਰਵਾ ਲੈਂਦਾ ਹੈ that doesn't means that Minister or MLA is involved in that murder. (ਵਿਘਨ) (ਸ਼ੋਰ) ਮੈਂ ਦੋਨਾਂ ਪੱਖਾਂ ਦੀ ਗੱਲ ਕਰ ਰਿਹਾ ਹਾਂ, ਕਿਸੇ ਇੱਕ ਪੱਖ ਦੀ ਗੱਲ ਨਹੀਂ ਕਰ ਰਿਹਾ। ਮੈਂ ਉਹ ਗੱਲ ਕਰ ਰਿਹਾ ਹਾਂ । (ਵਿਘਨ) ਗੱਲ ਪਹਿਲਾਂ ਵੀ ਆਈ। (ਵਿਘਨ) (ਸ਼ੋਰ) ਜਦੋਂ ਇਸ ਤੇ ਡਿਸਕਸ਼ਨ ਹੋਈ ਹੈ।

Mr. Speaker : Please Sodhi Sahib.

ਰਾਣਾ ਗੁਰਮੀਤ ਸਿੰਘ ਸੋਢੀ : ਅੱਜ ਡਿਸਕਸ਼ਨ ਦਾ ਮੌਕਾ ਬਣਿਆ ਹੈ। ਅੱਜ ਤੋਂ ਪਹਿਲਾਂ ਗੱਲ ਕਰਨ ਦਾ ਮੌਕਾ ਨਹੀਂ ਬਣਿਆ । ਤੁਸੀਂ ਆਪਣੇ ਪਾਸੇ ਗੱਲਾਂ ਕਰੀ ਜਾਓ ਜਾਂ ਉਧਰ ਬੈਠ ਕੇ ਕੋਈ ਗੱਲਾਂ ਹੋਈ ਜਾਣ, ਇਹ ਠੀਕ ਨਹੀਂ ਪਰ ਅੱਜ ਸਾਰੀ ਸਾਹਮਣੇ ਗੱਲ ਹੋਈ ਹੈ । I am talking for everyone. ਮੈਂ ਕਿਸੇ ਦੇ ਪੱਖ ਵਿੱਚ ਜਾਂ ਕਿਸੇ ਨੂੰ ਕਲੀਨ ਚਿੱਟ ਦੇਣ ਵਾਸਤੇ ਗੱਲ ਨਹੀਂ ਕਰ ਰਿਹਾ । ਮੈਂ ਤਾਂ ਡਿਪਟੀ ਸੀ. ਐਮ.ਸਾਹਿਬ ਨੂੰ ਰਿਕੁਐਸਟ ਕਰ ਰਿਹਾ ਹਾਂ ਕਿ ਇਸ ਦੀ ਰੋਕਥਾਮ ਵਾਸਤੇ ਕੁਝ ਸਿਲਸਿਲਾ ਬਣਾਉਣ। ਚਾਰ ਬੰਦੇ ਸਾਡੇ ਲਓ, ਚਾਰ ਬੰਦੇ ਆਪਣੇ ਵਾਲੇ ਪਾਸੇ ਤੋਂ ਲੈ ਲਓ ਤੇ ਅਸੀਂ ਕੋਈ ਚੀਜ਼ ਬਣਾ ਸਕੀਏ ਤਾਂ ਕਿ ਇਹ ਦੇਖ ਸਕੀਏ ਕਿ ਸੱਚ ਕੀ ਹੈ ਤੇ ਝੂਠ ਕੀ ਹੈ । We must act together because we have to go to the public. You have to go to the masses. ਅਸੀਂ ਲੋਕਾਂ ਤੋਂ ਵੋਟ ਲੈਣੀ ਹੈ । ਇਸ ਤੇ ਸੋਚ ਵਿਚਾਰ ਕਰੋ। ਮੈਂ ਬੇਨਤੀ ਕਰਦਾ ਹਾਂ ਕਿ ਡਿਪਟੀ ਸੀ. ਐਮ. ਸਾਹਿਬ ਇਸ ਤੇ ਇੱਕ ਮਿੰਟ ਵਾਸਤੇ ਖੜ੍ਹੇ ਹੋ ਕੇ ਕੋਈ ਗੱਲ ਕਰਨਾ ਚਾਹੁਣ ਤਾਂ ਕਰਨ । You must make some kind of system ਜਿਸ ਤੇ ਕਿਸੇ ਦਾ ਨਾਂ ਲਿਆ ਜਾਵੇ, ਚਾਹੇ ਕੋਈ ਵੀ ਹੋਵੇ, ਚਾਹੇ ਕੋਈ ਇੱਧਰੋਂ ਹੈ ਤੇ ਚਾਹੇ ਕੋਈ ਉਧਰੋਂ ਹੈ । This is a wrong thing.

ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ , ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ (ਸਰਦਾਰ ਜਨਮੇਜਾ ਸਿੰਘ ਸੇਖੋਂ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਬੜੀ ਵਧੀਆ ਡਿਸਕਸ਼ਨ ਹੋਈ ਹੈ। ਇੱਕ ਬਹੁਤ ਮੰਦੀ ਗੱਲ ਹੋਈ ਹੈ। ਇਧਰ ਵੀ ਹੋਈ ਹੈ ਅਤੇ ਉਧਰ ਵੀ ਹੋਈ ਹੈ। ਇਹ ਸਾਹਮਣੇ ਵਾਲੇ ਬੈਂਚਾਂ ਵਾਲੇ ਇਹ ਕਹਿ ਰਹੇ ਹਨ ਕਿ ਐਸ.ਐਸ.ਪੀ. ਤੇ ਐਕਸ਼ਨ ਲਵੋ, ਇਹ ਕਰੋ, ਉਹ ਕਰੋ। ਉਹ ਤਾਂ ਚਲੋ ਡਿਪਟੀ ਸੀ.ਐਮ. ਸਾਹਿਬ ਨੇ ਬਿਆਨ ਦੇ ਦਿੱਤਾ ਕਿ ਇਨਕੁਆਇਰੀ ਹੋ ਰਹੀ ਹੈ, ਦੇਖ ਲਵਾਂਗੇ। ਜੇ ਜ਼ਿਆਦਤੀ ਹੋਈ ਤਾਂ ਚਲੋ ਐਕਸ਼ਨ ਵੀ ਲਿਆ ਜਾਵੇਗਾ ਪਰ ਮੈਂ ਸਮਝਦਾ ਹਾਂ ਕਿ ਜਿਹੜੇ ਬਾਜਵਾ ਸਾਹਿਬ ਹਾਈ ਕੋਰਟ ਗਏ ਇਨ੍ਹਾਂ ਦੇ ਬਰਖਿਲਾਫ, ਉਸ ਤੇ ਪਹਿਲਾਂ ਇਹ ਕੁਝ ਕਰਨਗੇ? ਬਾਦਲ ਸਾਹਿਬ ਨੇ ਜ਼ੇਲ੍ਹਾਂ ਕੱਟੀਆਂ, ਕੋਰਟ ਨੇ ਬਰੀ ਕਰ ਦਿੱਤਾ। ਕੰਮ ਤਾਂ ਸ਼ੁਰੂ ਪਹਿਲਾਂ ਇਨ੍ਹਾਂ ਨੇ ਕੀਤਾ ਹੈ। ....(ਵਿਘਨ)....

ਮਾਨਯੋਗ ਸਪੀਕਰ : ਬੈਠ ਜਾਓ ......(ਵਿਘਨ).... ਮੇਰੀ ਬੇਨਤੀ ਸੁਣ ਲਵੋ ਜੀ। Please sit down now. ...(ਵਿਘਨ).... ਮੇਰੀ ਬੇਨਤੀ ਸੁਣ ਲਵੋ ਜੀ। Please sit down now. ਨਾਗਰਾ ਜੀ, ਤੁਸੀਂ ਬੈਠ ਜਾਓ। Please sit down now. ਨਾਗਰਾ ਜੀ, ਪਹਿਲਾਂ ਮੈਨੂੰ ਤਾਂ ਸੁਣ ਲਵੋ ਕਿ ਮੈਂ ਕੀ ਕਹਿਣ ਲੱਗਿਆ ਹਾਂ......(ਵਿਘਨ)..... Nothing should be recorded.......... (interruptions).......... Nothing should be recorded. ਮੈਂ ਜੋ ਕਹਿਣ ਲੱਗਿਆ ਹਾਂ .... Please sit down now .... ਤਰਲੋਚਨ ਜੀ, ਬੈਠ ਜਾਓ। ਮੈਂ ਕਿਹਾ ਜੀ, ਬੈਠ ਜਾਓ .... ਮੈਂ ਜੋ ਕਹਿਣ ਲੱਗਿਆ ਹਾਂ, ਸੁਣ ਤਾਂ ਲਵੋ ਪਹਿਲਾਂ। .....(ਵਿਘਨ).... ਨਹੀਂ, not to be recorded. ਕੋਈ ਚੀਜ਼ ਰਿਕਾਰਡ ਨਹੀਂ ਹੋਣੀ। ਮੈਂ ਕਿਹਾ ਜੀ ਕੋਈ ਨਹੀਂ ਹੋਣੀ। ਮੈਂ ਜੋ ਗੱਲ ਕਹਿਣ ਲੱਗਿਆ ਹਾਂ .....(ਵਿਘਨ).... ਗੱਲ ਨੂੰ ਅੱਗੇ ਤਾਂ ਤੋਰ ਲੈਣ ਦਿਓ। Please sit down now.... Please sit down now. ਵੜਿੰਗ ਜੀ, ਬੈਠ ਜਾਓ। Please sit down now. ....Please sit down now....ਮੈਂ ਕਿਹਾ ਨਾਗਰਾ ਜੀ, ਬੈਠ ਜਾਓ। ਨਾਗਰਾ ਜੀ, please sit down. ਨਾਗਰਾ ਜੀ, ਨਹੀਂ। .....(ਵਿਘਨ).... please sit down. ਨਾਗਰਾ ਜੀ, ਬੈਠ ਜਾਓ। ਰੰਧਾਵਾ ਜੀ, ਬੈਠ ਜਾਓ, please sit down. ਵੜਿੰਗ ਜੀ, ਤੁਸੀਂ ਬੈਠ ਜਾਓ।

[ਮਾਨਯੋਗ ਸਪੀਕਰ]

please sit down. No. ਨਹੀਂ ਜੀ, ਨਹੀਂ। please sit down now. ਮੈਂ ਕਿਹਾ ਜੀ, please sit down. ਕਾਫੀ ਡਿਸਕਸ਼ਨ ਹੋ ਗਈ ਹੈ, ਹੁਣ ਬੈਠ ਜਾਓ। ਤੁਹਾਡਾ ਲੀਡਰ ਬੋਲ ਗਿਆ ਹੈ, ਇਸ ਤੋਂ ਬਾਅਦ ਕੋਈ ਬਾਕੀ ਗੱਲ ਨਹੀਂ ਰਹਿੰਦੀ, please sit down. ਮੈਂ ਕਿਹਾ ਜੀ, please sit down.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਾਂ ਤਾਂ ਸੀ.ਬੀ.ਆਈ. ਦੀ ਇਨਕੁਆਇਰੀ ਕਰਵਾ ਦੇਣ ਅਤੇ ਜਾਂ ਜੁਡੀਸ਼ਲ ਇਨਕੁਆਇਰੀ ਕਰਵਾ ਦੇ ਣ। ਮੇਰਾ ਭੁਪਿੰਦਰ ਸਿੰਘ, ਐਸ.ਐਸ.ਪੀ. ਅਤੇ ਪੁਲਿਸ ਤੇ ਕੋਈ ਇਤਬਾਰ ਨਹੀਂ ਹੈ। ਸਾਰਿਆਂ ਵਾਸਤੇ ਮਾਪਦੰਡ ਇੱਕ ਬਣੇ।

Mr. Speaker : The matter raised is very serious. ....(ਵਿਘਨ).... ਮੈਂ ਕਿਹਾ ਪਲੀਜ਼ listen. The matter raised is very serious, ਇਸ ਕਰਕੇ ਮੈਂ ਚਾਹਾਂਗਾ ਕਿ ਡਿਪਟੀ ਸੀ.ਐਮ. ਸਾਹਿਬ ਇਸ ਤੇ ਉਚੇਚੇ ਤੌਰ ਤੇ ਧਿਆਨ ਦੇਣ ਤਾਂ ਕਿ ਜੋ ਐਕਸ਼ਨ ਹੋ ਰਿਹਾ ਹੈ, ਲੋਕਾਂ ਨੂੰ ਵੀ ਉਸ ਤੇ ਫੇਥ ਹੋਵੇ। ਨੈਕਸਟ ਜੀ, ਧਿਆਨ ਦਿਵਾਊ ਨੋਟਿਸ, ਸ੍ਰੀ ਸੁਨੀਲ ਜਾਖੜ ਜੀ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਜ਼ੀਰੋ ਆਵਰ ਖਤਮ ਹੋ ਗਿਆ ?

ਮਾਨਯੋਗ ਸਪੀਕਰ : ਹਾਂ ਜੀ, ਹੋ ਗਿਆ ਖਤਮ। ....(ਵਿਘਨ)..... ਹੁਣ ਨਹੀਂ ਜੀ। 50 ਮਿੰਟ ਹੋ ਗਏ ਹਨ

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੇਰਾ ਐਡਜਰਨਮੈਂਟ ਮੋਸ਼ਨ ਸੀ।

ਮਾਨਯੋਗ ਸਪੀਕਰ : ਉਹ ਤੁਹਾਡਾ ਡਿਸਅਲਾਓ ਕਰ ਦਿੱਤਾ ਹੈ। ...(ਵਿਘਨ).... ਪਹਿਲਾਂ ਧਿਆਨ ਦਿਵਾਊ ਮਤਾ ਹੋਣਾ ਹੈ। ਮੈਂ ਕਿਸੇ ਰੂਲਜ਼ ਦੇ ਤਹਿਤ ਸਟੇਟਮੈਂਟ ਦੇਣੀ ਹੈ। ਜ਼ੀਰੋ ਆਵਰ ਤੋਂ ਬਾਅਦ ਧਿਆਨ ਦਿਵਾਊ ਮਤਾ ਆਉਣਾ ਹੈ। ਉਸ ਤੋਂ ਬਾਅਦ ਫਿਰ ਸਟੇਟਮੈਂਟ ਆਉਣੀ ਹੈ। ਫਿਰ ਬਹਿਸ ਸ਼ੁਰੂ ਹੋਣੀ ਹੈ। ਆਫਟਰ ਆਲ ਕਿਸੇ ਰੂਲਜ਼ ਐਂਡ ਪ੍ਰੋਸੀਜ਼ਰ ਦੇ ਤਹਿਤ ਹੀ ਤੁਹਾਨੂੰ ਬੁਲਾਉਣਾ ਹੈ, ਇਹ ਨਹੀਂ ਕਿ ਕੁਐਸਚਨ ਆਵਰ ਵਿੱਚ ਹੀ ਤੁਹਾਨੂੰ ਸਟੇਟਮੈਂਟ

ਦਿਵਾ ਦੇਵਾਂ। ਹਾਂ ਜੀ, ਸੁਨੀਲ ਜਾਖੜ ਜੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੇਰਾ ਐਡਜਰਨਮੈਂਟ ਮੋਸ਼ਨ ਸੀ।

Mr. Speaker : I have disallowed it.

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਜ਼ੀਰੋ ਆਵਰ ਤਾਂ ਦੇ ਦਿਓ।

ਮਾਨਯੋਗ ਸਪੀਕਰ : ਹੋ ਗਿਆ ਜੀ, ਹੋ ਗਿਆ। ਜ਼ੀਰੋ ਆਵਰ ਤੇ ਹੀ ਪੌਣਾ ਘੰਟਾ ਲੱਗਿਆ ਹੈ। ਨਹੀਂ, ਕੋਟਲੀ ਸਾਹਿਬ, ਅੱਜ ਨਹੀਂ। ਨਹੀਂ ਜੀ। ਹਾਂ ਜੀ, ਜਾਖੜ ਸਾਹਿਬ।

CALL ATTENTION NOTICES UNDER RULE 66

(ਕ੍ਰਮ ਨੰਬਰ 8)

ਸ਼੍ਰੀ ਸੁਨੀਲ ਜਾਖੜ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਅਬੋਹਰ, ਫਾਜ਼ਿਲਕਾ ਅਤੇ ਬੱਲੂਆਣਾ ਇਲਾਕੇ ਵਿੱਚ ਨਹਿਰੀ ਪਾਣੀ ਦੀ ਬਹੁਤ ਕਮੀ ਚੱਲ ਰਹੀ ਹੈ, ਜਿਸ ਕਾਰਨ ਕਿਸਾਨਾਂ ਦੀਆਂ ਫਸਲਾਂ ਸੁੱਕ ਰਹੀਆਂ ਹਨ ਅਤੇ ਕਿਸਾਨਾਂ ਦੇ ਚਿਹਰਿਆਂ ਤੇ ਮਾਯੂਸੀ ਛਾਈ ਹੋਈ ਹੈ। ਨਹਿਰੀ ਪਾਣੀ ਲੋੜੀਂਦੀ ਮਾਤਰਾ ਵਿੱਚ ਉਨ੍ਹਾਂ ਤੱਕ ਨਾ ਪਹੁੰਚਣ ਕਾਰਨ ਕਿਸਾਨਾਂ ਵਿੱਚ ਸਰਕਾਰ ਪ੍ਰਤੀ ਬਹੁਤ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਿੰਚਾਈ ਮੰਤਰੀ (ਸਰਦਾਰ ਸ਼ਰਨਜੀਤ ਸਿੰਘ ਢਿੱਲੋਂ): ਸਪੀਕਰ ਸਾਹਿਬ, ਹਰੀਕੇ ਹੈੱਡ ਵਰਕਸ ਵਿੱਚੋਂ ਫਿਰੋਜ਼ਪੁਰ ਫੀਡਰ ਨਿਕਲਦੀ ਹੈ ਅਤੇ ਫਿਰੋਜ਼ਪੁਰ ਫੀਡਰ ਦੀ ਬੁਰਜੀ 55413 (ਲੈਫਟ) ਤੋਂ ਸਰਹਿੰਦ ਫੀਡਰ ਨਿਕਲਦੀ ਹੈ।ਇਸ ਨਹਿਰ ਰਾਹੀਂ ਜ਼ਿਲ੍ਹਾ ਫਰੀਦਕੋਟ, ਸ਼੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਅੰਦਰ ਪੈਂਦੀਆਂ ਨਹਿਰਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਅਬੋਹਰ, ਫਾਜ਼ਿਲਕਾ ਤੇ ਬੱਲੂਆਣਾ ਇਲਾਕੇ ਨੂੰ ਲੰਬੀ, ਨੂਰਪੁਰ, ਸੁਖਚੈਨ ਅਤੇ ਪਿੰਜਾਵਾ

[ਸਿੰਚਾਈ ਮੰਤਰੀ]

ਰਜਬਾਹਾ ਅਤੇ ਇਨ੍ਹਾਂ ਵਿੱਚੋਂ ਨਿਕਲਦੇ 20 ਮਾਈਨਰਾਂ, ਸਬ ਮਾਈਨਰਾਂ ਰਾਹੀਂ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਸਾਲ ਦੇ ਜੂਨ ਮਹੀਨੇ ਦੇ ਦੂਜੇ ਤੀਜੇ ਹਫਤੇ ਵਿੱਚ ਦਰਿਆ ਸਤਲੁਜ ਰਾਹੀਂ ਭਾਰੀ ਮਾਤਰਾ ਵਿਚ ਜੰਗਲੀ ਬੂਟੀ/ਕੇਲੀ ਫਿਰੋਜ਼ਪੁਰ ਫੀਡਰ ਨਹਿਰ ਵਿੱਚ ਆਈ ਜੋ ਕਿ ਨਹਿਰ ਦੇ ਵੱਖ ਵੱਖ ਪੁਲਾਂ, ਬੁਰਜੀ ਨੰ: 5790, 16260,19076, 27125, 31236, 36832 ਅਤੇ 41770 ਤੇ ਫਸ ਗਈ ਸੀ ਇਸ ਕਾਰਨ ਪਾਣੀ ਦੇ ਫਲੋਅ ਵਿੱਚ ਰੁਕਾਵਟ ਆਈ ਤੇ ਪਾਣੀ ਚੜ੍ਹਨ ਕਾਰਨ ਨਹਿਰ ਦੇ ਟੁੱਟਣ ਦੀ ਸੰਭਾਵਨਾ ਬਣ ਗਈ ਸੀ । ਪਾਣੀ ਘਟਾਉਣ ਕਾਰਨ ਸਰਹਿੰਦ ਫੀਡਰ ਦੀ ਗੇਜ 16.20 ਫੁੱਟ ਤੋਂ ਘੱਟ ਕਰਕੇ 15.10 ਫੁੱਟ ਰਹਿ ਗਈ ਸੀ ਅਤੇ ਪਾਣੀ ਦੀ ਸਪਲਾਈ ਮਿਤੀ 12.6.2014 ਤੋਂ 7.7.2014 ਤੱਕ ਪ੍ਰਭਾਵਿਤ ਹੋਈ ਸੀ । ਇਸ ਕਰਕੇ ਫਾਜ਼ਿਲਕਾ, ਅਬੋਹਰ ਅਤੇ ਬੱਲੂਆਣਾ ਹਲਕੇ ਦੇ ਇਲਾਕਿਆਂ ਵਿੱਚ ਵੀ ਪਾਣੀ ਦੀ ਸਪਲਾਈ ਪ੍ਰਭਾਵਿਤ ਹੋਈ ਸੀ। ਮਹਿਕਮੇ ਵੱਲੋਂ ਨਹਿਰ ਤੇ ਦਿਨ ਰਾਤ ਮਜ਼ਦੂਰ ਤੇ ਮਸ਼ੀਨਰੀ ਲਗਾ ਕੇ ਇਹ ਬੂਟੀ ਸਾਫ ਕਰ ਦਿੱਤੀ। ਮਿਤੀ 8.7.2014 ਨੂੰ ਪਾਣੀ ਦੀ ਸਪਲਾਈ ਠੀਕ ਕਰ ਦਿੱਤੀ ਗਈ ਸੀ। ਇਸ ਤੋਂ ਇਲਾਵਾ ਅਬੋਹਰ ਬ੍ਰਾਂਚ ਦੀ ਬੁਰਜੀ 510370 ਤੋਂ ਡੈਮੇਜ ਹੋਏ ਪੁਲ ਦੀ ਸਲੈਬ ਹੇਠਾਂ ਦੱਬ ਗਈ ਹੈ ਅਤੇ ਇਸ ਥਾਂ ਤੇ ਪਾਣੀ ਦੀ ਡਾਫ ਲੱਗਦੀ ਹੈ। ਇਸ ਕਰਕੇ ਨਹਿਰ ਦੀ ਸੁਰੱਖਿਆ ਦੀ ਸਮਰਥਾ ਤੋਂ ਘੱਟ ਪਾਣੀ ਚਲਾਇਆ ਹੈ।ਡੈਮੇਜ ਪੁਲ ਦੀ ਥਾਂ ਤੇ ਨਵਾਂ ਪੁਲ ਭਵਨ ਤੇ ਮਾਰਗ ਵਿਭਾਗ ਵੱਲੋਂ ਬਣਾਇਆ ਜਾ ਰਿਹਾ ਹੈ। ਭਵਨ ਤੇ ਮਾਰਗ ਵਿਭਾਗ ਵੱਲੋਂ ਸਬੰਧਤ ਨਿਗਰਾਨ ਇੰਜੀਨੀਅਰ ਤੋਂ ਇਸ ਪੁਲ ਦੇ ਕੰਮ ਦੀ ਪ੍ਰਗਤੀ ਰਿਪੋਰਟ ਪ੍ਰਾਪਤ ਕੀਤੀ ਗਈ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਹੈ ਕਿ ਇਹ ਕੰਮ ਮਿਤੀ 2.7.2014 ਨੂੰ ਠੇਕੇਦਾਰ ਨੂੰ ਅਲਾਟ ਕਰ ਦਿੱਤਾ ਹੈ ਅਤੇ ਇਸ ਕੰਮ ਨੂੰ ਛੇ ਮਹੀਨੇ ਵਿੱਚ ਪੂਰਾ ਕਰਨ ਦਾ ਟੀਚਾ ਹੈ। ਕੰਮ ਮੌਕੇ ਤੇ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਮਿੱਥੇ ਟੀਚੇ ਅਨੁਸਾਰ ਮੁਕੰਮਲ ਕਰ ਲਿਆ ਜਾਵੇਗਾ। ਇਸ ਕੰਮ ਤੇ ਕੁੱਲ 348 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਸ ਪੁਲ ਤੇ ਡਾਫ ਲੱਗਣ ਕਾਰਨ ਨਹਿਰ ਵਿੱਚ ਪਾਣੀ ਦੀ ਘਾਟ ਹੋਣ ਕਾਰਨ ਕੁਝ ਨਹਿਰਾਂ ਨੂੰ ਰੋਟੇਸ਼ਨ ਵਿੱਚ ਚਲਾਇਆ ਜਾ ਰਿਹਾ ਹੈ। ਇਸ ਕਰਕੇ ਮੌਜੂਦਾ ਫਾਜ਼ਿਲਕਾ, ਅਬੋਹਰ ਅਤੇ ਬੱਲੂਆਣਾ ਦੇ ਇਲਾਕਿਆਂ ਵਿੱਚ ਵੀ ਪਾਣੀ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ । ਨਹਿਰੀ ਵਿਭਾਗ ਵੱਲੋਂ ਨਹਿਰਾਂ ਦੇ ਪਾਣੀ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਸ਼੍ਰੀ ਸੁਨੀਲ ਜਾਖੜ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜਿਹੜਾ ਬਿਆਨ ਦਿੱਤਾ ਹੈ, ਉਹ ਬਿਲਕੁਲ ਸਹੀ ਹੈ ਕਿ ਇੱਕ ਤਾਂ ਅਬੋਹਰ-ਮੁਕਤਸਰ ਰੋਡ ਦੇ ਉਤੇ ਅਬੋਹਰ ਬਰਾਂਚ ਦੇ ਉਤੇ ਮਹਿਰਾਜ ਪਿੰਡ ਦੇ ਕੋਲ ਜਿਹੜਾ ਪੁਲ ਟੁੱਟਿਆ ਹੈ, ਉਸ ਕਰਕੇ ਜੋ ਕੁਝ ਵੀ ਕਾਰਵਾਈ ਹੋਈ ਹੈ, ਉਸ ਨਾਲ ਸਾਡੇ ਵਾਲੇ ਤੇ ਟੇਲ ਦੇ ਏਰੀਏ ਅਬੋਹਰ, ਫਾਜ਼ਿਲਕਾ ਤੇ ਬਲੂੱਆਣਾ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਇੱਕ ਪਾਸੇ ਤਾਂ ਹਮੇਸ਼ਾ ਸਰਕਾਰ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੀ ਹੈ ਕਿ ਆਪਾਂ ਉਥੇ ਕਪਾਹ ਨੂੰ ਪ੍ਰੋਤਸ਼ਾਹਨ ਦੇਣਾ ਹੈ, ਆਪਾਂ ਉਥੇ ਆਰਚੈਡ ਲਗਾਉਣੇ ਹਨ ਪਰ ਸਾਡੇ ਉਥੇ ਪੀਣ ਨੂੰ ਵੀ ਪਾਣੀ ਨਹੀਂ ਹੈ , ਉਥੇ ਪਾਣੀ ਦੀ ਇੱਕ ਇੱਕ ਬੂੰਦ ਦੀ ਕਦਰ ਹੈ। ਮੈਂ ਅੱਜ ਸਰਕਾਰ ਦੇ ਅਤੇ ਡਿਪਟੀ ਸੀ. ਐਮ. ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਅੱਜ ਉਥੇ ਜਿਨ੍ਹਾਂ ਲੋਕਾਂ ਨੇ ਬਾਗ ਲਗਾ ਰੱਖੇ ਹਨ ਤਾਂ ਬਾਗਾਂ ਨੂੰ ਪਾਣੀ ਦੇਣ ਵਾਸਤੇ ਟੈਂਕਰ ਭਰ ਕੇ ਲੈ ਆਉਂਦੇ ਹਨ ਤੇ ਅੱਗੇ ਨਹਿਰ ਦੇ ਉਤੇ ਜਿਨ੍ਹਾਂ ਦੀ ਵਾਰੀ ਆਈ ਹੁੰਦੀ ਹੈ ਤਾਂ ਉਹ ਟੈਂਕਰਾਂ ਵਾਲਿਆਂ ਨੂੰ ਪਾਣੀ ਭਰਨ ਨਹੀਂ ਦਿੰਦੇ, ਉਹ ਕਹਿੰਦੇ ਹਨ ਕਿ ਤੁਸੀਂ ਸਾਡਾ ਪਾਣੀ ਘਟਾਈ ਜਾਂਦੇ ਹੋ, ਉਥੇ ਪੀਣ ਦੇ ਪਾਣੀ ਦੀ ਵੀ ਕਿੱਲਤ ਹੈ। ਤੁਸੀਂ ਦੋਨੋਂ ਗੱਲਾਂ ਕੀਤੀਆਂ ਹਨ, ਇੱਕ ਤਾਂ ਸਫਾਈ ਦੀ ਗੱਲ ਕੀਤੀ ਹੈ, ਉਸ ਵਾਸਤੇ ਤੁਹਾਨੂੰ ਕੋਈ ਪੁਖਤਾ ਪ੍ਰਬੰਧ ਕਰਨਾ ਪਵੇਗਾ, ਇਹ ਹਰੇਕ ਸਾਲ ਹੁੰਦੀ ਹੈ ਤੇ ਉਥੇ ਸਾਲ ਵਿੱਚ ਦੋ ਵਾਰੀ ਸਫਾਈ ਕਰਦੇ ਹਨ। ਤਕਰੀਬਨ ਸਾਢੇ ਚਾਰ ਜਾਂ ਪੌਣੇ ਪੰਜ ਕਰੋੜ ਰੁਪਏ ਦਾ ਖਰਚਾ ਹੈ, ਉਹ ਪੈਸਾ ਕਿਸੇ ਵੀ ਟਾਈਮ ਮਹਿਕਮੇ ਕੋਲ ਨਹੀਂ ਹੁੰਦਾ ਤੇ ਇਸ ਵਾਸਤੇ ਸਾਨੂੰ ਕੋਈ ਬਜਟ ਅਲਾਟ ਨਹੀਂ ਹੋਇਆ, ਇਸ ਦੀ ਕੋਈ ਨਾ ਕੋਈ ਪੱਕੀ ਪ੍ਰੋਵੀਜ਼ਨ ਕਰੋ ਕਿਉਂਕਿ ਇਕੱਲਾ ਸਾਡਾ ਇਲਾਕਾ ਹੈ ਜਿਹੜਾ ਆਬਿਆਨਾ ਦੇ ਰਿਹਾ ਹੈ । ਮੈਂ ਸਾਰੇ ਰਿਕਾਰਡ ਕਢਵਾ ਕੇ ਵੇਖੇ ਹਨ ਤੇ ਪਟਿਆਲਾ ਡਿਸਟ੍ਰਕਿਟ ਦੇ ਵਿੱਚ ਅਤੇ ਫਾਜ਼ਿਲਕਾ ਡਿਸਟ੍ਰਕਿਟ ਦੇ ਵਿੱਚ ਅਜੇ ਵੀ ਅਸੀਂ ਆਬਿਆਨਾ ਤੁਹਾਨੂੰ ਦੇ ਰਹੇ ਹਾਂ, ਆਬਿਆਨਾ ਅਸੀਂ ਤੁਹਾਨੂੰ ਦੇ ਰਹੇ ਹਾਂ ਲੇਕਿਨ ਨਹਿਰਾਂ ਸਾਡੀਆਂ ਸਾਫ ਨਹੀਂ ਹੋ ਰਹੀਆਂ। ਉਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ, ਪੌਣੇ ਪੰਜ ਕਰੋੜ ਰੁਪਏ ਜ਼ਰੂਰ ਸੈਂਕਸ਼ਨ ਕੀਤੇ ਜਾਣ। ਅਬੋਹਰ ਬ੍ਰਾਂਚ ਦੇ ਉਤੇ ਜਿਹੜਾ ਪੁਲ ਹੈ, ਉਥੇ 2000 ਕਿਊਸਿਕ ਪਾਣੀ ਦੀ ਕਪੈਸਿਟੀ ਹੈ , ਉਥੇ ਦਾ ਹਾਲ ਇਹ ਹੈ ਕਿ ਕੁਝ ਦਿਨ ਪਹਿਲਾਂ ਸਾਡੇ ਪਿੰਡਾਂ ਵਿੱਚ ਇੱਕ ਡੈਲੀਗੇਸ਼ਨ ਆਇਆ ਸੀ, ਜਿਸ ਨੂੰ ਮੈਂ ਮਾਨਯੋਗ ਮੰਤਰੀ ਸਾਹਿਬ ਕੋਲ ਲੈ ਕੇ ਗਿਆ ਸੀ। ਡੇਢ ਕਿਊਸਿਕ ਪਾਣੀ

[ਸ਼੍ਰੀ ਸੁਨੀਲ ਜਾਖੜ]

ਵਾਸਤੇ ਅਸੀਂ ਉਥੇ ਲੜਾਈ ਲੜੀ ਜਾਂਦੇ ਹਾਂ, ਪੀਣ ਦਾ ਪਾਣੀ ਵੀ ਸਾਡੇ ਕੋਲ ਨਹੀਂ ਹੈ। ਕਦੇ ਕਹਿ ਦਿੰਦੇ ਹਨ ਕਿ ਪੁਲ ਟੁੱਟ ਗਿਆ ਅਤੇ ਕਦੇ ਕਹਿ ਦਿੰਦੇ ਹਨ ਕਿ ਰੋਟੇਸ਼ਨ ਲਗਾ ਦਿੱਤੀ। ਜੇਕਰ ਰੋਟੇਸ਼ਨ ਲਗਾਉਣੀ ਹੈ ਤਾਂ ਕਿਸੇ ਹੋਰ ਪਾਸੇ ਤੋਂ ਲਗਾ ਦਿਓ। ਜਿਹੜੇ ਏਰੀਏ ਵਿੱਚ ਡਾਈਵਰਸੀਫਿਕੇਸ਼ਨ ਹੋ ਗਈ ਅਤੇ ਜਿੱਥੇ ਪੀਣ ਵਾਸਤੇ ਪਾਣੀ ਨਹੀਂ ਹੈ, ਉਥੇ ਤੁਸੀਂ ਰੋਟੇਸ਼ਨ ਲਗਾ ਦਿੱਤੀ। ਰੋਟੇਸ਼ਨ ਵਿੱਚ ਇਸ ਤਰ੍ਹਾਂ ਹੈ ਕਿ ਜੇਕਰ ਕਿਸੇ ਨੇ ਇੱਕ ਵਾਰੀ ਖਾਲ ਤੋੜ ਲਿਆ, ਉਸ ਦਾ ਤਾਂ ਮਹੀਨਾ ਠੀਕ ਨਿਕਲ ਜਾਂਦਾ ਹੈ, ਮੈਂ ਤੁਹਾਨੂੰ ਆਪਣੀ ਗੱਲ ਦੱਸ ਦਿੰਦਾ ਹਾਂ। ਪੂਰਾ ਇੱਕ ਮਹੀਨਾ ਬਾਗ ਵਿੱਚ ਪਾਣੀ ਨਹੀਂ ਲੱਗਿਆ ਕਿਉਂਕਿ ਰੋਟੇਸ਼ਨ ਕਰਕੇ ਕਿਸੇ ਨੇ ਨਹਿਰ ਤੋੜ ਲਈ। ਸਾਰੇ ਏਰੀਏ ਵਿੱਚ ਹਾਹਾਕਾਰ ਮਚੀ ਪਈ ਹੈ। ਪਲੀਜ਼, ਇਹ ਜਿਹੜੇ ਤੁਸੀਂ ਸਟੈੱਪ ਲੈ ਰਹੇ ਹੋ, ਇਸ ਵਿੱਚ ਐਨਸ਼ਿਓਰ ਕਰੋ ਕਿ it should be implemented within six months. ਤੁਸੀਂ ਆਪਣੀ ਨਾਲਿਜ ਵਿੱਚ ਲਿਆ ਕੇ, ਕਿਰਪਾ ਕਰਕੇ ਜਿਹੜੀ ਡਾਫ਼ ਲਗਦੀ ਹੈ, ਇਹ ਤਾਂ ਹਟਵਾ ਦਿਓ। ਜੇਕਰ ਰੋਟੇਸ਼ਨ ਲਗਾਉਣੀ ਹੈ ਤਾਂ ਉਹ ਕਿਸੇ ਹੋਰ ਪਾਸੇ ਲਗਾ ਲਓ। ਪਲੀਜ਼ ਜਿਹੜਾ ਸਾਡਾ ਏਰੀਆ ਟੇਲ ਤੇ ਬੈਠਾ ਹੈ, you are custodian, ਇਸ ਦਾ ਕੋਈ ਇਲਾਜ ਕਰੋ ਅਤੇ ਜੇਕਰ ਪੁਲ ਵਾਸਤੇ ਹੋਰ ਪੈਸੇ ਚਾਹੀਦੇ ਹਨ ਤਾਂ ਉਹ ਵੀ ਪਲੀਜ਼ ਸੈਂਕਸ਼ਨ ਕਰੋ। ਧੰਨਵਾਦ।

ਮੰਤਰੀ : ਸਪੀਕਰ ਸਾਹਿਬ, ਅਸੀਂ ਪੁਲ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ। ਇਹ ਪੁਲ ਹਰ ਹਾਲਤ ਵਿੱਚ ਛੇ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ ਅਤੇ ਇਹ ਮੁਕੰਮਲ ਹੋਣ ਤੋਂ ਬਾਅਦ ਜਿਹੜੀ ਤੁਸੀਂ ਸਫ਼ਾਈ ਦੀ ਗੱਲ ਕਰਦੇ ਹੋ, ਮੈਂ ਤੁਹਾਨੂੰ ਗਰੰਟੀ ਦਿੰਦਾ ਹਾਂ ਕਿ ਇਸ ਦੀ ਸਫ਼ਾਈ ਕਰਵਾਈ ਜਾਵੇਗੀ ਅਤੇ ਟੇਲਾਂ ਤੱਕ ਪਾਣੀ ਪਹੁੰਚਾਇਆ ਜਾਵੇਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਫ਼ਾਈ ਤਾਂ ਪਿੰਡਾਂ ਵਾਲੇ ਲੋਕ ਖੁਦ ਆਪ ਜਾ ਕੇ ਕਰਦੇ ਹਨ। ਇਸ ਵਾਸਤੇ ਤੁਹਾਨੂੰ ਸਪੈਸਿਫਿਕਲੀ ਪੈਸਾ ਪ੍ਰੋਵਾਈਡ ਕਰਨਾ ਪਵੇਗਾ। ਦੋ ਸਾਲ ਵਿੱਚ ਦੋ ਸਫ਼ਾਈਆਂ ਹੁੰਦੀਆਂ ਹਨ ਜਿਸ ਵਾਸਤੇ ਪੌਣੇ ਪੰਜ ਕਰੋੜ ਰੁਪਏ ਸਾਲਾਨਾ ਦਾ ਖਰਚਾ ਹੈ। ਤੁਸੀਂ ਆਬਿਆਨਾ ਕੁਲੈਕਟ ਕਰਦੇ ਹੋ, ਤੁਸੀਂ ਪ੍ਰੋਵੀਜ਼ਨ ਕਰੋ, ਇਹ ਤੁਹਾਡੀ ਡਿਊਟੀ ਬਣਦੀ ਹੈ। ਇਹ ਬੜਾ ਅਹਿਮ ਮਸਲਾ ਹੈ। ਪਲੀਜ਼ ਇਸ ਵਾਸਤੇ ਤੁਸੀਂ ਧਿਆਨ ਦਿਓ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਮੈਂ ਬੜਾ

ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਬਾਦਲ ਸਾਹਿਬ ਦਾ ਅਤੇ ਡਿਪਟੀ ਸੀ.ਐਮ. ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਲੰਬੀ ਡਿਸਟ੍ਰੀਬਿਊਟਰੀ ਅਤੇ ਅਰਨੇਵਾਲ ਡਿਸਟ੍ਰੀਬਿਊਟਰੀ, ਇਹ ਦੋਵੇਂ ਰੈਨੋਵੇਟ ਹੋ ਰਹੀਆਂ ਹਨ। ਲੰਬੀ ਡਿਸਟ੍ਰੀਬਿਊਟਰੀ ਦਾ ਕੰਮ 27% ਹੋ ਗਿਆ ਹੈ। ਮੈਂ ਇਸ ਸਬੰਧੀ ਕੁਐਸਚਨ ਵੀ ਲਗਾਇਆ ਸੀ, 16 ਤਰੀਕ ਨੂੰ ਇਸ ਦਾ ਜਵਾਬ ਆਇਆ ਸੀ, ਇਹ ਡਿਸਕਸ ਨਹੀਂ ਹੋ ਸਕਿਆ ਸੀ। ਜਾਖੜ ਸਾਹਿਬ ਜਿਹੜੇ ਪਿੰਡਾਂ ਦੀ ਗੱਲ ਕਰਦੇ ਹਨ, ਇਹ ਪਿੰਡ ਪਹਿਲਾਂ ਇਨ੍ਹਾਂ ਕੋਲ ਸਨ। ਸ਼ੇਰਗੜ੍ਹ ਪਿੰਡ ਦੀ ਖਾਸ ਤੌਰ ਤੇ ਗੱਲ ਕੀਤੀ ਹੈ, ਸਪੀਕਰ ਸਾਹਿਬ, ਮੈਂ ਜਦੋਂ ਉਨ੍ਹਾਂ ਪਿੰਡਾਂ ਵਿੱਚ ਗਿਆ, ਮੈਂ ਖੁਸ਼ ਬਹੁਤ ਸੀ ਕਿ ਇਹ ਪਿੰਡ ਚੌਧਰੀਆਂ ਦੇ ਹਲਕੇ ਦੇ ਪਿੰਡ ਹਨ ਅਤੇ ਮੇਰਾ ਤਾਂ ਰਿਜ਼ਰਵ ਹਲਕਾ ਹੈ।

ਮਾਨਯੋਗ ਸਪੀਕਰ : ਕੀ ਕੋਈ ਸਪਲੀਮੈਂਟਰੀ ਜਾਂ ਕੋਈ ਕਲੈਰੀਫਿਕੇਸ਼ਨ ਹੈ, ਉਹ ਦੱਸੋ?

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਰ, ਮੈਂ ਇਹੀ ਗੱਲ ਕਰਨੀ ਸੀ ਕਿ ਸ਼ੇਰਗੜ੍ਹ ਪਿੰਡ ਇਨ੍ਹਾਂ ਕੋਲ ਸੀ। ਜਦੋਂ ਮੈਂ ਉਥੇ ਗਿਆ ਤਾਂ ਉਨ੍ਹਾਂ ਦੀ ਮੇਨ ਡਿਮਾਂਡ ਇਹ ਸੀ ਕਿ ਉਥੇ ਪੀਣ ਵਾਲਾ ਪਾਣੀ ਨਹੀਂ ਹੈ। ਜਾਖੜ ਸਾਹਿਬ ਸਾਲ 2002 ਤੋਂ 2007 ਤੱਕ ਇਰੀਗੇਸ਼ਨ ਮਹਿਕਮੇ ਦੇ ਸੀ.ਪੀ.ਐਸ. ਵੀ ਰਹੇ ਹਨ, ਉਦੋਂ ਤਾਂ ਇਨ੍ਹਾਂ ਨੂੰ ਧਿਆਨ ਨਹੀਂ ਆਇਆ। ਪੰਜਾਬੀ ਵਿੱਚ ਇੱਕ ਕਹਾਵਤ ਹੈ –

"ਲੋਕਾਂ ਦਾ ਦੁੱਧ ਵਿਕਦਾ ਤੇਰਾ ਵਿਕਦਾ ਜੈ ਕੁਰੇ ਪਾਣੀ।"

Mr. Speaker : Now sit down. ਜੇਕਰ ਕੋਈ ਪ੍ਰਾਬਲਮ ਹੈ ਤਾਂ ਉਹ ਦੱਸੋ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਉਹੀ ਗੱਲ ਕਰ ਰਿਹਾ ਹਾਂ ਜੀ। ਲੰਬੀ ਡਿਸਟ੍ਰੀਬਿਊਟਰੀ ਦਾ ਕੰਮ ਚੱਲ ਰਿਹਾ ਹੈ। ਜਿਹੜੀ ਇਨ੍ਹਾਂ ਨੇ ਟੇਲਾਂ ਦੀ ਗੱਲ ਕੀਤੀ ਹੈ, ਇਸ ਨਾਲ ਉਥੇ ਪਾਣੀ ਸਹੀ ਹੋ ਜਾਣਾ ਹੈ। ਜਿਹੜੀ ਅਰਨੇਵਾਲ ਮਾਈਨਰ ਹੈ, ਉਥੇ ਸਾਡੇ ਪਿੰਡ ਪੈਂਦੇ ਹਨ, ਉਥੇ ਵੀ ਕੰਮ ਸਹੀ ਹੋ ਜਾਣਾ ਹੈ। ਉਥੇ ਹਰ ਸਾਲ ਸਫ਼ਾਈ ਹੁੰਦੀ ਹੈ। ਇਹ ਹੋਰ ਵੀ ਵਧੀਆ ਢੰਗ ਨਾਲ ਹੋਣੀ ਚਾਹੀਦੀ ਹੈ। ਧੰਨਵਾਦ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਨਾਂ ਲਿਆ ਹੈ। ਇਹ ਕਲੈਰੀਫਾਈ ਕਰ ਦੇਣ ਕਿ ਉਥੇ ਟੇਲਾਂ ਤੇ ਪਾਣੀ ਸਹੀ ਪਹੁੰਚ ਰਿਹਾ ਹੈ। ਤੁਸੀਂ ਸਦਨ ਵਿੱਚ ਸਿਰਫ਼ ਇੰਨਾ ਕਹਿ ਦਿਓ ਕਿ ਉਥੇ ਅੱਜ ਦੀ ਡੇਟ ਵਿੱਚ ਪਾਣੀ ਪਹੁੰਚ ਰਿਹਾ ਹੈ।

Mr. Speaker : Please sit down. Who is he to clarify ?

** **(ਕ੍ਰਮ ਨੰ: 13)**

ਮਾਨਯੋਗ ਸਪੀਕਰ : ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਅਜਾਇਬ ਸਿੰਘ ਭੱਟੀ ਵਲੋਂ ਇੱਕ ਕਾਲ ਅਟੈਂਸ਼ਨ ਦਿੱਤੀ ਗਈ ਸੀ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅੱਜ ਦੀ ਬਜਾਏ ਕੱਲ੍ਹ ਨੂੰ ਕਾਲ ਅਟੈਂਸ਼ਨ ਲਗਾਉਣਾ ਚਾਹੁੰਦੇ ਹਨ। ਠੀਕ ਹੈ ਜੀ, I allow it.

(ਕ੍ਰਮ ਨੰਬਰ 14)

ਸ਼੍ਰੀ ਅਸ਼ਵਨੀ ਸੇਖੜੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਪੰਜਾਬ ਦੇ ਬਾਰਡਰ ਦੇ 6 ਜ਼ਿਲ੍ਹਿਆਂ ਵਿੱਚ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉਤਰਾਂਚਲ ਅਤੇ ਉੱਤਰੀ ਪੂਰਬੀ ਰਾਜਾਂ ਦੀ ਤਰਜ ਤੇ ਇੰਡਸਟਰੀ ਪੈਕੇਜ ਨਾ ਮਿਲਣ ਕਰਕੇ ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਇੰਡਸਟਰੀ ਨਹੀਂ ਲੱਗੀ, ਜਿਸ ਕਾਰਨ ਨੌਜਵਾਨਾਂ ਵਿੱਚ ਬਹੁਤ ਜ਼ਿਆਦਾ ਬੇਰੁਜ਼ਗਾਰੀ ਵੱਧ ਚੁੱਕੀ ਹੈ। ਇੰਡਸਟਰੀ ਦੀ ਅਣਹੋਂਦ ਕਾਰਨ ਨੌਜਵਾਨਾਂ ਨੂੰ ਕੋਈ ਕੰਮ ਨਾ ਮਿਲਣ ਕਰਕੇ ਉਨ੍ਹਾਂ ਦਾ ਰੁਝਾਨ ਨਸ਼ਾਖੋਰੀ ਵੱਲ ਵਧ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਪਰਿਵਾਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ ਅਤੇ ਉਨ੍ਹਾਂ ਜ਼ਿਲ੍ਹਿਆਂ ਵਿੱਚ ਖਤਰਨਾਕ ਸਮਾਜਿਕ ਸਥਿਤੀ ਪੈਦਾ ਹੋ ਚੁੱਕੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**Call Attention Notice No. 13 Postponed to 22.7.2014.

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਭਾਰਤ ਸਰਕਾਰ ਵੱਲੋਂ ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਂਚਲ ਰਾਜਾਂ ਨੂੰ ਸਾਲ 2002-03 ਤੋਂ ਲੈ ਕੇ ਦਿੱਤੀਆਂ ਵਿੱਤੀ ਰਿਆਇਤਾਂ ਦੇ ਸਬੰਧ ਵਿੱਚ ਇਸ ਮਾਮਲੇ ਨੂੰ ਰਾਜ ਸਰਕਾਰ ਵੱਲੋਂ ਸ਼ੁਰੂ ਤੋਂ ਹੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਰਾਹੀਂ ਵੱਖ ਵੱਖ ਸਮੇਂ ਤੇ ਭਾਰਤ ਸਰਕਾਰ ਨਾਲ ਹਰ ਪੱਧਰ ਤੇ ਅਰਥਾਤ ਮਾਨਯੋਗ ਪ੍ਰਧਾਨ ਮੰਤਰੀ, ਕੇਂਦਰੀ ਵਿੱਤ ਮੰਤਰੀ ਅਤੇ ਕੇਂਦਰੀ ਉਦਯੋਗ ਮੰਤਰੀ ਨਾਲ ਉਠਾਇਆ ਜਾਂਦਾ ਰਿਹਾ ਹੈ ਅਤੇ ਇਸ ਸਬੰਧ ਵਿੱਚ ਪੰਜਾਬ ਸਟੇਟ ਨੂੰ ਉਹ ਰਿਆਇਤਾਂ ਦੇਣ ਲਈ ਜਿਹੜੀਆਂ ਗੁਆਂਢੀ ਰਾਜਾਂ ਨੂੰ ਦਿੱਤੀਆਂ ਗਈਆਂ ਸਨ ਜਾਂ ਦੇਣ ਦੀ ਤਜਵੀਜ਼ ਅਧੀਨ ਹਨ, ਉਨ੍ਹਾਂ ਵਲੋਂ ਮਿਤੀ 12.6.2014 ਨੂੰ ਇੱਕ ਅਰਧ ਸਰਕਾਰੀ ਪੱਤਰ ਮਾਨਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ ਨੂੰ ਲਿਖਿਆ ਗਿਆ ਹੈ। ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਮਿਤੀ 1.4.2003 ਨੂੰ ਪੰਜਾਬ ਵਿਧਾਨ ਸਭਾ ਵਲੋਂ ਜੋ ਮਤਾ ਪਾਸ ਕੀਤਾ ਗਿਆ ਸੀ, ਉਹ ਵੀ ਭਾਰਤ ਸਰਕਾਰ ਨੂੰ ਭੇਜਦੇ ਹੋਏ ਭਾਰਤ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਕਿ ਪੰਜਾਬ ਰਾਜ ਨੂੰ ਉਹੀ ਆਰਥਿਕ ਪੈਕੇਜ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਕਿ ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਜੰਮੂ ਤੇ ਕਸ਼ਮੀਰ ਰਾਜਾਂ ਨੂੰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਮੰਤਰੀ ਪ੍ਰੀਸ਼ਦ ਵਲੋਂ ਮਿਤੀ 22.1.2010 ਨੂੰ ਹੋਈ ਮੀਟਿੰਗ ਵਿੱਚ ਗੁਆਂਢੀ ਰਾਜਾਂ ਲਈ ਉਦਯੋਗ ਯੂਨਿਟਾਂ ਨੂੰ ਦਿੱਤੀਆਂ ਟੈਕਸ ਰਿਆਇਤਾਂ ਕਾਰਨ ਪੰਜਾਬ ਦੇ ਉਦਯੋਗੀਕਰਨ ਤੇ ਬੁਰੇ ਪ੍ਰਭਾਵ ਸਬੰਧੀ ਨੋਟਿਸ ਦੇ ਸਬੰਧ ਵਿੱਚ ਜੋ ਮਤਾ ਪਾਸ ਕੀਤਾ ਗਿਆ ਸੀ, ਉਹ ਵੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਅਰਧ ਸਰਕਾਰੀ ਪੱਤਰ ਮਿਤੀ 9.2.2010 ਰਾਹੀਂ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਭੇਜਿਆ ਗਿਆ ਸੀ। ਇਸ ਤੋਂ ਇਲਾਵਾ ਸਾਲ 2009 ਵਿੱਚ ਰਾਜ ਸਰਕਾਰ ਵਲੋਂ ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਰਾਜਾਂ ਨੂੰ ਦਿੱਤੀਆਂ ਗਈਆਂ ਵਿੱਤੀ ਰਿਆਇਤਾਂ ਸਬੰਧੀ ਭਾਰਤ ਸਰਕਾਰ ਵੱਲੋਂ ਜਾਰੀ ਵੱਖ ਵੱਖ ਨੋਟੀਫਿਕੇਸ਼ਨਾਂ ਤੇ ਸਰਕੂਲਰਾਂ ਨੂੰ ਅਸੰਵਿਧਾਨਿਕ ਤੇ ਪੰਜਾਬ ਤੋਂ ਬਾਹਰੀ ਮੰਨਦੇ ਹੋਏ ਇਨ੍ਹਾਂ ਨੂੰ ਰੱਦ ਕਰਨ ਲਈ ਸੂਟ ਨੰ: 2/2009 ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਿੱਚ ਦਾਖਲ ਕੀਤਾ ਗਿਆ ਸੀ ਜੋ ਕਿ ਕੋਰਟ ਦੇ ਵਿਚਾਰ ਅਧੀਨ ਹੈ। ਇਸ ਤਰ੍ਹਾਂ ਭਾਰਤ ਸਰਕਾਰ ਵੱਲੋਂ ਗੁਆਂਢੀ ਰਾਜਾਂ ਨੂੰ ਉਦਯੋਗਿਕ ਯੂਨਿਟਾਂ ਨੂੰ ਦਿੱਤੀਆਂ ਰਿਆਇਤਾਂ

ਪੰਜਾਬ ਰਾਜ ਨੂੰ ਵੀ ਦੇਣ ਸਬੰਧੀ ਰਾਜ ਸਰਕਾਰ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਰਾਜ ਸਰਕਾਰ ਵਲੋਂ ਮਿਤੀ 5.12.2013 ਨੂੰ ਅਧਿਸੂਚਿਤ ਕੀਤੀ ਗਈ ਉਦਯੋਗਿਕ ਬੜਾਵੇ ਲਈ ਵਿੱਤੀ ਰਿਆਇਤਾਂ, 2013 ਦੀ ਪਾਲਿਸੀ ਮਿਤੀ 1.4.2013 ਤੋਂ ਲਾਗੂ ਕੀਤੀ ਗਈ ਹੈ, ਇਸ ਅਧੀਨ ਰਾਜ ਵਿੱਚ ਉਦਯੋਗ ਸਥਾਪਿਤ ਕਰਨ ਸਬੰਧੀ ਹੁਣ ਤੱਕ ਪ੍ਰਾਪਤ ਹੋਈਆਂ ਵਿਚਾਰ ਅਧੀਨ 78 ਤਜਵੀਜ਼ਾਂ ਵਿੱਚੋਂ 23 ਤਜਵੀਜ਼ਾਂ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਦੀਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 10531 ਵਿਅਕਤੀਆਂ ਨੂੰ ਰੁਜ਼ਗਾਰ ਮਿਲਣ ਦੀ ਸੰਭਾਵਨਾ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਆਪਣੀ ਇਨਫਰਮੇਸ਼ਨ ਅਤੇ ਬਿਆਨ ਪੜ੍ਹ ਕੇ ਦੱਸਿਆ ਹੈ ਪਰ ਮੈਂ ਤੁਹਾਡੇ ਰਾਹੀਂ ਇਸ ਪਵਿੱਤਰ ਹਾਊਸ ਵਿੱਚ ਕੁਝ ਡਾਟਾ ਦੱਸਣਾ ਚਾਹੁੰਦਾ ਹਾਂ ਜਿਹੜਾ ਕਿ ਇਸ ਚੀਜ਼ ਨਾਲ ਸਬੰਧਤ ਹੈ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ। ਮੈਨੂੰ ਦੱਸਣਾ ਨਹੀਂ ਹੈ।

ਸ਼੍ਰੀ ਅਸ਼ਵਨੀ ਸੇਖੜੀ : ਡਾਟਾ ਦੱਸ ਕੇ ਸਪਲੀਮੈਂਟਰੀ ਪੁੱਛਾਂਗਾ ਜੀ। ਮੈਨੂੰ ਜੇ ਬੋਲਣ ਦਾ ਟਾਈਮ ਦਿਉਗੇ ਫਿਰ ਮੈਂ ਦੱਸ ਦਿੰਦਾ ਹਾਂ ਜੀ। ਸਪੀਕਰ ਸਾਹਿਬ, ਮੈਂ ਦੱਸ ਰਿਹਾ ਹਾਂ ਕਿ ਸਾਡੇ ਜਿਹੜੇ ਛੇ ਜ਼ਿਲ੍ਹੇ ਬਾਰਡਰ ਦੇ ਹਨ, ਉਨ੍ਹਾਂ ਦੇ ਹਾਲਾਤ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਨਾਲੋਂ ਥੋੜ੍ਹੇ ਜਿਹੇ ਡਿਫਰੈਂਟ ਹਨ। ਮੰਤਰੀ ਸਾਹਿਬ ਦੀ ਗੱਲ ਬਹੁਤ ਚੰਗੀ ਹੈ ਕਿ ਇਹ ਪੂਰੀ ਸਟੇਟ ਲਈ ਪੈਕੇਜ ਮੰਗ ਰਹੇ ਹਨ। ਪਰ ਬਾਰਡਰ ਦੇ ਜ਼ਿਲ੍ਹੇ ਅਲਾਰਮਿੰਗ ਸਟੇਟ ਵਿੱਚ ਪਹੁੰਚ ਚੁੱਕੇ ਹਨ। ਇਨ੍ਹਾਂ ਛੇ ਜ਼ਿਲ੍ਹਿਆਂ ਵਿੱਚ ਜਿਥੇ ਲਗਭਗ 30% ਪਾਪੂਲੇਸ਼ਨ ਹੈ ਤੇ 35% ਏਰੀਆ ਪੂਰੀ ਸਟੇਟ ਦਾ ਹੈ, ਇਸ ਬਾਰੇ ਆਰ.ਟੀ.ਆਈ. ਦੇ ਤਹਿਤ ਇਨਫਰਮੇਸ਼ਨ ਮੰਗੀ ਗਈ ਸੀ, ਜਿਸ ਵਿੱਚ ਦੱਸਿਆ ਗਿਆ ਕਿ ਪਿਛਲੇ 7-8 ਸਾਲਾਂ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ 1864 ਇੰਡਸਟਰੀ ਯੂਨਿਟ ਬੰਦ ਹੋ ਗਏ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ 8053 ਯੂਨਿਟ ਬੰਦ ਹੋ ਗਏ ਯਾਨੀ ਕਿ 9917 ਇੰਡਸਟਰੀਅਲ ਯੂਨਿਟ ਪਿਛਲੇ 7-8 ਸਾਲਾਂ ਵਿੱਚ ਬੰਦ ਹੋ ਚੁੱਕੇ ਹਨ। ਇੱਥੇ ਮੈਂ ਸਵਾਲ ਕੀਤਾ ਸੀ, ਕੁਝ ਦਿਨ ਪਹਿਲਾਂ ਮੈਨੂੰ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਬਾਰੇ ਜਵਾਬ ਮਿਲਿਆ ਹੈ

ਕਿ ਪਿਛਲੇ 7 ਸਾਲਾਂ ਵਿੱਚ ਗੁਰਦਾਸਪੁਰ ਜ਼ਿਲ੍ਹੇ ਵਿੱਚ 3 ਯੂਨਿਟ ਔਰ ਅੰਮ੍ਰਿਤਸਰ ਵਿੱਚ 5 ਯੂਨਿਟ ਆਏ ਹਨ ਯਾਨੀ ਕਿ ਪਿਛਲੇ 7 ਸਾਲਾਂ ਦੌਰਾਨ ਕੁੱਲ 8 ਇੰਡਸਟਰੀਅਲ ਯੂਨਿਟ ਹੀ ਇਨ੍ਹਾਂ ਜ਼ਿਲ੍ਹਿਆਂ ਵਿੱਚ ਆਏ ਹਨ ਔਰ 9917 ਯੂਨਿਟ ਬੰਦ ਹੋਏ ਹਨ। ਅੱਜ ਬਾਰਡਰ ਦੇ ਜ਼ਿਲ੍ਹਿਆਂ ਦੀ ਸਿਚੂਏਸ਼ਨ ਇੰਨੀ ਅਲਾਰਮਿੰਗ ਹੈ ਕਿ ਹਰ ਘਰ ਵਿੱਚ ਬੱਚੇ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਨੇ ਫਰੱਸਟਰੇਸ਼ਨ ਪੈਦਾ ਕੀਤੀ ਹੈ ਜਿਸ ਕਾਰਨ ਨਸ਼ੇ ਵਧਦੇ ਹਨ। ਆਪਾਂ ਪੂਰੀ ਸਟੇਟ ਦੀ ਲੜਾਈ ਲੜੀ ਹੈ ਬਹੁਤ ਚੰਗੀ ਗੱਲ ਹੈ ਪਰ ਜੇ ਬਾਰਡਰ ਦੇ ਜ਼ਿਲ੍ਹਿਆਂ ਨੂੰ ਕੋਈ ਸਪੈਸ਼ਲ ਟਰੀਟਮੈਂਟ ਨਾ ਦਿੱਤਾ ਗਿਆ ਤਾਂ ਬਹੁਤ ਬੁਰੇ ਹਾਲਾਤ ਹੋ ਜਾਣਗੇ। ਸਾਲ 2003 ਵਿੱਚ ਜਦੋਂ ਮੈਂ ਮਨਿਸਟਰ ਸੀ, ਮੈਂ ਇਹ ਰੈਜ਼ੋਲਿਊਸ਼ਨ ਲਿਆਇਆ ਸੀ।ਮੈਂ ਇਸ ਹਾਊਸ ਵਿੱਚ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਜ਼ਿਲ੍ਹਿਆਂ ਨੂੰ ਸਪੈਸ਼ਲ ਟਰੀਟਮੈਂਟ ਦੇਣ ਲਈ ਕੀ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਇੱਕ ਵੱਖਰਾ ਇੰਡਸਟਰੀਅਲ ਪੈਕੇਜ ਲੈਣ ਲਈ ਉਪਰਾਲੇ ਕਰੇਗੀ ਜੋ ਕਿ ਅਸਾਨੀ ਨਾਲ ਮਿਲ ਸਕਦਾ ਹੈ।(ਵਿਘਨ..ਸ਼ੋਰ)

ਮੰਤਰੀ : ਸਪੀਕਰ ਸਾਹਿਬ ਮੈਂ ਬੜਾ ਡਿਟੇਲ ਵਿੱਚ ਜਵਾਬ ਦਿੱਤਾ ਹੈ ਕਿ ਅਸੀਂ ਕੇਂਦਰ ਸਰਕਾਰ ਦੇ ਹਰ ਮੰਤਰੀ, ਹਰ ਅਫਸਰ ਕੋਲ ਗਏ ਹਾਂ, ਇਸ ਸਬੰਧੀ ਪੂਰੇ ਕਦਮ ਉਠਾਏ ਹਨ। ਜਦੋਂ ਇਨ੍ਹਾਂ ਦੀ ਯੂ.ਪੀ.ਏ. ਸਰਕਾਰ ਸੀ, ਅਸੀਂ ਉਦੋਂ ਵੀ ਗਏ ਸੀ, ਉਨ੍ਹਾਂ ਨੇ ਤਾਂ ਸਾਡਾ ਕੇਸ ਰਿਜੈਕਟ ਹੀ ਕਰ ਦਿੱਤਾ ਸੀ। ਉਹ ਕਹਿੰਦੇ ਕਿਉਂਕਿ ਅਸੀਂ ਕੰਨਸੈਸ਼ਨ ਵਿਦਡਰਾਅ ਕਰ ਰਹੇ ਹਾਂ, ਇਸ ਕਰਕੇ ਹੁਣ ਤੁਹਾਡਾ ਕੇਸ ਹੀ ਨਹੀਂ ਬਣਦਾ। ਪਰ ਬਾਅਦ ਵਿੱਚ ਸਾਰੀਆਂ ਹੀ ਕੰਨਸੈਸ਼ਨਾਂ ਰਿਸਟੋਰ ਕਰ ਦਿੱਤੀਆਂ। ਅਸੀਂ ਹੁਣ ਸੂਟ ਫਾਈਲ ਕੀਤਾ ਹੋਇਆ ਹੈ। ਇਹ ਮੈਟਰ ਸਬ-ਜੁਡਿਸ ਹੈ। But still we are pressing and we are still trying, ਹੁਣੇ ਜੂਨ ਦੇ ਵਿੱਚ ਸਾਡੇ ਮੁੱਖ ਮੰਤਰੀ ਸਾਹਿਬ ਉਥੇ ਮਿਲ ਕੇ ਆਏ, ਉਸ ਦਾ ਹਾਲੇ ਜਵਾਬ ਨਹੀਂ ਆਇਆ ਪਰ ਫਿਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਮੇਰਾ ਤਾਂ ਆਪਣਾ ਜ਼ਿਲ੍ਹਾ ਬਾਰਡਰ ਦਾ ਹੈ। ਸੜਕ ਦੇ ਇੱਕ ਪਾਸੇ ਹਿਮਾਚਲ ਦੀ ਇੰਡਸਟਰੀ ਚੱਲਦੀ ਹੈ, ਦੂਜੇ ਪਾਸੇ ਰੋਪੜ ਜ਼ਿਲ੍ਹਾ ਪੈਂਦਾ ਹੈ। So, we are very serious about it, we are already fighting for it.

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੇਰੀ ਦੂਜੀ ਸਪਲੀਮੈਂਟਰੀ ਹੈ ਜੀ।

ਮਾਨਯੋਗ ਸਪੀਕਰ : ਇਹ ਕੋਈ ਡਿਬੇਟ ਨਹੀਂ ਹੈ। ਤੁਹਾਡਾ ਜਵਾਬ ਆ ਗਿਆ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਦੂਜੀ ਸਪਲੀਮੈਂਟਰੀ ਤਾਂ ਲੈ ਹੀ ਸਕਦਾ ਹਾਂ। ਸਪੀਕਰ ਸਾਹਿਬ, ਜਿਹੜੀ ਮੰਤਰੀ ਜੀ ਨੇ ਸਦਨ ਨੂੰ ਜਾਣਕਾਰੀ ਦਿੱਤੀ ਹੈ। ਸਾਲ 2003 ਵਿੱਚ ਜਦੋਂ ਮੈਂ ਇੰਡਸਟਰੀ ਮਨਿਸਟਰ ਸੀ, ਉਸ ਸਮੇਂ ਮੈਂ ਵੀ ਇਹ ਰੈਜ਼ੋਲਿਊਸ਼ਨ ਲਿਆਇਆ ਸੀ। ਉਸ ਸਮੇਂ ਵਾਜਪਾਈ ਸਾਹਿਬ ਦੀ ਸਰਕਾਰ ਸੀ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ ਜੇ ਕਰਨੀ ਹੈ ਨਹੀਂ ਤਾਂ ਮੈਂ ਅੱਗੇ ਚੱਲਾਂ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਕੇਂਦਰ ਦੀ ਸਰਕਾਰ ਸਾਡੇ ਪੰਜਾਬ ਦਾ ਜੋ ਕਲੇਮ ਹੈ, ਉਸ ਨੂੰ ਵਾਰ ਵਾਰ ਰਿਜੈਕਟ ਕਰ ਰਹੀ ਹੈ। ਪਹਿਲਾਂ ਵਾਜਪਾਈ ਸਰਕਾਰ ਨੇ ਕੀਤਾ ਫਿਰ ਯੂ.ਪੀ.ਏ. ਨੇ ਵੀ ਰਿਜੈਕਟ ਕੀਤਾ। ਪਰ ਬਾਰਡਰ ਜ਼ਿਲ੍ਹੇ ਦਾ ਕੇਸ ਹੈ, ਮੈਂ ਕਈ ਅਫਸਰਾਂ ਅਤੇ ਮੰਤਰੀਆਂ ਨੂੰ ਮਿਲਿਆ ਹਾਂ। ਸੋ, ਮੈਂ ਸਰਕਾਰ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਆਪਣੇ ਤੌਰ ਤੇ ਬਾਰਡਰ ਜ਼ਿਲ੍ਹਿਆਂ ਨੂੰ ਟੈਕਸ ਹਾਲੀਡੇਅ ਦੇਣ ਨੂੰ ਤਿਆਰ ਹੈ ਜਾਂ ਨਹੀਂ?

PAPERS TO BE RE-LAID / LAID ON THE TABLE OF THE HOUSE

ਮਾਨਯੋਗ ਸਪੀਕਰ : ਸ੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ੍ਰੀਮਾਨ ਜੀ, ਮੈਂ ਨਿਮਨਲਿਖਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਮੁੜ ਰੱਖਦਾ ਹਾਂ:-

(i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀਜ਼/ਇੰਪਲਾਇਰਜ਼ ਨੂੰ ਸਿੰਗਲ

ਪ੍ਰਆਇੰਟ ਸਪਲਾਈ ਕਰਨਾ) (ਪਹਿਲੀ ਸੋਧਨਾ) ਵਿਨਿਯਮਨ, 2010;

(ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2010;

(iii) ਪੰਜਾਬ ਰਾਜ ਗ੍ਰਿਡ ਕੋਡ (ਪਹਿਲੀ ਸੋਧਨਾ) 2010;

(iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ) (ਤੀਜੀ ਸੋਧਨਾ) ਵਿਨਿਯਮਨ, 2010;

(v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) ਵਿਨਿਯਮਨ, 2011 ;

(vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) ਵਿਨਿਯਮਨ, 2011;

(vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੀਸ) (ਦੂਜੀ ਸੋਧਨਾ) ਵਿਨਿਯਮਨ, 2011;

(viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਨਿਸ਼ਚਿਤ ਕਰਨ ਸਬੰਧੀ;

(ix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਤੀਜੀ ਸੋਧਨਾ) ਵਿਨਿਯਮਨ, 2011;

(x) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਦੂਜੀ ਸੋਧਨਾ) ਵਿਨਿਯਮਨ, 2011;

(xi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਡੀਮਾਂਡ ਸਾਇਡ

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

ਮੈਨੇਜਮੈਂਟ) ਵਿਨਿਯਮਨ, 2012;

(xii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਵਿੱਚ ਸੋਧਨਾਵਾਂ ਸਬੰਧੀ;

(xiii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਪਹਿਲੀ ਸੋਧਨਾ) ਵਿਨਿਯਮਨ, 2012;

(xiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਦੂਜੀ ਸੋਧਨਾ) ਵਿਨਿਯਮਨ, 2012;

(xv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2012;

(xvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਲਾਹਕਾਰਾਂ ਦੀ ਨਿਯੁਕਤੀ) ਵਿਨਿਯਮਨ, 2012 ;

(xvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿੱਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਵਿੱਚ ਸੋਧਨਾ ਸਬੰਧੀ ਅਤੇ ਅਧਿਸੂਚਨਾ ਨੰਬਰ 61 ਮਿਤੀ 2.12.2012 ਰਾਹੀਂ ਅਧਿਸੂਚਿਤ ਅਤੇ ਅਧਿਸੂਚਨਾ ਨੰਬਰ 66 ਮਿਤੀ 30.3.2012 ਰਾਹੀਂ ਸੋਧਨਾ ਰਾਹੀਂ ਉਨ੍ਹਾਂ ਦੇ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਸਬੰਧੀ;

(xviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) ਦੂਜੀ ਸੋਧਨਾ ਵਿਨਿਯਮਨ, 2012;

(xix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਦੀ ਖਰੀਦ ਅਤੇ ਲਾਇਸੈਂਸੀ ਦੀ ਪ੍ਰਾਪਤੀ ਪ੍ਰਕ੍ਰਿਆ) ਵਿਨਿਯਮਨ, 2012;

(xx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਚੌਥੀ ਸੋਧਨਾ) ਵਿਨਿਯਮਨ, 2012;

(xxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਦੂਜੀ ਸੋਧਨਾ) ਵਿਨਿਯਮਨ, 2012; ਅਤੇ

(xxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੰਜਾਬ ਰਾਜ ਗ੍ਰਿਡ ਕੋਡ) ਵਿਨਿਯਮਨ, 2013,

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

2.ਅਤੇ ਨਿਮਨਲਿਖਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

(i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਤੀਜੀ ਸੋਧਨਾ) ਵਿਨਿਯਮਨ, 2013;

(ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2013;

(iii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 37.2 (ੲ)(ਜ) ਵਿੱਚ ਦਿੱਤੇ ਅਨੁਸਾਰ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਦੇ ਅਧਿਕਾਰੀ ਨਿਯੁਕਤ ਕਰਨ/

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

ਕਾਰਜਾਂ ਨੂੰ ਨਿਭਾਉਣ ਲਈ ਲਾਇਸੈਂਸੀ ਦੇ ਅਥਾਰਟੀ ਵਜੋਂ ਕੰਮ ਕਰਨ ਸਬੰਧੀ ;

(iv) ਅਧਿਸੂਚਨਾ ਨੰਬਰ ਪੀ. ਐਸ. ਈ.ਆਰ.ਸੀ./ ਸਕੱਤਰ/ ਵਿਨਿਯਮਨ 82 ਮਿਤੀ 21-6-2013 ਅਗਲੇਰੇ ਹੁਕਮਾਂ ਤੱਕ ਦੇ ਕ੍ਰਮ ਨੰਬਰ 3 ਵਿੱਚ ਆਉਂਦੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2013 ਦੇ ਵਿਨਿਯਮਨ 21.2 ਦੀ ਉਪ ਕਲਾਜ (ੲ) ਨੂੰ ਸੋਧਣ ਦੀ ਪ੍ਰਕ੍ਰਿਆ ਨੂੰ ਰੋਕਣ ਸਬੰਧੀ;

(v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2013 ;

(vi) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ) ;

(vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪੰਜਵੀਂ ਸੋਧਨਾ) ਵਿਨਿਯਮਨ, 2013; ਅਤੇ

(viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (5ਵੀਂ ਸੋਧਨਾ) ਵਿਨਿਯਮਨ, 2013;

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

3. ਸਾਲ 2010-11 ਲਈ ਪੰਜਾਬ ਅਨਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖੇ, ਜਿਵੇਂ ਕਿ ਪੰਜਾਬ ਅਨਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(5) ਅਧੀਨ ਲੋੜੀਂਦਾ ਹੈ।

4. ਸਾਲ 2011-12 ਲਈ ਪੰਜਾਬ ਅਨਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਚੰਡੀਗੜ੍ਹ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(6) ਅਧੀਨ ਲੋੜੀਂਦਾ ਹੈ।

5. ਸਾਲ 2010-11 (16.4.2010 ਤੋਂ 31.3.2011), ਲਈ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 'ੳ' ਅਧੀਨ ਲੋੜੀਂਦਾ ਹੈ।

6. ਸਾਲ 2011-12 ਲਈ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਦੀ 38ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ , 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

7. ਸਾਲਾਂ 2008-2009 2009-2010, 2010-11 ਅਤੇ 2011-12 ਲਈ ਬਠਿੰਡਾ ਵਿਕਾਸ ਅਥਾਰਟੀ, (ਬੀ.ਡੀ.ਏ) ਦੇ ਲੇਖਿਆਂ ਦੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

8. ਸਾਲਾਂ 2010-11 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ (ਏ.ਡੀ.ਏ) ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ , 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

9. ਸਾਲ 2011-2012 ਲਈ ਜਲੰਧਰ ਵਿਕਾਸ ਅਥਾਰਟੀ (ਜੇ.ਡੀ.ਏ) ਦੇ ਲੇਖਿਆਂ ਦੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

10. ਸਾਲ 2012-2013 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਟੀ, ਲੁਧਿਆਣਾ (ਗਲਾਡਾ) ਦੇ ਵਿੱਤੀ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

11. ਸਾਲ 2012-2013 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਟੀ, ਲੁਧਿਆਣਾ (ਗਲਾਡਾ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

12. ਸਾਲ 2010-11 ਲਈ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ (ਪਨਗ੍ਰੇਨ) ਦੀ 8ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

13. ਸਾਲ 2009-10 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 7ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

14. ਸਾਲ 2009-10 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ ਸੱਤਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

15. ਸਾਲ 2008-09 ਲਈ ਪੰਜਾਬ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 30ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

OFFICIAL RESOLUTION

Resolution regarding condemning the unprovoked attack carried out by mischievous elements on a community kitchen (langar) in Baltal (Jammu & Kashmir) on 18th July, 2014, and making an appeal to the Government of J&K for ensuring safety of life and property of the pilgrims undertaking Amarnath Yatra.

ਮਾਨਯੋਗ ਸਪੀਕਰ : ਜੋਸ਼ੀ ਜੀ, ਤੁਸੀਂ ਆਪਣਾ ਰੈਜ਼ੋਲਿਊਸ਼ਨ ਪੇਸ਼ ਕਰੋ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

"ਇਹ ਸਦਨ ਬੀਤੇ ਦਿਨੀਂ 18 ਜੁਲਾਈ ਨੂੰ ਬਾਲਟਾਲ (ਜੰਮੂ–ਕਸ਼ਮੀਰ) ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਲੰਗਰ ਪ੍ਰਬੰਧਕਾਂ ਉਪਰ ਬਿਨਾ ਕਿਸੇ ਭੜਕਾਹਟ ਤੋਂ ਹਮਲਾ ਬੋਲਣ ਅਤੇ ਉਨ੍ਹਾਂ ਦੇ ਸਾਜ਼ੋ ਸਾਮਾਨ ਦੀ ਭੰਨ–ਤੋੜ ਕੀਤੇ ਜਾਣ ਦੀ ਨਿਖੇਧੀ ਕਰਦਾ ਹੈ। ਇਸ ਮੰਦਭਾਗੀ ਘਟਨਾ ਬਾਰੇ ਪੰਜਾਬ ਸਰਕਾਰ ਵੱਲੋਂ ਜੰਮੂ–ਕਸ਼ਮੀਰ ਦੀ ਸਰਕਾਰ ਨੂੰ ਇਹ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਬਾਬਾ ਅਮਰਨਾਥ ਜੀ ਦੀ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਜਾਨ ਮਾਲ ਦੀ ਹਿਫਾਜ਼ਤ ਯਕੀਨੀ ਬਣਾਵੇ। ਇਸ ਦੇ ਨਾਲ ਹੀ ਸ਼ਰਧਾਲੂਆਂ ਵਾਸਤੇ ਲਾਏ ਜਾਂਦੇ ਲੰਗਰਾਂ ਦੇ ਪ੍ਰਬੰਧਕਾਂ ਦੇ ਮਾਲ–ਅਸਬਾਬ ਦੀ ਸੁਰੱਖਿਆ ਦੇ ਭਰੋਸੇ ਦੇ ਨਾਲ–ਨਾਲ ਉਨ੍ਹਾਂ ਦਾ ਬੀਮਾ ਕਰਵਾਏ ਜਾਣ ਦੀ ਅਪੀਲ ਵੀ ਜੰਮੂ–ਕਸ਼ਮੀਰ ਦੀ ਸਰਕਾਰ ਨੂੰ ਕੀਤੀ ਜਾਵੇ।"

ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਪਵਿੱਤਰ ਹਾਊਸ ਦਾ ਧਿਆਨ ਜੰਮੂ ਕਸ਼ਮੀਰ ਵਿੱਚ ਬੀਤੇ ਦਿਨ ਵਾਪਰੀ ਅਤਿਅੰਤ ਦੁਖਦਾਈ ਅਤੇ ਹਿਰਦੇ ਵੇਦਕ ਘਟਨਾ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਸ ਦੀ ਮੈਂ ਸਮਝਦਾ ਹਾਂ ਕਿ ਸਮੂਹ ਸਦਨ ਵੱਲੋਂ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਹ ਘਟਨਾ ਬੀਤੇ ਦਿਨੀਂ 28 ਜੁਲਾਈ ਨੂੰ ਬਾਬਾ ਅਮਰਨਾਥ ਦੀ ਯਾਤਰਾ ਦੇ ਮਾਰਗ ਬਾਲਟਾਲ ਵਿਖੇ ਸ਼ਾਂਤਮਈ ਢੰਗ ਨਾਲ ਸੇਵਾ ਕਰਦੇ ਲੋਕਾਂ ਨਾਲ ਵਾਪਰੀ ਹੈ। ਮੈਕਸੀਮਮ ਪੰਜਾਬ ਦੇ ਲੋਕ ਹਨ ਜਿਹੜੇ ਕਿ ਉਥੇ ਲੰਗਰ ਲਗਾਉਂਦੇ ਹਨ। ਇਹ ਬਹੁਤ ਕਠਿਨ ਯਾਤਰਾ ਹੈ। ਬੇਕਸੂਰ ਪ੍ਰਬੰਧਕਾਂ ਅਤੇ

ਸ਼ਰਧਾਲੂਆਂ ਨਾਲ ਇਹ ਘਟਨਾ ਵਾਪਰੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਅਮਰਨਾਥ ਜੀ ਦਾ ਆਸਥਾ ਵਾਲਾ ਅਸਥਾਨ ਪੂਰੇ ਦੇਸ਼ ਵਿੱਚ ਪ੍ਰਸਿੱਧ ਹੈ। ਇਹ ਉਹ ਅਸਥਾਨ ਹੈ ਜਿੱਥੇ ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਲੱਖਾਂ ਲੋਕ ਦਰਸ਼ਨਾਂ ਲਈ ਜਾਂਦੇ ਹਨ। ਬਾਲਟਾਲ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਲੰਗਰ ਪ੍ਰਬੰਧਕਾਂ ਉਪਰ ਬਿਨਾ ਕਿਸੇ ਭੜਕਾਹਟ ਤੋਂ ਹਮਲਾ ਬੋਲਿਆ, ਉਨ੍ਹਾਂ ਦੇ ਸਾਜ਼ੋ ਸਾਮਾਨ ਦੀ ਭੰਨ ਤੋੜ ਕੀਤੀ, ਉਥੇ ਅੱਗਾਂ ਲਗਾਈਆਂ। ਉਹ ਲੋਕ ਬਹੁਤ ਮੁਸ਼ਕਲ ਨਾਲ ਉਥੋਂ ਬਚ ਕੇ ਨਿਕਲੇ ਹਨ। ਮੈਂ ਇਸ ਵਿੱਚ ਇਹ ਗੱਲ ਨਹੀਂ ਲਿਖੀ, ਜੰਮੂ ਕਸ਼ਮੀਰ ਦੀ ਪੁਲਿਸ ਨੇ ਜਿਸ ਤਰ੍ਹਾਂ ਕੀਤਾ ਹੈ, ਵਾਟਸ-ਐਪ ਉਤੇ, ਸੋਸ਼ਲ ਮੀਡੀਆ ਉਤੇ ਮੈਂ ਇਹ ਫੋਟੋਆਂ ਬਾਅਦ ਵਿੱਚ ਵੇਖੀਆਂ ਹਨ। ਪੁਲਿਸ ਅਫਸਰਾਂ ਨੇ ਉਨ੍ਹਾਂ ਦੇ ਮੂੰਹ ਤੇ ਪੈਰ ਰੱਖੇ। ਇਹ ਮੰਦਭਾਗੀ ਘਟਨਾ ਜਿਹੜੀ ਹੋਈ ਹੈ, ਇਸ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਸਮੁੱਚੇ ਮੀਡੀਏ ਨੇ ਇਸ ਮੰਦਭਾਗੀ ਘਟਨਾ ਦਾ ਨੋਟਿਸ ਲੈਂਦਿਆਂ ਇਸ ਨੂੰ ਪ੍ਰਕਾਸ਼ਤ ਕੀਤਾ ਹੈ। ਮੀਡੀਆ ਵਿੱਚ ਆਈਆਂ ਖਬਰਾਂ ਸਪੱਸ਼ਟ ਕਰਦੀਆਂ ਹਨ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਬਾਬਾ ਅਮਰਨਾਥ ਜੀ ਦੀ ਯਾਤਰਾ ਦੇ ਬੇਸ ਕੈਂਪ ਅਤੇ ਸ਼ਰਧਾਲੂਆਂ ਲਈ ਲਗਾਏ ਗਏ ਕੈਂਪ ਅਤੇ ਲੰਗਰ ਦੇ ਪ੍ਰਬੰਧਕਾਂ ਨਾਲ ਹੁੱਲੜਬਾਜ਼ੀ ਕੀਤੀ ਗਈ, ਉਨ੍ਹਾਂ ਦੀ ਕੁੱਟ-ਮਾਰ ਕੀਤੀ ਅਤੇ ਅੱਗਾਂ ਲਗਾਈਆਂ ਗਈਆਂ ਅਤੇ ਉਥੇ ਸੈਂਕੜੇ ਸਲੰਡਰ ਵੀ ਫਟ ਗਏ। ਉਨ੍ਹਾਂ ਨੂੰ ਲੁੱਟ ਵੀ ਲਿਆ ਗਿਆ। ਹਾਲੇ ਵੀ ਬਹੁਤ ਸਾਰੇ ਲੋਕ ਉੱਥੇ ਬੱਝੇ ਹਨ। ਮੇਰੀ ਬੇਨਤੀ ਹੈ ਕਿ ਜਿੰਨੇ ਵੀ ਲੰਗਰ ਲਗਾਉਂਦੇ ਹਨ, ਉਹ ਸਾਰੇ ਹੀ ਪੰਜਾਬ ਦੇ ਹਨ। ਉਨ੍ਹਾਂ ਲੰਗਰਾਂ ਤੋਂ ਬਗੈਰ ਇਹ ਯਾਤਰਾ ਸੰਭਵ ਨਹੀਂ ਹੈ। ਉਹ ਯਾਤਰੀ ਲੋਕਾਂ ਨੂੰ ਉਥੇ ਰੱਖਦੇ ਵੀ ਹਨ। ਪਿਛਲੇ ਸਮਿਆਂ ਵਿੱਚ ਯਾਤਰਾਵਾਂ ਦੌਰਾਨ ਕੁਦਰਤੀ ਆਫ਼ਤਾਂ ਜਿਵੇਂ ਕਿ ਬਰਫ ਦੇ ਤੂਫਾਨ ਆ ਗਏ ਆਦਿ ਵਰਗੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਸੈਂਕੜੇ ਲੋਕ ਮਾਰੇ ਗਏ ਹਨ। ਉਦੋਂ ਇਹੀ ਲੰਗਰਾਂ ਵਾਲੇ ਯਾਤਰਾ ਤੇ ਗਏ ਲੋਕਾਂ ਨੂੰ ਸੰਭਾਲਦੇ ਹਨ, ਲੰਗਰ ਦਿੰਦੇ ਹਨ, ਇਹੀ ਫਸਟ ਏਡ ਕਰਦੇ ਹਨ, ਦਵਾ-ਦਾਰੂ ਕਰਦੇ ਹਨ ਅਤੇ ਰਾਸ਼ਨ ਦਿੰਦੇ ਹਨ। ਜੇਕਰ ਇਹੀ ਉਥੋਂ ਹੱਟ ਗਏ ਤਾਂ ਯਾਤਰਾ ਅਸੰਭਵ ਹੋ ਜਾਣੀ ਹੈ। ਮੈਂ ਆਪਣੀ ਪਾਰਟੀ ਅਤੇ ਸਮੂਹ ਪੰਜਾਬ ਵਾਸੀਆਂ ਵੱਲੋਂ ਇਹ ਮਤਾ ਪੇਸ਼ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਸ ਮੰਦਭਾਗੀ ਘਟਨਾ ਦੀ ਨਿੰਦਾ ਦਾ ਪ੍ਰਸਤਾਵ ਪਾਸ ਕਰਦਿਆਂ ਜੰਮੂ ਕਸ਼ਮੀਰ ਦੀ ਸਰਕਾਰ ਨੂੰ

ਮਤਾ ਭੇਜਿਆ ਜਾਵੇ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਕੇਂਦਰ ਸਰਕਾਰ ਨੂੰ ਵੀ ਆਪਾਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਭੇਜੀਏ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ –

"ਇਹ ਸਦਨ ਬੀਤੇ ਦਿਨੀਂ 18 ਜੁਲਾਈ ਨੂੰ ਬਾਲਟਾਲ (ਜੰਮੂ-ਕਸ਼ਮੀਰ) ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਲੰਗਰ ਪ੍ਰਬੰਧਕਾਂ ਉੱਪਰ ਬਿਨਾ ਕਿਸੇ ਭੜਕਾਹਟ ਤੋਂ ਹਮਲਾ ਬੋਲਣ ਅਤੇ ਉਨ੍ਹਾਂ ਦੇ ਸਾਜ਼ੋ ਸਾਮਾਨ ਦੀ ਭੰਨ-ਤੋੜ ਕੀਤੇ ਜਾਣ ਦੀ ਨਿਖੇਧੀ ਕਰਦਾ ਹੈ। ਇਸ ਮੰਦਭਾਗੀ ਘਟਨਾ ਬਾਰੇ ਪੰਜਾਬ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਇਹ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਬਾਬਾ ਅਮਰਨਾਥ ਜੀ ਦੀ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਜਾਨ ਮਾਲ ਦੀ ਹਿਫਾਜ਼ਤ ਯਕੀਨੀ ਬਣਾਵੇ। ਇਸ ਦੇ ਨਾਲ ਹੀ ਸ਼ਰਧਾਲੂਆਂ ਵਾਸਤੇ ਲਾਏ ਜਾਂਦੇ ਲੰਗਰਾਂ ਦੇ ਪ੍ਰਬੰਧਕਾਂ ਦੇ ਮਾਲ-ਅਸਬਾਬ ਦੀ ਸੁਰੱਖਿਆ ਦੇ ਭਰੋਸੇ ਦੇ ਨਾਲ-ਨਾਲ ਉਨ੍ਹਾਂ ਦਾ ਬੀਮਾ ਕਰਵਾਏ ਜਾਣ ਦੀ ਅਪੀਲ ਵੀ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਕੀਤੀ ਜਾਵੇ।"

ਮਾਨਯੋਗ ਸਪੀਕਰ : ਜੇਕਰ ਕੋਈ ਹੋਰ ਮੈਂਬਰ ਇਸ ਮਤੇ ਤੇ ਬੋਲਣਾ ਚਾਹੁੰਦਾ ਹੈ ਤਾਂ ਬੋਲ ਸਕਦਾ ਹੈ।

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਹਾਊਸ ਵਿੱਚ ਇੱਕ ਬਹੁਤ ਹੀ ਅਹਿਮ ਇਸ਼ੂ ਤੇ ਰੈਜ਼ੋਲਿਊਸ਼ਨ ਲਿਆਂਦਾ ਗਿਆ ਜਾਂ ਸਟੇਟਮੈਂਟ ਦਿੱਤੀ ਗਈ ਹੈ। ਕਾਂਗਰਸ ਪਾਰਟੀ ਅਤੇ ਅਸੀਂ ਸਾਰੇ ਕੰਨਸਨਰਡ ਹਾਂ ਕਿ ਹਿੰਦੁਸਤਾਨ ਦੀ ਜਿਹੜੀ ਟੈਰੇਟਰੀ ਹੈ, ਉਥੇ ਹਰ ਹਿੰਦੁਸਤਾਨੀ ਨੂੰ ਜਾਣ ਦਾ ਹੱਕ ਹੈ। ਪੂਰੇ ਹਿੰਦੁਸਤਾਨ ਵਿੱਚੋਂ ਲੋਕ ਬਾਬਾ ਅਮਰਨਾਥ ਦੇ ਮੱਥਾ ਟੇਕਣ ਜਾਂਦੇ ਹਨ ਅਤੇ ਉੱਥੇ ਜੋ ਹੋਇਆ, ਉਹ ਘੋਰ ਨਿੰਦਣਯੋਗ ਹੈ। ਸਾਡੀ ਪਾਰਟੀ ਇਸ ਦੀ ਨਿੰਦਾ ਕਰਦੀ ਹੈ। ਮੈਂ ਸਮਝਦਾ ਹਾਂ ਕਿ ਜਿਵੇਂ ਜੋਸ਼ੀ ਸਾਹਿਬ ਨੇ ਇਹ ਪਰਪੋਜ਼ਲ ਲਿਆਂਦੀ ਹੈ, ਸਾਰਾ ਹਾਊਸ ਹੀ ਇਸ ਪ੍ਰਤੀ ਚਿੰਤਤ ਹੈ। ਬਟਾਲੇ ਅਤੇ ਕਪੂਰਥਲੇ ਦੇ ਲੋਕ ਵੀ ਉਥੇ ਜਾਂਦੇ ਹਨ, ਪੂਰੇ ਪੰਜਾਬ ਦੇ ਲੋਕ ਉਸ ਯਾਤਰਾ ਤੇ ਜਾਂਦੇ ਹਨ। ਪੰਜਾਬ ਦੇ ਲੋਕ ਇਸ ਦੀ ਨਿੰਦਾ ਕਰਦੇ ਹਨ। ਹਾਊਸ ਵੱਲੋਂ ਇਸ ਦਾ ਰੈਜ਼ੋਲਿਊਸ਼ਨ ਯੂਨੈਨੀਮਸਲੀ ਪਾਸ ਹੋਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ। ਸੋਮ ਪ੍ਰਕਾਸ਼ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਸਪੀਕਰ ਸਾਹਿਬ, ਜੋਸ਼ੀ ਸਾਹਿਬ ਨੇ ਜੋ ਸਟੇਟਮੈਂਟ ਦਿੱਤੀ ਹੈ, ਉਨ੍ਹਾਂ ਨੇ ਬਹੁਤ ਅਹਿਮ ਮੁੱਦਾ ਉਠਾਇਆ ਹੈ। ਬਾਲਟਾਲ ਵਿੱਚ ਜੋ ਘਟਨਾ ਹੋਈ, ਉਹ ਬੜੀ ਨਿੰਦਨੀਯ ਹੈ। ਮੈਂ ਫਗਵਾੜੇ ਦਾ ਰਹਿਣ ਵਾਲਾ ਹਾਂ, ਉਥੇ ਇਸ ਦੇ ਰੀਪ੍ਰਕਸ਼ਨ ਵੀ ਹੋਏ ਹਨ। ਮੈਂ ਸਮਝਦਾ ਹਾਂ ਕਿ ਜਿੱਥੇ ਸਾਨੂੰ ਇਸ ਗੱਲ ਦੀ ਨਿੰਦਾ ਕਰਨੀ ਚਾਹੀਦੀ ਹੈ, ਇਸ ਹਾਊਸ ਨੂੰ ਇਹ ਵੀ ਅਪੀਲ ਕਰਨੀ ਚਾਹੀਦੀ ਹੈ ਕਿ ਪੰਜਾਬ ਦੇ ਲੋਕ ਇਸ ਤੇ ਰੀਐਕਟ ਨਾ ਕਰਨ।

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ –

"ਇਹ ਸਦਨ ਬੀਤੇ ਦਿਨੀਂ 18 ਜੁਲਾਈ ਨੂੰ ਬਾਲਟਾਲ (ਜੰਮੂ-ਕਸ਼ਮੀਰ) ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਲੰਗਰ ਪ੍ਰਬੰਧਕਾਂ ਉੱਪਰ ਬਿਨਾ ਕਿਸੇ ਭੜਕਾਹਟ ਤੋਂ ਹਮਲਾ ਬੋਲਣ ਅਤੇ ਉਨ੍ਹਾਂ ਦੇ ਸਾਜ਼ੋ ਸਾਮਾਨ ਦੀ ਭੰਨ-ਤੋੜ ਕੀਤੇ ਜਾਣ ਦੀ ਨਿਖੇਧੀ ਕਰਦਾ ਹੈ। ਇਸ ਮੰਦਭਾਗੀ ਘਟਨਾ ਬਾਰੇ ਪੰਜਾਬ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਇਹ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਬਾਬਾ ਅਮਰਨਾਥ ਜੀ ਦੀ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਜਾਨ ਮਾਲ ਦੀ ਹਿਫਾਜ਼ਤ ਯਕੀਨੀ ਬਣਾਵੇ। ਇਸ ਦੇ ਨਾਲ ਹੀ ਸ਼ਰਧਾਲੂਆਂ ਵਾਸਤੇ ਲਾਏ ਜਾਂਦੇ ਲੰਗਰਾਂ ਦੇ ਪ੍ਰਬੰਧਕਾਂ ਦੇ ਮਾਲ-ਅਸਬਾਬ ਦੀ ਸੁਰੱਖਿਆ ਦੇ ਭਰੋਸੇ ਦੇ ਨਾਲ-ਨਾਲ ਉਨ੍ਹਾਂ ਦਾ ਬੀਮਾ ਕਰਵਾਏ ਜਾਣ ਦੀ ਅਪੀਲ ਵੀ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਕੀਤੀ ਜਾਵੇ।"

ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

RESUMPTION OF GENERAL DISCUSSION ON THE BUDGET ESTIMATES FOR THE YEAR 2014-15

ਮਾਨਯੋਗ ਸਪੀਕਰ : ਹੁਣ ਸਾਲ 2014-15 ਲਈ ਬਜਟ ਤੇ ਬਹਿਸ ਮੁੜ ਅਰੰਭ ਹੋਵੇਗੀ। ਕਿਰਪਾ ਕਰਕੇ ਸਾਰੇ ਬੋਲਣ ਵਾਲੇ ਮੈਂਬਰ ਸਾਹਿਬਾਨ ਕੇਵਲ 5-5 ਮਿੰਟ ਹੀ ਬੋਲਣ। ਅਗਲੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ

ਜੀ ਬੋਲਣਗੇ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੇਰੀ ਸਪੀਚ ਵਿੱਚ ਹੀ ਰਹਿ ਗਈ ਸੀ। ਮੈਨੂੰ ਕੁਝ ਮਿੰਟ ਟਾਈਮ ਦੇ ਦਿਉ।

ਮਾਨਯੋਗ ਸਪੀਕਰ : ਕੇਵਲ ਇੱਕ ਮਿੰਟ ਵਿੱਚ ਹੀ ਆਪਣੀ ਗੱਲ ਕਹਿ ਸਕਦੇ ਹੋ। ਤੁਸੀਂ ਅੱਗੇ ਬਹੁਤ ਟਾਈਮ ਲੈ ਲਿਆ ਹੈ। ਬੱਸ, ਹੁਣ ਤੁਸੀਂ ਆਪਣੀ ਗੱਲ ਨੂੰ ਕਲੋਜ਼ ਕਰੋ।

ਰਾਣਾ ਗੁਰਜੀਤ ਸਿੰਘ (ਕਪੂਰਥਲਾ) : ਚਲੋ, ਮੈਂ ਕੇਵਲ ਅਹਿਮ ਗੱਲਾਂ ਹੀ ਕਰਾਂਗਾ ਜੀ। ਮੇਰੀ ਸ਼ੂਗਰ ਮਿੱਲਾਂ ਬਾਰੇ ਇੱਕ ਗੱਲ ਰਹਿ ਗਈ ਹੈ। ਜਿਹੜੀਆਂ ਤਿੰਨ ਸ਼ੂਗਰ ਮਿੱਲਾਂ ਜਗਰਾਉਂ, ਫਰੀਦਕੋਟ ਤੇ ਬੁਢਲਾਡਾ ਹਨ, ਇਹ ਮਿੱਲਾਂ ਪੁੱਟਣ ਦੀ ਯੋਜਨਾ ਹੈ। ਅੱਧੀਆਂ ਕੁ ਪੁੱਟ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਜ਼ਮੀਨ ਪੁੱਡਾ ਨੂੰ ਦੇ ਦਿੱਤੀ ਗਈ ਹੈ। ਇਹ ਕਿਸਾਨਾਂ ਨਾਲ ਬਹੁਤ ਵੱਡਾ ਵਿਸ਼ਵਾਸਘਾਤ ਕੀਤਾ ਹੈ। ਇੱਕ ਪਾਸੇ ਡਾਈਵਰਸੀਫਿਕੇਸ਼ਨ ਦੀਆਂ ਗੱਲਾਂ ਕਰਦੇ ਹਨ ਪਰ ਦੂਜੇ ਪਾਸੇ ਮਿੱਲਾਂ ਨੂੰ ਪੁੱਟਣ ਦਾ ਕੰਮ ਹੋ ਰਿਹਾ ਹੈ। ਸਭ ਤੋਂ ਮਾੜੀ ਗੱਲ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਮਿੱਲਾਂ ਵਾਸਤੇ ਐਕੁਆਇਰ ਕੀਤੀਆਂ ਸਨ ਪਰ ਅੱਜ ਸਰਕਾਰ ਵਪਾਰੀ ਬਣਕੇ ਉਹ ਜ਼ਮੀਨ ਪੁੱਡਾ ਨੂੰ ਦੇ ਦੇਵੇ, ਇਹ ਬਿਲਕੁਲ ਗਲਤ ਗੱਲ ਹੈ। ਇਸ ਤੇ ਐਕਸ਼ਨ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਆਲੂਆਂ ਦੀ ਗੱਲ ਕਰੀਏ। ਇੱਥੇ ਐਗਰੀਕਲਚਰ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਨੇ ਮੇਰੀ ਗੱਲ ਸਮਝ ਜਾਣੀ ਸੀ। ਐਫ.ਐਮ. ਸਾਹਿਬ ਵੀ ਨਹੀਂ ਹਨ ਅਤੇ ਡਿਪਟੀ ਸੀ.ਐਮ. ਸਾਹਿਬ ਵੀ ਨਹੀਂ ਹਨ, ਚਲੋ ਸਪੀਕਰ ਸਾਹਿਬ, ਅਸੀਂ ਤੁਹਾਡੇ ਰਾਹੀਂ ਹੀ ਦੱਸ ਦਿੰਦੇ ਹਾਂ, ਤੁਸੀਂ ਉਨ੍ਹਾਂ ਨੂੰ ਸੁਨੇਹਾ ਦੇ ਦੇਣਾ।

ਮਾਨਯੋਗ ਸਪੀਕਰ : ਮਨਿਸਟਰ ਸਾਹਿਬ ਸਾਰੇ ਬੈਠੇ ਹਨ।

ਰਾਣਾ ਗੁਰਜੀਤ ਸਿੰਘ : ** ***

Mr. Speaker : Don't insult the ministers. ਇਹ ਲਫਜ਼ ਕੱਟ ਦੇਣਾ।

ਰਾਣਾ ਗੁਰਜੀਤ ਸਿੰਘ: ਸਰ, ਇਸ ਤਰ੍ਹਾਂ ਹੈ ਕਿ ਪੰਜਾਬ ਵਿੱਚ ਆਲੂਆਂ ਦੀ ਖੇਤੀ ਹੁੰਦੀ ਹੈ।ਪੰਜਾਬ ਵਿੱਚੋਂ ਆਲੂਆਂ ਦਾ ਬੀਜ ਸਾਰੇ ਹਿੰਦੁਸਤਾਨ ਵਿੱਚ ਜਾਂਦਾ ਹੈ ਲੇਕਿਨ ਅੱਜ ਤੱਕ ਸਰਕਾਰ ਨੇ ਇਸ ਦੇ ਬੀਜਾਂ ਦੀ ਸਰਟੀਫਿਕੇਸ਼ਨ

**Expunged as ordered by the Chair.

[ਰਾਣਾ ਗੁਰਜੀਤ ਸਿੰਘ]

ਨਹੀਂ ਕੀਤੀ। ਸਾਡੇ ਕੋਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੈ। ਅਗਰ ਸਰਕਾਰ ਪੇਨਜ਼ (pains) ਲੈ ਕੇ ਆਲੂਆਂ ਦੇ ਬੀਜਾਂ ਨੂੰ ਸਰਟੀਫਿਕੇਸ਼ਨ ਟੈਗ ਦਿਵਾਵੇ ਤਾਂ ਸਾਡਾ ਬੀਜ ਕੇਵਲ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪਾਕਿਸਤਾਨ ਅਤੇ ਹੋਰਨਾਂ ਦੇਸ਼ਾਂ ਵਿੱਚ ਵੀ ਜਿੱਥੇ ਆਲੂ ਬੀਜਿਆ ਜਾਂਦਾ ਹੈ, ਉਥੋਂ ਤੱਕ ਜਾਵੇਗਾ ਅਤੇ ਉਥੇ ਤਿਗਣੇ ਭਾਅ ਤੇ ਵਿਕੇਗਾ।

ਮਾਨਯੋਗ ਸਪੀਕਰ : ਧੰਨਵਾਦ ਜੀ।

ਰਾਣਾ ਗੁਰਜੀਤ ਸਿੰਘ : ਸਰ, ਮੈਂ ਸਮਅੱਪ ਕਰਨ ਲੱਗਾ ਹਾਂ। ਹੁਣ ਇਰੀਗੇਸ਼ਨ ਦੀ ਗੱਲ ਕਰੀਏ। ਇਹ ਬੜਾ ਅਹਿਮ ਮਸਲਾ ਹੈ ਅਤੇ ਖੇਤੀ ਨਾਲ ਜੁੜਿਆ ਹੋਇਆ ਹੈ। ਕਿਸਾਨਾਂ ਨੂੰ ਸਪਰਿੰਕਲ ਇਰੀਗੇਸ਼ਨ ਅਤੇ ਡਰਿੱਪ ਇਰੀਗੇਸ਼ਨ ਦੀ ਸਹੂਲਤ ਦਿੱਤੀ ਜਾਂਦੀ ਹੈ। ਉਹ ਬਿਜਲੀ ਦਾ ਕੁਨੈਕਸ਼ਨ ਲੈ ਲੈਂਦੇ ਹਨ ਪ੍ਰੰਤੂ ਉਸ ਤੋਂ ਬਾਅਦ ਇਹ ਸਭ ਖੁਰਦ-ਬੁਰਦ ਹੋ ਜਾਂਦਾ ਹੈ। ਕਿਤੇ ਇਹ ਚਲਦਾ ਵਿਖਾ ਦਿਉ। ਸਾਡੇ ਕੋਲ ਪਾਵਰ ਹੀ ਨਹੀਂ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ।

ਰਾਣਾ ਗੁਰਜੀਤ ਸਿੰਘ : ਸਰ, ਇਹ ਬੜਾ ਅਹਿਮ ਮਸਲਾ ਹੈ। ਡਰਿਪ ਇਰੀਗੇਸ਼ਨ ਉਸ ਨੂੰ ਮਿਲਦਾ ਹੈ, ਜਿਸ ਕਿਸਾਨ ਕੋਲ ਜ਼ਮੀਨ ਹੁੰਦੀ ਹੈ।ਲੇਕਿਨ ਜ਼ਿਆਦਾਤਰ ਲੋਕ ਅੱਜ ਕੱਲ੍ਹ ਜ਼ਮੀਨ ਠੇਕੇ ਤੇ ਦੇ ਦਿੰਦੇ ਹਨ। ਕੀ ਉਨ੍ਹਾਂ ਨੂੰ ਇਹ ਸੁਵਿਧਾ ਪ੍ਰਾਪਤ ਨਹੀਂ ਹੋਣੀ ਚਾਹੀਦੀ ਜਿਹੜੇ ਕਿ ਖੇਤੀ ਦਾ ਧੰਦਾ ਕਰਨ ਵਿੱਚ ਇੰਟਰੈਸਟਿਡ ਹਨ? ਉਨ੍ਹਾਂ ਲੋਕਾਂ ਨੂੰ ਵੀ ਇਹ ਸੁਵਿਧਾ ਮਿਲਣੀ ਚਾਹੀਦੀ ਹੈ।

ਮਾਨਯੋਗ ਸਪੀਕਰ : ਕਿਰਪਾ ਕਰਕੇ ਬੈਠ ਜਾਉ। ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ।

ਰਾਣਾ ਗੁਰਜੀਤ ਸਿੰਘ : ਅਖੀਰਲੀ ਬੇਨਤੀ ਹੈ ਕਿ ਜਿਹੜੇ ਮਾਰਜਨਲ ਕਿਸਾਨ ਹਨ, ਗਰੀਬ ਕਿਸਾਨ ਹਨ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ।ਜਿਹੜੇ ਖੇਤ ਮਜ਼ਦੂਰ ਹਨ ਅਤੇ ਮਾਰਜਨਲ ਕਿਸਾਨ ਹਨ, ਉਨ੍ਹਾਂ ਨੂੰ ਪੈਨਸ਼ਨ ਲਗਾਉਣੀ ਚਾਹੀਦੀ ਹੈ। ਐਫ.ਸੀ.ਆਈ. ਵਾਲੇ ਜਿਹੜੀ 12-13% ਖਰੀਦ ਕਰਦੇ ਹਨ, ਇਸ ਨੂੰ ਇੱਕ ਪਰਸੈਂਟ ਹੋਰ ਵਧਾ ਦਿਉ। ਘੱਟੋ ਘੱਟ ਕਿਸਾਨ ਦਾ ਫਾਇਦਾ ਤਾਂ ਹੋਵੇ। ਇਸ ਬਾਰੇ ਸਰਕਾਰ ਨੂੰ ਸੀਰੀਅਸਲੀ ਅਤੇ ਸਿਨਸੀਰੀਅਲੀ ਸੋਚਣਾ ਚਾਹੀਦਾ ਹੈ। ਇਹ ਬਜਟ ਬਿਲਕੁਲ ਖੋਖਲਾ ਹੈ। ਇਸ ਵਿੱਚ ਕਿਸੇ ਵਰਗ ਬਾਰੇ

ਨਹੀਂ ਸੋਚਿਆ ਗਿਆ।

ਮਾਨਯੋਗ ਸਪੀਕਰ : ਹੁਣ ਬੈਠ ਜਾਉ। ਹਾਂ ਜੀ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ। ਕੇਵਲ ਪੰਜ ਮਿੰਟ ਲਈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਜੀ ਬੋਲਣ ਲਈ ਖੜ੍ਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ, ਇੱਕ ਮੈਂਬਰ ਉਧਰੋਂ ਅਤੇ ਇੱਕ ਇਧਰੋਂ ਬੋਲਣਗੇ। ਤੁਹਾਨੂੰ ਇਸ ਤੋਂ ਬਾਅਦ ਟਾਈਮ ਦਿਆਂਗਾ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਬਜਟ ਦੀ ਇਸ ਚਰਚਾ ਦੇ ਅੰਦਰ ਤੁਸੀਂ ਮੈਨੂੰ ਭਾਗ ਲੈਣ ਦਾ ਮੌਕਾ ਦਿੱਤਾ ਹੈ । ਮੈਂ ਬਜਟ ਨੂੰ ਬੜੇ ਅੱਛੇ ਤਰੀਕੇ ਨਾਲ ਅਧਿਐਨ ਕਰ ਰਿਹਾ ਸੀ ਤੇ ਮੈਨੂੰ ਲੱਗਿਆ ਕਿ ਫਾਇਨਾਂਸ ਮਨਿਸਟਰ ਸਾਹਿਬ ਜਦੋਂ ਇਹ ਬਜਟ ਬਣਾ ਰਹੇ ਸੀ ਤੇ ਉਨ੍ਹਾਂ ਦੇ ਦਿਮਾਗ ਦੇ ਅੰਦਰ ਇੱਕ ਗੱਲ ਜ਼ਰੂਰ ਆਈ ਹੋਵੇਗੀ:

ਹਾਦਸੋਂ ਕੀ ਜਿੱਦ ਪੇ ਕਿਆ ਮੁਸਕਰਾਨਾ ਛੋੜ ਦੇਂ ?
ਜ਼ਲਜ਼ਲੋਂ ਕੇ ਖੌਫ ਸੇ ਕਿਆ ਘਰ ਬਨਾਨਾ ਛੋੜ ਦੇਂ ?

ਇਹ ਬਜਟ ਬਣਾਉਂਦੇ ਹੋਏ ਉਨ੍ਹਾਂ ਨੇ ਪੂਰੀ ਸੰਵੇਦਨਸ਼ੀਲਤਾ ਵਰਤੀ ਹੈ ਤੇ ਆਮ ਆਦਮੀ ਦੀ ਜ਼ਰੂਰਤ ਦਾ ਪੂਰੀ ਤਰ੍ਹਾਂ ਨਾਲ ਧਿਆਨ ਰੱਖਿਆ ਹੈ । ਸਭ ਤੋਂ ਜ਼ਰੂਰੀ ਚੀਜ਼ ਜਿਹੜੀ ਲਗਾਤਾਰ ਇਸ ਬਜਟ ਵਿੱਚ ਆ ਰਹੀ ਹੈ, ਉਹ ਇਹ ਹੈ ਕਿ ਸਰਕਾਰ ਸਾਲ 2007 ਤੋਂ ਲੈ ਕੇ ਹੁਣ ਤੱਕ ਵਿਕਾਸ ਦੀ ਯਾਤਰਾ ਕਰ ਰਹੀ ਹੈ, ਇਸ ਦੀ ਨਿਯੰਤਰਤਾ ਪੂਰੀ ਤਰ੍ਹਾਂ ਨਾਲ ਬਣੀ ਰਹੇ ਉਸ ਦਾ ਧਿਆਨ ਰੱਖਦੇ ਹੋਏ ਆਮ ਆਦਮੀ ਨਾਲ ਸੰਬੰਧਿਤ ਜਿਤਨੇ ਵੀ ਪੁਰਾਣੇ ਵਿਸ਼ੇ ਸੀ, ਉਨ੍ਹਾਂ ਨੂੰ ਇਸ ਬਜਟ ਵਿੱਚ ਸਮੇਟਣ ਦੀ ਕੋਸ਼ਿਸ਼ ਕੀਤੀ ਗਈ ਹੈ । ਮੈਂ ਅੰਕੜਿਆਂ ਦੇ ਖੇਲ ਵਿੱਚ ਨਹੀਂ ਪਵਾਂਗਾ। ਜਦੋਂ ਇੱਥੇ ਚਰਚਾ ਸ਼ੁਰੂ ਹੋਈ, ਵਿਪਕਸ਼ ਦੇ ਨੇਤਾ ਨੇ ਚਰਚਾ ਸ਼ੁਰੂ ਕਰਦੇ ਹੋਏ ਅੰਕੜਿਆਂ ਨਾਲ ਖੇਲਣ ਦੀ ਕੋਸ਼ਿਸ਼ ਕੀਤੀ ਔਰ ਮੈਨੂੰ ਇੰਜ ਲੱਗ ਰਿਹਾ ਸੀ ਕਿ ਜਿਵੇਂ ਉਹ ਅੰਕੜਿਆਂ ਨਾਲ ਖੇਲ ਰਹੇ ਸੀ। ਪੰਜਾਬ ਦੇ ਬਜਟ ਦੇ ਨਾਲ ਨਾਲ ਸਾਲ 2007 ਤੋਂ ਲੈ ਕੇ ਹੁਣ ਤੱਕ ਉਹ ਵਿਪਕਸ਼ ਵਿੱਚ ਬੈਠੇ ਹਨ, ਥੋੜ੍ਹੀ ਜਿਹੀ ਆਸ ਜਿਹੜੀ ਉਨ੍ਹਾਂ ਦੀ ਕੇਂਦਰ ਤੇ ਬੱਝੀ ਹੋਈ ਸੀ, ਜਿਵੇਂ ਉਹ ਵੀ ਉਨ੍ਹਾਂ ਦੀ ਟੁੱਟ ਗਈ ਤੇ ਐਨ. ਡੀ. ਏ. ਦੀ ਸਰਕਾਰ ਬਣਨ ਦੀ ਪੀੜਾ ਜ਼ਿਆਦਾ ਝਲਕ ਰਹੀ ਸੀ । ਉਸ ਪੀੜਾ ਦਾ ਹੀ ਪਰਿਣਾਮ ਸੀ ਕਿ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਦਸ ਸਾਲ ਕੇਂਦਰ ਵਿੱਚ ਉਨ੍ਹਾਂ ਦੀ ਸਰਕਾਰ ਰਹਿਣ ਦੇ ਬਾਵਜੂਦ ਪੰਜਾਬ ਨੂੰ ਕੋਈ ਸਹਿਯੋਗ ਨਾ ਮਿਲਣ ਕਾਰਨ ਦੋ ਮਹੀਨੇ ਦੇ ਅੰਦਰ ਅੰਦਰ ਹੀ ਉਹ ਮੌਜੂਦਾ ਕੇਂਦਰ ਸਰਕਾਰ ਤੋਂ ਆਸ ਤੇ ਉਮੀਦਾਂ ਲਗਾ ਰਹੇ ਸੀ ਲੇਕਿਨ ਇਹ ਅੱਛੀ ਗੱਲ ਹੈ । ਵਿੱਤ ਮੰਤਰੀ ਜੀ ਨੇ ਬੇਸਿਕ ਜ਼ਰੂਰਤਾਂ ਬਿਜਲੀ, ਸੜਕਾਂ, ਪਾਣੀ, ਜਲ ਸਪਲਾਈ ਅਤੇ ਪੇਂਡੂ ਵਿਕਾਸ ਬਾਰੇ ਗੱਲ ਕੀਤੀ ਹੈ ਕਿਉਂਕਿ ਸਮਾਂ ਇੰਨਾ ਘੱਟ ਹੈ, ਚਾਹੇ ਕ੍ਰਿਸ਼ੀ ਦਾ ਮਾਮਲਾ ਹੋਵੇ ਤੇ ਚਾਹੇ ਇੰਡਸਟਰੀ ਦਾ ਮਾਮਲਾ ਹੋਵੇ, ਚਾਹੇ ਸਿੱਖਿਆ ਦਾ ਮਾਮਲਾ ਹੈ, ਇਨ੍ਹਾਂ ਨੇ ਇਸ ਵਿੱਚ ਬੜੀ ਸੰਵੇਦਨਸ਼ੀਲਤਾ ਦੱਸੀ ਹੈ । ਸਵਾਸਥਯ ਕਿਸੇ ਵੀ ਸਮਾਜ ਲਈ ਰੀੜ ਦੀ ਹੱਡੀ ਹੁੰਦਾ ਹੈ । ਸਵਾਸਥਯ ਦੇ ਮਾਮਲੇ ਵਿੱਚ ਸਰਕਾਰ ਦੀ ਸੰਵੇਦਨਸ਼ੀਲਤਾ ਇਸ ਗੱਲ ਤੋਂ ਪਤਾ ਲਗਦੀ ਹੈ ਕਿ ਕੈਂਸਰ ਦੇ ਪੇਸ਼ੈਂਟ ਨੂੰ ਡੇਢ ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ ਤੇ ਇਸ ਬਾਰੇ ਮੇਰੇ ਸਹਿਯੋਗੀਆਂ ਨੇ ਸਮੇਂ ਸਮੇਂ ਤੇ ਰਾਏ ਵੀ ਦਿੱਤੀ ਹੈ । ਮੇਰਾ ਵੀ ਇਸ ਬਾਰੇ ਕਹਿਣਾ ਹੈ ਕਿ ਫਾਇਨਾਂਸ ਮਨਿਸਟਰ ਸਾਹਿਬ ਤੇ ਹੈਲਥ ਮਨਿਸਟਰ ਸਾਹਿਬ ਇਸ ਗੱਲ ਵੱਲ ਜ਼ਰੂਰ ਗੌਰ ਕਰਨ ਕਿ ਸਰਕਾਰ ਦੁਆਰਾ ਜਿਹੜੀ ਇਹ ਡੇਢ ਲੱਖ ਰੁਪਏ ਦੀ ਸੁਵਿਧਾ ਦਿੱਤੀ ਗਈ ਹੈ, ਜਿਹੜਾ ਆਦਮੀ ਜੀਵਨ ਤੇ ਮੌਤ ਵਿੱਚਕਾਰ ਸੰਘਰਸ਼ ਕਰ ਰਿਹਾ ਹੈ, ਉਸ ਨੂੰ ਇਹ ਸਹੂਲਤ ਪਰਾਪਰ ਮਿਲ ਸਕੇ । ਇਹ ਠੀਕ ਹੈ ਕਿ ਅਸੀਂ ਕੈਂਸਰ ਦੀਆਂ ਦਵਾਈਆਂ ਸਸਤੀਆਂ ਕਰ ਦਿੱਤੀਆਂ ਲੇਕਿਨ ਜਿਸ ਹਸਪਤਾਲ ਵਿੱਚ ਉਹ ਇਲਾਜ ਕਰਵਾਉਣ ਜਾਂਦਾ ਹੈ, ਉਹ ਆਪਣੀ ਮਨ ਮਰਜ਼ੀ ਦੇ ਰੇਟ ਲਗਾਉਂਦੇ ਹਨ। ਇਸ ਲਈ ਸਰਕਾਰ ਦੁਆਰਾ ਕੋਈ ਐਸਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਸੁਵਿਧਾ ਸਿੱਧੀ ਉਸ ਪੇਸ਼ੈਂਟ ਤੱਕ ਜਾਵੇ ਜਾਂ ਤਾਂ ਹਸਪਤਾਲਾਂ ਦੇ ਰੇਟ ਤੈਅ ਕਰਵਾ ਦਿਓ ਤਾਂ ਕਿ ਸਰਕਾਰ ਦੀ ਇਸ ਵਧੀਆ ਯੋਜਨਾ ਦਾ ਲਾਭ ਉਸ ਵਿਅਕਤੀ ਤੱਕ ਜਾ ਸਕੇ ।

ਸਦਨ ਵਿੱਚ ਨਸ਼ਿਆਂ ਤੇ ਚਰਚਾ ਹੋਈ। ਅੱਜ ਵੀ ਸਦਨ ਪੂਰੀ ਤਰ੍ਹਾਂ ਨਾਲ ਇਸ ਮਸਲੇ ਤੇ ਗਮਗੀਨ ਤੇ ਸੰਵੇਦਨਸ਼ੀਲ ਹੋਇਆ ਪਿਆ ਹੈ । ਇੱਥੇ ਚਰਚਾ ਹੋਈ ਹੈ ਅਤੇ ਸਰਕਾਰ ਦੇ ਉਪਰਾਲੇ ਵੀ ਨਜ਼ਰ ਆ ਰਹੇ ਹਨ । ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਇਸ ਇਸ਼ੂ ਤੇ ਸੰਵੇਦਨਸ਼ੀਲਤਾ ਹੈ.... (ਵਿਘਨ)

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ।

ਮਾਨਯੋਗ ਸਪੀਕਰ : ਭੱਟੀ ਜੀ, ਹਾਲੇ ਤਾਂ ਉਨ੍ਹਾਂ ਨੇ ਸ਼ੁਰੂ ਕੀਤਾ ਹੈ । ਕੀ ਪੁਆਇੰਟ ਆਫ ਆਰਡਰ ਹੈ, ਤੁਹਾਡਾ ?

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ । ** **

Mr. Speaker : This is no Point of order.

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਸਪੀਕਰ ਸਾਹਿਬ, ਸਾਡੇ ਇੱਕ ਮੈਂਬਰ ਸਾਹਿਬ ਨੇ ਕੱਲ੍ਹ ਬੋਲਦੇ ਹੋਏ ਕਿਹਾ ਕਿ ਜਿਹੜੀ ਸਰਕਾਰ ਦੀ ਨਸ਼ਿਆਂ ਖਿਲਾਫ ਮੁਹਿੰਮ ਚੱਲੀ ਹੈ, ਜਿਹੜੇ ਨਸ਼ਾ ਛੁਡਾਉਣ ਦੇ ਕੇਂਦਰ ਖੁੱਲ੍ਹੇ ਹਨ, ਲਗਭਗ ਇੱਕ ਲੱਖ ਲੋਕਾਂ ਨੇ ਨਸ਼ਾ ਛੁਡਾਉਣ ਲਈ ਉਨ੍ਹਾਂ ਦਾ ਲਾਭ ਲਿਆ ਤੇ ਉਨ੍ਹਾਂ ਦੇ ਪੁਨਰਵਾਸ ਦੀ ਸਰਕਾਰ ਨੂੰ ਚਿੰਤਾ ਕਰਨੀ ਚਾਹੀਦੀ ਹੈ । ਇਸ ਦਾ ਮਤਲਬ ਹੈ ਕਿ ਸਰਕਾਰ ਦਾ ਇਹ ਉਪਰਾਲਾ ਕਾਰਗਰ ਸਾਬਤ ਹੋ ਰਿਹਾ ਹੈ, ਇਹ ਇੱਕ ਸ਼ਲਾਘਾਯੋਗ ਕਦਮ ਹੈ ਅਤੇ ਮੇਰਾ ਇਸ ਦੇ ਨਾਲ ਨਾਲ ਇੱਕ ਸੁਝਾਅ ਵੀ ਹੈ । ਅੱਜ ਜਿਹੜੀ ਇਹ ਚਿੰਤਾ ਹੋਈ ਹੈ, ਇਸ ਤੇ ਚਿੰਤਨ ਕਰਨ ਦੀ ਜ਼ਰੂਰਤ ਹੈ । ਜਦੋਂ ਛੋਟੇ ਛੋਟੇ ਰਾਜਨੀਤਿਕ ਲਾਭ ਕਾਰਨ ਕਰੈਕਟਰ ਅਸੈਸੀਨੈਸ਼ਨ ਕੀਤੇ ਜਾਂਦੇ ਹਨ, ਉਦੋਂ ਵਿਕਰਾਲ ਸਥਿਤੀ ਪੈਦਾ ਹੁੰਦੀ ਹੈ। ਇਸ ਨਾਲ ਕਰੈਡੀਬਿਲਟੀ ਖਤਮ ਹੁੰਦੀ ਹੈ । ਇਹ ਤਾਂ ਨਹੀਂ ਹੈ ਕਿ ਜਦੋਂ ਮੈਨੂੰ ਦਰਦ ਹੋਇਆ ਹੈ ਤੇ ਸਿਰਫ ਉਹ ਹੀ ਦਰਦ ਹੈ ਤੇ ਸਾਹਮਣੇ ਵਾਲੇ ਨੂੰ ਕੋਈ ਦਰਦ ਹੋਇਆ ਹੈ ਤਾਂ ਉਹ ਦਰਦ ਨਹੀਂ ਹੈ । ਇਸ ਕਰਕੇ ਇਸ ਸੰਵੇਦਨਸ਼ੀਲ ਮਾਮਲੇ ਦੇ ਅੰਦਰ ਇਕੱਲੀ ਸਰਕਾਰ, ਇਕੱਲੇ ਹੈਲਥ ਡਿਪਾਰਟਮੈਂਟ ਦੇ ਨਾਲ ਨਾਲ ਸਮਾਜਿਕ ਜਾਗਰੂਕਤਾ ਪੈਦਾ ਕਰਨ ਲਈ ਵੀ ਐਫ.ਐਮ. ਸਾਹਿਬ ਨੇ ਧਿਆਨ ਦਿਵਾਇਆ ਹੈ। ਮੈਨੂੰ ਲਗਦਾ ਹੈ ਕਿ ਇਸ ਤੋਂ ਸਰਕਾਰ ਨੂੰ ਪੂਰੀ ਤਰ੍ਹਾਂ ਨਾਲ ਜਾਣੂੰ ਹੋਣਾ ਚਾਹੀਦਾ ਹੈ ਔਰ ਅੱਗੇ ਵਧਣਾ ਚਾਹੀਦਾ ਹੈ। ਸਰਕਾਰ ਦੀ ਸੰਵੇਦਨਸ਼ੀਲਤਾ ਆਟਾ-ਦਾਲ ਸਕੀਮ ਨਾਲ ਵੀ ਹੈ, ਇੱਥੋਂ ਬੋਲਦੇ ਹੋਏ ਕਈ ਵਾਰੀ ਕਿਹਾ ਜਾਂਦਾ ਹੈ ....

ਮਾਨਯੋਗ ਸਪੀਕਰ : ਸ਼ਰਮਾ ਜੀ, ਤੁਹਾਡੇ ਪੰਜ ਮਿੰਟ ਹੋ ਗਏ ਹਨ, ਪਲੀਜ਼।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੈਨੂੰ ਟਾਈਮ ਤਾਂ ਦੇ ਦਿਓ ਜੀ। ਫਿਰ ਮੈਂ ਦੋ-ਤਿੰਨ ਸੁਝਾਅ ਦੇ ਦਿੰਦਾ ਹਾਂ।

**Expunged as ordered by the Chair.

ਮਾਨਯੋਗ ਸਪੀਕਰ : ਐਫ.ਐਮ. ਸਾਹਿਬ ਨੇ ਵੀ ਬੋਲਣਾ ਹੈ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੇਰਾ ਇਹ ਕਹਿਣਾ ਹੈ ਕਿ ਭਾਵੇਂ ਇਹ ਬਜਟ ਪੂਰੀ ਤਰ੍ਹਾਂ ਨਾਲ ਸਾਰਥਿਕ ਹੈ, ਪੂਰਨ ਹੈ ਪਰ ਮੈਂ ਕੁਝ ਮੁੱਦਿਆਂ ਵੱਲ ਫਾਈਨਾਂਸ ਮਨਿਸਟਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਦੀ ਸਾਰਥਿਕਤਾ ਹੋਰ ਵੱਧ ਸਕਦੀ ਸੀ, ਅੱਗੇ ਵੀ ਉਪਰਾਲਾ ਕਰਨਾ ਚਾਹੀਦਾ ਹੈ। ਪੰਜਾਬ ਹਿਸਟੋਰੀਕਲ ਪਲੇਸ ਹੈ। ਅੱਜ ਦੇ ਯੁੱਗ ਅੰਦਰ ਟੂਰਿਜ਼ਮ ਇੱਕ ਐਸਾ ਮਾਮਲਾ ਹੈ। ਪੰਜਾਬ ਦੇ ਅੰਦਰ ਦੋ ਤਰ੍ਹਾਂ ਦਾ ਟੂਰਿਜ਼ਮ ਡਿਵੈਲਪ ਕੀਤਾ ਜਾ ਸਕਦਾ ਹੈ - ਰਿਲੀਜੀਅਸ ਟੂਰਿਜ਼ਮ ਔਰ ਹਿਸਟੌਰੀਕਲ ਟੂਰਿਜ਼ਮ। ਇਸ ਨੂੰ ਹੱਬ ਬਣਾਇਆ ਜਾ ਸਕਦਾ ਹੈ। ਪੰਜਾਬ ਦਾ ਕਲਚਰ ਇੰਨਾ ਅਮੀਰ ਹੈ, ਗੁਰੂ-ਸ਼ਿਸ਼ ਪਰੰਪਰਾ ਤੋਂ ਉਤੇ ਚੱਲੀਏ ਤਾਂ ਕਿਤੇ ਲਵ-ਕੁਸ਼ ਦੀ ਗੱਲ ਹੁੰਦੀ ਹੈ, ਕਿਤੇ ਪਾਂਡਵਾਂ ਦੀ ਗੱਲ ਹੁੰਦੀ ਹੈ। ਮੁਕੇਸਰ, ਰਾਵੀ ਦੇ ਕਿਨਾਰੇ ਤੇ ਅੱਜ ਵੀ ਚਲੇ ਜਾਵੋ, ਉਥੇ ਪਾਂਡਵਾਂ ਦੀਆਂ ਪੰਜ ਗੁਫਾ ਵੇਖਣ ਨੂੰ ਮਿਲਦੀਆਂ ਹਨ। ਸਰਕਾਰ ਨੂੰ ਇਸ ਤੇ ਪੂਰੀ ਤਰ੍ਹਾਂ ਨਾਲ ਧਿਆਨ ਦੇਣਾ ਚਾਹੀਦਾ ਹੈ। ਸਾਡੇ ਕੋਲ ਪ੍ਰਕ੍ਰਿਤਿਕ ਰੂਪ ਦੇ ਵਿੱਚ ਪਠਾਨਕੋਟ ਦੇ ਅੰਦਰ ਪਹਾੜੀ ਇਲਾਕਾ ਹੈ। ਸਾਡਾ ਧਿਆਨ ਇਸ ਦੇ ਉਤੇ ਜਾਣਾ ਚਾਹੀਦਾ ਸੀ ਔਰ ਇਸ ਤੇ ਪੂਰਾ ਪੈਸਾ ਰੱਖਿਆ ਜਾਣਾ ਚਾਹੀਦਾ ਹੈ। ਹੁਣ ਵੀ ਐਫ.ਐਮ. ਸਾਹਿਬ ਸੋਚਣ। ਜੇਕਰ ਜੇ.ਐਂਡ ਕੇ. ਦੀ ਸਰਕਾਰ ਕਰ ਸਕਦੀ ਹੈ ਤਾਂ ਅਸੀਂ ਵੀ ਕਰ ਸਕਦੇ ਹਾਂ, ਉਥੇ ਇੰਨੀ ਵੱਡੀ ਜਿਹੜੀ ਥੀਨ ਡੈਮ ਦੀ ਝੀਲ ਬਣੀ ਹੈ। ਸਪੀਕਰ ਸਾਹਿਬ, ਉਥੇ ਜੇ.ਐਂਡ ਕੇ. ਸਰਕਾਰ ਨੇ 100 ਕਰੋੜ ਰੁਪਿਆ ਵਾਟਰ ਸਪੋਰਟਸ ਦੇ ਲਈ ਰੱਖਿਆ ਹੈ। ਉਨ੍ਹਾਂ ਦਾ ਥੋੜ੍ਹਾ ਜਿਹਾ ਹਿੱਸਾ ਹੈ। ਕੀ ਅਸੀਂ ਉਥੇ ਟੂਰਿਜ਼ਮ ਦੀ ਹੱਬ ਬਣਾਉਣ ਲਈ ਅੱਗੇ ਨਹੀਂ ਵੱਧ ਸਕਦੇ? ਮੇਰਾ ਮਤਲਬ ਹੈ ਕਿ ਜਿਥੇ ਤੁਸੀਂ ਇੰਨੇ ਸੋਹਣੇ ਸੋਹਣੇ ਕੰਮ ਕਰ ਰਹੇ ਹੋ, ਇਸ ਗੱਲ ਵੱਲ ਵੀ ਅੱਗੇ ਵਧਣਾ ਚਾਹੀਦਾ ਹੈ।

ਦੂਸਰਾ, ਮੇਰਾ ਇੱਕ ਹੋਰ ਸੁਝਾਅ ਪੈਨਸ਼ਨਰ ਅਤੇ ਯੂਥ ਸਬੰਧੀ ਹੈ। ਪੈਨਸ਼ਨਰ ਨੇ ਸਮਾਜ ਨੂੰ ਬਣਾਇਆ ਹੁੰਦਾ ਹੈ ਔਰ ਯੂਥ ਨੇ ਸਮਾਜ ਨੂੰ ਬਣਾਉਣਾ ਹੁੰਦਾ ਹੈ। ਉਨ੍ਹਾਂ ਦੀ ਕਿਸੇ ਵੀ ਪ੍ਰਕਾਰ ਦੀ ਦਿੱਕਤ ਬਾਰੇ ਸਾਡੇ ਬਜਟ ਵਿੱਚ ਪੂਰੀ ਤਰ੍ਹਾਂ ਨਾਲ ਜਿਕਰ ਆਉਣਾ ਚਾਹੀਦਾ ਹੈ। ਮੈਂ ਇਸ ਗੱਲ ਦੀ ਹੋਰ ਤਾਰੀਫ ਕਰਦਾ ਹਾਂ ਔਰ ਜਿਹੜਾ ਸਭ ਤੋਂ ਮਹੱਤਵਪੂਰਣ ਬਿੰਦੂ ਮੈਨੂੰ ਲਗਦਾ ਹੈ ...

ਮਾਨਯੋਗ ਸਪੀਕਰ : ਪਲੀਜ਼ ਕਨਕਲੂਡ ਕਰੋ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੈਂ ਕਨਕਲੂਡ ਕਰ ਰਿਹਾ ਹਾਂ ਜੀ। ਚਾਹੇ ਇੰਡਸਟਰੀ ਹੈ, ਚਾਹੇ ਹੈਲਥ ਹੈ, ਚਾਹੇ ਕ੍ਰਿਸ਼ੀ ਹੈ ਲੇਕਿਨ ਜਿਸ ਚੀਜ਼ ਤੋਂ ਸਰਵਿਸ ਜਨਰੇਟ ਹੋ ਸਕਦੀ ਸੀ, ਜਿਹੜਾ ਸਕਿੱਲ ਡਿਵੈਲਪਮੈਂਟ ਨੂੰ ਪ੍ਰੋਤਸਾਹਨ ਦੇਣ ਦਾ ਉਪਰਾਲਾ ਕੀਤਾ ਹੈ, ਇਹ ਬਹੁਤ ਵੱਡਾ ਬਿੰਦੂ ਹੈ। ਮੈਨੂੰ ਲਗਦਾ ਹੈ ਕਿ ਉਸ ਦੇ ਲਈ ਜਿਹੜੀ ਯੋਜਨਾ ਬਣੀ ਹੈ, ਉਸ ਨੂੰ ਪੂਰੀ ਤਰ੍ਹਾਂ ਨਾਲ ਅਮਲੀ ਜਾਮਾ ਪਵਾਇਆ ਜਾਣਾ ਚਾਹੀਦਾ ਹੈ। ਲਾਸਟ ਟਾਈਮ ਤੇ ਮੈਂ ਇੱਕ ਗੱਲ ਹੋਰ ਕਹਾਂਗਾ। ਮੈਂ ਐਫ.ਐਮ. ਸਾਹਿਬ ਨੂੰ ਪਿਛਲੀ ਵਾਰ ਵੀ ਕਿਹਾ ਸੀ।

ਮਾਨਯੋਗ ਸਪੀਕਰ : ਪਲੀਜ਼ ਕਨਕਲੂਡ ਕਰੋ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੈਂ ਕਨਕਲੂਡ ਕਰ ਰਿਹਾ ਹਾਂ ਜੀ। ਮੈਂ ਇਹ ਜ਼ਰੂਰ ਕਹਾਂਗਾ ਕਿ ਆਪਾਂ ਨਵੇਂ ਡਿਸਟ੍ਰਿਕਟ ਬਣਾ ਦਿੱਤੇ ਹਨ। ਉਨ੍ਹਾਂ ਦੀ ਮਾਨਤਾ ਬਣੀ ਰਹੇ ਜਾਂ ਨਵੇਂ ਕਾਰਪੋਰੇਸ਼ਨ ਬਣ ਗਏ, ਜਿੰਨੀ ਦੇਰ ਫਾਈਨਾਂਸ ਦੇ ਅੰਦਰ, ਆਪਣੇ ਬਜਟ ਦੇ ਅੰਦਰ ਉਨ੍ਹਾਂ ਡਿਸਟ੍ਰਿਕਟਾਂ ਦੇ ਲਈ, ਉਨ੍ਹਾਂ ਕਾਰਪੋਰੇਸ਼ਨਜ਼ ਦੇ ਲਈ ਕੋਈ ਪੈਕੇਜ ਦਾ ਪ੍ਰਾਵਧਾਨ ਨਹੀਂ ਕਰਦੇ, ਪੂਰਾ ਇਨਫਰਾਸਟਰਕਚਰ ਖੜ੍ਹਾ ਨਹੀਂ ਕਰਦੇ, ਉਦੋਂ ਤੱਕ ਡਿਸਟ੍ਰਿਕਟ ਦਾ ਸੁਪਨਾ ਅਧੂਰਾ ਹੈ ਔਰ ਉਸ ਕਰਕੇ ਮੇਰੀ ਇਹ ਬੇਨਤੀ ਹੈ ਕਿ ਆਪਣੇ ਕਨਕਲੂਡ ਭਾਸ਼ਣ ਦੇ ਅੰਦਰ ਇਸ ਗੱਲ ਵੱਲ ਵੀ ਇਹ ਧਿਆਨ ਦੇਣ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੈਂ ਲਾਸਟ ਦੇ ਵਿੱਚ ਐਫ.ਐਮ. ਸਾਹਿਬ ਲਈ ਇਹ ਕਹਿਣਾ ਚਾਹੁੰਦਾ ਹਾਂ ਕਿ ਵਿਰੋਧ ਅਤੇ ਪ੍ਰਤੀਪਕਸ਼ ਦੇ ਅੰਦਰ ਤੁਹਾਨੂੰ ਬਹੁਤ ਕੁਝ ਸੁਣਨ ਨੂੰ ਮਿਲਿਆ –

ਉਸ ਕੀ ਵੋਹ ਜਾਨੇ ਕਿ ਉਸਕੇ ਪਾਸ ਵਫਾ ਹੈ ਕਿ ਨਹੀਂ ਹੈ
ਤੁਮ ਅਪਨੀ ਤਰਫ ਸੇ ਫਰਜ਼ ਨਿਭਾਤੇ ਜਾਓ।
ਬਹੁਤ ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ : ਸਰਦਾਰ ਬਲਬੀਰ ਸਿੰਘ ਸਿੱਧੂ, only for five minutes.

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਉਨ੍ਹਾਂ ਨੇ ਤਾਂ ਮੁਸ਼ਾਇਰਾ ਲਗਾ ਲਿਆ।

ਮਾਨਯੋਗ ਸਪੀਕਰ : ਮੈਂ ਪੰਜ ਮਿੰਟ ਹੀ ਉਨ੍ਹਾਂ ਨੂੰ ਕਿਹਾ ਸੀ। ਮੈਂ ਕਿਹਾ ਜੀ ਮੁਸ਼ਾਇਰਾ ਖਤਮ ਹੋਣ ਤੋਂ ਪਹਿਲਾਂ ਹੀ ਤੁਹਾਨੂੰ ਸ਼ੁਰੂ ਕਰਵਾ ਦਿੱਤਾ।

ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਮਿਲਿਆ ਹੈ। ਸਭ ਤੋਂ ਪਹਿਲਾਂ ਤਾਂ ਮੈਂ ਇੱਕ ਐਸੀ ਕਾਂਸਟੀਚੁਐਂਸੀ ਨਾਲ ਸਬੰਧ ਰੱਖਦਾ ਹਾਂ, ਜਿਸ ਦੀ ਇਕਾਨਮੀ ਇੰਡਸਟਰੀ ਬੇਸਿਡ ਹੈ। ਮੋਹਾਲੀ ਦੇ ਵਿੱਚ ਜਦੋਂ ਇਹ ਸ਼ਹਿਰ ਗਿਆਨੀ ਜ਼ੈਲ ਸਿੰਘ ਜੀ ਨੇ ਵਸਾਇਆ ਸੀ ਤਾਂ ਉਨ੍ਹਾਂ ਨੇ ਬਹੁਤ ਵੱਡੀ ਇੰਡਸਟਰੀ ਨੂੰ ਇੱਥੇ ਲਿਆਂਦਾ ਸੀ। ਪੰਜਾਬ ਟਰੈਕਟਰ ਲਿਮਟਿਡ ਦਾ ਯੂਨਿਟ ਲਿਆਂਦਾ ਹੈ, ਅੱਜ ਉਹ ਯੂਨਿਟ ਮੋਹਾਲੀ ਵਿਖੇ ਸਿੱਧੇ ਤੌਰ ਤੇ 10,000 ਪਰਿਵਾਰਾਂ ਨੂੰ ਰੋਜ਼ਗਾਰ ਦੇ ਰਿਹਾ ਹੈ। ਉਨ੍ਹਾਂ ਨੇ ਬੜੀ ਵਧੀਆ ਵਧੀਆ ਪਾਲਿਸੀਆਂ ਇੱਥੇ ਵਾਸਤੇ ਬਣਾਈਆਂ। ਸਾਡੀ ਸਰਕਾਰ ਤੇ ਸਾਡੀ ਸਰਕਾਰ ਤੋਂ ਬਾਅਦ ਵੇਲੇ ਜਦੋਂ ਬਾਦਲ ਸਾਹਿਬ ਸੀ.ਐਮ. ਬਣੇ ਜਾਂ ਹੋਰ ਬਣੇ ਤਾਂ ਇੰਡਸਟਰੀ ਲਗਾਉਣ ਵਾਸਤੇ ਜ਼ਮੀਨ ਬੜੇ ਸਸਤੇ ਰੇਟ ਉਤੇ ਮੁਹੱਈਆ ਕਰਵਾਈ ਜਾਂਦੀ ਸੀ ਔਰ ਸੀਡ ਮਾਰਜਨ ਮਨੀ ਵਰਗੇ ਇਨਸੈਂਟਿਵ ਸੀ, ਉਸ ਤਹਿਤ ਲੈਂਡ ਉਤੇ ਸਬਸਿਡੀ ਸੀ, ਮਸ਼ੀਨਰੀ ਅਤੇ ਬਾਕੀ ਕੈਪੀਟਲ ਦੇ ਉਤੇ ਵੀ ਸਬਸਿਡੀ ਸੀ। ਉਸ ਤੋਂ ਬਾਅਦ ਇੰਟਰੈਸਟ ਫਰੀ ਲੋਨ ਵਰਗੀ ਸਕੀਮ ਸੀ ਕਿ ਲਏ ਗਏ ਕਰਜ਼ੇ ਨੂੰ ਛੇ ਪਰਸੈਂਟ ਇੰਟਰੈਸਟ ਦੇ ਹਿਸਾਬ ਨਾਲ 20 ਸਾਲਾਂ ਵਿੱਚ ਵਾਪਸ ਕਰਨਾ ਹੁੰਦਾ ਸੀ ਔਰ ਜਿਹੜੇ ਪੋਸਟ ਗ੍ਰੈਜੂਏਟ ਇੰਜੀਨੀਅਰ ਸਨ ਉਨ੍ਹਾਂ ਨੂੰ ਇੰਡਸਟਰੀ ਲਗਾਉਣ ਵਾਸਤੇ ਪਲਾਟਾਂ ਵਿੱਚ ਪ੍ਰਾਇਰਿਟੀ ਦਿੱਤੀ ਜਾਂਦੀ ਸੀ, ਇੱਥੋਂ ਤੱਕ ਇੰਡਸਟਰੀ ਇੰਸੈਂਟਿਵ ਵੀ ਹੁੰਦਾ ਸੀ ਪਰ ਅੱਜ ਉਹ ਸਾਰੇ ਇੰਸੈਂਟਿਵ ਖਤਮ ਹੋ ਚੁੱਕੇ ਹਨ ਜਿਹੜੀ ਕਿ ਬਹੁਤ ਮੰਦਭਾਗੀ ਗੱਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਨੂੰ ਕੁਝ ਅਜਿਹਾ ਕਰਨਾ ਚਾਹੀਦਾ ਹੈ ਕਿ ਜਿਹੜੀ ਅੱਜ ਮੋਹਾਲੀ ਦੀ ਇੰਡਸਟਰੀ ਇੱਥੋਂ ਜਾ ਰਹੀ ਹੈ, ਉਹ ਨਾ ਜਾਵੇ। ਇੱਕ ਤਾਂ ਸਭ ਤੋਂ ਵੱਡਾ ਕੰਪਲੀਕੇਸ਼ਨ ਸਿਸਟਮ ਵੈਟ ਅਤੇ ਵੈਟ ਰਿਫੰਡ ਸਬੰਧੀ ਹੈ। ਅਸੀਂ ਵੈਟ ਰਿਫੰਡ ਕਰਦੇ ਹਾਂ ਤਾਂ ਅਸੀਂ ਕਿਉਂ ਨਹੀਂ ਉਸ ਨੂੰ ਸਿੱਧਾ ਇੰਸੈਂਟਿਵ ਦਿੰਦੇ ਕਿ ਉਥੋਂ ਉਨੇ ਹੀ ਪੈਸੇ ਲਏ ਜਾਣ ਜਿੰਨੇ ਦੀ ਜ਼ਰੂਰਤ ਹੈ। ਉਸ ਰਿਫੰਡ ਕਰਨ ਦੇ ਵਿੱਚ ਇੰਨੀ ਕੁ ਜ਼ਿਆਦਾ ਚੱਕਰਬਾਜ਼ੀ ਹੈ ਕਿ ਉਥੇ ਕੁਰੱਪਸ਼ਨ ਵਿੱਚ ਬਹੁਤ ਵੱਡਾ ਵਾਧਾ ਹੁੰਦਾ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਪ੍ਰੋਸੀਜ਼ਰ ਨੂੰ ਬਹੁਤ ਅਸਾਨ ਬਣਾਉਣ ਤਾਂ ਕਿ

ਜਿਹੜਾ ਇੰਡਸਟਰੀਲਿਸਟ ਹੈ ਉਹ ਸਹੀ ਸਮੇਂ ਤੇ ਆਪਣਾ ਭੁਗਤਾਨ ਕਰ ਸਕੇ।

ਦੂਸਰੀ ਗੱਲ ਮੈਂ ਤੁਹਾਨੂੰ ਕਹਿਣੀ ਚਾਹੁੰਦਾ ਹਾਂ ਕਿ ਪਿਛੇ ਜਿਹੇ ਸਰਕਾਰ ਨੇ ਮੋਹਾਲੀ ਵਿਖੇ ਇੱਕ ਬਹੁਤ ਵੱਡਾ ਪ੍ਰਾਗਰੈਸਿਵ ਸੰਮੇਲਨ ਕਰਵਾਇਆ ਸੀ, ਉਸ ਦੇ ਵਿੱਚ ਇੱਕ ਫਿਕਸਡ ਇਨਸੈਂਟਿਵ ਸਕੀਮ ਲੈ ਕੇ ਆਏ ਸੀ, ਉਹ ਸਕੀਮ ਸਿਰਫ ਕਾਗਜ਼ਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ, ਉਸ ਸਕੀਮ ਦਾ ਕਿਸੇ ਵੀ ਇੰਡਸਟਰੀਲਿਸਟ ਨੂੰ ਲਾਹਾ ਨਹੀਂ ਮਿਲਿਆ। ਸਾਡੇ ਕੋਲ ਅੱਜ ਬਹੁਤ ਸਾਰੇ ਲੋਕ ਆਉਂਦੇ ਹਨ ਤੇ ਕਹਿੰਦੇ ਹਨ ਕਿ ਇਸ ਸਕੀਮ ਨੂੰ ਲਾਗੂ ਕਰਵਾਇਆ ਜਾਵੇ ਜਿਸ ਨਾਲ ਲੋਕਾਂ ਨੂੰ ਕੁਝ ਫਾਇਦਾ ਹੋ ਸਕੇ।

ਹੁਣ ਮੈਂ ਪ੍ਰਾਪਰਟੀ ਟੈਕਸ ਬਾਰੇ ਆਪਣੀ ਗੱਲ ਕਹਿਣੀ ਚਾਹਾਂਗਾ। ਵੈਸੇ ਤੁਸੀਂ ਕੋਈ ਪ੍ਰਾਪਰਟੀ ਟੈਕਸ ਉਤੇ ਬਿਲ ਲਿਆਂਦਾ ਹੈ, ਪ੍ਰਾਪਰਟੀ ਟੈਕਸ ਵਾਸਤੇ ਕੋਈ ਰਿਵਿਊ ਕਮੇਟੀ ਵੀ ਬਣੀ ਹੈ । ਇਹ ਇੰਨਾ ਕੁ ਇਜ਼ੀ ਹੋਣਾ ਚਾਹੀਦਾ ਹੈ ਕਿ ਹਰ ਬੰਦੇ ਦੀ ਸਮਝ ਵਿੱਚ ਪੈ ਜਾਵੇ। ਇਸ ਵਿੱਚ ਕੰਪਲੀਕੇਸ਼ਨ ਹੀ ਇੰਨੇ ਜ਼ਿਆਦਾ ਹਨ ਕਿ ਬਹੁਤ ਸਾਰੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਇਸ ਨੂੰ ਜਮ੍ਹਾਂ ਕਿਸ ਤਰ੍ਹਾਂ ਕਰਵਾਉਣਾ ਹੈ। ਹਰਿਆਣਾ ਵਿੱਚ ਵੀ ਪ੍ਰਤੀ ਸੁਕੇਅਰ ਯਾਰਡ ਦਾ ਸਿਸਟਮ ਰੱਖਿਆ ਹੋਇਆ ਹੈ, ਚੰਡੀਗੜ੍ਹ ਵਿੱਚ ਵੀ ਪ੍ਰਤੀ ਸੁਕੇਅਰ ਯਾਰਡ ਹੀ ਰੱਖਿਆ ਹੋਇਆ ਹੈ । ਮੈਂ ਕਹਿੰਦਾ ਹਾਂ ਕਿ ਚਾਰ ਪੰਜ ਸਟੇਟਾਂ ਦਾ ਪ੍ਰੋਸੀਜਰ ਇਸ ਸਬੰਧ ਵਿੱਚ ਵੇਖਿਆ ਜਾਣਾ ਚਾਹੀਦਾ ਹੈ। ਸਰਕਾਰ ਨੇ ਇਲੈਕਸ਼ਨਾਂ ਤੋਂ ਪਹਿਲਾਂ ਕਿਹਾ ਸੀ ਕਿ ਅਸੀਂ ਇਸ ਨੂੰ ਖਤਮ ਕਰਾਂਗੇ। ਇਸ ਨੂੰ ਖਤਮ ਕਰ ਦੇਣ ਪਰ ਜੇਕਰ ਖਤਮ ਵੀ ਨਹੀਂ ਕਰਨਾ ਤਾਂ ਨਾਮੀਨਲ ਟੈਕਸ ਲਗਾਇਆ ਜਾਵੇ ਅਤੇ ਬਾਹਰਲੀਆਂ ਸਟੇਟਾਂ ਦੇ ਨਾਲ ਇਸ ਇਸ਼ੂ ਨੂੰ ਜ਼ਰੂਰ ਕੰਸੀਡਰ ਕਰਨ ।

ਅਗਲੀ ਮੇਰੀ ਬੇਨਤੀ ਇਹ ਹੈ ਕਿ ਮੋਹਾਲੀ ਦੇ ਵਿੱਚ ਜਿਹੜੇ ਮੈਗਾ ਪ੍ਰਾਜੈਕਟਾਂ ਬਾਰੇ ਤੁਸੀਂ ਕਹਿੰਦੇ ਹੋ ਕਿ ਬਹੁਤ ਲੱਗਣੇ ਹਨ, ਉਨ੍ਹਾਂ ਦੇ ਵਿੱਚ ਇਕਨਾਮਿਕਲੀ ਵੀਕਰ ਸੈਕਸ਼ਨ ਵਾਸਤੇ ਇੱਕ ਕੋਟਾ ਫਿਕਸ ਕੀਤਾ ਗਿਆ ਹੈ, 10% ਜਾਂ 15% ਪਰਸੈਂਟ ਦਾ ਕੋਟਾ ਫਿਕਸ ਕੀਤਾ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੋਹਾਲੀ ਵਿੱਚ ਕਬੂਤਰਖਾਨਿਆਂ ਵਰਗੇ ਹਜ਼ਾਰਾਂ ਹੀ ਫਲੈਟ ਖੜ੍ਹੇ ਹੋ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਤੇ

[ਸਰਦਾਰ ਬਲਬੀਰ ਸਿੰਘ ਸਿੱਧੂ]

ਐਫ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਵੀ ਮੈਗਾ ਪ੍ਰਾਜੈਕਟ ਵਾਲੇ ਨੇ ਕਿਸੇ ਗਰੀਬ ਨੂੰ ਜਾਂ ਕਿਸੇ ਦਲਿਤ ਨੂੰ, ਦਸ ਜਾਂ ਪੰਦਰਾਂ ਪਰਸੈਂਟ ਦਾ ਜੋ ਕੋਟਾ ਫਿਕਸ ਕੀਤਾ ਹੋਇਆ ਹੈ, ਉਹ ਦਿੱਤਾ ਹੋਵੇ। ਇਹ ਸਕੀਮ ਲਾਗੂ ਨਹੀਂ ਹੋਈ। ਇਸ ਸਕੀਮ ਦੇ ਉਤੇ ਪੂਰੀ ਤਵੱਜੋ ਦੇਣ ਦੀ ਲੋੜ ਹੈ ਜਿਹੜੀ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ।

ਇਸ ਤੋਂ ਅਗਲੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਮੁਲਾਜ਼ਮ, ਜਿਸ ਨੇ ਅੱਜ ਤੋਂ 30-35 ਸਾਲ ਪਹਿਲਾਂ ਚੰਡੀਗੜ੍ਹ ਵਿੱਚ ਆ ਕੇ ਜਾਬ ਕਰਨੀ ਸ਼ੁਰੂ ਕੀਤੀ ਸੀ ਔਰ ਉਨ੍ਹਾਂ ਦੀਆਂ ਇੱਥੇ ਆ ਕੇ ਮੈਰਿਜਜ਼ ਹੋਈਆਂ, ਬੱਚੇ ਪੜ੍ਹ ਕੇ ਵੱਡੇ ਹੋਏ ਪਰ ਉਹ ਮੁਲਾਜ਼ਮ ਸਾਰੀ ਜ਼ਿੰਦਗੀ ਆਪਣਾ ਆਲ੍ਹਣਾ ਨਹੀਂ ਬਣਾ ਸਕੇ। ਪਰ ਚੰਡੀਗੜ੍ਹ ਗੌਰਮਿੰਟ ਨੇ, ਹਰਿਆਣਾ ਗੌਰਮਿੰਟ ਨੇ, ਇੱਥੋਂ ਤੱਕ ਕਿ ਪੰਜਾਬ ਵਿੱਚ ਪੁੱਡਾ ਨੇ ਇੱਕ ਅਜਿਹਾ ਕਨਸੈਪਟ ਅਡਾਪਟ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਇੰਪਲਾਈਜ਼ ਵਾਸਤੇ ਇੱਕ ਸੈਕਟਰ ਬਣਾ ਕੇ ਜਾਂ ਉਨ੍ਹਾਂ ਨੂੰ ਸਸਤੇ ਰੇਟ ਉਤੇ ਜ਼ਮੀਨ ਦੇ ਕੇ ਜਾਂ ਉਨ੍ਹਾਂ ਵਾਸਤੇ ਫਲੈਟ ਸਿਸਟਮ ਬਣਾ ਕੇ ਅਲਾਟ ਕੀਤੇ ਹਨ।ਮੈਂ ਕਹਿਣਾ ਚਾਹਾਂਗਾ ਕਿ ਪੰਜਾਬ ਦੇ ਮੁਲਾਜ਼ਮਾਂ ਵਾਸਤੇ ਵੀ ਇਹ ਸਕੀਮ ਲਿਆਉਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਲੋਕਾਂ ਦਾ ਵੀ ਫਾਇਦਾ ਹੋ ਸਕੇ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇੱਕ ਅਗਲੀ ਮੇਰੀ ਬੇਨਤੀ ਨੀਡ ਬੇਸਡ ਪਾਲਿਸੀ ਬਾਰੇ ਹੈ । ਪਿਛੇ ਜਿਹੇ ਗਮਾਡਾ ਦੇ ਵਿੱਚ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਸੀ.ਏ. ਆਏ ਸੀ, ਉਹ ਬਹੁਤ ਵਧੀਆ ਤੇ ਇਮਾਨਦਾਰ ਅਫਸਰ ਸੀ, ਉਨ੍ਹਾਂ ਨੇ ਜਦੋਂ ਦੇਖਿਆ ਕਿ ਕੁਆਰਟਰਾਂ ਵਿੱਚ ਲੋਕਾਂ ਨੇ ਆਲਟ੍ਰੇਸ਼ਨਜ਼ ਕੀਤੀਆਂ ਹੋਈਆਂ ਹਨ। ਪਹਿਲਾਂ ਜਦੋਂ ਮਕਾਨ ਅਲਾਟ ਹੋਏ ਸਨ, ਮੀਆਂ-ਬੀਵੀ ਦੋਵੇਂ ਰਹਿੰਦੇ ਸਨ, ਬਾਅਦ ਵਿੱਚ ਬੱਚੇ ਹੋ ਗਏ। ਬੱਚਿਆਂ ਦੀ ਅੱਗੇ ਮੈਰਿਜ਼ ਹੋ ਗਈ। ਹਰ ਬੰਦੇ ਦੀ ਨਸੈਸਟੀ ਵੱਧ ਗਈ। ਉਨ੍ਹਾਂ ਲੋਕਾਂ ਨੇ ਆਪਣੀ ਲੋੜ ਮੁਤਾਬਿਕ ਇੱਕ-ਅੱਧਾ ਕਮਰਾ ਫਾਲਤੂ ਬਣਾ ਲਿਆ ਜਾਂ ਪੌੜੀਆਂ ਬਾਹਰ ਕਰ ਦਿੱਤੀਆਂ ਤੇ ਇਸ ਤਰ੍ਹਾਂ ਅਕੰਮੋਡੇਸ਼ਨ ਵਧਾ ਲਈ। ਸਰਕਾਰ ਨੇ ਇਸ ਵਾਸਤੇ ਪਾਲਿਸੀ ਬਣਾ ਦਿੱਤੀ ਪਰ ਜਿਹੜੇ ਹੁਣ ਵਾਲੇ ਅਫ਼ਸਰ ਹਨ, ਪਤਾ ਨਹੀਂ ਉਨ੍ਹਾਂ ਦੇ ਮਨ ਵਿੱਚ ਕੀ ਖੁੰਦਕ ਆਈ, ਉਨ੍ਹਾਂ ਨੇ ਪਾਲਿਸੀ ਰੱਦ ਕਰ ਦਿੱਤੀ, ਅੱਜ ਮੁਹਾਲੀ ਵਿੱਚ ਮੈਂ ਜ਼ਿਆਦਾ ਨਹੀਂ ਕਹਿ ਸਕਦਾ, ਘੱਟੋ-ਘੱਟ

25,000–30,000 ਗਰੀਬ ਲੋਕ, ਆਮ ਲੋਕ, ਮੀਡੀਅਮ ਵਰਗ ਦੇ ਲੋਕ ਇਸ ਪਾਲਿਸੀ ਕਰਕੇ ਪ੍ਰਭਾਵਿਤ ਹੋਏ ਹਨ।

Mr. Speaker : Thank you.

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਪਲੀਜ਼ ਮੈਨੂੰ ਥੋੜ੍ਹਾ ਜਿਹਾ ਟਾਈਮ ਦੇ ਦਿਓ।

ਮਾਨਯੋਗ ਸਪੀਕਰ : ਨਹੀਂ ਜੀ। ਜਾਖੜ ਸਾਹਿਬ ਨੇ ਵੀ ਬੋਲਣਾ ਹੈ। Please conclude now.

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਇੱਕ ਮਿੰਟ ਹੋਰ ਲਵਾਂਗਾ। ਸਰ, ਚੰਡੀਗੜ੍ਹ ਤੇ ਮੁਹਾਲੀ ਐਡਜੁਆਇਨਿੰਗ ਹਨ। ਚੰਡੀਗੜ੍ਹ ਅਤੇ ਮੁਹਾਲੀ ਵਿੱਚ ਪੈਟਰੋਲ ਦਾ 10/– ਰੁਪਏ ਦਾ ਅੰਤਰ ਹੈ। ਜੇ ਪੰਜਾਬ ਗੌਰਮਿੰਟ ਚੰਡੀਗੜ੍ਹ ਦੇ ਇਕੁਅਲ ਵੈਟ ਕਰ ਦੇਵੇ ਤਾਂ ਇਸ ਨਾਲ ਇੱਕ ਤਾਂ ਸਾਡੇ ਕੋਲ ਰੈਵੇਨਿਊ ਵੱਧ ਜਾਵੇਗਾ ਅਤੇ ਦੂਜਾ ਸਾਡੇ ਪੰਪਾਂ ਦੀ ਸੇਲ ਵੱਧ ਜਾਵੇਗੀ। ਜਿਹੜਾ ਮੁਹਾਲੀ ਦਾ ਪੈਟਰੋਲ ਪੰਪ ਵਾਲਾ ਹੈ, ਉਸ ਨੂੰ ਇਹ ਸਹੂਲੀਅਤ ਦਿੱਤੀ ਜਾਵੇ, ਇਹ ਮੈਂ ਆਪ ਜੀ ਰਾਹੀਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਨਾਲ ਅਸੀਂ ਆਪਣੇ ਲੋਕਾਂ ਦੀ ਹਾਲਤ ਸੁਧਾਰ ਸਕਦੇ ਹਾਂ। ਧੰਨਵਾਦ।

Mr. Speaker : Sardar Iqbal Singh Jhunda, only for five minutes.

ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ ਜੋ ਬਜਟ ਪੇਸ਼ ਕੀਤਾ ਹੈ, ਮੈਂ ਉਸ ਦੀ ਬੈਕਗਰਾਉਂਡ ਵਿੱਚ ਇੱਕ–ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਪਿਛਲੇ ਛੇ–ਸੱਤ ਸਾਲ ਤੋਂ ਸ਼੍ਰੋਮਣੀ ਅਕਾਲੀ ਦਲ–ਭਾਜਪਾ ਦੀ ਸਰਕਾਰ ਪੰਜਾਬ ਵਿੱਚ ਕੰਮ ਕਰ ਰਹੀ ਹੈ ਅਤੇ ਪਿਛਲੇ 10 ਸਾਲ ਯੂ.ਪੀ.ਏ. ਦੀ ਸਰਕਾਰ ਨੇ ਆਪਣੇ ਦੇਸ਼ ਤੇ ਰਾਜ ਕੀਤਾ ਹੈ। ਉਨ੍ਹਾਂ ਸੱਤਾਂ ਸਾਲਾਂ ਦੌਰਾਨ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਕੇਂਦਰ ਤੋਂ ਕਿੰਨਾ ਸਹਿਯੋਗ ਮਿਲਿਆ ਅਤੇ ਉਨ੍ਹਾਂ ਹਾਲਾਤਾਂ ਵਿੱਚ ਉਹ ਕਿਸ ਤਰ੍ਹਾਂ ਸਾਰੇ ਪੰਜਾਬ ਨੂੰ ਅੱਗੇ ਲੈ ਕੇ ਗਏ ਹਨ, ਉਹ ਆਪਾਂ ਸਾਰੇ ਜਾਣਦੇ ਹਾਂ । ਇਨ੍ਹਾਂ ਨੇ ਪੰਜਾਬ ਦੀਆਂ ਮੁਸ਼ਕਿਲਾਂ ਅਤੇ ਤਕਲੀਫ਼ਾਂ

[ਸਰਦਾਰ ਇਕਬਾਲ ਸਿੰਘ ਝੂੰਦਾਂ]

ਨੂੰ ਹੱਲ ਕੀਤਾ ਹੈ ਅਤੇ ਪੰਜਾਬ ਦੇ ਉਸ ਦਰਦ ਨੂੰ ਸਮਝ ਕੇ ਹੱਲ ਕਰਨ ਦਾ ਯਤਨ ਕੀਤਾ ਹੈ। ਮੈਂ ਉਦਾਹਰਣ ਦੇ ਤੌਰ ਤੇ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਸਾਲ 2012 ਤੋਂ ਪਹਿਲਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵੱਡੇ ਵਾਧੇ ਕੀਤੇ ਹਨ, ਮੇਰਾ ਖਿਆਲ ਹੈ ਕਿ ਅੱਜ ਪੰਜਾਬ ਦਾ ਮੁਲਾਜ਼ਮ ਦੇਸ਼ ਦੇ ਹੋਰ ਸੂਬਿਆਂ ਦੇ ਮੁਲਾਜ਼ਮਾਂ ਨਾਲੋਂ ਵੱਧ ਤਨਖਾਹਾਂ ਲੈ ਰਿਹਾ ਹੈ। ਭਾਵੇਂ ਸਾਡੀ ਸਰਕਾਰ ਤੇ ਕਿੰਨਾ ਵੀ ਬੋਝ ਪਿਆ ਪਰੰਤੂ ਮੁਲਾਜ਼ਮਾਂ ਦੇ ਦੁਖ-ਦਰਦ ਨੂੰ ਸਾਡੀ ਸਰਕਾਰ ਨੇ ਸਮਝਿਆ ਹੈ ਜੋ ਪਿਛਲੇ 10 ਸਾਲਾਂ ਵਿੱਚ ਮਹਿੰਗਾਈ ਵਧੀ ਹੈ, ਜਿਸ ਨਾਲ ਮੁਲਾਜ਼ਮ ਵਰਗ ਦਾ ਜਿਉਣਾ ਦੂਭਰ ਹੋਇਆ ਪਿਆ ਸੀ, ਉਸ ਦਰਦ ਨੂੰ ਸਮਝਦੇ ਹੋਏ ਇਹ ਵਾਧਾ ਕੀਤਾ ਗਿਆ ਹੈ। ਇਸ ਨਾਲ ਭਾਵੇਂ ਸਾਡੇ ਤੇ ਕਿੰਨਾ ਵੱਡਾ ਆਰਥਿਕ ਬੋਝ ਪਿਆ ਹੈ।

ਦੂਸਰਾ ਮਸਲਾ ਕਿਸਾਨਾਂ ਦਾ ਸੀ। ਅੱਜ ਪੰਜਾਬ 45,00 ਕਰੋੜ ਰੁਪਏ ਦੀ ਸਬਸਿਡੀ ਬਿਜਲੀ ਦੇ ਬਿਲਾਂ ਦੇ ਰੂਪ ਵਿੱਚ ਦੇ ਰਿਹਾ ਹੈ। ਅੱਜ ਹੀ 'ਪੰਜਾਬੀ ਟ੍ਰਿਬਿਊਨ' ਦੀ ਖ਼ਬਰ ਲੱਗੀ ਹੈ ਕਿ ਪੰਜਾਬ ਦੇ ਕਿਸਾਨ ਤੇ ਸਿਰਫ਼ ਬੈਂਕਾਂ ਦਾ ਜਿਹੜਾ ਕਰਜ਼ਾ ਹੈ, ਉਹ 50,000 ਕਰੋੜ ਰੁਪਏ ਤੋਂ ਉੱਪਰ ਹੈ। ਪੰਜਾਬ ਦੇ ਕਿਸਾਨਾਂ ਦੀ ਔਸਤਨ ਜਿਹੜੀ ਲੈਂਡ ਹੋਲਡਿੰਗ ਹੈ, ਉਹ ਪੌਣੇ ਚਾਰ ਏਕੜ ਹੈ। ਇਸ ਤਰ੍ਹਾਂ ਜੇਕਰ ਅਸੀਂ ਹਿਸਾਬ ਲਗਾਈਏ ਤਾਂ 50% ਕਿਸਾਨ ਦੋ-ਢਾਈ ਏਕੜ ਦੀ ਹੋਲਡਿੰਗ ਦੇ ਮਾਲਕ ਹਨ। ਦੋ-ਢਾਈ ਏਕੜ ਵਾਲੇ ਕਿਸਾਨ ਨੂੰ ਜੇਕਰ 20 ਹਾਰਸ ਪਾਵਰ ਦੀ ਮੋਟਰ ਦੇ ਬਿਜਲੀ ਦੇ ਬਿਲ ਦੇਣੇ ਪੈਣ ਤਾਂ ਕਿੰਨਾ ਮੁਸ਼ਕਿਲ ਹੈ। ਸਪੀਕਰ ਸਾਹਿਬ, ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ ਜਿੱਥੇ ਪਾਣੀ 150 ਫੁੱਟ ਥੱਲੇ ਚਲਾ ਗਿਆ ਹੈ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜਾਂ ਤਾਂ ਉਹ ਕਿਸਾਨ ਜ਼ਮੀਨ ਵੇਚਣਗੇ ਅਤੇ ਜਾਂ ਖੇਤੀ ਛੱਡ ਜਾਣਗੇ। ਉਨ੍ਹਾਂ ਨੂੰ ਵੀ ਬਾਦਲ ਸਾਹਿਬ ਨੇ ਜਿਊਂਦਾ ਰੱਖਿਆ ਹੈ ਭਾਵੇਂ ਇਸ ਨਾਲ ਸਾਡੀ ਸਰਕਾਰ ਤੇ ਕਿੰਨੇ ਵੱਡੇ ਵਿਤੀ ਬੋਝ ਪਏ ਹਨ। ਇਸੇ ਤਰ੍ਹਾਂ ਗਰੀਬ ਲੋਕਾਂ ਲਈ ਚਾਹੇ ਉਹ ਆਟਾ-ਦਾਲ ਸਕੀਮ, ਸ਼ਗਨ ਸਕੀਮ, ਪੈਨਸ਼ਨ ਸਕੀਮ ਜਾਂ ਬਿਜਲੀ ਦੇ ਬਿਲ ਮੁਆਫ਼ ਕਰਨੇ, ਮੇਰੇ ਕਹਿਣ ਤੋਂ ਭਾਵ ਸਾਰੀਆਂ ਸਬਸਿਡੀਆਂ ਸਰਕਾਰ ਨੇ ਦਿੱਤੀਆਂ ਹਨ। ਪੰਜਾਬ ਦੇ ਲੋਕਾਂ ਦੀਆਂ ਸਾਰੀਆਂ ਮੁਸ਼ਕਿਲਾਂ ਦੂਰ ਕੀਤੀਆਂ, ਸਾਰਾ ਦਰਦ ਵੰਡਾਇਆ ਅਤੇ ਸਾਡੀ ਆਰਥਿਕਤਾ ਨੂੰ ਅੱਗੇ ਤੋਰਿਆ। ਸਾਡੇ ਸਰੋਤ ਵੀ ਵਧਾਏ। ਜੇਕਰ ਤੁਸੀਂ ਸਾਲ 2006-07 ਦੇ ਡਾਟੇ ਦੇਖੋ ਅਤੇ ਅੱਜ 2014-15

ਦੇ ਡਾਟੇ ਦੇਖੋ, ਕਿਸੇ ਵੀ ਖੇਤਰ ਦਾ ਖਰਚਾ ਲੈ ਲਈਏ, ਕਿਸੇ ਵੀ ਖੇਤਰ ਦੀ ਇਨਕਮ ਲੈ ਲਈਏ, ਕਿਤੇ ਹੋ ਸਕਦਾ ਹੈ ਕਿ ਦੁੱਗਣੀ ਹੋਵੇ ਪਰ ਆਮ ਤੌਰ ਤੇ ਪੰਜ-ਪੰਜ, ਛੇ-ਛੇ ਗੁਣਾਂ ਸਰੋਤ ਵਧਾਏ ਹਨ। ਅਸੀਂ ਆਮਦਨ ਵੀ ਵਧਾਈ ਹੈ, ਡਿਵੈਲਪਮੈਂਟ ਵੀ ਕੀਤੀ ਹੈ ਅਤੇ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਿਲਾਂ ਵੱਲ ਸਮੇਂ ਸਮੇਂ ਅਨੁਸਾਰ ਤਵੱਜੋਂ ਦਿੱਤੀ ਹੈ। ਇਨ੍ਹਾਂ ਹਾਲਾਤਾਂ ਵਿੱਚ ਸਾਰੇ ਮਸਲਿਆਂ ਨੂੰ ਸਮਝਦੇ ਹੋਏ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸਾਡੇ ਪੰਜਾਬ ਨੂੰ ਅੱਗੇ ਤੋਰਿਆ, ਜਿਸ ਦੀ ਮੈਂ ਸ਼ਲਾਘਾ ਵੀ ਕਰਦਾ ਹਾਂ ਅਤੇ ਉਨ੍ਹਾਂ ਨੂੰ ਵਧਾਈ ਵੀ ਦਿੰਦਾ ਹਾਂ। ਮੇਰੀ ਬੇਨਤੀ ਹੈ ਕਿ...

Mr. Speaker : Thank you. ਕਨਕਲੂਡ ਕਰੋ ਜੀ। ਸਿਰਫ ਇੱਕ ਮਿੰਟ ਹੈ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਖਜ਼ਾਨਾ ਮੰਤਰੀ ਜੀ ਨੇ ਉਨ੍ਹਾਂ ਅਹਿਮ ਮੁੱਦਿਆਂ ਨੂੰ ਛੋਹਿਆ ਹੈ, ਜਿਹੜੇ ਪੰਜਾਬ ਲਈ ਬਹੁਤ ਜ਼ਰੂਰੀ ਸਨ। ਖਾਸ ਕਰਕੇ ਮੈਂ ਜਲ ਸਰੋਤ ਦੀ ਗੱਲ ਕਰਨੀ ਚਾਹੁੰਦਾ ਹਾਂ। ਜਲ ਸਰੋਤ ਲਈ ਉਨ੍ਹਾਂ ਨੇ ਫੰਡ ਰੱਖੇ ਹਨ। ਮੇਰਾ ਖਿਆਲ ਹੈ ਕਿ ਇਹ ਪਹਿਲੀ ਵਾਰੀ ਹੋਇਆ ਹੋਵੇਗਾ ਕਿ ਬਰਸਾਤੀ ਪਾਣੀ ਦੀ ਸਾਂਭ-ਸੰਭਾਲ ਲਈ ਵੀ ਫੰਡ ਰੱਖੇ ਗਏ ਹਨ। ਅਸੀਂ ਉਸ ਦੀ ਅਹਿਮੀਅਤ ਨੂੰ ਸਮਝਿਆ ਹੈ। ਮੈਂ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਵੀ ਕਰਦਾ ਹਾਂ ਕਿ ਇਨ੍ਹਾਂ ਫੰਡਾਂ ਨੂੰ ਹੋਰ ਵਧਾਇਆ ਜਾਵੇ ਤਾਂ ਕਿ ਪੰਜਾਬ ਦੇ ਪਾਣੀ ਦਾ ਜਿਹੜਾ ਡਿੱਗਦਾ ਪੱਧਰ ਹੈ, ਆਪਾਂ ਉਸ ਨੂੰ ਸੰਭਾਲ ਸਕੀਏ ਔਰ ਪੰਜਾਬ ਨੂੰ ਇਸ ਦਿੱਕਤ ਵਿੱਚੋਂ ਕੱਢ ਸਕੀਏ।

ਸਪੀਕਰ ਸਾਹਿਬ, ਮੇਰਾ ਇਸ ਮਾਮਲੇ ਵਿੱਚ ਇੱਕ ਹੋਰ ਵੀ ਸੁਝਾਉ ਹੈ ਕਿ ਜਿਹੜੀ ਪੂਸਾ-44 ਜ਼ੀਰੀ ਦੀ ਕਿਸਮ ਹੈ, ਇਹ ਸਮੁੱਚੇ ਪੰਜਾਬ ਵਿੱਚ ਲਗਾਈ ਜਾਂਦੀ ਹੈ। ਇਹ ਫਸਲ ਪੱਕਣ ਲਈ ਤਕਰੀਬਨ ਇੱਕ ਮਹੀਨਾ ਵੱਧ ਸਮਾਂ ਲੈਂਦੀ ਹੈ। ਤੁਸੀਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਫੰਡ ਵੀ ਬਹੁਤ ਦਿੱਤੇ ਹਨ। ਉਸ ਦੇ ਖੇਤੀ ਮਾਹਿਰਾਂ ਨੂੰ ਇਸ ਚੀਜ਼ ਦਾ ਬਦਲ ਤਿਆਰ ਕਰਨ ਲਈ ਕਿਹਾ ਜਾਵੇ ਤਾਂ ਕਿ ਕੋਈ ਹੋਰ ਬੀਜ ਤਿਆਰ ਕਰਕੇ ਘੱਟ ਸਮੇਂ ਵਿੱਚ ਝੋਨਾ ਲੱਗੇ ਤੇ ਸਾਡੇ ਪਾਣੀ ਦਾ ਪੱਧਰ ਨੀਵਾਂ ਹੋਣ ਤੋਂ ਬਚਾਇਆ ਜਾ ਸਕੇ।

ਮੈਂ ਖੇਡਾਂ ਬਾਰੇ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਖੇਡਾਂ ਦਾ ਅਜਿਹਾ

[ਸਰਦਾਰ ਇਕਬਾਲ ਸਿੰਘ ਝੂੰਦਾਂ]

ਖੇਤਰ ਹੈ ਜਿਸ ਨੂੰ ਅੱਜ ਤੱਕ ਡਿਪਟੀ ਸੀ.ਐਮ. ਸਾਹਿਬ ਤੋਂ ਬਿਨਾਂ ਹੋਰ ਕਿਸੇ ਨੇ ਛੋਹਿਆ ਹੀ ਨਹੀਂ। ਸਾਡੀ ਕਬੱਡੀ ਦੀ ਖੇਡ, ਸਾਡੀਆਂ ਖੇਡ ਗਰਾਊਂਡਾਂ, ਸਾਡੇ ਖੇਡ ਕਲੱਬ ਅਤੇ ਸਾਡੇ ਜਿਮਨੇਜ਼ੀਅਮ ਸਾਰੇ ਬਣੇ ਹਨ ਔਰ ਪੰਜਾਬ ਖੇਡਾਂ ਦੇ ਖੇਤਰ ਵਿੱਚ ਅੱਗੇ ਜਾ ਰਿਹਾ ਹੈ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਖੇਡਾਂ ਨੂੰ ਬਹੁਤ ਵੱਡਾ ਹੁਲਾਰਾ ਡਿਪਟੀ ਸੀ.ਐਮ. ਸਾਹਿਬ ਨੇ ਦਿੱਤਾ ਹੈ। ਮੈਂ ਦੋ ਸੁਝਾਉ ਦੇ ਕੇ ਸਮਾਪਤੀ ਕਰਨ ਲੱਗਾ ਹਾਂ ਜੀ।

ਮਾਨਯੋਗ ਸਪੀਕਰ : ਪਲੀਜ਼, ਕਨਕਲੂਡ ਕਰੋ ਜੀ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਜੀ। ਸਿਰਫ ਇੱਕ ਦੋ ਗੱਲਾਂ ਕਰਕੇ ਮੈਂ ਆਪਣੀ ਗੱਲ ਸਮਾਪਤ ਕਰ ਦੇਣੀ ਹੈ ਜੀ। ਇੱਕ ਤਾਂ ਪੰਜਾਬ ਵਿੱਚ ਜੋ ਰੂਰਲ ਡਿਵੈਲਪਮੈਂਟ ਦੇ ਬਲਾਕ ਹਨ, ਮੇਰੀ ਬੇਨਤੀ ਹੈ ਕਿ ਉਨ੍ਹਾਂ ਦਾ ਦੁਬਾਰਾ ਜ਼ਰੂਰ ਪੁਨਰਗਠਨ ਕੀਤਾ ਜਾਵੇ। ਦੁਬਾਰਾ ਰਿਵਿਊ ਕੀਤਾ ਜਾਵੇ ਕਿਉਂਕਿ ਬਹੁਤ ਸਾਰੇ ਐਸੇ ਬਲਾਕ ਹਨ ਜਿਨ੍ਹਾਂ ਦੀ ਜਿਉਗਰਾਫੀਕਲੀ ਸੂਏਟੇਬਿਲਟੀ ਨਹੀਂ ਹੈ, ਇਹ ਕਿਤੇ ਹੋਰ ਜੁੜੇ ਹੋਏ ਹਨ। ਇਸੇ ਤਰ੍ਹਾਂ ਸਾਡੀਆਂ ਸਬ-ਡਵੀਜ਼ਨਾਂ ਦਾ ਮਸਲਾ ਹੈ। ਇਨ੍ਹਾਂ ਗੱਲਾਂ ਵੱਲ ਵੀ ਜ਼ਰੂਰ ਉਚੇਚੇ ਤੌਰ ਤੇ ਧਿਆਨ ਦਿੱਤਾ ਜਾਵੇ।

ਮੈਂ ਪੰਜਾਬ ਦੇ ਟੋਭਿਆਂ ਦੀ ਗੱਲ ਕਰਕੇ ਸਮਾਪਤੀ ਕਰਨ ਲੱਗਾ ਹਾਂ ਜੀ। ਪੰਜਾਬ ਦੇ ਐਸੇ ਕਈ ਪਿੰਡ ਹਨ ਜਿਨ੍ਹਾਂ ਵਿੱਚ ਟੋਭਿਆਂ ਦੀ ਬਹੁਤ ਵੱਡੀ ਸਮੱਸਿਆ ਹੈ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਕੋਲ ਜ਼ਮੀਨਾਂ ਨਹੀਂ ਹਨ। ਡਰੇਨਾਂ ਵਿੱਚ ਪਾਣੀ ਵੀ ਨਹੀਂ ਕੱਢਣ ਦਿੱਤਾ ਜਾਂਦਾ ਜਿਸ ਕਾਰਨ ਬਰਸਾਤਾਂ ਦੇ ਦਿਨਾਂ ਵਿੱਚ ਪਿੰਡਾਂ ਵਿੱਚ ਪਾਣੀ ਖੜ੍ਹ ਜਾਂਦਾ ਹੈ। ਇਸ ਦਾ ਕੋਈ ਹੱਲ ਹੀ ਨਹੀਂ ਹੈ। ਸੋ, ਮੇਰੀ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਨ੍ਹਾਂ ਪਿੰਡਾਂ ਦੀ ਨਿਸ਼ਾਨਦੇਹੀ ਕਰਵਾਈ ਜਾਵੇ, ਜਿਹੜੇ ਪਿੰਡਾਂ ਵਿੱਚ ਪੰਚਾਇਤਾਂ ਕੋਲ ਜ਼ਮੀਨਾਂ ਨਹੀਂ ਹਨ ਜਾਂ ਤਾਂ ਸਰਕਾਰ ਜ਼ਮੀਨ ਖਰੀਦਣ ਦਾ ਪ੍ਰਬੰਧ ਕਰੇ ਜਾਂ ਡਰੇਨਾਂ ਵਿੱਚ ਪਾਣੀ ਪਾਉਣ ਦੀ ਇਜਾਜ਼ਤ ਦੇਵੇ ਤਾਂ ਕਿ ਉਨ੍ਹਾਂ ਪਿੰਡਾਂ ਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਹੱਲ ਹੋ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਜਿੱਥੇ ਇਸ ਬਜਟ ਦੀ ਸ਼ਲਾਘਾ ਕਰਦਾ ਹਾਂ ਉਥੇ ਇਸ ਗੱਲ ਦੀ ਆਸ ਕਰਦਾ ਹਾਂ ਕਿ ਸਦਨ ਸਰਬ ਸੰਮਤੀ ਨਾਲ ਇਸ ਨੂੰ ਪਾਸ ਕਰੇ । ਧੰਨਵਾਦ ਜੀ।

ਮਾਨਯੋਗ ਸਪੀਕਰ : ਸਰਦਾਰ ਜਗਮੋਹਨ ਸਿੰਘ ਕੰਗ ਜੀ। ਪੰਜ ਸੱਤ ਮਿੰਟਾਂ ਵਿੱਚ ਖਤਮ ਕਰ ਦੇਣਾ ਜੀ।

ਸਰਦਾਰ ਜਗਮੋਹਨ ਸਿੰਘ ਕੰਗ (ਖਰੜ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਢੀਂਡਸਾ ਸਾਹਿਬ ਨੇ ਲਿਖਿਆ ਹੈ, "ਮੈਂ ਸਾਲ 2014-15 ਦਾ ਲਗਾਤਾਰ ਤੀਸਰਾ ਬਜਟ ਪੇਸ਼ ਕਰਦਿਆਂ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਿਹਾ ਹਾਂ।" ਸਪੀਕਰ ਸਾਹਿਬ, ਇਸ ਬਜਟ ਭਾਸ਼ਣ ਦੇ ਹਰ ਪੇਜ ਤੇ ਲਿਖਿਆ ਗਿਆ ਹੈ, 'India Begins Here'. ਇਹ ਮੇਰੀ ਸਮਝ ਤੋਂ ਬਾਹਰ ਹੈ। ਢੀਂਡਸਾ ਸਾਹਿਬ ਮਾਣ ਤਾਂ ਮਹਿਸੂਸ ਕਰਦੇ ਹੋਣਗੇ ਕਿਉਂਕਿ ਇਹ ਗੁਰੂਆਂ ਦੀ ਧਰਤੀ ਹੈ। ਪੰਜਾਬ ਦੀ ਸੋਹਣੀ ਧਰਤੀ ਹੈ।

ਮਾਨਯੋਗ ਸਪੀਕਰ : ਆਪਾਂ ਬਜਟ ਸਬੰਧੀ ਜੋ ਕਹਿਣਾ ਹੈ, ਉਹ ਗੱਲ ਕਹੀਏ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਪਰ ਇਹ ਖੁਸ਼ੀ ਕਾਹਦੀ ਮਹਿਸੂਸ ਕਰਦੇ ਹਨ? ਪੰਜਾਬ ਦੇ ਸਿਰ 1.13 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। 35000 ਕਰੋੜ ਰੁਪਏ ਦਾ ਕਰਜ਼ਾ ਕਿਸਾਨ ਦੇ ਸਿਰ ਹੈ। ਹਰ ਰੋਜ਼ ਕਿਸਾਨ ਆਤਮ ਹੱਤਿਆਵਾਂ ਕਰ ਰਿਹਾ ਹੈ। ਡਰੱਗਜ਼ ਦਾ ਬੋਲਬਾਲਾ ਹੈ। ਭ੍ਰਿਸ਼ਟਾਚਾਰ ਤੇ ਜੰਗਲ ਰਾਜ ਹੈ, ਕੀ ਇਹ ਇਸ ਗੱਲ ਦੀ ਖੁਸ਼ੀ ਮਹਿਸੂਸ ਕਰਦੇ ਹਨ? ਸਪੀਕਰ ਸਾਹਿਬ, ਪੰਜਾਬੀ ਦੀ ਇੱਕ ਕਹਾਵਤ ਹੈ, "ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ। " ਦੂਜੀ ਕਹਾਵਤ ਨਾਲ ਢੁਕਦੀ ਹੈ, "ਗੱਲੀਂ ਬਾਤੀਂ ਮੈਂ ਬੜੀ, ਕਰਤੂਤੀਂ ਵੱਡੀ ਜੇਠਾਣੀ।" ਇਹ ਤਾਂ ਸਾਡੇ ਬਜਟ ਦਾ ਹਾਲ ਹੈ। ਮੈਂ ਅਹਿਮ ਮੁੱਦਿਆਂ ਤੇ ਗੱਲ ਕਰਕੇ ਆਪਣੀ ਗੱਲ ਖਤਮ ਕਰਾਂਗਾ।

ਮਾਨਯੋਗ ਸਪੀਕਰ : ਤੁਹਾਡੇ ਕੋਲ ਸਮਾਂ ਘੱਟ ਹੈ। ਇਨ੍ਹਾਂ ਗੱਲਾਂ ਵਿੱਚ ਹੀ ਟਾਈਮ ਗੁਆ ਲੈਣਾ ਹੈ। ਮੈਂ ਵਾਧੂ ਸਮਾਂ ਨਹੀਂ ਦੇਣਾ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ। ਜੋ ਪੰਜਾਬ ਦਾ ਬਜਟ ਹੈ, Budget is only a statement of account and formality. Nothing beyond this. ਸਰਦਾਰ ਲਾਲ ਸਿੰਘ ਜੀ ਸਾਡੇ ਸੀਨੀਅਰ ਕਾਂਗਰਸੀ ਆਗੂ ਹਨ। ਇਨ੍ਹਾਂ ਨੇ ਬਹੁਤ ਵਿਸਥਾਰ ਨਾਲ ਅੰਕੜਿਆਂ ਸਮੇਤ ਦਲੀਲ ਤੇ ਅਪੀਲ ਨਾਲ ਹਾਊਸ ਵਿੱਚ ਆਪਣੀ ਸਪੀਚ

[ਸਰਦਾਰ ਜਗਮੋਹਨ ਸਿੰਘ ਕੰਗ]

ਦਿੱਤੀ। ਅਖਬਾਰਾਂ ਨੇ ਟਿੱਪਣੀ ਕੀਤੀ, ਉਹ ਸਭ ਦੇ ਸਾਹਮਣੇ ਹੈ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ।

*4.44 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਮੈਂ ਕੁਝ ਅਹਿਮ ਮੁੱਦਿਆਂ ਤੇ ਗੱਲ ਕਰਨੀ ਚਾਹਾਂਗਾ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪਰ ਕੀ ਵਿੱਤ ਮੰਤਰੀ ਜੀ ਇਸ ਗੱਲ ਦਾ ਜਵਾਬ ਦੇਣਗੇ, ਮੈਨੂੰ ਜੋ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਖੇਤੀਬਾੜੀ ਮਹਿਕਮੇ ਵਿੱਚ ਤਕਰੀਬਨ 900 ਕਰੋੜ ਰੁਪਿਆ ਸੈਂਟਰ ਦੀ ਗ੍ਰਾਂਟ ਹੈ, ਜੋ ਬਜਟ ਵਿੱਚ ਆਈ ਹੈ ਅਤੇ ਤਕਰੀਬਨ ਸਿਰਫ 100 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਕੰਟਰੀਬਿਊਟ ਕੀਤਾ ਹੈ? ਇਸ ਦੇ ਨਾਲ ਨਾਲ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚਾਹੇ ਮੱਕੀ ਹੈ, ਕਪਾਹ ਹੈ, ਸੋਇਆਬੀਨ ਹੈ ਜਾਂ ਆਇਲ ਸੀਡਸ ਹਨ, ਕੀ ਅਸੀਂ ਜ਼ਿੰਮੀਦਾਰਾਂ ਨੂੰ ਕੋਈ ਇੰਨਸੈਂਟਿਵ ਦੇਣ ਦਾ ਉਪਰਾਲਾ ਕੀਤਾ ਹੈ? ਮੈਂ ਸ਼ੂਗਰ ਕੇਨ ਦੀ ਗੱਲ ਕਰਦਾ ਹਾਂ, ਇਹ ਡਾਈਵਰਸੀਫਿਕੇਸ਼ਨ ਦੀ ਬੜੀ ਅੱਛੀ ਫਸਲ ਹੈ। ਪਰ ਸਭਾਪਤੀ ਜੀ, ਤੁਸੀਂ ਦੇਖ ਲਓ, ਇੰਨਸੈਂਟਿਵ ਤਾਂ ਕੀ ਦੇਣਾ ਸੀ। ਕਈ ਸਾਲਾਂ ਦੀ ਪੇਮੈਂਟ ਰਿਲੀਜ਼ ਕਰਵਾਉਣ ਵਾਸਤੇ ਸੀ.ਐਮ. ਸਾਹਿਬ ਦੀ ਕੋਠੀ ਅੱਗੇ ਸਾਨੂੰ ਆਪਣੇ ਸੀ.ਐਲ.ਪੀ. ਲੀਡਰ ਸ਼੍ਰੀ ਸੁਨੀਲ ਜਾਖੜ ਦੀ ਅਗਵਾਈ ਹੇਠ ਧਰਨਾ ਦੇਣਾ ਪਿਆ ਤਾਂ ਜਾ ਕੇ 186 ਕਰੋੜ ਰੁਪਏ ਦੀ ਪੇਮੈਂਟ ਰਿਲੀਜ਼ ਹੋਈ। ਇਹ ਸਰਕਾਰ ਡਾਇਵਰਸੀਫਿਕੇਸ਼ਨ ਵਿੱਚ ਇੰਨਸੈਂਟਿਵ ਦੀ ਗੱਲ ਕਰਦੀ ਹੈ। ਮੇਰੀ ਬੇਨਤੀ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਜੋ 310 ਕਰੋੜ ਰੁਪਿਆ ਦਿੱਤਾ ਹੈ, ਇਹ ਬਹੁਤ ਘੱਟ ਹੈ। ਆਮ ਤੌਰ ਤੇ ਬਾਦਲ ਸਾਹਿਬ ਯੂ.ਪੀ.ਏ. ਸਰਕਾਰ ਤੋਂ ਇਹ ਮੰਗ ਕਰਦੇ ਰਹੇ ਹਨ ਕਿ ਡਾਕਟਰ ਸਵਾਮੀਨਾਥਨ ਦੀਆਂ ਐਮ.ਐਸ.ਪੀ. ਸਬੰਧੀ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇ। ਹੁਣ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹੁਣ ਤਾਂ ਕੇਂਦਰ ਵਿੱਚ ਇਨ੍ਹਾਂ ਦੀ ਸਰਕਾਰ ਆ ਗਈ ਹੈ। ਸਰਦਾਰ ਲਾਲ ਸਿੰਘ ਜੀ ਨੇ ਸਹੀ ਕਿਹਾ ਹੈ ਕਿ ਹੁਣ ਤਾਂ ਇਨ੍ਹਾਂ ਦੀ ਅਸਲੀ ਮਾਂ ਆ ਗਈ ਹੈ, ਪਹਿਲਾਂ ਤਾਂ ਮਤਰੇਈ ਮਾਂ ਸੀ। ਇਸ ਲਈ ਮਿਹਰਬਾਨੀ ਕਰਕੇ ਡਾਕਟਰ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਵਾਉਣ ਲਈ ਉਪਰਾਲੇ ਕਰਨ।

ਸਭਾਪਤੀ ਜੀ ਦਾਸ ਕੋਲ ਸਾਲ 2002 ਤੋਂ 2007 ਤੱਕ ਪਸ਼ੂ ਪਾਲਣ ਵਿਭਾਗ ਰਿਹਾ ਹੈ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਜਿੰਨਾ ਅਨ-ਅਟੈਂਡੈਂਟ ਪੋਟੈਂਸ਼ੀਅਲ ਐਨੀਮਲ ਹਸਬੈਂਡਰੀ ਵਿੱਚ ਹੈ ਅਤੇ ਲਾਈਵ ਸਟਾਕ ਵਿੱਚ ਹੈ, ਜਿਸ ਨੂੰ ਅਸੀਂ ਪੂਰੀ ਤਰ੍ਹਾਂ ਯੂਟੇਲਾਈਜ਼ ਨਹੀਂ ਕਰ ਰਹੇ। ਇਸ ਵਿੱਚ ਡੇਅਰੀ ਫਾਰਮਿੰਗ ਦਾ, ਫਿਸ਼ਰੀ ਅਤੇ ਪੋਲਟਰੀ ਦਾ ਬੜਾ ਸਕੋਪ ਹੈ। ਪਰ ਇਸ ਪਾਸੇ ਸਾਡਾ ਧਿਆਨ ਨਹੀਂ ਹੈ। ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਦਾਸ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਪੋਰਟ ਨਾਲ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (GADVASU) ਉਪਰਾਲੇ ਕਰਕੇ ਬਣਾਈ ਔਰ ਇਸ ਯੂਨੀਵਰਸਿਟੀ ਦੀ ਬਹੁਤ ਸ਼ਲਾਘਾ ਕੀਤੀ ਗਈ ਹੈ। ਮੈਂ ਅਤੇ ਉਸ ਵੇਲੇ ਦੇ ਪਸ਼ੂ ਪਾਲਣ ਸੈਕਟਰੀ ਯੂ.ਐਸ.ਏ. ਅਤੇ ਕੈਨੇਡਾ ਗਏ। ਉਥੇ ਸਾਰੇ ਵੈਟਨੇਰੀਅਨਜ਼ ਨੇ ਇਹ ਗੱਲ ਆਖੀ ਕਿ ਕੰਗ ਸਾਹਿਬ ਇਹ ਯੂਨੀਵਰਸਿਟੀ ਬਹੁਤ ਪਹਿਲਾਂ ਬਣਨੀ ਚਾਹੀਦੀ ਸੀ। ਅੱਜ ਵੀ ਮੇਰੀ ਉਥੋਂ ਦੇ ਵੀ.ਸੀ. ਨਾਲ ਗੱਲ ਹੋਈ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਉਥੇ ਜਿੰਨੇ ਵੀ ਬੱਚੇ ਦਾਖਲਾ ਲੈਂਦੇ ਹਨ, ਜਿਹੜੇ ਵੈਟਰਨਰੀ ਦਾ ਕੋਰਸ ਕਰਦੇ ਹਨ, ਉਨ੍ਹਾਂ ਵਿੱਚੋਂ ਅੱਧਿਆਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਮਿਲਦੀਆਂ ਹਨ। ਪਰ ਇਸ ਵੱਲ ਬਹੁਤ ਘੱਟ ਤਵੱਜੋਂ ਦਿੱਤੀ ਜਾ ਰਹੀ ਹੈ। ਕੇਵਲ 64 ਕਰੋੜ ਰੁਪਿਆ ਦਿੱਤਾ ਗਿਆ ਹੈ। ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (GADVASU) ਨੂੰ ਕੇਵਲ 64 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਗਈ ਹੈ, ਜੋ ਕਿ ਬਹੁਤ ਘੱਟ ਹੈ। ਸਾਲ 2007 ਵਿੱਚ ਅਸੀਂ ਚਤਾਮਲੀ ਪਿੰਡ ਵਿਖੇ ਡੇਅਰੀ ਡਿਵੈਲਪਮੈਂਟ ਸੈਂਟਰ ਸ਼ੁਰੂ ਕੀਤਾ ਸੀ। ਅੱਜ ਉਥੇ ਲਾਈਨ ਵਿੱਚ ਲੱਗ ਕੇ ਦਾਖਲਾ ਮਿਲਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਥੇ ਸਰਕਾਰ ਡਾਈਵਰਸੀਫਿਕੇਸ਼ਨ ਵਾਸਤੇ ਉਪਰਾਲੇ ਕਰ ਰਹੀ ਹੈ, ਉਥੇ ਐਨੀਮਲ ਹਸਬੈਂਡਰੀ ਵਾਸਤੇ ਵੀ ਹੋਰ ਫੰਡਜ਼ ਮੁਹੱਈਆ ਕਰਵਾਉਣੇ ਚਾਹੀਦੇ ਹਨ।

ਮਾਨਯੋਗ ਸਭਾਪਤੀ : ਕੰਗ ਸਾਹਿਬ ਸਮਾਪਤੀ ਕਰੋ।

ਸਰਦਾਰ ਜਗਮੋਹਨ ਸਿੰਘ ਕੰਗ : ਸਭਾਪਤੀ ਜੀ, ਇਸ ਸਰਕਾਰ ਨੇ ਪਸ਼ੂਆਂ ਨੂੰ ਵੀ ਨਹੀਂ ਬਖਸ਼ਿਆ, ਬੰਦਿਆਂ ਦੀ ਗੱਲ ਤਾਂ ਛੱਡੋ ਇਨ੍ਹਾਂ ਨੇ ਤਾਂ ਪਸ਼ੂਆਂ ਨੂੰ ਵੀ ਨਹੀਂ ਬਖਸ਼ਿਆ। ਡੰਗਰਾਂ ਦੇ ਸਰਕਾਰੀ ਹਸਪਤਾਲਾਂ ਵਿੱਚ ਪਹਿਲਾਂ 2 ਰੁਪਏ ਫੀਸ ਸੀ, ਇਨ੍ਹਾਂ ਨੇ ਵਧਾ ਕੇ 10 ਰੁਪਏ ਕਰ ਦਿੱਤੀ। ਉਥੇ ਦਵਾਈ ਕੋਈ ਨਹੀਂ, ਡਾਕਟਰ ਕੋਈ ਨਹੀਂ ਅਤੇ ਫਾਰਮਾਸਿਸਟ ਕੋਈ ਨਹੀਂ

[ਸਰਦਾਰ ਜਗਮੋਹਨ ਸਿੰਘ ਕੰਗ]

ਹੈ। ਮੇਰੇ ਕੋਲ ਇਹ ਮਹਿਕਮਾ ਰਿਹਾ ਹੈ, ਇਸ ਲਈ ਮੈਂ ਇਸ ਨੂੰ ਵਿਸਥਾਰ ਵਿੱਚ ਜਾ ਕੇ ਦੇਖਿਆ ਹੈ। ਅੱਜ ਸਭਾਪਤੀ ਜੀ ਪੰਜ ਸਾਲ ਹੋ ਗਏ ਹਨ, ਪੋਸਟਾਂ ਖਾਲੀ ਪਈਆਂ ਹਨ, ਅਫਸਰਾਂ ਦੀਆਂ ਪ੍ਰਮੋਸ਼ਨਾਂ ਨਹੀਂ ਹੋ ਰਹੀਆਂ। ਮੰਤਰੀ ਜੀ ਇਸ ਬਾਰੇ ਜਵਾਬ ਦੇਣ ਕਿ ਪੋਸਟਾਂ ਕਿਉਂ ਨਹੀਂ ਭਰੀਆਂ ਜਾ ਰਹੀਆਂ। ਮੈਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ।

ਮਾਨਯੋਗ ਸਭਾਪਤੀ : ਕੰਗ ਸਾਹਿਬ ਸਮਾਪਤੀ ਕਰੋ।

ਸਰਦਾਰ ਜਗਮੋਹਨ ਸਿੰਘ ਕੰਗ : ਬੱਸ ਦੋ ਮਿੰਟ ਦਿਓ ਜੀ। ਸਭਾਪਤੀ ਜੀ ਮੇਰੀ ਬੇਨਤੀ ਹੈ ਕਿ ਆਈ.ਸੀ.ਏ.ਆਰ. ਦੀ ਤਰਜ਼ ਤੇ ਇੰਡੀਅਨ ਕੌਂਸਲ ਆਫ ਵੈਟਰਨਰੀ ਰਿਸਰਚ ਇੰਸਟੀਚਿਊਸ਼ਨ ਸਾਨੂੰ ਬਣਾਉਣੇ ਚਾਹੀਦੇ ਹਨ। ਸਾਡੇ ਮੁੱਖ ਮੰਤਰੀ ਜੀ ਕੇਂਦਰ ਸਰਕਾਰ ਕੋਲ ਜਾ ਕੇ ਇਹ ਮਾਮਲਾ ਟੇਕਅੱਪ ਕਰਨ। ਚੇਅਰਮੈਨ ਸਾਹਿਬ, ਅੱਜ ਸਾਡੇ ਕਿਸਾਨਾਂ ਦੇ ਸਿਰ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਕਿਸਾਨਾਂ ਦੇ 66 ਫੀਸਦੀ ਪਰਿਵਾਰ ਕਰਜ਼ੇ ਥੱਲੇ ਆਏ ਹੋਏ ਹਨ। ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਹਿੰਦੁਸਤਾਨ ਵਿੱਚ ਪੰਜਾਬ ਆਤਮ ਹੱਤਿਆਵਾਂ ਦੇ ਮਾਮਲੇ ਵਿੱਚ ਤੀਜੇ ਨੰਬਰ ਤੇ ਹੈ, ਕਿਸਾਨਾਂ ਦੇ ਕਰਜ਼ੇ ਦੇਖ ਲਓ, ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇਖ ਲਓ। ਇਹ ਇਨ੍ਹਾਂ ਦੀ ਬਜਟ ਸਪੀਚ ਕਹਿ ਰਹੀ ਹੈ, ਮੈਂ ਨਹੀਂ ਕਹਿ ਰਿਹਾ। ਚੇਅਰਮੈਨ ਸਾਹਿਬ, ਸਾਲ 2008-09 ਵਿੱਚ ਯੂ.ਪੀ.ਏ. ਸਰਕਾਰ ਨੇ ਭਾਰਤ ਵਿੱਚ ਕਿਸਾਨਾਂ ਦੇ ਅਰਬਾਂ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ। ਅੱਜ ਇਨ੍ਹਾਂ ਦੀ ਸਰਕਾਰ ਆ ਗਈ ਹੈ। ਇਹ ਜਾ ਕੇ ਰਿਪੀਟ ਕਰਵਾਉਣ। ਜੋ ਕਿਸਾਨ ਕਰਜ਼ੇ ਥੱਲੇ ਡੁੱਬਿਆ ਪਿਆ ਹੈ ਅਤੇ ਖੁਦਕੁਸ਼ੀਆਂ ਕਰ ਰਿਹਾ ਹੈ, ਕੇਂਦਰ ਸਰਕਾਰ ਕੋਲ ਜਾ ਕੇ ਉਨ੍ਹਾਂ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਕਰਨ।

ਮਾਨਯੋਗ ਸਭਾਪਤੀ : ਕੰਗ ਸਾਹਿਬ, ਸਮਾਪਤੀ ਕਰੋ।

ਸਰਦਾਰ ਜਗਮੋਹਨ ਸਿੰਘ ਕੰਗ : ਬੱਸ ਦੋ ਮਿੰਟ ਦਿਉ ਜੀ। ਮੈਂ ਅਰਬਨ ਡਿਵੈਲਪਮੈਂਟ ਦੀ ਗੱਲ ਕਰਨੀ ਚਾਹੁੰਦਾ ਹਾਂ।

ਮਾਨਯੋਗ ਸਭਾਪਤੀ : ਨਹੀਂ, ਬਹੁਤ ਹੋ ਗਿਆ ਜੀ।

ਸਰਦਾਰ ਜਗਮੋਹਨ ਸਿੰਘ ਕੰਗ : ਅਰਬਨ ਡਿਵੈਲਪਮੈਂਟ ਦੀ ਗੱਲ ਹੈ। ਅਰਬਨ ਡਿਵੈਲਪਮੈਂਟ ਦੇ ਥੱਲੇ ਗਮਾਡਾ ਅਤੇ ਪੁੱਡਾ ਆਉਂਦੇ ਹਨ।

ਮਾਨਯੋਗ ਸਭਾਪਤੀ : ਕੰਗ ਸਾਹਿਬ, ਬੈਠੋ ਹੁਣ। ਤੁਸੀਂ ਸਮਾਪਤੀ ਕਰੋ ਜੀ।

ਸਰਦਾਰ ਜਗਮੋਹਨ ਸਿੰਘ ਕੰਗ : ਜਿੰਨੀ ਉਹ ਈ.ਡੀ.ਸੀ. ਥੱਲੇ ਕੁਲੈਕਸ਼ਨ ਕਰਦੇ ਹਨ, ਉਹ ਸਾਰੀ ਫੀਸ ਲੋਕਲ ਬਾਡੀਜ਼ ਨੂੰ ਜਾਣੀ ਬਣਦੀ ਹੈ ਪਰ ਇਹ ਸਾਰੀ ਫੀਸ ਸੰਗਤ ਦਰਸ਼ਨ ਵਿੱਚ ਗਈ ਹੈ। ਸਾਰੀ ਫੀਸ ਦਾ ਅਰਬਾਂ ਰੁਪਿਆ ਸੰਗਤ ਦਰਸ਼ਨ ਵਿੱਚ ਗਿਆ ਹੈ। ਵਿੱਤ ਮੰਤਰੀ ਜੀ ਜਵਾਬ ਦੇਣ ਕਿ ਸੰਗਤ ਦਰਸ਼ਨ ਵਾਸਤੇ ਪੈਸਾ ਕਿੱਥੇ ਰੱਖਿਆ ਗਿਆ ਹੈ। ਇਹ ਕਿਸ ਹੈੱਡ ਥੱਲੇ ਪੈਸਾ ਆਇਆ ਅਤੇ ਗਿਆ। ਸਾਰੇ ਸ਼ਹਿਰਾਂ ਵਿੱਚ ਕੋਈ ਸੀਵਰੇਜ ਦੀ ਸਹੂਲਤ ਨਹੀਂ, ਪੀਣ ਵਾਲਾ ਪਾਣੀ ਨਹੀਂ ਪਰ ਸਾਰਾ ਪੈਸਾ ਹੋਰ ਪਾਸੇ ਲਗਾਇਆ ਜਾ ਰਿਹਾ ਹੈ।

ਮਾਨਯੋਗ ਸਭਾਪਤੀ : ਬੱਸ ਕਰੋ ਜੀ ਹੁਣ। ਹੁਣ ਸ਼੍ਰੀ ਸੋਮ ਪ੍ਰਕਾਸ਼ ਜੀ ਬੋਲਣਗੇ।

ਸਰਦਾਰ ਜਗਮੋਹਨ ਸਿੰਘ ਕੰਗ : ਇਹ ਅਰਬਨ ਡਿਵੈਲਪਮੈਂਟ ਦਾ ਮਹਿਕਮਾ ਡਿਪਟੀ ਸੀ.ਐਮ. ਸਾਹਿਬ ਕੋਲ ਅਤੇ ਸਥਾਨਕ ਸਰਕਾਰਾਂ ਦਾ ਮਹਿਕਮਾ ਜੋਸ਼ੀ ਜੀ ਕੋਲ ਹੈ। ਇਸ ਲਈ ਕਿਸੇ ਦੀ ਜੁਅਰਤ ਨਹੀਂ ਕਿ ਇਹ ਪੈਸਾ ਲੋਕਲ ਬਾਡੀਜ਼ ਵਿੱਚ ਵਾਪਸ ਲਿਆ ਕੇ ਸ਼ਹਿਰਾਂ ਦੇ ਵਿਕਾਸ ਤੇ ਲਗਾਵੇ।

ਮਾਨਯੋਗ ਸਭਾਪਤੀ : ਬਹੁਤ ਟਾਈਮ ਹੋ ਗਿਆ ਹੈ, 10 ਮਿੰਟ ਹੋ ਗਏ ਹਨ। ਹੁਣ ਖਤਮ ਕਰੋ ਕਿਉਂਕਿ ਬੁਲਾਰੇ ਬਹੁਤ ਹਨ। ਹੁਣ ਸ਼੍ਰੀ ਸੋਮ ਪ੍ਰਕਾਸ਼ ਜੀ ਬੋਲਣਗੇ।

ਸਰਦਾਰ ਜਗਮੋਹਨ ਸਿੰਘ ਕੰਗ : ਸਭਾਪਤੀ ਸਾਹਿਬ, ਗੱਲਾਂ ਬਹੁਤ ਰਹਿ ਗਈਆਂ ਹਨ।

ਮਾਨਯੋਗ ਸਭਾਪਤੀ : ਚੱਲੋ, ਕੋਈ ਗੱਲ ਨਹੀਂ। ਧੰਨਵਾਦ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

ਮਾਨਯੋਗ ਸਭਾਪਤੀ : ਸਿਰਫ 5 ਮਿੰਟ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਹਾਲੇ ਤਾਂ ਮੈਂ ਸ਼ੁਰੂ ਕਰ ਰਿਹਾ ਹਾਂ ਜੀ।

ਮਾਨਯੋਗ ਸਭਾਪਤੀ : ਇਸੇ ਲਈ ਹੀ ਦੱਸਿਆ ਹੈ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਪਹਿਲੀ ਵਾਰ ਸਬ-ਕੰਪੋਨੈਂਟ ਪਲਾਨ ਜਿਹੜੀ ਕਿ 20,100 ਕਰੋੜ ਰੁਪਏ ਦੀ ਪਲਾਨ ਹੈ, ਉਸ ਵਿੱਚੋਂ 6432 ਕਰੋੜ ਰੁਪਏ ਸ਼ਡਿਊਲਡ ਕਾਸਟ ਲਈ ਰੱਖੇ ਹਨ। ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਆਸ ਕਰਦਾ ਹਾਂ ਕਿ ਇਹ ਸ਼ਡਿਊਲਡ ਕਾਸਟ ਵਰਗ ਤੇ ਇਹ ਰੱਖਿਆ ਗਿਆ ਪੈਸਾ ਖਰਚ ਵੀ ਕਰਨਗੇ। ਅਗਲੀ ਵਾਰ ਜਦੋਂ ਇਹ ਬਜਟ ਪੇਸ਼ ਕਰਨਗੇ ਤਾਂ ਅਸੀਂ ਹੋਰ ਵੀ ਵਧਾਈ ਦੇਵਾਂਗੇ ਜੇ ਇਹ ਸਾਰੇ ਪੈਸੇ ਖਰਚ ਕਰਨਗੇ। ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸਭ ਤੋਂ ਵੱਧ 32% ਆਬਾਦੀ ਸ਼ਡਿਊਲਡ ਕਾਸਟ ਦੀ ਹੈ। ਇੱਥੇ ਛੂਤ-ਛਾਤ ਸਭ ਤੋਂ ਘੱਟ ਹੈ। ਇੱਥੇ ਗੁਰੂ ਸਾਹਿਬਾਨ ਨੇ ਜਿੱਥੇ ਸੰਗਤ ਤੇ ਪੰਗਤ ਦੀ ਪ੍ਰਥਾ ਚਲਾਈ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਭਾਪਤੀ ਜੀ, ਮੇਰਾ ਪੁਆਇੰਟ ਆਫ ਆਰਡਰ ਹੈ।

ਮਾਨਯੋਗ ਸਭਾਪਤੀ : ਹਾਲੇ ਉਨ੍ਹਾਂ ਨੇ ਸ਼ੁਰੂ ਹੀ ਕੀਤਾ ਹੈ। ਚੰਨੀ ਜੀ, ਉਨ੍ਹਾਂ ਨੂੰ ਬੋਲਣ ਦਿਉ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਤੁਹਾਡੇ ਵਾਲੀ ਹੀ ਗੱਲ ਕਰਨ ਲੱਗਾ ਹਾਂ। ਇੱਥੇ ਸਭ ਤੋਂ ਘੱਟ ਛੂਤ-ਛਾਤ ਹੈ ਕਿਉਂਕਿ ਇੱਥੇ ਗੁਰੂ ਸਾਹਿਬਾਨ ਨੇ ਸੰਗਤ ਤੇ ਪੰਗਤ ਦੀ ਗੱਲ ਕੀਤੀ ਹੈ। ਬਾਣੀ ਵਿੱਚ ਕਿਹਾ ਗਿਆ ਹੈ:

> ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ।।
> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।।
> ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਬਾਣੀ ਵਿੱਚ ਵੀ ਨੀਚਾਂ ਦੀ ਗੱਲ ਕੀਤੀ ਹੈ। ਮੈਂ ਇੱਕ ਸੁਝਾਅ ਦੇਣ ਲੱਗਾ ਹਾਂ, ਅਸਲ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਸ਼ਮਸ਼ਾਨ ਘਾਟ ਐਸ.ਸੀ. ਦਾ ਵੱਖਰਾ ਅਤੇ ਦੂਜਿਆਂ ਦਾ ਵੱਖਰਾ ਬਣਿਆ ਹੁੰਦਾ ਹੈ। ਵਿੱਤ ਮੰਤਰੀ ਜੀ ਮੈਂ ਤੁਹਾਡੇ ਧਿਆਨ ਲਈ ਇੱਕ ਗੱਲ ਦੱਸਣ ਲੱਗਾ ਹਾਂ, ਮੈਂ ਸਰਦਾਰ ਸੁਖਬੀਰ ਸਿੰਘ ਬਾਦਲ, ਡਿਪਟੀ ਸੀ.ਐਮ.

ਜੀ ਨੂੰ ਅਤੇ ਆਪਣੇ ਪ੍ਰਧਾਨ ਕਮਲ ਸ਼ਰਮਾ ਜੀ ਨੂੰ ਮਿਤੀ 10.3.2014 ਨੂੰ ਇੱਕ ਡੀ.ਓ. ਲੈਟਰ ਲਿਖਿਆ ਸੀ ਕਿ ਪੰਜਾਬ ਵਿੱਚ ਇੱਕ ਐਸੀ ਸਕੀਮ ਸ਼ੁਰੂ ਕਰਨੀ ਚਾਹੀਦੀ ਹੈ ਕਿ ਜਿਹੜੇ ਵੀ ਪਿੰਡ ਆਪਣਾ ਸ਼ਮਸ਼ਾਨ ਘਾਟ ਇੱਕੱਠਾ ਕਰ ਲੈਣਗੇ ਉਨ੍ਹਾਂ ਨੂੰ ਘੱਟੋ-ਘੱਟ 5 ਤੋਂ 10 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ। (ਥੰਪਿੰਗ) ਐਸਾ ਕੰਮ ਕਰਕੇ ਅਸੀਂ ਗੁਰੂ ਨਾਨਕ ਸਾਹਿਬ ਦੀ ਜਿਹੜੀ ਬਾਣੀ ਹੈ ਕਿ ਨੀਚਾ ਅੰਦਰਿ ਨੀਚ ਜਾਤਿ, ਉਸ ਗੱਲ ਦੀ ਪੂਰਤੀ ਕਰ ਸਕਾਂਗੇ। ਮੈਨੂੰ ਯਕੀਨ ਹੈ ਕਿ ਖਜ਼ਾਨਾ ਮੰਤਰੀ ਜੀ ਇਸ ਗੱਲ ਵੱਲ ਧਿਆਨ ਦੇਣਗੇ। ਪੰਜਾਬ ਵਿੱਚ ਐਸ.ਸੀ. ਦੀ ਸਭ ਤੋਂ ਜ਼ਿਆਦਾ ਆਬਾਦੀ ਹੈ ਪਰ ਇਸ ਬਾਰੇ ਬਹੁਤੀ ਸਟੱਡੀ ਕਿਸੇ ਨੇ ਨਹੀਂ ਕੀਤੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਇੱਕ ਪ੍ਰੋਫੈਸਰ ਨੀਰੂ ਸ਼ਰਮਾ ਜੀ ਹਨ, ਉਨ੍ਹਾਂ ਨੇ ਪੰਜਾਬ ਦੀ ਲੀਡਰਸ਼ਿਪ ਅਤੇ ਪੰਜਾਬ ਦੇ ਸਿਸਟਮ ਉਤੇ ਇੱਕ ਬਹੁਤ ਵੱਡਾ ਖੋਜ ਪੱਤਰ ਲਿਖਿਆ ਹੈ। ਉਸ ਦਾ ਟਾਈਟਲ ਹੈ 'Political marginalisation and cultural assertion of Scheduled Castes in Punjab.' ਉਨ੍ਹਾਂ ਦੇ ਕਹਿਣ ਦਾ ਮੰਤਵ ਹੈ ਕਿ ਪੰਜਾਬ ਵਿੱਚ ਐਸ.ਸੀ. ਲੀਡਰਸ਼ਿਪ ਮਾਰਜੇਨਲਾਈਜ਼ ਹੋ ਰਹੀ ਹੈ, ਇਸ ਦਾ ਕੱਦ ਛੋਟਾ ਹੋ ਰਿਹਾ ਹੈ। ਪੰਜਾਬ ਵਿੱਚ ਜਿਹੜੇ ਰਵੀਦਾਸ ਜੀ ਦੇ ਨਾਂ ਤੇ ਡੇਰੇ ਹਨ, ਉਨ੍ਹਾਂ ਦੇ ਸੰਤਾਂ ਦਾ ਕੱਦ ਵੱਡਾ ਹੋ ਰਿਹਾ ਹੈ। ਉਨ੍ਹਾਂ ਡੇਰਿਆਂ ਵਿੱਚ ਜਿੱਥੇ ਰਵੀਦਾਸ ਮਹਾਰਾਜ ਜੀ ਦੀ ਗੱਲ ਕੀਤੀ ਜਾਂਦੀ ਹੈ, ਉਥੇ ਡਾਕਟਰ ਅੰਬੇਦਕਰ ਦੀ ਗੱਲ ਵੀ ਕੀਤੀ ਜਾਂਦੀ ਹੈ। ਇਸ ਕਰਕੇ ਜਨਤਾ, ਲੀਡਰਾਂ ਨਾਲੋਂ ਵੱਧ ਭਰੋਸਾ ਡੇਰਿਆਂ ਦੇ ਸੰਤਾਂ ਉਤੇ ਕਰਨ ਲੱਗ ਪਈ ਹੈ। ਇਸ ਬਾਰੇ ਵੀ ਸੋਚਣ ਦੀ ਲੋੜ ਹੈ ਕਿ ਲੀਡਰਸ਼ਿਪ ਨੂੰ ਤਕੜਾ ਕੀਤਾ ਜਾਵੇ। ਅੱਜ ਦੁਆਬੇ ਦੇ ਰੀਜਨ ਵਿੱਚ ਜੋ ਨਤੀਜੇ ਆਏ ਹਨ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹਨ।ਇਸ ਕਰਕੇ ਜਦੋਂ ਤੱਕ ਅਸੀਂ ਐਸ.ਸੀਜ਼. ਵੱਲ ਧਿਆਨ ਨਹੀਂ ਦਿਆਂਗੇ, ਚਾਹੇ ਕਾਂਗਰਸ ਹੋਵੇ, ਚਾਹੇ ਬੀ.ਜੇ.ਪੀ. ਹੋਵੇ ਅਤੇ ਚਾਹੇ ਅਕਾਲੀ ਦਲ ਹੋਵੇ, ਉਸ ਦਾ ਨਤੀਜਾ ਸਾਨੂੰ ਸਾਰਿਆਂ ਨੂੰ ਭੁਗਤਣਾ ਪੈਂਦਾ ਹੈ।ਡਾਕਟਰ ਚੀਮਾ ਜੀ ਨੇ ਕੁਝ ਦਿਨ ਪਹਿਲਾਂ ਇੱਕ ਮਤਾ ਲਿਆਂਦਾ ਸੀ ਕਿ ਰਾਈਟ ਟੂ ਐਜੂਕੇਸ਼ਨ ਐਕਟ,2009 ਤਹਿਤ ਪੰਜਵੀਂ ਤੇ ਅੱਠਵੀਂ ਦਾ ਇਮਤਿਹਾਨ ਬੋਰਡ ਰਾਹੀਂ ਲਿਆ ਜਾਵੇ ਤਾਂ ਜੋ ਸਕੂਲਾਂ ਵਿੱਚ ਐਜੂਕੇਸ਼ਨ ਦਾ ਪੱਧਰ ਉੱਚਾ ਹੋ ਸਕੇ। ਉਸ ਮਤੇ ਤੇ ਮੈਂ ਬੋਲਣਾ ਚਾਹੁੰਦਾ ਸੀ, ਪ੍ਰੰਤੂ ਇੱਕਦਮ ਸਪੀਕਰ ਸਾਹਿਬ ਨੇ, 'ਆਈਜ਼ ਹੈਵ ਇਟ, ਆਈਜ਼ ਹੈਵ ਇਟ,' ਕਹਿ ਕੇ ਮਤਾ ਪਾਸ ਕਰ ਦਿੱਤਾ। ਮੈਂ ਸਮਝਦਾ ਹਾਂ ਕਿ ਉਹ ਮਤਾ ਲਿਆਉਣ

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਤੋਂ ਪਹਿਲਾਂ ਪੁੱਛ ਲੈਣਾ ਚਾਹੀਦਾ ਸੀ ਕਿ ਕਿਸੇ ਨੇ ਬੋਲਣਾ ਤਾਂ ਨਹੀਂ। ਇਹ ਰਾਈਟ ਟੂ ਐਜੂਕੇਸ਼ਨ ਐਕਟ ਇਕੱਲੇ ਸਰਕਾਰੀ ਸਕੂਲਾਂ ਵਿੱਚ ਹੀ ਲਾਗੂ ਨਹੀਂ ਹੁੰਦਾ, ਇਹ ਏਡਿਡ ਸਕੂਲਾਂ 'ਤੇ ਅਤੇ ਪ੍ਰਾਈਵੇਟ ਸਕੂਲਾਂ ਤੇ ਵੀ ਲਾਗੂ ਹੁੰਦਾ ਹੈ। ਇਸ ਵਿੱਚ ਇਹ ਵੀ ਪ੍ਰਾਵਧਾਨ ਹੈ ਕਿ ਸਾਰੇ ਸਕੂਲ ਚਾਹੇ ਪ੍ਰਾਈਵੇਟ ਹੋਣ, ਚਾਹੇ ਏਡਿਡ ਹੋਣ, ਚਾਹੇ ਸਰਕਾਰੀ ਹੋਣ ਜਾਂ ਕਾਨਵੈਂਟ ਸਕੂਲ ਹੋਣ, ਘੱਟੋ ਘੱਟ 25% ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣੀ ਬਣਦੀ ਹੈ। ਵਿੱਦਿਆ ਮੰਤਰੀ ਜੀ ਇਸ ਵੱਲ ਧਿਆਨ ਦੇਣ। ਮੇਰਾ ਖਿਆਲ ਹੈ ਕਿ ਇਹ ਅੱਜ ਤੱਕ ਕਿਤੇ ਵੀ ਲਾਗੂ ਨਹੀਂ ਹੋਇਆ। ਕੋਈ ਵੀ ਪ੍ਰਾਈਵੇਟ ਸਕੂਲ ਮੁਫ਼ਤ ਸਿੱਖਿਆ ਨਹੀਂ ਦਿੰਦਾ.....

ਮਾਨਯੋਗ ਸਭਾਪਤੀ : ਸ਼੍ਰੀ ਸੋਮ ਪ੍ਰਕਾਸ਼ ਜੀ, ਹੁਣ ਸਮਾਪਤ ਕਰੋ। ਇੱਕ-ਦੋ ਮਿੰਟ ਵਿੱਚ ਸਮਾਪਤ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਭਾਪਤੀ ਜੀ, ਚੰਗੀ ਗੱਲ ਹੈ, ਸੁਣ ਲਵੋ। ਬਹੁਤ ਕੰਮ ਦੀ ਗੱਲ ਤੁਹਾਨੂੰ ਦੱਸਣ ਲੱਗਾ ਹਾਂ। ਪੰਜ ਸੱਤ ਮਿੰਟ ਲਾ ਲੈਣ ਦਿਉ।

ਮਾਨਯੋਗ ਸਭਾਪਤੀ : ਇੰਨਾ ਟਾਈਮ ਨਹੀਂ ਹੈ। ਇੱਕ-ਡੇਢ ਮਿੰਟ ਵਿੱਚ ਹੀ ਸਮਾਪਤ ਕਰੋ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਰਾਈਟ ਟੂ ਐਜੂਕੇਸ਼ਨ ਐਕਟ ਤਹਿਤ ਇਮਤਿਹਾਨ ਬੰਦ ਕਰ ਦਿੱਤੇ ਤਾਂ ਬਾਕੀ ਦੀਆਂ ਅਨਪ੍ਰਿਵਿਲੇਜਡ, ਗਰੀਬ ਤੇ ਇੱਕਨੋਮੀਕਲੀ ਵੀਕਰ ਸੈਕਸ਼ਨ ਲਈ ਜਿਹੜੀਆਂ ਪ੍ਰੋਵੀਜ਼ਨਜ਼ ਹਨ, ਜਿਹੜਾ 25% ਦਾ ਫਰੀ ਐਜੂਕੇਸ਼ਨ ਦਾ ਹਿੱਸਾ ਹੈ, ਉਹ ਐਜੂਕੇਸ਼ਨ ਡਿਪਾਰਟਮੈਂਟ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਗਰੀਬ ਲੋਕ ਉਸ ਦਾ ਫਾਇਦਾ ਲੈ ਸਕਣ। ਜਦੋਂ ਉਨ੍ਹਾਂ ਇਮਤਿਹਾਨ ਦਾ ਖਾਤਮਾ ਕੀਤਾ ਸੀ ਤਾਂ ਇਸ ਵਿੱਚ ਇਹ ਪ੍ਰਾਵਧਾਨ ਵੀ ਕੀਤਾ ਸੀ ਕਿ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਕੁਆਲਿਟੀ ਦੀ ਸਿੱਖਿਆ ਦਿੱਤੀ ਜਾਵੇ। ਜਿਹੜੇ ਸਰਟੀਫਿਕੇਟ ਦਿੱਤੇ ਜਾਣਗੇ, ਉਹ ਵੀ ਪ੍ਰੈਸਕ੍ਰਾਈਬਡ ਹੋਣਗੇ। ਉਸ ਵਿੱਚ 'ਫੇਲ੍ਹ-ਪਾਸ' ਸ਼ਬਦ ਨਹੀਂ ਲਿਖਿਆ ਜਾਵੇਗਾ। ਉਸ ਵਿੱਚ 'ਏ', 'ਬੀ', 'ਸੀ', 'ਡੀ', ਗਰੇਡ ਦਿੱਤਾ ਜਾਵੇਗਾ। ਜੇਕਰ ਅਸੀਂ ਇਹ ਕਰ ਦੇਈਏ ਕਿ 'ਸੀ' ਤੇ 'ਡੀ' ਗਰੇਡ ਲੈਣ ਵਾਲੇ ਨੂੰ ਅੱਗੇ ਦਾਖਲਾ ਨਹੀਂ ਮਿਲੇਗਾ ਤਾਂ ਉਹ ਜ਼ਰੂਰ ਪੜ੍ਹਨ ਲੱਗ ਜਾਣਗੇ, ਜਿਨ੍ਹਾਂ ਸਕੂਲਾਂ ਦਾ 'ਸੀ' ਤੇ 'ਡੀ' ਗਰੇਡ ਜ਼ਿਆਦਾ

ਆਵੇਗਾ ਉਨ੍ਹਾਂ ਦੇ ਟੀਚਰਾਂ ਨੂੰ ਅਕਾਊਂਟਏਬਲ ਬਣਾਇਆ ਜਾਵੇਗਾ। ਇਸ ਤਰ੍ਹਾਂ ਆਪਣੇ ਆਪ ਪੜ੍ਹਾਈ ਦਾ ਪੱਧਰ ਉਚਾ ਹੋ ਜਾਵੇਗਾ। ਮੇਰੀ ਬੇਨਤੀ ਹੈ ਕਿ ਅਸੀਂ ਐਕਟ ਦੀਆਂ ਸਾਰੀਆਂ ਧਾਰਾਵਾਂ ਨੂੰ ਲਾਗੂ ਕਰੀਏ। ਇੱਕ ਬੇਨਤੀ ਹੋਰ ਹੈ ਕਿ ਅੰਗਹੀਣ ਪੈਨਸ਼ਨਰਜ਼ ਹਨ, ਮੈਂ ਸੋਸ਼ਲ ਸਕਿਓਰਟੀ ਮੰਤਰੀ ਜੀ ਨਾਲ ਉਨ੍ਹਾਂ ਦੀ ਕਈ ਵਾਰ ਗੱਲਬਾਤ ਕਰਵਾਈ ਹੈ। ਮੇਰੇ ਹਲਕੇ ਵਿੱਚ ਉਨ੍ਹਾਂ ਦੇ ਪ੍ਰਧਾਨ ਰਹਿੰਦੇ ਹਨ। ਉਹ ਬਹੁਤ ਵਾਰੀ ਮੇਰੇ ਘਰ ਵੀ ਆਏ ਹਨ ਅਤੇ ਮੇਰੇ ਘਰ ਦਾ ਘਿਰਾਉ ਵੀ ਕੀਤਾ ਗਿਆ ਹੈ। ਵਿੱਤ ਮੰਤਰੀ ਜੀ, ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਇਸ ਬਜਟ ਵਿੱਚ ਅਸੀਂ ਉਨ੍ਹਾਂ ਦੀ ਪੈਨਸ਼ਨ 250/- ਰੁਪਏ ਤੋਂ ਵਧਾ ਕੇ 500/- ਰੁਪਏ ਪ੍ਰਤੀ ਮਹੀਨਾ ਜ਼ਰੂਰ ਕਰ ਦੇਵਾਂਗੇ। ਮੰਤਰੀ ਜੀ ਉਨ੍ਹਾਂ ਨਾਲ ਜਿਹੜਾ ਵਾਅਦਾ ਕੀਤਾ ਹੈ, ਉਸ ਉਤੇ ਪੂਰਾ ਉਤਰਨਾ ਚਾਹੀਦਾ ਹੈ ਤਾਂ ਜੋ ਅਸੀਂ ਉਨ੍ਹਾਂ ਨਾਲ ਕੀਤੇ ਵਾਅਦੇ ਤੇ ਪੂਰਾ ਉਤਰ ਸਕੀਏ।

ਮਾਨਯੋਗ ਸਭਾਪਤੀ : ਸ਼੍ਰੀ ਸੋਮ ਪ੍ਰਕਾਸ਼ ਜੀ, ਹੁਣ ਸਮਾਪਤੀ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਭਾਪਤੀ ਜੀ, ਮੈਂ ਬੱਸ ਦੋ ਮਿੰਟ ਵਿੱਚ ਹੀ ਸਮਾਪਤ ਕਰ ਰਿਹਾ ਹਾਂ ਜੀ। ਇੱਕ ਗੱਲ ਮੈਂ 85ਵੀਂ ਸੋਧ ਤੇ ਕਰਨੀ ਹੈ। ਕੱਲ੍ਹ ਵੈਸੇ ਇਸ ਤੇ ਮਤਾ ਵੀ ਆਉਣਾ ਹੈ। ਜੇਕਰ ਮੈਨੂੰ ਉਸ ਸਮੇਂ ਬੋਲਣ ਦਿਉ ਤਾਂ ਠੀਕ ਹੈ। ਮੈਂ ਫਿਰ ਉਸ ਉਤੇ ਖੁਲ੍ਹ ਕੇ ਬੋਲਾਂਗਾ। ਸਾਡੀ ਸਰਕਾਰ ਦੀ ਅਤੇ ਪਾਰਟੀ ਦੀ ਇਹ ਕੁਮਿਟਮੈਂਟ ਹੈ। ਸਾਡੀ ਪਾਰਟੀ ਬੀ.ਜੇ.ਪੀ. ਦਾ ਚੋਣ ਮੈਨੀਫੈਸਟੋ ਹੈ, 85ਵੀਂ ਸੋਧ ਨੂੰ ਲਾਗੂ ਕਰਨਾ।

ਮਾਨਯੋਗ ਸਭਾਪਤੀ : ਇਸ ਤੇ ਕੱਲ੍ਹ ਨੂੰ ਮਤਾ ਆਉਣਾ ਹੈ। ਉਸ ਸਮੇਂ ਬੋਲ ਲੈਣਾ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਤੁਸੀਂ ਉਸ ਵੇਲੇ ਇਸ ਸੀਟ ਤੇ ਬੈਠੇ ਨਹੀਂ ਹੋਣਾ। ਸਪੀਕਰ ਸਾਹਿਬ ਬੈਠੇ ਹੋਣਗੇ। ਫਿਰ ਗੱਲ ਵਿੱਚੇ ਹੀ ਰਹਿ ਜਾਣੀ ਹੈ।

ਮਾਨਯੋਗ ਸਭਾਪਤੀ : ਨਹੀਂ ਗੱਲ ਵਿੱਚੇ ਨਹੀਂ ਰਹਿੰਦੀ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਉਦੋਂ ਮੈਂ ਬੋਲਣ ਲੱਗਾ ਸੀ। ਮੈਨੂੰ ਬਿਠਾ ਦਿੱਤਾ ਗਿਆ ਸੀ। ਚਲੋ, ਮੈਂ ਕੱਲ੍ਹ ਹੀ ਬੋਲਾਂਗਾ ਜੀ। ਸਾਡੀ ਪਾਰਟੀ ਦਾ ਇਹ ਚੋਣ ਮੈਨੀਫੈਸਟੋ ਹੈ।ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਜ਼ਰੂਰ ਮੌਕਾ ਦਿਓ । ਤੁਸੀਂ ਫਿਰ ਬੈਠੇ ਨਹੀਂ ਹੋਣਾ, ਸਪੀਕਰ ਸਾਹਿਬ ਨੇ ਆ ਜਾਣਾ

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਹੈ । ਮੈਂ ਪਹਿਲਾਂ ਵੀ ਇਸ ਤੇ ਬੋਲਣ ਲੱਗਾ ਸੀ ਤੇ ਮੈਨੂੰ ਬਿਠਾ ਦਿੱਤਾ ਸੀ। ਮੈਂ ਦੋ ਮਿੰਟ ਵਿੱਚ ਹੀ ਗੱਲ ਕਰਨੀ ਹੈ । ਮੈਂ ਕੱਲ੍ਹ ਵੀ ਇਸ ਤੇ ਬੋਲਾਂਗਾ । ਸਾਡਾ ਬੀ.ਜੇ.ਪੀ. ਦਾ ਚੋਣ ਮੈਨੀਫੈਸਟੋ ਹੈ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਲ 1974 ਵਿੱਚ 14% ਰਿਜ਼ਰਵੇਸ਼ਨ ਲਾਗੂ ਹੋਈ ਸੀ । ਚੀਫ ਸੈਕਟਰੀ ਸਾਹਿਬ ਨੇ ਇੱਕ ਕਮੇਟੀ ਬਣਾ ਕੇ ਸਰਕਾਰ ਨੂੰ ਰਿਕੁਮੈਂਡ ਕੀਤਾ ਸੀ ਕਿ ਇਸ ਨੂੰ ਲਾਗੂ ਕੀਤਾ ਜਾਵੇ । ਸਾਡੇ ਮੰਤਰੀ ਜੀ ਬੈਠੇ ਹਨ। ਮੇਰੀ ਬੇਨਤੀ ਹੈ ਕਿ ਇਸ ਨੂੰ ਲਾਗੂ ਕੀਤਾ ਜਾਵੇ । ਅਸੀਂ ਲੋਕਾਂ ਪ੍ਰਤੀ ਜਵਾਬਦੇਹ ਹਾਂ । ਲੋਕੀਂ ਸਾਨੂੰ ਮੁਆਫ ਨਹੀਂ ਕਰਨਗੇ । ਅੱਜ ਤਾਂ ਸਾਨੂੰ ਐਸ.ਸੀਜ਼ ਇੰਪਲਾਈਜ਼ ਮਿਲਣਾ ਵੀ ਛੱਡ ਗਏ ਹਨ ਕਿਉਂਕਿ ਇਹ ਕਹਿੰਦੇ ਹਨ ਕਿ ਇਹ ਕੁਝ ਕਰ ਤਾਂ ਸਕਦੇ ਨਹੀਂ, ਇਹ ਤਾਂ ਮਿੱਟੀ ਦੇ ਮਾਧੋ ਹਨ । ਅਸੀਂ ਮਿੱਟੀ ਦੇ ਮਾਧੋ ਨਾ ਬਣੀਏ ਤੇ ਕਿਰਪਾ ਕਰਕੇ ਇਸ ਨੂੰ ਲਾਗੂ ਕਰੀਏ । ਮੈਂ ਕੱਲ੍ਹ ਇਸ ਤੇ ਖੁੱਲ੍ਹ ਕੇ ਬੋਲਣਾ ਹੈ । ਮੈਨੂੰ ਕੱਲ੍ਹ ਇਸ ਤੇ ਮੌਕਾ ਦਿਓ ।

ਮਾਨਯੋਗ ਸਭਾਪਤੀ : ਚਲੋ, ਧੰਨਵਾਦ ਜੀ । ਬਹੁਤ ਮਿਹਰਬਾਨੀ ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਮੈਂ ਕਨਕਲੂਡ ਕਰਨ ਲੱਗਾ ਹਾਂ । ਮੈਂ ਇੱਕ ਹੋਰ ਮਹਿਕਮੇ ਬਾਰੇ ਥੋੜ੍ਹੀ ਜਿਹੀ ਗੱਲ ਕਰਨੀ ਚਾਹਾਂਗਾ । ਅਸੀਂ ਵਚਨਬੱਧ ਹਾਂ, ਸ਼ਤ-ਪ੍ਰਤੀਸ਼ਤ ਪਾਣੀ ਦੇਣ ਲਈ, ਸ਼ਤ-ਪ੍ਰਤੀਸ਼ਤ ਸੀਵਰੇਜ ਦੇਣ ਲਈ ਔਰ ਇਹ ਸਕੀਮ ਪੰਜਾਬ ਵਿੱਚ ਮੁੱਖ ਮੰਤਰੀ ਜੀ ਨੇ ਲਾਗੂ ਕੀਤੀ ਹੈ। ਉਹ ਸਭ ਤੋਂ ਵੱਧ ਧਿਆਨ ਦੇ ਰਹੇ ਹਨ। ਅੱਜ 37.49% ਲੋਕ ਸ਼ਹਿਰਾਂ ਵਿੱਚ ਰਹਿੰਦੇ ਹਨ, ਸਾਲ 2025 ਵਿੱਚ ਸ਼ਹਿਰੀ ਪਾਪੂਲੇਸ਼ਨ 50% ਹੋ ਜਾਣੀ ਹੈ । 165 ਟਾਊਨ ਹਨ ਜਿੱਥੇ ਸ਼ਤ-ਪ੍ਰਤੀਸ਼ਤ ਪਾਣੀ, ਬਿਜਲੀ, ਸੜਕਾਂ ਅਤੇ ਸੀਵਰੇਜ ਸਰਕਾਰ ਦੇਣ ਜਾ ਰਹੀ ਹੈ। ਇਸ ਤੇ 7500 ਕਰੋੜ ਰੁਪਿਆ ਲੱਗਣਾ ਹੈ । ਇਹ ਸਹੂਲਤਾਂ ਦੇਣ ਲਈ ਆਉਣ ਵਾਲੇ ਸਾਲਾਂ ਵਿੱਚ ਸਰਕਾਰ ਵਚਨਬੱਧ ਹੈ, ਇਨ੍ਹਾਂ ਸਹੂਲਤਾਂ ਨੂੰ ਸ਼ਹਿਰਾਂ ਵਿੱਚ ਪੂਰਾ ਕਰਕੇ ਉਨ੍ਹਾਂ ਨੂੰ ਖੂਬਸੂਰਤ ਬਣਾਉਣਾ ਹੈ । ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਥੋੜ੍ਹਾ ਜਿਹਾ ਸਮਾਂ ਦਿੱਤਾ ਹੈ । ਮੈਂ ਹੋਰ ਬਹੁਤ ਕੁਝ ਬੋਲਣਾ ਚਾਹੁੰਦਾ ਸੀ । ਬਹੁਤ ਬਹੁਤ ਧੰਨਵਾਦ।

ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ. ਸੀ.) : ਧੰਨਵਾਦ, ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਇਸ ਮਹੱਤਵਪੂਰਨ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਕਿਉਂਕਿ ਮੈਂ ਬਜਟ ਤੇ ਬੋਲਣ ਲੱਗਾ ਹਾਂ । ਮੈਂ ਇੱਕ

ਮਹੱਤਵਪੂਰਨ ਇਸ਼ੂ ਤੇ ਗੱਲ ਕਰ ਰਿਹਾ ਹਾਂ । ਮੈਂ ਪਹਿਲਾਂ ਵੀ ਇਸ ਮਹੱਤਵਪੂਰਨ ਇਸ਼ੂ ਤੇ ਬੋਲਣ ਲੱਗਾ ਸੀ ਤੇ ਸੱਤਾ ਪੱਖ ਦੇ ਸਾਥੀ ਵਾਕ-ਆਊਟ ਕਰਨ ਨੂੰ ਤੁਰ ਪਏ ਸੀ । ਹੁਣ ਮੈਂ ਪਹਿਲਾਂ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੂੰ ਬੇਨਤੀ ਕਰਾਂਗਾ ਕਿ ਸੱਤਾ ਪੱਖ ਦੇ ਜਿਹੜੇ ਬੰਦੇ ਹਨ, ਉਨ੍ਹਾਂ ਨੂੰ ਕਹਿਣ ਕਿ ਵਾਕ-ਆਊਟ ਨਾ ਕਰਨ ਤੇ ਮੇਰੀ ਗੱਲ ਸੁਣ ਲੈਣ। ਪਹਿਲੀ ਗੱਲ ਇਹ ਹੈ ਕਿ ਮੈਂ ਬਜਟ ਦੇ ਵਿਰੋਧ ਵਿੱਚ ਖੜ੍ਹਾ ਹੋਇਆ ਹਾਂ। ਮੈਂ ਬਜਟ ਦੇ ਵਿਰੋਧ ਵਿੱਚ ਇਸ ਕਰਕੇ ਖੜ੍ਹਾ ਹੋਇਆ ਹਾਂ ਕਿਉਂਕਿ ਇਹ ਬਜਟ ਗਰੀਬ ਮਾਰੂ ਬਜਟ ਹੈ । ਇਹ ਬਜਟ ਦਲਿਤ ਮਾਰੂ ਬਜਟ ਹਾਂ । ਜਦੋਂ ਇਹ ਬਜਟ ਪੇਸ਼ ਕੀਤਾ ਜਾ ਰਿਹਾ ਸੀ, ਕਾਲਜ ਵਿੱਚੋਂ ਸਟੂਡੈਂਟਸ ਕਾਲਜ ਛੱਡ ਕੇ ਬਾਹਰ ਜਾ ਰਹੇ ਸਨ । ਉਸ ਦਾ ਕਾਰਨ ਕੀ ਹੈ ? ਕਾਰਨ ਸਿਰਫ ਇਹ ਹੈ ਕਿ ਉਸ ਵਕਤ ਵੀ ਮੈਂ ਇਹ ਗੱਲ ਕਹਿ ਰਿਹਾ ਸੀ ਕਿ ਸਾਰੇ ਹਾਊਸ ਨੂੰ ਉਨ੍ਹਾਂ ਬੱਚਿਆਂ ਦੀ ਚਿੰਤਾ ਕਰਨੀ ਚਾਹੀਦੀ ਹੈ, ਉਨ੍ਹਾਂ ਦੇ ਭਵਿੱਖ ਦੀ ਚਿੰਤਾ ਕਰਨੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਮੈਨੂੰ ਇਸ ਲਈ ਸਰਕਾਰ ਦੀ ਨੀਅਤ ਤੇ ਸ਼ੱਕ ਪੈਂਦਾ ਹੈ ਕਿਉਂਕਿ ਜਿਹੜੇ ਗਰੀਬ ਬੱਚੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਹਨ, ਜਿਹੜੇ ਗਰੀਬ ਬੱਚੇ ਕਾਲਜਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਵਾਸਤੇ ਕੋਈ ਹੋਸਟਲ ਦੀ ਪ੍ਰੋਵੀਜ਼ਨ ਨਹੀਂ ਹੈ ਔਰ ਹਿੰਦੁਸਤਾਨ ਵਿੱਚ ਇਹ ਪਹਿਲੀ ਸਟੇਟ ਹੈ, ਜਿਸ ਸਟੇਟ ਅੰਦਰ ਗਰੀਬ ਬੱਚਿਆਂ ਵਾਸਤੇ ਕੋਈ ਹੋਸਟਲ ਨਹੀਂ ਹੈ । ਹੋਰ ਕਿਸੇ ਵੀ ਸਟੇਟ ਵਿੱਚ ਦੇਖ ਲਓ, ਸਭ ਜਗ੍ਹਾ ਤੇ ਹੋਸਟਲ ਹਨ । ਮੈਂ ਜਦੋਂ ਦਿੱਲੀ ਵਿੱਚ ਬੈਠਾ ਸੀ, 'ਬਾਬੂ ਜਗਜੀਵਨ ਰਾਮ ਛਾਤਰਾ ਵਿਕਾਸ ਯੋਜਨਾ' ਤਹਿਤ ਕੇਂਦਰ ਵੱਲੋਂ ਇਸ ਸਰਕਾਰ ਨੂੰ ਪੈਸਾ ਭੇਜਿਆ ਗਿਆ ਸੀ, ਵਾਰ ਵਾਰ ਸਰਕਾਰ ਇਹ ਲਿਖ ਕੇ ਭੇਜਦੀ ਰਹੀ ਹੈ ਪਰ ਕਿਉਂਕਿ ਇਸ ਸਰਕਾਰ ਦੀ ਦਲਿਤਾਂ ਵਾਸਤੇ ਹੋਸਟਲ ਬਣਾਉਣ ਦੀ ਕੋਈ ਨੀਅਤ ਨਹੀਂ ਹੈ, ਇਸ ਲਈ ਪੈਸਾ ਵਾਪਸ ਭੇਜਿਆ ਜਾਂਦਾ ਹੈ । ਇਸ ਲਈ ਮੈਂ ਇਸ ਬਜਟ ਦਾ ਕਿਸ ਤਰ੍ਹਾਂ ਸਵਾਗਤ ਕਰਾਂ ਜਿਸ ਵਿੱਚ ਮਿਲੀਭੁਗਤ ਹੋਵੇ । ਚੇਅਰਮੈਨ ਸਾਹਿਬ, ਹਾਈ ਕੋਰਟ ਦੇ ਅੰਦਰ ਜਿਹੜਾ ਫੈਸਲਾ ਆਇਆ ਹੈ, ਉਸ ਉਪਰ ਇਸ ਹਾਊਸ ਵਿੱਚ ਕਿਸੇ ਪ੍ਰਕਾਰ ਦੀ ਸੰਜੀਦਗੀ ਨਹੀਂ ਦਿਖਾਈ ਗਈ। ਜ਼ਰੂਰਤ ਇਸ ਗੱਲ ਦੀ ਸੀ ਕਿ ਇਹ ਸਰਕਾਰ ਉਸ ਵਿੱਚ ਰਿਵਿਊ ਪਟੀਸ਼ਨ ਪਾਉਂਦੀ। ਸਰਕਾਰ ਬੱਚਿਆਂ ਵਾਸਤੇ ਕੋਈ ਕੁਮਿਟਮੈਂਟ ਦਿੰਦੀ, ਸਰਕਾਰ ਬੱਚਿਆਂ ਵਾਸਤੇ ਸੋਚਦੀ। ਅੱਜ ਬੱਚੇ ਲਿੱਲਕੜੀਆਂ ਕੱਢ ਰਹੇ ਹਨ। ਅੱਜ ਮੈਡੀਕਲ ਦੇ ਬੱਚੇ, ਇੰਜੀਨੀਅਰਿੰਗ ਦੇ ਬੱਚੇ ਜਿਨ੍ਹਾਂ ਨੂੰ ਹਜ਼ਾਰਾਂ ਰੁਪਿਆ ਫੀਸ ਭਰਨੀ ਪੈਂਦੀ ਹੈ,

[ਡਾਕਟਰ ਰਾਜ ਕੁਮਾਰ ਵੇਰਕਾ]

ਅੱਜ ਉਨ੍ਹਾਂ ਦੇ ਮਾਂ-ਬਾਪ ਪਰੇਸ਼ਾਨ ਹਨ ਕਿਉਂਕਿ ਉਨ੍ਹਾਂ ਸਾਰਿਆਂ ਦੇ ਕੋਲ ਘਰਾਂ ਦੀ ਰਜਿਸਟਰੀ ਨਹੀਂ ਹੈ, ਕੋਈ ਵੀ ਆਦਮੀ ਬੈਂਕਾਂ ਵਿੱਚ ਜਾ ਕੇ ਕਰਜ਼ਾ ਨਹੀਂ ਲੈ ਸਕਦਾ। ਉਸ ਦੇ ਵਾਸਤੇ ਜ਼ਰੂਰਤ ਇਸ ਗੱਲ ਦੀ ਸੀ ਕਿ ਸਰਕਾਰ ਇਸ ਮਾਮਲੇ ਉਪਰ ਆਪਣੇ ਵਿਚਾਰ ਰੱਖਦੀ, ਆਪਣਾ ਪੱਖ ਰੱਖਦੀ ਲੇਕਿਨ ਦੁੱਖ ਇਸ ਗੱਲ ਦਾ ਹੈ ਕਿ ਸਰਕਾਰ ਨੇ ਉਸ ਦੇ ਉਪਰ ਕੋਈ ਵੀ ਸਹਿਯੋਗ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਚੇਅਰਮੈਨ ਸਾਹਿਬ, ਜ਼ਰੂਰਤ ਇਸ ਗੱਲ ਦੀ ਹੈ ਕਿ ਜਿਹੜੇ ਬੱਚੇ ਡਰਾੱਪ ਆਊਟ ਹੋ ਰਹੇ ਹਨ, ਜਿਹੜੇ ਕਾਲਜ ਛੱਡ ਕੇ ਜਾ ਰਹੇ ਹਨ, ਉਨ੍ਹਾਂ ਦੀ ਪ੍ਰਾਬਲਮ ਸਮਝੀ ਜਾਂਦੀ, ਉਨ੍ਹਾਂ ਦੇ ਵਾਸਤੇ ਸਰਕਾਰ ਦੀ ਨੀਅਤ ਇਸ ਲਈ ਵੀ ਠੀਕ ਨਹੀਂ ਕਿਉਂਕਿ ਜਿਹੜੇ ਬੱਚੇ ਛੱਡ ਕੇ ਗਏ ਹਨ, ਉਹ ਹਜ਼ਾਰਾਂ ਰੁਪਏ ਫੀਸ ਭਰਨ ਦੇ ਯੋਗ ਨਹੀਂ ਹਨ। ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬੱਚੇ ਕਾਲਜ ਛੱਡ ਕੇ ਜਾ ਰਹੇ ਹਨ ਲੇਕਿਨ ਮਾਂ-ਬਾਪ ਜਿਹੜੇ ਹਨ, ਉਹ ਲਿਲ੍ਹਕੜੀਆਂ ਕੱਢਦੇ ਹਨ। ਉਹ ਕਦੇ ਗਵਾਂਢੀਆਂ ਤੋਂ ਕਰਜ਼ਾ ਮੰਗਦੇ ਹਨ, ਕਦੇ ਰਿਸ਼ਤੇਦਾਰਾਂ ਤੋਂ ਕਰਜ਼ਾ ਮੰਗਣ ਜਾ ਰਹੇ ਹਨ। ਜੇਕਰ ਉਨ੍ਹਾਂ ਦੇ ਘਰ ਦੇ ਵਿੱਚ ਕੋਈ ਜੇਵਰ ਹਨ, ਉਨ੍ਹਾਂ ਨੂੰ ਗਹਿਣੇ ਰੱਖ ਕੇ ਬੱਚਿਆਂ ਦੀ ਫੀਸ ਤਾਰਨ ਦੀ ਕੋਸ਼ਿਸ਼ ਕਰਦੇ ਹਨ ਲੇਕਿਨ ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ:

ਦਿਲ ਪੇ ਜੋ ਗੁਜ਼ਰਤੀ ਹੈ, ਬੇਦਰਦ ਜ਼ਮਾਨਾ ਕਿਆ ਜਾਨੇ

> ਸ਼ਬੇ -ਗਮ ਗੁਜ਼ਰਤੀ ਹੈ ਕੈਸੇ, ਯੇਹ ਮਹਿਲੋਂ ਵਾਲੇ ਕਿਆ ਜਾਨੇਂ
> ਗਮ ਕਤਰਾ ਕਤਰਾ ਬਹਿਤੇ ਹੈਂ, ਦਿਲ ਹੌਲੇ ਹੌਲੇ ਜਲਤਾ ਹੈ
> ਗਰੀਬ ਤਨਹਾ ਤਨਹਾ ਰੋਤੇ ਹੈਂ, ਯੇ ਸਰਕਾਰ ਦਾ ਆਲਮ ਕਿਆ ਜਾਨੇ ...(ਥੰਪਿੰਗ)...

ਚੇਅਰਮੈਨ ਸਾਹਿਬ, ਇੱਥੇ ਹੀ ਬੱਸ ਨਹੀਂ। ਇਹ ਸਰਕਾਰੀ ਜ਼ੁਲਮ ਜਿਹੜੇ ਹੋ ਰਹੇ ਹਨ, ਇਹ ਸਰਕਾਰੀ ਤਸ਼ੱਦਦ ਜਿਹੜਾ ਹੋ ਰਿਹਾ ਹੈ, ਉਸ ਬਾਰੇ ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ :

> ਸਰਕਾਰੀ ਤਸ਼ੱਦਦ ਕੀ ਮਾਰ ਕਬ ਤੱਕ ਹਮ ਸਹੇਂਗੇ, ਕਬ ਤੱਕ ਹਮ ਖਾਏਂਗੇ
> ਇਤਨਾ ਤੋ ਬਤਾ ਦੋ ਬਾਦਲ ਜੀ ! ਕਿ ਅਬ ਅੱਛੇ ਦਿਨ ਕਬ ਆਏਂਗੇ ?

(ਆਪੋਜੀਸ਼ਨ ਬੈਂਚਿਜ਼ ਵੱਲੋਂ ਥੰਪਿੰਗ।)

ਚੇਅਰਮੈਨ ਸਾਹਿਬ, ਇਹ ਜਿਹੜੇ ਅੱਛੇ ਦਿਨਾਂ ਦੀ ਗੱਲ ਕਰਦੇ ਹਨ, ਇਹ ਜਿਹੜਾ ਬਜਟ ਪੇਸ਼ ਕੀਤਾ ਹੈ, ਮੈਂ ਇਸ ਦੀਆਂ ਸਿਰਫ ਚਾਰ ਕੜੀਆਂ ਹੀ ਸਾਹਮਣੇ ਰੱਖਣਾ ਚਾਹੁੰਦਾ ਹਾਂ। ਇਸ ਬਜਟ ਦੇ ਵਿੱਚ 44,739 ਲੱਖ ਰੁਪਿਆ ਖਰਚ ਕਰਨ ਵਾਸਤੇ ਰੱਖਿਆ ਗਿਆ ਹੈ। ਹੁਣ ਤੱਕ 13,757 ਲੱਖ ਰੁਪਿਆ ਹੀ ਖਰਚ ਕੀਤਾ ਗਿਆ ਹੈ। ਚੇਅਰਮੈਨ ਸਾਹਿਬ, ਇੱਥੇ ਹੀ ਬੱਸ ਨਹੀਂ। ਇਨ੍ਹਾਂ ਦੀ ਐਜੂਕੇਸ਼ਨ ਨੀਤੀ ਦੇ ਪ੍ਰਤੀ ਮੈਂ ਵਾਰ ਵਾਰ ਟਿੱਪਣੀ ਕਰਦਾ ਹਾਂ। ਉਹ ਮਹੱਤਵਪੂਰਨ ਇਸ ਲਈ ਹੈ ਕਿਉਂਕਿ ਜਿਹੜੇ ਸਾਡੇ ਸਟੂਡੈਂਟਸ ਖਿਡਾਰੀ ਹਨ, ਉਨ੍ਹਾਂ ਦੇ ਪੁਰਸਕਾਰ ਵਾਸਤੇ 615 ਲੱਖ ਰੁਪਿਆ ਰੱਖਿਆ ਗਿਆ ਸੀ। ਇੱਕ ਰੁਪਿਆ ਵੀ ਉਸ ਦੇ ਵਿੱਚੋਂ ਖਰਚ ਨਹੀਂ ਕੀਤਾ ਗਿਆ। ਐਸ.ਸੀਜ਼ ਵਿਦਿਆਰਥੀਆਂ ਦੀਆਂ ਪੁਸਤਕਾਂ ਵਾਸਤੇ ਇਨ੍ਹਾਂ ਨੇ 48 ਲੱਖ ਰੁਪਿਆ ਰੱਖਿਆ ਸੀ, ਇਨ੍ਹਾਂ ਵੱਲੋਂ ਸਿਰਫ 2.12 ਲੱਖ ਰੁਪਿਆ ਹੀ ਖਰਚ ਕੀਤਾ ਗਿਆ ਹੈ। ਡਾਕਟਰ ਬੀ.ਆਰ. ਅੰਬੇਦਕਰ ਜਿਹੜੇ ਭਵਨ ਹਨ, ਉਨ੍ਹਾਂ ਦੇ ਨਿਰਮਾਣ ਦੇ ਰੱਖ-ਰਖਾਵ ਵਾਸਤੇ 2770 ਲੱਖ ਰੁਪਿਆ ਰੱਖਿਆ ਗਿਆ, ਇੱਕ ਰੁਪਿਆ ਵੀ ਉਸ ਵਿੱਚੋਂ ਖਰਚ ਨਹੀਂ ਕੀਤਾ ਗਿਆ। ਉਸ ਦੇ ਵਾਸਤੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੇ ਮੈਂ ਇਨ੍ਹਾਂ ਦੇ ਐਨੂਅਲ ਪਲਾਨ ਦੀ ਗੱਲ ਕਰਾਂ ਤਾਂ ਇਹ 7410 ਕਰੋੜ ਰੁਪਿਆ ਸਾਲ 2008-09 ਵਿੱਚ ਰੱਖਿਆ ਗਿਆ ਸੀ ਅਤੇ 1792 ਕਰੋੜ ਰੁਪਿਆ ਦਲਿਤਾਂ ਦੀਆਂ ਸਕੀਮਾਂ ਵਾਸਤੇ ਰੱਖਿਆ ਗਿਆ, ਇਸ ਵਿੱਚੋਂ 1114 ਕਰੋੜ ਰੁਪਿਆ ਜਨਰਲ ਸਕੀਮਾਂ ਵਿੱਚ ਖਰਚ ਕਰ ਦਿੱਤਾ ਗਿਆ ਔਰ ਸਿਰਫ 121 ਕਰੋੜ ਰੁਪਿਆ ਦਲਿਤਾਂ ਦੀਆਂ ਸਕੀਮਾਂ ਤੇ ਖਰਚ ਕੀਤਾ ਗਿਆ, ਜਿਹੜਾ ਕਿ ਦੋ ਪ੍ਰਤੀਸ਼ਤ ਤੋਂ ਵੀ ਘੱਟ ਹੈ।

ਮਾਨਯੋਗ ਸਭਾਪਤੀ : ਸਮਾਪਤੀ ਕਰੋ ਜੀ।

ਡਾਕਟਰ ਰਾਜ ਕੁਮਾਰ ਵੇਰਕਾ : ਇੱਥੇ ਹੀ ਬੱਸ ਨਹੀਂ, ਸਾਲ 2009-10 ਦੀ ਗੱਲ ਕਰਾਂ, ਸਾਲ 2010-11 ਦਾ ਜਿਹੜਾ ਬਜਟ ਹੈ, 9150 ਕਰੋੜ ਰੁਪਿਆ ਇਸ ਵਿੱਚ ਰੱਖਿਆ ਗਿਆ ਸੀ ਅਤੇ 2640 ਕਰੋੜ ਰੁਪਿਆ ਦਲਿਤਾਂ ਦੀਆਂ ਸਕੀਮਾਂ ਵਾਸਤੇ ਰੱਖਿਆ ਗਿਆ ਪਰ 2194 ਕਰੋੜ ਰੁਪਿਆ ਜਨਰਲ ਦੇ ਵਿੱਚ ਖਰਚ ਕਰ ਦਿੱਤਾ ਗਿਆ। ਚੇਅਰਮੈਨ ਸਾਹਿਬ, 125 ਕਰੋੜ ਰੁਪਿਆ ਸਿਰਫ ਦਲਿਤਾਂ ਦੀਆਂ ਸਕੀਮਾਂ ਤੇ ਖਰਚ ਕੀਤਾ ਗਿਆ ਜਿਹੜਾ ਕਿ ਡੇਢ ਪ੍ਰਤੀਸ਼ਤ ਤੋਂ ਵੀ ਘੱਟ ਹੈ। ਇੱਥੇ ਹੀ ਬੱਸ ਨਹੀਂ, ਸਾਲ 2011-12 ਦੇ ਬਜਟ ਦੀ ਮੈਂ ਗੱਲ

[ਡਾਕਟਰ ਰਾਜ ਕੁਮਾਰ ਵੇਰਕਾ]

ਕਰਾਂ, 11,520 ਕਰੋੜ ਰੁਪਏ ਦਾ ਇਹ ਬਜਟ ਸੀ। 3323 ਕਰੋੜ ਰੁਪਿਆ ਦਲਿਤਾਂ ਵਾਸਤੇ ਰੱਖਿਆ ਗਿਆ। ਇਸ ਵਿੱਚੋਂ ਜਿਹੜਾ ਜਨਰਲ ਸਕੀਮਾਂ ਤੇ ਖਰਚ ਕੀਤਾ, ਉਹ 2003 ਕਰੋੜ ਰੁਪਿਆ ਖਰਚ ਕੀਤਾ, 93 ਕਰੋੜ ਰੁਪਿਆ ਸਿਰਫ ਦਲਿਤਾਂ ਦੀਆਂ ਸਕੀਮਾਂ ਤੇ ਖਰਚ ਕੀਤਾ ਗਿਆ, ਜਿਹੜਾ ਕਿ ਇੱਕ ਪ੍ਰਤੀਸ਼ਤ ਦੇ ਕਰੀਬ ਬਣਦਾ ਹੈ।

ਮਾਨਯੋਗ ਸਭਾਪਤੀ : ਵੇਰਕਾ ਸਾਹਿਬ, ਸਮਾਪਤੀ ਕਰੋ ਜੀ, ਪਲੀਜ਼।

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ): ਚੇਅਰਮੈਨ ਸਾਹਿਬ, ਪਤਾ ਨਹੀਂ ਇਹ ਫਿੱਗਰਾਂ ਕਿਥੋਂ ਲੈ ਆਏ ਹਨ ....(ਵਿਘਨ)...

ਡਾਕਟਰ ਰਾਜ ਕੁਮਾਰ ਵੇਰਕਾ : ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ –

ਨਾ ਛੇੜ ਤੂੰ ਰਹਿਣ ਦੇ ਜ਼ਖਮਾਂ ਨੂੰ

ਤੈਥੋਂ ਦਰਦ ਵੰਡਾਇਆ ਨਹੀਂ ਜਾਣਾ।

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਇੱਕ ਮਿੰਟ, ਸੁਣ ਲਵੋ ਜੀ। ਮੈਂ ਕੱਲ੍ਹ ਨੂੰ ਤੁਹਾਡੇ ਵਾਲਾ ਰਿਕਾਰਡ ਵੀ ਲੈ ਆਵਾਂਗਾ ਅਤੇ ਆਪਣੇ ਵਾਲਾ ਵੀ ਲੈ ਆਵਾਂਗਾ ਤਾਂ ਪਤਾ ਲੱਗ ਜਾਵੇਗਾ ਕਿ ਅਸੀਂ ਕਿੰਨਾ ਬਜਟ ਰੱਖਿਆ ਹੈ ਅਤੇ ਕਿੰਨੀਆਂ ਸਕੀਮਾਂ ਬਣਾ ਦਿੱਤੀਆਂ ਹਨ। ਮੈਂਬਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਤੁਹਾਡੇ ਕੋਲੋਂ ਮੁੱਕਿਆ ਨਹੀਂ ਹੈ, ਅਸੀਂ ਮੁਕਾਇਆ ਹੈ । ਸਬ-ਪਲਾਨ ਤਹਿਤ ਪੈਸਾ ਅਸੀਂ ਇਸ ਬਜਟ ਦੇ ਵਿੱਚ ਲੈ ਕੇ ਆਏ ਹਾਂ। ਹੁਣ ਸਾਰੀਆਂ ਸਕੀਮਾਂ ਸਾਡੇ ਸੈਕਟਰੀ ਸਾਹਿਬ ਬਣਾਉਣਗੇ, ਡਾਇਰੈਕਟਰ ਸਾਹਿਬ ਬਣਾਉਣਗੇ । ਹੁਣ ਉਹ ਬਾਹਰ ਨਹੀਂ ਜਾਵੇਗਾ ਜਿਹੜਾ ਹੁਣ ਤੁਸੀਂ ਇਹ ਗੱਲ ਕਹਿ ਰਹੇ ਹੋ । (ਵਿਘਨ)

ਡਾਕਟਰ ਰਾਜ ਕੁਮਾਰ ਵੇਰਕਾ : ਚੇਅਰਮੈਨ ਸਾਹਿਬ, ਮੰਤਰੀ ਸਾਹਿਬ ਨੇ ਇਸ ਗੱਲ ਦਾ ਭਰੋਸਾ ਦਿਵਾਇਆ ਸੀ ਕਿ ਅੱਗੇ ਤੋਂ ਇਹ ਜਿਹੜਾ ਇਨ੍ਹਾਂ

ਸਕੀਮਾਂ ਦਾ ਪੈਸਾ ਸਰਕਾਰ ** ਕਰਕੇ ਦੂਜੀਆਂ ਸਕੀਮਾਂ ਵਿੱਚ ਖਰਚ ਕਰਦੀ ਹੈ , ਇਹ ਖਰਚ ਨਹੀਂ ਹੋਵੇਗਾ..(ਵਿਘਨ)

ਮਾਨਯੋਗ ਸਭਾਪਤੀ : ਪਲੀਜ਼, ਵੇਰਕਾ ਸਾਹਿਬ, ਤੁਸੀਂ ਬੈਠੋ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਚੇਅਰਮੈਨ ਸਾਹਿਬ, ਮੇਰੀ ਇੱਕ ਬੇਨਤੀ ਹੈ। ਚੇਅਰਮੈਨ ਸਾਹਿਬ, ਮੈਂ ਤਾਂ ਬਿਲਕੁਲ ਟੋਕਣਾ ਨਹੀਂ ਸੀ ਚਾਹੁੰਦਾ ਇਹ ਤਾਂ ਮੇਰੇ ਬਹੁਤ ਅਜੀਜ ਹਨ। ਇਹ ਸਰਕਾਰ ** ਕਰਦੀ ਹੈ, ਇਹ ਲਫਜ਼ ਐਕਸਪੰਜ ਕੀਤੇ ਜਾਣ, ਇਹ ਗਲਤ ਬਿਆਨਬਾਜ਼ੀ ਤੇ ਗਲਤ ਲਫਜ਼ ਹਨ, ਇਸ ਨੂੰ ਜ਼ਰੂਰ ਐਕਸਪੰਜ ਕੀਤਾ ਜਾਵੇ।

ਸ਼੍ਰੀ ਸਭਾਪਤੀ:** ਲਫਜ਼ ਐਕਸਪੰਜ ਕਰ ਦਿੱਤੇ ਜਾਣ।(ਵਿਘਨ)

ਡਾਕਟਰ ਰਾਜ ਕੁਮਾਰ ਵੇਰਕਾ : ਚੇਅਰਮੈਨ ਸਾਹਿਬ ਮੈਂ ** ਦਾ ਸ਼ਬਦ ਲੈ ਕੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਜਿਹੜੀ ** ਨਾਲ ਇਸ ਪੈਸੇ ਨੂੰ ਦੂਸਰੀ ਸਕੀਮਾਂ ਵਿੱਚ ਖਰਚ ਕਰਦੀ ਹੈ (ਵਿਘਨ)

ਮਾਨਯੋਗ ਸਭਾਪਤੀ : ** ਲਫਜ਼ ਵੀ ਕੱਟ ਦਿਉ। ਵੇਰਕਾ ਜੀ, ਤੁਸੀਂ ਬੈਠੋ। ਹਾਂ ਜੀ, ਕਲੇਰ ਸਾਹਿਬ।

ਸ਼੍ਰੀ ਐਸ.ਆਰ ਕਲੇਰ (ਜਗਰਾਉਂ, ਐਸ.ਸੀ.): ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਇਸ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ..

ਡਾਕਟਰ ਰਾਜ ਕੁਮਾਰ ਵੇਰਕਾ : ਮੈਂ ਇਸ ਬਜਟ ਦਾ ਵਿਰੋਧ ਕਰਦਾ ਹਾਂ। ਇਹ ਬਜਟ ਗਰੀਬਾਂ ਦੇ ਖਿਲਾਫ ਹੈ। (ਵਿਘਨ)

ਮਾਨਯੋਗ ਸਭਾਪਤੀ : ਵੇਰਕਾ ਜੀ, ਤੁਸੀਂ ਬੈਠੋ। ਹਾਂ ਜੀ, ਕਲੇਰ ਜੀ, ਤੁਹਾਡੇ ਕੋਲ ਪੰਜ ਸੱਤ ਮਿੰਟ ਹਨ।

ਸ਼੍ਰੀ ਐਸ.ਆਰ.ਕਲੇਰ : ਚੇਅਰਮੈਨ ਸਾਹਿਬ, ਖਜ਼ਾਨਾ ਮੰਤਰੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ ਬਹੁਤ ਹੀ ਹਾਂ ਪੱਖੀ, ਸਰਬਪੱਖੀ ਵਿਕਾਸ ਅਤੇ ਪੰਜਾਬ ਦੇ ਸਮੁੱਚੇ ਵਿਕਾਸ ਦੀ ਇਸ ਬਜਟ ਵਿੱਚ ਗੱਲ ਕੀਤੀ ਹੈ। ਇਹ ਜੋ

**Expunged as ordered by the Chair.

[ਸ਼੍ਰੀ ਐਸ.ਆਰ.ਕਲੇਰ]

ਬਜਟ ਹੈ, ਇਸ ਦਾ ਪਲਾਨ ਪਿਛਲੇ ਸਾਲ ਨਾਲੋਂ 25% ਵੱਧ ਹੈ ਅਤੇ ਸਾਰੇ ਸੈਕਟਰਜ਼ ਨੂੰ ਅੱਗੇ ਨਾਲੋਂ ਕਈ ਗੁਣਾਂ ਜ਼ਿਆਦਾ ਐਲੋਕੇਸ਼ਨ ਦਿੱਤੀ ਗਈ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਨਕਮ ਰਿਸੋਰਸਿਜ ਹਨ, ਉਹ ਵੀ ਕਾਫੀ ਮੋਬੇਲਾਈਜ਼ ਕੀਤੇ ਗਏ ਹਨ। ਮੈਂ ਖਾਸ ਤੌਰ ਤੇ ਕਹਿਣਾ ਚਾਹਾਂਗਾ ਕਿ ਵੈਟ ਕੁਲੈਕਸ਼ਨ ਬਹੁਤ ਹੀ ਪ੍ਰੇਜਵਰਥੀ ਹੈ ਤੇ ਖਾਸ ਕਰਕੇ ਫਿਸਕਲ ਡੈਫੇਸਿਟ ਜਿਹੜਾ ਹੈ, ਉਹ ਵੀ ਅੱਗੇ ਨਾਲੋਂ ਕਾਫੀ ਘਟਿਆ ਹੈ। ਮਾਨਯੋਗ ਚੇਅਰਮੈਨ ਸਾਹਿਬ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ 65% ਅਬਾਦੀ ਜਿਹੜੀ ਹੈ, ਉਹ ਖੇਤੀ ਉਤੇ ਜਾਂ ਖੇਤੀ ਦੇ ਉਤੇ ਆਧਾਰਤ ਕੰਮ ਤੇ ਕਿੱਤੇ ਕਰਦੀ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਇਸ ਵੇਲੇ ਹਾਲਾਤ ਹਨ, ਇਸ ਵੇਲੇ ਜੋ ਅਸੀਂ ਕੇਂਦਰੀ ਭੰਡਾਰ ਵਿੱਚ 20 ਤੋਂ 21 ਮਿਲੀਅਨ ਟਨ ਅਨਾਜ ਹਰ ਸਾਲ ਭੇਜਦੇ ਹਾਂ। 20 ਤੋਂ 21 ਮਿਲੀਅਨ ਟਨ ਅਨਾਜ ਜਿਹੜਾ ਕੇਂਦਰ ਨੂੰ ਜਾ ਰਿਹਾ ਹੈ, ਉਹ ਸਿਰਫ ਤੇ ਸਿਰਫ ਉਸ ਪਾਣੀ ਨਾਲ ਜਾ ਰਿਹਾ ਜਿਹੜਾ ਟਿਊਬਵੈਲਾਂ ਨਾਲ ਲੱਗਦਾ ਹੈ ਯਾਨੀ ਕਿ ਅਸੀਂ 80 ਪਰਸੈਂਟ ਪਾਣੀ ਟਿਊਬਵੈਲਾਂ ਦਾ ਇਸਤੇਮਾਲ ਕਰਦੇ ਹਾਂ ਤੇ 20 ਪਰਸੈਂਟ ਪਾਣੀ ਕੈਨਾਲਜ਼ ਦਾ ਯੂਜ ਕਰਦੇ ਹਾਂ। ਮਾਨਯੋਗ ਐਗਰੀਕਲਚਰ ਮਨਿਸਟਰ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਦੇ ਨੋਟਿਸ ਵਿੱਚ ਵੀ ਲਿਆਉਣਾ ਚਾਹਾਂਗਾ ਕਿ ਇਹ 20 ਤੋਂ 21 ਮਿਲੀਅਨ ਟਨ ਅਨਾਜ ਜੋ ਅਸੀਂ ਪੈਦਾ ਕਰਦੇ ਹਾਂ, ਉਸ ਵਾਸਤੇ 16000 ਕਰੋੜ ਗੈਲਨ ਪਾਣੀ ਦਾ ਇਸਤੇਮਾਲ ਹਰ ਸਾਲ ਹੁੰਦਾ ਹੈ, ਜਿਹੜਾ ਪਾਣੀ ਅਸੀਂ ਮਾਈਨਿੰਗ ਕਰਦੇ ਹਾਂ, ਲਿਫਟਿੰਗ ਕਰਦੇ ਹਾਂ ਤਾਂ ਇਸ ਤਰ੍ਹਾਂ ਇਹ 64000 ਕਰੋੜ ਲਿਟਰ ਟੋਟਲ ਬਣ ਜਾਂਦਾ ਹੈ ਜਿਹੜਾ ਸਾਡਾ 16000 ਕਰੋੜ ਗੈਲਨ ਹੈ। ਸੋ, 64000 ਕਰੋੜ ਲਿਟਰ ਪਾਣੀ ਅਸੀਂ ਬੋਰੀਆਂ ਵਿੱਚ ਬੰਦ ਕਰਕੇ ਕੇਂਦਰੀ ਭੰਡਾਰ ਵਿੱਚ ਭੇਜ ਦਿੰਦੇ ਹਾਂ ਜਿਹੜਾ ਸਾਨੂੰ ਦਿੱਸਦਾ ਨਹੀਂ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪਾਣੀ 10 ਤੋਂ 15 ਰੁਪਏ ਪ੍ਰਤੀ ਲਿਟਰ ਵਿਕਦਾ ਹੈ ਪਰ ਜੇਕਰ 2 ਰੁਪਏ ਪ੍ਰਤੀ ਲਿਟਰ ਵੀ ਪਾਣੀ ਦੀ ਕੀਮਤ ਲਗਾਈ ਜਾਵੇ ਤਾਂ 20 ਤੋਂ 21 ਮਿਲੀਅਨ ਟਨ ਅਨਾਜ ਭੇਜਣ ਵਾਸਤੇ 1,28,000 ਕਰੋੜ ਰੁਪਏ ਦਾ ਪਾਣੀ ਅਸੀਂ ਇਸਤੇਮਾਲ ਕਰਦੇ ਹਾਂ। ਸੋ, ਮੈਂ ਮਾਨਯੋਗ ਡਿਪਟੀ ਮੁੱਖ ਮੰਤਰੀ ਜੀ ਨੂੰ ਅਤੇ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਕੀ ਸੂਬਿਆਂ ਵਿੱਚ ਕੋਲ ਮਾਈਨਜ਼ (coal mines) ਜਾਂ ਹੋਰ ਜਿਹੜੀਆਂ ਧਾਤਾਂ ਦੀ ਮਾਈਨਿੰਗ ਕਰਦੇ ਹਨ, ਉਸ ਵਾਸਤੇ ਕੇਂਦਰ ਸਰਕਾਰ

ਰਾਇਲਟੀ ਦਿੰਦੀ ਹੈ। ਮੈਂ ਬੇਨਤੀ ਕਰਾਂਗਾ ਕਿ ਜਿਵੇਂ ਮੈਂ ਦੱਸਿਆ ਹੈ 1,28,000 ਕਰੋੜ ਰੁਪਏ ਦਾ ਜਿਹੜਾ ਪਾਣੀ ਅਸੀਂ ਇਸਤੇਮਾਲ ਕਰਦੇ ਹਾਂ, ਇਸ ਨਾਲ ਜਿੱਥੇ ਸਾਡਾ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ, ਉਥੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਰਹੀ ਹੈ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਇਹ ਮਸਲਾ ਕੇਂਦਰ ਸਰਕਾਰ ਕੋਲ ਉਠਾਇਆ ਜਾਵੇ । ਅਸੀਂ ਵੀ ਪਾਣੀ ਦੀ ਮਾਈਨਿੰਗ ਕਰਦੇ ਹਾਂ, ਕੇਂਦਰ ਸਰਕਾਰ ਤੋਂ ਰਾਇਲਟੀ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਮਾਨਸੂਨ ਦੀ ਕਮੀ ਹੋਣ ਕਾਰਨ, ਸੋਕੇ ਵਾਲੀ ਸਥਿਤੀ ਹੋਣ ਕਾਰਨ ਜ਼ਿਮੀਂਦਾਰਾਂ ਦਾ ਜਿਹੜਾ ਨੁਕਸਾਨ ਹੋਇਆ ਹੈ, ਉਸ ਵਾਸਤੇ 2330 ਕਰੋੜ ਰੁਪਏ ਸਪੈਸ਼ਲ ਪੈਕੇਜ ਦੇਣ ਲਈ ਮਾਨਯੋਗ ਪ੍ਰਾਈਮ ਮਨਿਸਟਰ ਸਾਹਿਬ ਕੋਲ ਇਹ ਗੰਭੀਰ ਮਸਲਾ ਉਠਾਇਆ ਹੈ।

ਦੂਜਾ ਮਸਲਾ ਮੈਂ ਇਹ ਉਠਾਉਣਾ ਚਾਹਾਂਗਾ ਕਿ ਜਿਹੜੇ ਮਾਰਜਨਲ ਅਤੇ ਸਮਾਲ ਕਿਸਾਨ ਹਨ, ਉਨ੍ਹਾਂ ਦਾ ਇਸ ਵੇਲੇ ਬਹੁਤ ਮਾੜਾ ਹਾਲ ਹੈ। ਮੈਂ ਢਾਈ ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦੀ ਗੱਲ ਕਰਨੀ ਚਾਹਾਂਗਾ। ਉਨ੍ਹਾਂ ਕੋਲ ਇੱਕ ਸਾਲ ਵਿੱਚ ਢਾਈ ਏਕੜ ਵਿੱਚੋਂ ਸਿਰਫ਼ ਤੇ ਸਿਰਫ਼ ਇੱਕ ਲੱਖ ਰੁਪਏ ਦੀ ਆਮਦਨ ਹੈ। ਜੇ ਉਸ ਜ਼ਮੀਨ ਵਿੱਚ 2 ਜਾਂ 3 ਬੰਦੇ ਕੰਮ ਕਰਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਨਰੇਗਾ ਦੇ ਵਰਕਰ ਤੋਂ ਵੀ ਘੱਟ ਪੈਸਾ ਜ਼ਿਮੀਂਦਾਰ ਨੂੰ ਪ੍ਰਾਪਤ ਹੁੰਦਾ ਹੈ। ਇਸ ਵਾਸਤੇ ਮੈਂ ਬੇਨਤੀ ਕਰਨੀ ਚਾਹਾਂਗਾ ਕਿ ਇੰਡੀਅਨ ਕੌਂਸਲ ਆਫ਼ ਰਿਸਰਚ ਨੇ ਇੰਟੈਗ੍ਰੇਟਿਡ ਮਾਡਲ ਤਿਆਰ ਕੀਤਾ ਹੈ, ਜਿਹੜਾ ਕਿ ਇੱਕ ਕਰਨਾਲ ਵਿੱਚ ਅਤੇ ਦੂਜਾ ਮੋਦੀਪੁਰਮ ਜੋ ਕਿ ਮੇਰਠ ਦੇ ਲਾਗੇ ਹੈ, ਉਥੇ ਹੈ। ਮੈਂ ਮਾਨਯੋਗ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਗੁਜਾਰਿਸ਼ ਕਰਨੀ ਚਾਹਾਂਗਾ ਕਿ ਇੱਥੇ ਵੀ ਉਹੋ ਜਿਹਾ ਮਾਡਲ ਤਿਆਰ ਕੀਤਾ ਜਾਵੇ ਜਿਸ ਵਿੱਚ ਵੈਜੀਟੇਬਲਜ਼, ਹੋਰਟੀਕਲਚਰ, ਫਿਸ਼ਰੀਜ਼, ਐਨੀਮਲ ਹਸਬੈਂਡਰੀ, ਪੋਲਟਰੀ ਅਤੇ ਬੀਅ-ਕੀਪਿੰਗ ਧੰਦੇ ਸ਼ਾਮਲ ਹੋਣ ਅਤੇ ਖਾਸ ਤੌਰ ਤੇ ਸਾਡਾ ਥਰੱਸਟ ਆਰਗੈਨਿਕ ਫਾਰਮਿੰਗ ਤੇ ਹੋਣਾ ਚਾਹੀਦਾ ਹੈ। ਮੈਂ ਇਹ ਵੀ ਬੇਨਤੀ ਕਰਨੀ ਚਾਹਾਂਗਾ ਕਿ ਪੀ.ਏ.ਯੂ. ਨੂੰ ਬੇਨਤੀ ਕੀਤੀ ਜਾਵੇ ਕਿ ਇਸ ਮਾਡਲ ਨੂੰ ਹੋਰ ਵਿਕਸਤ ਕਰਕੇ ਰੈਪਲੀਕੇਟ ਕੀਤਾ ਜਾਵੇ ਤਾਂ ਕਿ ਛੋਟਾ ਕਿਸਾਨ ਜਿਸ ਦੀ ਹਾਲਤ ਬਹੁਤ ਮੰਦੀ ਹੈ, ਉਹ ਠੀਕ ਕੀਤੀ ਜਾਵੇ।

[ਸ਼੍ਰੀ ਐਸ.ਆਰ.ਕਲੇਰ]

ਤੀਜਾ ਮੇਰਾ ਕੰਸਰਨ ਇਹ ਹੈ ਕਿ ਜਿਵੇਂ ਸੋਮ ਪ੍ਰਕਾਸ਼ ਜੀ ਨੇ ਦੱਸਿਆ ਹੈ, ਟੋਟਲ ਐਨੂਅਲ ਪਲਾਨ ਵਿੱਚ ਅਨੁਸੂਚਿਤ ਜਾਤੀ ਸਬ-ਪਲਾਨ ਵਾਸਤੇ 32% ਹਿੱਸਾ ਰੱਖਿਆ ਗਿਆ ਹੈ।ਮੈਂ ਇਸ ਵਾਸਤੇ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਇਸ ਗੱਲ ਦੀ ਖੁਸ਼ੀ ਹੈ ਕਿ ਭਲਾਈ ਵਿਭਾਗ ਨੂੰ ਇੰਪਲੀਮੈਂਟ ਕਰਨ ਵਾਸਤੇ ਅਤੇ ਮੋਨੀਟਰ ਕਰਨ ਵਾਸਤੇ ਨੋਡਲ ਵਿਭਾਗ ਬਣਾਇਆ ਗਿਆ ਹੈ। ਮੈਂ ਇਸ ਗੱਲ ਵਾਸਤੇ ਵੀ ਧੰਨਵਾਦ ਕਰਦਾ ਹਾਂ ਕਿ ਪੈਨਸ਼ਨ ਸਕੀਮ, ਆਟਾ-ਦਾਲ ਸਕੀਮ ਅਤੇ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ ਹੈ। ਖਾਸ ਕਰਕੇ ਆਟਾ-ਦਾਲ ਸਕੀਮ ਵਿੱਚ 17,92,692 ਪਰਿਵਾਰ ਪਹਿਲਾਂ ਸਨ, 12,97,383 ਪਰਿਵਾਰ ਹੋਰ ਸ਼ਾਮਿਲ ਕੀਤੇ ਗਏ ਹਨ।

ਮਾਨਯੋਗ ਸਭਾਪਤੀ : ਸਮਾਪਤ ਕਰੋ ਜੀ।

ਸ਼੍ਰੀ ਐਸ.ਆਰ. ਕਲੇਰ : ਸਭਾਪਤੀ ਜੀ, ਮੈਂ ਸਮਾਪਤ ਕਰ ਰਿਹਾ ਹਾਂ ਜੀ। ਮੇਰਾ ਮਸਲਾ ਬਹੁਤ ਜ਼ਰੂਰੀ ਹੈ ਜੀ। ਮੈਂ ਸੀ.ਐਮ. ਸਾਹਿਬ ਅਤੇ ਮਾਨਯੋਗ ਫੂਡ ਮਨਿਸਟਰ ਸਾਹਿਬ ਸਰਦਾਰ ਆਦੇਸ਼ ਪ੍ਰਤਾਪ ਸਿੰਘ ਜੀ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਮੇਰਾ ਕੰਸਰਨ ਜਿਹੜਾ ਲਾਸਟ ਹੈ, ਸਭ ਤੋਂ ਪਹਿਲਾਂ ਸਾਲ 1971 ਵਿੱਚ ਜਦੋਂ ਸਰਦਾਰ ਪਰਕਾਸ਼ ਸਿੰਘ ਜੀ ਮੁੱਖ ਮੰਤਰੀ ਸਨ, ਇਨ੍ਹਾਂ ਨੇ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਸੀ। ਅੱਜ ਉਸ ਕਾਰਪੋਰੇਸ਼ਨ ਦੀ ਹਾਲਤ ਬਹੁਤ ਮਾੜੀ ਹੈ। ਅਸੀਂ ਪਿਛਲੇ ਸਾਲ ਸਿਰਫ਼ 1 ਲੱਖ ਬੈਨੀਫਿਸ਼ਰੀਜ਼ ਨੂੰ 10 ਕਰੋੜ ਰੁਪਏ ਦਾ ਕਰਜ਼ਾ ਦਿੱਤਾ, 32% ਅਬਾਦੀ ਵਿੱਚੋਂ ਸਿਰਫ਼ 1000 ਬੰਦਿਆਂ ਨੂੰ ਕਵਰ ਕੀਤਾ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਕਾਰਪੋਰੇਸ਼ਨ ਹੈ, ਇਹ ਮਰਨ ਕਿਨਾਰੇ ਹੈ। ਅੱਜ ਮੁੱਖ ਮੰਤਰੀ ਸਾਹਿਬ ਇੱਥੇ ਨਹੀਂ ਹਨ, ਮੈਂ ਡਿਪਟੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਕਾਰਪੋਰੇਸ਼ਨ ਨੂੰ ਬਚਾਇਆ ਜਾਵੇ। ਇਸ ਦਾ ਮਕਸਦ ਇਹ ਸੀ ਕਿ ਗਰੀਬ ਨੂੰ ਘੱਟ ਵਿਆਜ ਤੇ ਕਰਜ਼ਾ ਮਿਲੇ।

ਮਾਨਯੋਗ ਸਭਾਪਤੀ : ਕਲੇਰ ਸਾਹਿਬ, ਸਮਾਪਤ ਕਰੋ ਜੀ।

ਸ਼੍ਰੀ ਐਸ.ਆਰ. ਕਲੇਰ : ਮੈਂ ਕਰ ਰਿਹਾ ਹਾਂ ਜੀ। ਉਸ ਦਾ ਜੀਵਨ ਪੱਧਰ ਉੱਚਾ ਉਠਾਇਆ ਜਾ ਸਕੇ। ਮਾਨਯੋਗ ਖਜ਼ਾਨਾ ਮੰਤਰੀ ਜੀ, ਇਸ ਕਾਰਪੋਰੇਸ਼ਨ ਵਾਸਤੇ ਵੱਧ ਤੋਂ ਵੱਧ ਪੈਸੇ ਦਿੱਤੇ ਜਾਣੇ ਚਾਹੀਦੇ ਹਨ ਤਾਂ ਕਿ ਲੋਕ ਸਰਕਾਰ ਵੱਲ ਨਾ

ਦੇਖਣ ਬਲਕਿ ਉਹ ਆਪਣੇ ਪੈਰਾਂ ਤੇ ਆਪ ਖੜ੍ਹ ਕੇ ਆਪਣੇ ਜੀਵਨ ਦਾ ਚੰਗਾ ਨਿਰਬਾਹ ਕਰ ਸਕਣ।

ਮਾਨਯੋਗ ਸਭਾਪਤੀ : ਬੈਠੋ ਜੀ। ਸਮਾਪਤੀ ਕਰੋ ਜੀ।

ਸ਼੍ਰੀ ਐਸ.ਆਰ. ਕਲੇਰ : ਆਖਰੀ ਬੇਨਤੀ ਹੈ ਜੀ। ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਸਾਲ 1997 ਤੋਂ ਪੈਨਸ਼ਨ ਸਕੀਮ ਚਾਲੂ ਹੈ, ਇਸ ਤਹਿਤ 250/- ਰੁਪਏ ਪ੍ਰਤੀ ਮਹੀਨਾ ਮਿਲਦਾ ਹੈ। ਜਦੋਂ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਲੋਕ ਸਾਨੂੰ ਕਹਿੰਦੇ ਹਨ ਕਿ ਇਸ ਨੂੰ ਵਧਾ ਦਿਉ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਵਧਾ ਕੇ ਘੱਟੋ ਘੱਟ 400/- ਰੁਪਏ ਪ੍ਰਤੀ ਮਹੀਨਾ ਕਰ ਦਿਉ। ਅੱਜ ਲੋਕੀਂ 250/- ਰੁਪਏ ਲਈ ਵੀ ਤਰਸਦੇ ਹਨ ਤੇ ਵੇਖਦੇ ਹਨ ਕਿ ਕਦੋਂ 250/- ਰੁਪਿਆ ਆਵੇਗਾ। ਪਿੰਡਾਂ ਵਿੱਚ ਇਹੋ ਜਿਹਾ ਹਾਲ ਹੈ। ਆਪਣੇ ਵਿੱਚ ਬਹੁਤ ਸਾਰੇ ਬੈਠੇ ਹਨ ਜਿਹੜੇ ਪੰਜ ਸਿਤਾਰਾ ਹੋਟਲਾਂ ਵਿੱਚ ਆਮ ਠਹਿਰਦੇ ਹਨ।

ਮਾਨਯੋਗ ਸਭਾਪਤੀ : ਕਲੇਰ ਸਾਹਿਬ। ਬੈਠੋ ਜੀ।

ਸ਼੍ਰੀ ਐਸ.ਆਰ.ਕਲੇਰ : ਇੱਕ ਮਿੰਟ ਸੁਣ ਲਵੋ ਜੀ। ਮੈਨੂੰ ਸਿਰਫ ਇੱਕ ਮਿੰਟ ਹੋਰ ਦਿਉ। ਮੈਂ ਲਾਸਟ ਗੱਲ ਕਰਕੇ ਬਹਿ ਜਾਵਾਂਗਾ।

ਮਾਨਯੋਗ ਸਭਾਪਤੀ : ਕਲੇਰ ਸਾਹਿਬ, ਤੁਸੀਂ ਸਮਅੱਪ ਕਰੋ ਜੀ। ਸਮਾਂ ਨਹੀਂ ਹੈ।

ਸ਼੍ਰੀ ਐਸ.ਆਰ.ਕਲੇਰ : ਮੇਰਾ ਲਾਸਟ ਪੁਆਇੰਟ ਹੈ ਜੀ। ਮੈਂ ਗੁੱਡ ਗਵਰਨੈਂਸ ਦੀ ਗੱਲ ਕਰਨ ਜਾ ਰਿਹਾ ਹਾਂ। (ਵਿਘਨ) ਮੈਂ ਜਿਹੜੀ ਗੱਲ ਕਹਿਣੀ ਹੈ, ਸੁਣ ਲਵੋ ਜੀ। ਰਾਈਟ ਟੂ ਸਰਵਿਸ ਐਕਟ ਬਣਾਇਆ ਗਿਆ। ਮਾਨਯੋਗ ਡਿਪਟੀ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਿ ਇਹ ਬਹੁਤ ਅੱਛਾ ਐਕਟ ਹੈ। ਇਸ ਦਾ ਮਕਸਦ ਇਹ ਸੀ ਕਿ ਹਰ ਇੱਕ ਦਾ ਕੰਮ ਬਿਨਾਂ ਖੱਜਲ-ਖੁਆਰੀ ਅਤੇ ਬਿਨਾ ਲੁੱਟ-ਖਸੁੱਟ ਤੋਂ ਹੋਵੇ। ਇਹ ਬਹੁਤ ਵਧੀਆ ਐਕਟ ਹੈ। ਮੈਂ ਬੇਨਤੀ ਕਰਨੀ ਚਾਹਾਂਗਾ ਕਿ ਇਸ ਐਕਟ ਨੂੰ ਇੰਨ-ਬਿੰਨ ਚੰਗੇ ਢੰਗ ਨਾਲ ਲਾਗੂ ਕੀਤਾ ਜਾਵੇ, ਇਸ ਦੀ ਚੰਗੇ ਤਰੀਕੇ ਨਾਲ ਪਾਲਣਾ ਕੀਤੀ ਜਾਵੇ ਤਾਂ ਕਿ ਆਮ ਲੋਕਾਂ ਨੂੰ ਇਸ ਦਾ ਪੂਰਾ ਫਾਇਦਾ ਹੋ ਸਕੇ। ਬਹੁਤ ਬਹੁਤ ਧੰਨਵਾਦ ਜੀ।

ਮਾਨਯੋਗ ਸਭਾਪਤੀ : ਸ਼੍ਰੀ ਅਸ਼ਵਨੀ ਸੇਖੜੀ ਜੀ।

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਚੇਅਰਮੈਨ ਸਾਹਿਬ, ਬਹੁਤ ਸ਼ੁਕਰੀਆ ਜੀ। ਕਿਉਂਕਿ ਸਮਾਂ ਬਹੁਤ ਸੀਮਤ ਹੈ। ਮੇਰੇ ਬਹੁਤ ਸਾਰੇ ਪੁਆਇੰਟਸ ਸਨ ਪਰ ਹੁਣ ਮੈਂ ਤਿੰਨ-ਚਾਰ ਪੁਆਇੰਟਸ ਬਾਰੇ ਹੀ ਗੱਲ ਕਰਾਂਗਾ। ਸਾਡੇ ਨੌਜਵਾਨ ਫਾਈਨਾਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਇਸ ਵਿੱਚ ਅੰਡਰ ਦਿ ਕਾਰਪੈਟ ਬਹੁਤ ਸਾਰੀਆਂ ਚੀਜ਼ਾਂ ਕਹੀਆਂ ਗਈਆਂ ਹਨ ਜਿਨ੍ਹਾਂ ਬਾਰੇ ਜਨਤਾ ਨੂੰ, ਸਾਡੇ ਐਮ.ਐਲ.ਏਜ਼ ਤੇ ਸਾਡੇ ਹਾਊਸ ਨੂੰ ਪਤਾ ਨਹੀਂ ਚਲਦਾ। ਉਦਾਹਰਨ ਦੇ ਤੌਰ ਤੇ ਇਸ ਵਿੱਚ ਪੇਜ਼ ਨੰ: 6 ਤੇ ਫਿਗਰ ਦਿੱਤੀ ਗਈ ਹੈ ਕਿ ਸਾਲ 2006-07 ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਟੋਟਲ ਰੈਵੇਨਿਊ ਜੋ ਇੱਕਠਾ ਹੋਇਆ ਸੀ, ਉਹ 9017 ਕਰੋੜ ਰੁਪਿਆ ਸੀ। ਜਿਹੜਾ ਕਿ ਇਨ੍ਹਾਂ ਦੇ ਟਾਈਮ ਵਿੱਚ ਵਧਦਾ ਵਧਦਾ ਜ਼ਿਆਦਾ ਹੋ ਗਿਆ। ਪਿਛਲੇ ਸਾਲ ਇਨ੍ਹਾਂ ਨੇ ਸਾਲ 2013-14 ਵਿੱਚ 24079 ਕਰੋੜ ਰੁਪਏ ਇੱਕਠਾ ਕੀਤਾ ਹੈ। ਇਸ ਸਾਲ ਇਨ੍ਹਾਂ ਨੇ 28480 ਕਰੋੜ ਰੁਪਏ ਦਾ ਟਾਰਗੈਟ ਰੱਖਿਆ ਹੈ ਜੋ ਕਿ ਪੰਜਾਬ ਦੇ ਆਮ ਲੋਕਾਂ ਕੋਲੋਂ ਅਤੇ ਖਾਸ ਕਰਕੇ ਟਰੇਡ ਇੰਡਸਟਰੀ ਅਤੇ ਸ਼ਹਿਰੀਆਂ ਕੋਲੋਂ ਟੈਕਸ ਵਸੂਲ ਕੀਤਾ ਜਾ ਰਿਹਾ ਹੈ। ਇਹ ਕਿਹੜੇ ਤਰੀਕਿਆਂ ਨਾਲ ਵਸੂਲ ਕੀਤਾ ਜਾ ਰਿਹਾ ਹੈ, ਉਸ ਦੀ ਕੋਈ ਡਿਸਕ੍ਰਿਪਸ਼ਨ ਜਾਂ ਡਿਟੇਲ ਨਹੀਂ ਦਿੱਤੀ ਗਈ। (ਵਿਘਨ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ : ਕੀ ਕੋਈ ਨਵਾਂ ਟੈਕਸ ਲਗਾਇਆ ਹੈ?

ਸ਼੍ਰੀ ਅਸ਼ਵਨੀ ਸੇਖੜੀ : ਇਹ ਕਹਿੰਦੇ ਹਨ ਕਿ ਨਵਾਂ ਟੈਕਸ ਨਹੀਂ ਲਗਾਇਆ। ਇੱਕ ਪਾਸੇ ਤਾਂ ਇਹ ਗੱਲ ਕਹਿੰਦੇ ਹਨ ਪਰ ਇਹ ਫੈਕਟ ਹੈ, ਸਾਰੇ ਪੰਜਾਬ ਤੇ ਸਾਰੇ ਹਿੰਦੁਸਤਾਨ ਨੂੰ ਪਤਾ ਹੈ ਕਿ ਪੰਜਾਬ ਦੀ ਇੰਡਸਟਰੀ ਤੇ ਟਰੇਡ ਡਾਊਨ ਜਾ ਰਿਹਾ ਹੈ। ਫਿਰ ਟੈਕਸ ਕਿਥੋਂ ਇੱਕੱਠਾ ਹੋ ਰਿਹਾ ਹੈ? ਟੈਕਸ ਜਿਹੜਾ ਹੈ, ਉਹ ਕਿਸ ਤਰ੍ਹਾਂ ਵਧ ਰਿਹਾ ਹੈ। ਜਦੋਂ ਵਿੱਤ ਮੰਤਰੀ ਸਾਹਿਬ ਜਵਾਬ ਦੇਣਗੇ, ਉਦੋਂ ਇਸ ਬਾਰੇ ਦੱਸਿਆ ਜਾਵੇ।

(ਇੱਕ ਅਵਾਜ਼ : ਇਹ ਬੈਟਰ ਮੈਨੇਜਮੈਂਟ ਹੈ ਜੀ।)

ਕੀ ਇਹ ਬੈਟਰ ਮੈਨੇਜਮੈਂਟ ਹੈ? ਇਸ ਬੈਟਰ ਮੈਨੇਜਮੈਂਟ ਤੇ ਐਫੀਸੀਐਂਸੀ ਦਾ ਮਤਲਬ ਇਹ ਹੈ ਕਿ ਟੋਟਲ ਟਰੇਡ ਇੰਡਸਟਰੀ ਦਾ ਗਲ਼ਾ ਦਬਾਇਆ ਜਾ ਰਿਹਾ ਹੈ ਔਰ ਸਰਕਾਰ ਲਈ ਵਸੂਲੀਆਂ ਵਧਾਈਆਂ ਜਾ ਰਹੀਆਂ ਹਨ।

ਇੰਡਸਟਰੀਲਿਸਟਾਂ ਦਾ ਦਮ ਹੋਰ ਘੁੱਟ ਰਿਹਾ ਹੈ।

ਉਪ ਮੁੱਖ ਮੰਤਰੀ : ਸਰ, ਮਾਨਯੋਗ ਮੈਂਬਰ ਸਾਹਿਬ ਬਹੁਤ ਕਾਬਲ ਹਨ। ਮੈਂ ਪਹਿਲਾਂ ਇੱਕ ਐਗਜ਼ਾਂਪਲ ਦੇ ਦੇਵਾਂ। ਉਸ ਐਗਜ਼ਾਂਪਲ ਵਿੱਚ ਤੁਹਾਡਾ ਸਾਰਾ ਆਂਸਰ ਆ ਜਾਵੇਗਾ। (ਵਿਘਨ) ਮੈਂ ਇਕੱਲੇ ਲੁਧਿਆਣੇ ਦੀ ਗੱਲ ਨਹੀਂ ਕਰ ਰਿਹਾ। ਮੈਂ ਕਹਿ ਰਿਹਾ ਹਾਂ ਕਿ ਐਕਸਾਈਜ਼ ਦੀ ਰੈਵੇਨਿਊ ਸਾਲ 2002 ਤੋਂ 2007 ਤੱਕ ਟੋਟਲ ਇਨਕਰੀਜ਼ 20 ਕਰੋੜ ਰੁਪਏ ਤੋਂ ਵੱਧ ਨਹੀਂ ਸੀ। ਕਿਉਂਕਿ ਤੁਹਾਨੂੰ ਪਤਾ ਹੀ ਹੈ ਕਿ ਉਦੋਂ ਇੱਕਲਾ ਪੌਂਟੀ ਚੱਢਾ ਹੀ ਕਾਰੋਬਾਰੀ ਹੁੰਦਾ ਸੀ। ਇੱਕ ਸਾਲ ਤਾਂ ਰੈਵੇਨਿਊ ਵੀ ਘਟ ਗਿਆ ਸੀ, ਜਦੋਂ ਸਾਡਾ ਸਮਾਂ ਆਇਆ, ਇਹ 1500 ਕਰੋੜ ਤੋਂ ਸ਼ੁਰੂ ਹੋਇਆ, ਮੇਰੇ ਕੋਲ ਇਸ ਵੇਲੇ ਐਗਜ਼ੈਕਟ ਫਿਗਰ ਨਹੀਂ ਹੈ। ਮੈਂ ਚੈੱਕ ਕਰ ਲਵਾਂਗਾ। ਇਹ ਰੈਵੇਨਿਊ 1500 ਕਰੋੜ ਤੋਂ ਸ਼ੁਰੂ ਹੋ ਕੇ 4600 ਕਰੋੜ ਰੁਪਏ ਤੱਕ ਚਲਾ ਗਿਆ ਹੈ। ਫਿਰ ਜਦੋਂ ਰੈਵੇਨਿਊ ਗਰੋਥ ਹੈ ਤਾਂ ਕਿਉਂ ਅਜਿਹੀ ਗੱਲ ਕਰਦੇ ਹਨ।

ਸ਼੍ਰੀ ਅਸ਼ਵਨੀ ਸੇਖੜੀ : ਚੇਅਰਮੈਨ ਸਾਹਿਬ, ਡਿਪਟੀ ਚੀਫ ਮਨਿਸਟਰ ਸਾਹਿਬ ਨੇ ਬਹੁਤ ਅੱਛੀ ਗੱਲ ਕੀਤੀ ਹੈ ਕਿ ਇਨ੍ਹਾਂ ਨੇ ਸ਼ਰਾਬ ਦਾ ਰੈਵੇਨਿਊ ਵਧਾ ਦਿੱਤਾ ਹੈ। ਪਰ ਕੀ ਅਸੀਂ ਪੰਜਾਬ ਦੇ ਨੌਜਵਾਨਾਂ ਨੂੰ ਅਤੇ ਪੰਜਾਬ ਦੀ ਪੰਜਾਬੀਅਤ ਨੂੰ ਸ਼ਰਾਬ ਵਿੱਚ ਡੁਬੋਣਾ ਚਾਹੁੰਦੇ ਹਾਂ? ਅਗਰ ਇਹ ਗੁਜਰਾਤ ਨਾਲ ਕੰਪੇਅਰ ਕਰਦੇ ਤਾਂ ਮੈਂ ਮੰਨਦਾ (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ : ਤੁਸੀਂ ਮੇਰੀ ਗੱਲ ਨੂੰ ਗਲਤ ਲੈ ਗਏ। ਮੇਰਾ ਰੈਵੀਨਿਊ ਇਨਕਰੀਜ਼ ਦਾ ਮਤਲਬ ਇਹ ਹੈ ਕਿ ਅਸੀਂ ਤੁਹਾਡੇ ਵੇਲੇ ਰੈਵੀਨਿਊ ਵਿੱਚ ਹੁੰਦੀ ਠੱਗੀ ਰੋਕੀ ਹੈ। ਉਸ ਸਮੇਂ ਕੇਵਲ ਇੱਕ ਬੰਦਾ ਹੀ ਰੈਵੇਨਿਊ ਨੂੰ ਕੰਟਰੋਲ ਕਰਦਾ ਸੀ, ਉਹ ਇੰਨਕਰੀਜ਼ ਨਹੀਂ ਹੋਣ ਦਿੰਦਾ ਸੀ ਅਤੇ ਆਪਣੀਆਂ ਜੇਬਾਂ ਭਰਦਾ ਸੀ। ਅਸੀਂ ਉਹੀ ਠੱਗੀ ਰੋਕੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੀ ਆਪਾਂ ਕਿਸੇ ਨੂੰ ਸ਼ਰਾਬ ਪੀਣ ਵਾਸਤੇ ਫੋਰਸ ਕਰ ਸਕਦੇ ਹਾਂ? ਇਹ ਡੈਮੋਕਰੇਸੀ ਹੈ। ਬੇਸੀਕਲੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਵੇਲੇ ਠੱਗੀ ਵਜਦੀ ਸੀ ਤੇ ਹੁਣ ਸਭ ਓਪਨ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਭਾਪਤੀ ਜੀ, ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਵੈਟ ਵਿੱਚ ਬਹੁਤ ਇਨਕਰੀਜ਼ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਲੋਕਾਂ ਨੂੰ ਇਹ ਟੈਕਸ ਦੇਣ ਵਾਸਤੇ ਨਹੀਂ

[ਸਰਦਾਰ ਬਲਬੀਰ ਸਿੰਘ ਸਿੱਧੂ]

ਪ੍ਰੇਰ ਰਹੇ ਬਲਕਿ ਈ.ਟੀ.ਓਜ਼ ਨੂੰ ਟਾਰਗੈਟ ਦਿੱਤਾ ਗਿਆ ਹੈ ਕਿ ਫਲਾਣੇ ਕੋਲੋਂ ਇੰਨੇ ਕਰੋੜਾਂ ਰੁਪਏ ਲੈਣੇ ਹਨ। ਉਹ ਲੋਕਾਂ ਦਾ **** ਹਨ। (ਵਿਘਨ...ਸ਼ੋਰ)

ਮਾਨਯੋਗ ਸਭਾਪਤੀ : **** ਸ਼ਬਦ ਐਕਸਪੰਜ ਕਰ ਦਿੱਤੇ ਜਾਣ ਜੀ।

ਸ਼੍ਰੀ ਅਸ਼ਵਨੀ ਸੇਖੜੀ : ਚੇਅਰਮੈਨ ਸਾਹਿਬ, ਸਿੱਧੂ ਸਾਹਿਬ ਨੇ ਬਿਲਕੁਲ ਸਹੀ ਜਾਣਕਾਰੀ ਸਦਨ ਨੂੰ ਦਿੱਤੀ ਹੈ ਕਿ ਟਾਰਗੈਟ ਫਿਕਸ ਹੋ ਰਹੇ ਹਨ। ਵਸੂਲੀਆਂ ਹੋ ਰਹੀਆਂ ਹਨ। ਇਸੇ ਕਰਕੇ ਪੰਜਾਬ ਵਿੱਚੋਂ ਇੰਡਸਟਰੀ ਭੱਜ ਰਹੀ ਹੈ। ਲੋਕ ਇਥੋਂ ਪਲਾਇਨ ਕਿਉਂ ਕਰ ਰਹੇ ਹਨ? ਪੰਜਾਬੀ ਲੋਕ ਅਤੇ ਉਨ੍ਹਾਂ ਦੇ ਬੱਚੇ ਬਾਹਰ ਜਾ ਕੇ ਹਜ਼ਾਰਾਂ ਕਰੋੜਾਂ ਦੀ ਇੰਡਸਟਰੀ ਕਿਉਂ ਲਗਾ ਰਹੇ ਹਨ ਕਿਉਂਕਿ ਇਥੋਂ ਦੀ ਬਿਓਰੋਕਰੇਸੀ, ਜਿਹੜਾ ਇੱਥੇ ਸਿਸਟਮ ਬਣ ਗਿਆ ਹੈ, ਉਸ ਨੇ ਇੱਥੋਂ ਦੀ ਟਰੇਡ ਤੇ ਇੰਡਸਟਰੀ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ ਔਰ ਜਿਹੜੀ ਗੱਲ ਡਿਪਟੀ ਸੀ.ਐਮ. ਸਾਹਿਬ ਨੇ ਗੱਲ ਕੀਤੀ ਹੈ ਕਿ ਅਸੀਂ ਕੀ ਸਮਝੀਏ.... (ਵਿਘਨ)(ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਭਾਪਤੀ ਜੀ, ਗੱਲ ਮੈਰਿਟ ਤੇ ਹੋਣੀ ਚਾਹੀਦੀ ਹੈ It is not because of ETOs ਕਿ ਉਹ ਸਖਤੀ ਕਰ ਰਹੇ ਹਨ ਅਤੇ ਇਸ ਕਰਕੇ ਇੰਡਸਟਰੀ ਪੰਜਾਬ ਵਿੱਚੋਂ ਬਾਹਰ ਜਾ ਰਹੀ ਹੈ। There are number of reasons ਜੋ ਕਿ ਇੰਡਸਟਰੀ ਦੇ ਬਾਹਰ ਜਾਣ ਦਾ ਕਾਰਨ ਬਣੇ ਹਨ। ਸਭ ਤੋਂ ਵੱਡਾ ਕਾਰਨ ਇਹ ਹੈ ਕਿ 10 ਸਾਲ ਯੂ.ਪੀ.ਏ. ਦੀ ਸਰਕਾਰ ਚੱਲੀ ਅਤੇ 10 ਸਾਲਾਂ ਵਿੱਚ ਇਹ ਇੱਕ ਵੀ ਕੰਨਸੈਸ਼ਨ ਲੈਣ ਵਿੱਚ ਇਹ ਕਾਮਯਾਬ ਨਹੀਂ ਹੋ ਸਕੇ। ਇਹ ਬਟਾਲੇ ਦੇ ਮੁੱਦੇ ਤੇ ਇੱਕ ਵਾਰੀ ਨਹੀਂ ਗਏ, ਇਹ ਕਈ ਵਾਰ ਪ੍ਰਧਾਨ ਮੰਤਰੀ ਜੀ ਕੋਲ ਗਏ ਕਿ ਕੋਈ ਪੈਕੇਜ ਦੇ ਦਿਓ। ਪਤਾ ਨਹੀਂ ਜਾਂ ਤਾਂ ਸੇਖੜੀ ਸਾਹਿਬ ਲਾਈਟ ਵੇਟ ਸਨ ਜਾਂ ਇਨ੍ਹਾਂ ਦੀ ਗੱਲ ਉਨ੍ਹਾਂ ਨੂੰ ਚੰਗੀ ਨਹੀਂ ਲੱਗੀ ਜਾਂ ਫਿਰ ਕਾਂਗਰਸ ਪਾਰਟੀ ਦੀ ਪੁਰਾਣੀ ਸੋਚ ਸੀ ਕਿ ਪੰਜਾਬ ਨੂੰ ਕਮਜ਼ੋਰ ਕਰੋ। ਫਿਰ ਸਭਾਪਤੀ ਜੀ ਕੇਂਦਰ ਸਰਕਾਰ ਵਾਰ ਵਾਰ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਇੰਡਸਟਰੀਅਲ ਪੈਕੇਜ ਐਕਸਟੈਂਡ ਕਰਦੀ ਰਹੀ, ਇਹ ਉਦੋਂ ਉਸ ਵਿੱਚ ਪੰਜਾਬ ਦਾ ਨਾਮ ਹੀ ਪੁਆ ਦਿੰਦੇ। ਅੱਜ ਇਨ੍ਹਾਂ ਨੇ ਬਾਰਡਰ ਦੀ ਗੱਲ ਕੀਤੀ ਹੈ, ਉਦੋਂ ਉਸ ਵਿੱਚ

**Expunged as ordered by the Chair.

ਬਾਰਡਰ ਸ਼ਬਦ ਹੀ ਪੁਆ ਦਿੰਦੇ ਪਰ ਇਹ ਨਹੀਂ ਪੁਆ ਸਕੇ। (ਵਿਘਨ) (ਸ਼ੋਰ)

ਸ਼੍ਰੀ ਅਸ਼ਵਨੀ ਸੇਖੜੀ : ਚੇਅਰਮੈਨ ਸਾਹਿਬ, ਮੈਂ ਇੱਕ ਸਵਾਲ ਕੀਤਾ ਹੈ ਤੇ ਸਾਡੇ ਵਿੱਤ ਮੰਤਰੀ ਜੀ ਉਸ ਦਾ ਜਵਾਬ ਦੇ ਦੇਣ ਕਿ ਇਨ੍ਹਾਂ ਨੇ ਪੈਸਾ ਵਧਾਉਣ ਦਾ ਤਰੀਕਾ ਕਿਥੋਂ ਕੱਢਿਆ ਹੈ। ਸਾਡੇ ਸਤਿਕਾਰਯੋਗ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਯੂ.ਪੀ.ਏ. ਸਰਕਾਰ ਨੇ ਇਸ ਬਾਰੇ ਕੁਝ ਨਹੀਂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੇਂਦਰ ਵਿੱਚ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਐਂਰ ਉਨ੍ਹਾਂ ਨੇ ਸਾਲ 2009 ਵਿੱਚ 80 ਕਰੋੜ ਰੁਪਿਆ ਬਟਾਲੇ ਦੀ ਇੰਡਸਟਰੀਅਲ ਡਿਵੈਲਪਮੈਂਟ ਲਈ ਦਿੱਤਾ ਅਤੇ ਪੰਜਾਬ ਦੀ ਸਰਕਾਰ ਨੇ ਉਹ ਪੈਸਾ ਉਥੋਂ ਲਿਆ ਕੇ ਬਟਾਲੇ ਵਿੱਚ ਲਗਾਉਣਾ ਸੀ, ਪਰ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਨੇ ਆਪਣੀ ਪ੍ਰਾਜੈਕਟ ਰਿਪੋਰਟ ਹੀ ਨਹੀਂ ਦਿੱਤੀ ਐਂਰ ਮੈਚਿੰਗ ਗਰਾਂਟ ਵੀ ਨਹੀਂ ਦਿੱਤੀ। ਡਿਪਟੀ ਸੀ.ਐਮ. ਸਾਹਿਬ ਨੂੰ ਪਤਾ ਹੈ ਸਾਲ 2012 ਵਿੱਚ ਦੋ ਸ਼ਹਿਰ ਮੈਂ ਖੁਦ ਜਾ ਕੇ ਤਰਲਾ ਮਾਰ ਕੇ JNNURM ਵਿੱਚ ਪਾਸ ਕਰਵਾ ਕੇ ਆਇਆ। 11.50 ਕਰੋੜ ਰੁਪਿਆ ਬਟਾਲੇ ਲਈ ਅਤੇ 12.5 ਕਰੋੜ ਰੁਪਿਆ ਜਲਾਲਾਬਾਦ ਲਈ ਸੀ। ਮੇਰਾ ਖਿਆਲ ਹੈ ਕਿ ਸ਼ਾਇਦ ਇੱਕ ਰੁਪਿਆ ਵੀ ਨਹੀਂ ਲੱਗਾ। ਦੋ ਸਾਲ ਹੋ ਗਏ ਪੈਸੇ ਵੀ ਆ ਗਏ ਪਰ ਇੱਕ ਰੁਪਿਆ ਨਹੀਂ ਲੱਗਾ। 1600 ਮੈਗਾਵਾਟ ਦਾ ਸੁਪਰ ਕ੍ਰਿਟੀਕਲ ਥਰਮਲ ਪਾਵਰ ਪਲਾਂਟ, ਜਿਹੜਾ ਬੀ.ਐਚ.ਈ.ਐਲ. ਵੱਲੋਂ ਲੱਗਣਾ ਸੀ, ਬਟਾਲੇ ਲਈ ਇਸ ਦੀ ਸੈਂਕਸ਼ਨ ਪ੍ਰਧਾਨ ਮੰਤਰੀ ਜੀ ਕੋਲੋਂ ਕਰਵਾ ਕੇ ਲਈ ਗਈ ਸੀ। ਸਾਢੇ 9 ਹਜ਼ਾਰ ਕਰੋੜ ਰੁਪਿਆ ਬੀ.ਐਚ.ਈ.ਐਲ. ਨੇ ਬਟਾਲੇ ਵਿੱਚ ਲਗਾਉਣਾ ਸੀ ਪਰ ਸਰਕਾਰ ਨੇ ਉਹ ਵੀ ਬਿਲਕੁਲ ਬੰਦ ਕਰਵਾ ਦਿੱਤਾ। ਡਿਪਟੀ ਸੀ.ਐਮ. ਸਾਹਿਬ ਇਸ ਸਬੰਧੀ ਚਿੱਠੀ ਮੈਂ ਤੁਹਾਨੂੰ ਦਿੱਤੀ ਸੀ।

ਉਪ ਮੁੱਖ ਮੰਤਰੀ : ਸਭਾਪਤੀ ਜੀ, ਜੇ ਆਪਾਂ ਝੂਠ ਬੋਲਣਾ ਹੈ, ਉਸ ਦੀ ਵੀ ਲਿਮਿਟ ਰੱਖ ਲਿਆ ਕਰੀਏ। 1600 ਮੈਗਾਵਾਟ ਦਾ ਪ੍ਰਾਜੈਕਟ ਬਟਾਲੇ ਵਾਸਤੇ? ਬੀ.ਐਚ.ਈ.ਐਲ. ਨੇ ਸਾਨੂੰ ਕੋਈ ਚਿੱਠੀ ਨਹੀਂ ਲਿਖੀ।

ਸ਼੍ਰੀ ਅਸ਼ਵਨੀ ਸੇਖੜੀ : ਗੌਰਮਿੰਟ ਆਫ ਇੰਡੀਆ ਦੀ ਚਿੱਠੀ ਆਈ ਸੀ।

ਉਪ ਮੁੱਖ ਮੰਤਰੀ : ਕਿਹੜੀ ਚਿੱਠੀ ਆਈ ਸੀ?

ਸ਼੍ਰੀ ਅਸ਼ਵਨੀ ਸੇਖੜੀ : ਕਿ 1600 ਮੈਗਾਵਾਟ ਦਾ ਪ੍ਰਾਜੈਕਟ ਪਾਸ ਹੈ।

ਉਪ ਮੁੱਖ ਮੰਤਰੀ : ਮੈਨੂੰ ਚਿੱਠੀ ਦਿਖਾ ਦਿਉ।

ਸ਼੍ਰੀ ਅਸ਼ਵਨੀ ਸੇਖੜੀ : ਤੁਹਾਡੇ ਦਫਤਰ ਵਿੱਚ ਮੈਂ ਤੁਹਾਨੂੰ ਦੇ ਕੇ ਆਇਆ ਹਾਂ। ਮੈਂ ਕੱਲ੍ਹ ਨੂੰ ਤੁਹਾਡੇ ਟੇਬਲ ਤੇ ਰੱਖ ਦਿਆਂਗਾ।

ਉਪ ਮੁੱਖ ਮੰਤਰੀ : ਤੁਸੀਂ ਚਿੱਠੀ ਲੈ ਕੇ ਆਉ, ਜਿੱਥੇ ਉਨ੍ਹਾਂ ਨੇ ਲਿਖਿਆ ਹੈ ਕਿ ਤੁਹਾਡਾ 1600 ਮੈਗਾਵਾਟ ਦਾ ਪ੍ਰਾਜੈਕਟ ਪਾਸ ਕਰ ਦਿੱਤਾ ਹੈ।

ਸ਼੍ਰੀ ਅਸ਼ਵਨੀ ਸੇਖੜੀ : ਉਨ੍ਹਾਂ ਨੇ ਪਾਸ ਕਰ ਦਿੱਤਾ ਪਰ ਲੈਂਡ ਪੰਜਾਬ ਸਰਕਾਰ ਦੇਵੇਗੀ।

ਉਪ ਮੁੱਖ ਮੰਤਰੀ : ਪ੍ਰਾਜੈਕਟ ਲਗਾਵੇਗਾ ਕੌਣ?

ਸ਼੍ਰੀ ਅਸ਼ਵਨੀ ਸੇਖੜੀ : ਬੀ.ਐਚ.ਈ.ਐਲ.।

ਉਪ ਮੁੱਖ ਮੰਤਰੀ : ਮੈਂ ਤੁਹਾਨੂੰ ਇੱਕ ਗੱਲ ਦੱਸਾਂ ਕਿ ਅਸੀਂ ਬੀ.ਐਚ.ਈ.ਐਲ. ਅਤੇ ਸਾਰਿਆਂ ਬਾਰੇ ਦੱਸਣਾ ਚਾਹੁੰਦੇ ਹਾਂ, ਬਠਿੰਡਾ ਨੇੜੇ 2000 ਏਕੜ ਜ਼ਮੀਨ ਵੀ ਲਈ ਬੈਠੇ ਹਾਂ। ਪਿਛਲੇ 4 ਸਾਲਾਂ ਦੇ ਲੱਗੇ ਹਾਂ। (ਵਿਘਨ) ਮੇਰੀ ਗੱਲ ਤਾਂ ਸੁਣ ਲਉ।

ਮਾਨਯੋਗ ਸਭਾਪਤੀ : ਸੇਖੜੀ ਸਾਹਿਬ, ਤੁਸੀਂ ਬੈਠੋ, ਇੱਕ ਮਿੰਟ ਗੱਲ ਸੁਣ ਲਉ।

ਉਪ ਮੁੱਖ ਮੰਤਰੀ : ਜੇ ਗੇਮ ਖੇਡਣੀ ਹੈ ਤਾਂ ਕੋਈ ਫਾਇਦਾ ਨਹੀਂ। (ਵਿਘਨ) ਸਭਾਪਤੀ ਜੀ, ਇੱਕ ਗੱਲ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਦੋ ਪ੍ਰਾਜੈਕਟ ਜ਼ਰੂਰ ਇਹ ਲੈ ਕੇ ਆਏ ਹਨ ਇੱਕ ਤਾਂ ਜਲਾਲਾਬਾਦ ਵਾਸਤੇ 12 ਕਰੋੜ ਰੁਪਿਆ ਅਤੇ ਇੱਕ ਬਟਾਲੇ ਵਾਸਤੇ। Unfortunately, ਕੀ ਹੋਇਆ, ਮੈਂ ਪਤਾ ਕਰਵਾਇਆ ਸੀ ਕਿ ਪੈਸਾ ਇਕੱਲਾ ਜਲਾਲਾਬਾਦ ਵਾਸਤੇ ਆ ਗਿਆ ਅਤੇ ਤੁਹਾਡਾ ਆਇਆ ਨਹੀਂ ਸੀ। (ਹਾਸਾ)

ਸ਼੍ਰੀ ਅਸ਼ਵਨੀ ਸੇਖੜੀ : ਡਿਪਟੀ ਸੀ.ਐਮ. ਸਾਹਿਬ, ਹੁਣ ਫੇਰ ਹਾਊਸ ਨੂੰ ਸਹੀ ਨਹੀਂ ਦੱਸ ਰਹੇ । ਮੇਰੇ ਕੋਲ ਗੌਰਮਿੰਟ ਆਫ ਇੰਡੀਆ ਦੀ ਚਿੱਠੀ ਹੈ, ਤੁਸੀਂ ਕੀ ਗੱਲ ਕਰਦੇ ਹੋ? (ਵਿਘਨ)

ਮਾਨਯੋਗ ਸਭਾਪਤੀ : ਤੁਸੀਂ ਸਮ ਅੱਪ ਕਰੋ ਜੀ ਹੁਣ।

ਸ਼੍ਰੀ ਅਸ਼ਵਨੀ ਸੇਖੜੀ : ਸਾਢੇ 3 ਕਰੋੜ ਰੁਪਏ ਬਟਾਲੇ ਲਈ ਅਤੇ ਸਾਢੇ 3 ਕਰੋੜ ਜਲਾਲਾਬਾਦ ਲਈ, ਗੌਰਮਿੰਟ ਆਫ ਇੰਡੀਆ ਦੀ ਚਿੱਠੀ ਵਿੱਚ ਲਿਖਿਆ ਹੈ।

ਮਾਨਯੋਗ ਸਭਾਪਤੀ : ਤੁਸੀਂ ਆਪਣੀ ਗੱਲ ਕਰੋ।

ਸ਼੍ਰੀ ਅਸ਼ਵਨੀ ਸੇਖੜੀ : ਰਾਜੀਵ ਗਾਂਧੀ ਆਵਾਸ ਯੋਜਨਾ ਹਿੰਦੁਸਤਾਨ ਦੇ 67 ਸ਼ਹਿਰਾਂ ਵਿੱਚ ਗਰੀਬਾਂ ਦੇ ਘਰ ਪੱਕੇ ਕਰਨ ਲਈ ਸੀ, ਸਾਰੇ ਵੱਡੇ ਸ਼ਹਿਰ ਉਸ ਵਿੱਚ ਆਉਂਦੇ ਸਨ। ਅਸੀਂ ਜਲਾਲਾਬਾਦ ਅਤੇ ਬਟਾਲਾ ਪੰਜਾਬ ਦੇ ਦੋ ਛੋਟੇ ਸ਼ਹਿਰ ਉਸ ਵਿੱਚ ਇਨਕਲੂਡ ਕਰਵਾਏ। ਹੋਰ ਸਭ ਜਗ੍ਹਾ ਤੇ ਕੰਮ ਚੱਲ ਰਿਹਾ ਹੈ, ਮੇਰੇ ਸ਼ਹਿਰ ਵਿੱਚ ਕੰਮ ਨਹੀਂ ਚੱਲ ਰਿਹਾ। ਇਹ ਸਾਰੇ ਕੰਮ ਅਸੀਂ ਆਪ ਕਰਵਾਉਂਦੇ ਹਾਂ, ਪੰਜਾਬ ਸਰਕਾਰ ਪਤਾ ਨਹੀਂ ਕਿਉਂ ਨਹੀਂ ਕਰਦੀ?

ਸ਼੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

ਮਾਨਯੋਗ ਸਭਾਪਤੀ : ਕਾਲੀਆ ਜੀ, ਸਮਾਪਤੀ ਕਰਨ ਦਿਉ ਜੀ। ਬੁਲਾਰੇ ਬਹੁਤ ਹਨ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਚੇਅਰਮੈਨ ਸਾਹਿਬ, ਮੇਰੇ ਦੋਸਤ ਅਸ਼ਵਨੀ ਸੇਖੜੀ ਜੀ ਬਹੁਤ ਸੂਝਵਾਨ ਹਨ। ਇਹ ਸਾਰੇ ਜਿੰਨੇ ਵੀ ਪ੍ਰਾਜੈਕਟ ਹਨ, ਜਦੋਂ ਪੰਜ ਸਾਲ ਇਨ੍ਹਾਂ ਦੀ ਸਰਕਾਰ ਸੀ, ਇਹ ਖੁਦ ਵੀ ਮੰਤਰੀ ਸਨ, ਉਦੋਂ ਸੈਂਕਸ਼ਨ ਨਹੀਂ ਹੋਏ ਅਤੇ ਜਦੋਂ ਵਿਪਕਸ਼ ਵਿੱਚ ਬੈਠੇ ਤਾਂ ਫਟਾਫਟ ਹੋਣੇ ਸ਼ੁਰੂ ਹੋ ਗਏ।

ਮਾਨਯੋਗ ਸਭਾਪਤੀ : ਠੀਕ ਹੈ, ਕਾਲੀਆ ਜੀ।

ਸ਼੍ਰੀ ਅਸ਼ਵਨੀ ਸੇਖੜੀ : ਮੈਂ ਇੱਕ ਗੱਲ ਦੀ ਜ਼ਰੂਰ ਤਾਰੀਫ ਕਰਦਾ ਹਾਂ। ਸਰਕਾਰ ਸਾਡੇ ਬਟਾਲੇ ਵਰਗੇ ਸ਼ਹਿਰ ਜਿਹੜੇ ਕਿ ਬਾਰਡਰ ਤੇ ਹਨ, ਦੂਰ-ਦੁਰਾਡੇ ਹਨ, ਉਨ੍ਹਾਂ ਦਾ ਧਿਆਨ ਨਹੀਂ ਕਰਦੀ ਪਰ ਮੈਂ ਡਿਪਟੀ ਸੀ.ਐਮ. ਸਾਹਿਬ ਦੀ ਪਰੇਜ਼ ਜ਼ਰੂਰ ਕਰਦਾ ਹਾਂ ਕਿ ਪੰਜਾਬ ਵਿੱਚ ਕਬੱਡੀ ਦੀ ਖੇਡ ਲਿਆ ਕੇ ਇਨ੍ਹਾਂ ਨੇ ਬਹੁਤ ਚੰਗਾ ਕੰਮ ਕੀਤਾ ਹੈ। ਇਨ੍ਹਾਂ ਨੇ ਨੌਜਵਾਨਾਂ ਨੂੰ ਕਿਸੇ ਬੰਨੇ ਲਾਇਆ ਹੈ ਪਰ ਫਾਇਨਾਂਸ ਮਨਿਸਟਰ ਸਾਹਿਬ ਕੀ ਕਰ ਰਹੇ ਹਨ। ਜਿਹੜਾ ਸਪੋਰਟਸ ਦਾ

[ਸ਼੍ਰੀ ਅਸ਼ਵਨੀ ਸੇਖੜੀ]

ਮਹਿਕਮਾ ਹੈ, ਉਸ ਨੂੰ ਸਿਰਫ 33 ਕਰੋੜ ਰੁਪਏ ਦੇ ਰਹੇ ਹਨ। ਇਨ੍ਹਾਂ ਨੇ ਨੌਜਵਾਨਾਂ ਲਈ ਅਨੁਮਾਨਤ ਖ਼ਰਚਾ 33 ਕਰੋੜ ਰੁਪਿਆ ਰੱਖਿਆ ਹੈ।

ਮਾਲ ਤੇ ਮੁੜ ਵਸੇਬਾ ਮੰਤਰੀ : ਚੇਅਰਮੈਨ ਸਾਹਿਬ, ਸੇਖੜੀ ਸਾਹਿਬ ਬੜੇ ਸਤਿਕਾਰਯੋਗ ਹਨ, ਇਹ ਇਹ ਵੀ ਦੱਸਣ ਕਿ ਸਾਲ 2002-2007 ਵਿੱਚ ਸਪੋਰਟਸ ਦੇ ਖੇਤਰ ਵਿੱਚ ਕੀ ਐਲੋਕੇਸ਼ਨ ਸੀ, ਉਹ ਵੀ ਦੱਸ ਦੇਣ।

ਸ਼੍ਰੀ ਅਸ਼ਵਨੀ ਸੇਖੜੀ : ਅਗਰ ਚੇਅਰਮੈਨ ਸਾਹਿਬ ਟਾਈਮ ਦੇਣ, ਉਹ ਵੀ ਡਿਸਕਸ ਕਰ ਲੈਂਦੇ ਹਾਂ।

ਮਾਲ ਤੇ ਮੁੜ ਵਸੇਬਾ ਮੰਤਰੀ : ਇਹ ਜਦੋਂ ਇਨ੍ਹਾਂ ਕੁਰਸੀਆਂ ਤੇ ਬਹਿੰਦੇ ਸੀ ਤਾਂ ਉਦੋਂ ਕੀ ਐਲੋਕੇਸ਼ਨ ਹੁੰਦੀ ਸੀ, ਉਹ ਵੀ ਦੱਸ ਦੇਣ।(ਵਿਘਨ)

ਮਾਨਯੋਗ ਸਭਾਪਤੀ : ਸੇਖੜੀ ਜੀ, ਹੁਣ ਸਮਾਪਤੀ ਕਰੋ।

ਸ਼੍ਰੀ ਅਸ਼ਵਨੀ ਸੇਖੜੀ : ਸਾਲ 2014-15 ਲਈ ਖੇਡਾਂ ਲਈ ਅਨੁਮਾਨਤ ਖ਼ਰਚ 33 ਕਰੋੜ ਰੁਪਿਆ ਰੱਖਿਆ ਗਿਆ ਹੈ। ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਨੌਜਵਾਨ ਬੱਚੇ ਸਾਡੇ ਸਾਰਿਆਂ ਦੇ ਬੱਚੇ ਹਨ, ਉਨ੍ਹਾਂ ਲਈ ਘੱਟੋ-ਘੱਟ 100-200 ਕਰੋੜ ਰੁਪਿਆ ਰੱਖੋ। ਇੱਕ ਕੰਮ ਤਾਂ ਚੰਗਾ ਹੋਵੇ ਕਿ ਨੌਜਵਾਨ ਖੇਡਾਂ ਵੱਲ ਲੱਗਣ। ਗ੍ਰਹਿ ਮੰਤਰਾਲਾ ਵੀ ਡਿਪਟੀ ਸੀ.ਐਮ. ਸਾਹਿਬ ਕੋਲ ਹੈ। ਇਹ ਬੜੀ ਅਜੀਬ ਗੱਲ ਹੈ ਕਿ ਪੂਰੇ ਪੰਜਾਬ ਵਿੱਚ ਲਾਅ ਐਂਡ ਆਰਡਰ ਇਨ੍ਹਾਂ ਨੇ ਠੀਕ ਕਰਨਾ ਹੈ। ਇਨ੍ਹਾਂ ਨੇ ਸਾਲ 2014-15 ਲਈ ਗ੍ਰਹਿ ਮੰਤਰਾਲੇ ਲਈ ਸਿਰਫ 293.67 ਕਰੋੜ ਰੁਪਏ ਰੱਖੇ ਹਨ। ਸਾਡੇ ਡਿਪਟੀ ਸੀ.ਐਮ. ਸਾਹਿਬ ਨੇ ਇੱਥੇ ਕਿਹਾ ਹੈ ਮੈਂ ਨਿਊਯਾਰਕ ਦੀ ਤਰਜ਼ ਤੇ ਨਿਊਯਾਰਕ ਸਕਿਓਰਟੀ ਸਿਸਟਮ ਲੁਧਿਆਣਾ ਤੇ ਅੰਮ੍ਰਿਤਸਰ ਵਿੱਚ ਕਰਨਾ ਚਾਹੁੰਦਾ ਹਾਂ। ਮੈਨੂੰ ਇਹ ਸਮਝ ਨਹੀਂ ਲਗਦੀ ਕਿ ਸਿਰਫ 293 ਕਰੋੜ ਨਾਲ ਇਹ ਇਸ ਕੰਮ ਨੂੰ ਕਿਸ ਤਰ੍ਹਾਂ ਪੂਰਾ ਕਰਨਗੇ?

ਮਾਨਯੋਗ ਸਭਾਪਤੀ : ਸੇਖੜੀ ਸਾਹਿਬ, ਜਲਦੀ ਸਮਅੱਪ ਕਰੋ ਜੀ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਮੈਂ ਦੋ ਕੁ ਮਿੰਟ ਲੈਣੇ ਹਨ।

ਮਾਨਯੋਗ ਸਭਾਪਤੀ : ਇੱਕ ਮਿੰਟ ਵਿੱਚ ਖਤਮ ਕਰੋ ਕਿਉਂਜੋ ਬੁਲਾਰੇ ਬਹੁਤ

ਹਨ ਅਤੇ ਸਮਾਂ ਬਹੁਤ ਘੱਟ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਮੈਂ ਇਸ ਹਾਊਸ ਵਿੱਚ ਆਪਣਾ ਇੱਕ ਮੁੱਦਾ ਰੱਖਣਾ ਚਾਹੁੰਦਾ ਹਾਂ ਜੋ ਕਿ ਬਟਾਲੇ ਨਾਲ ਸਬੰਧਿਤ ਹੈ। ਇਸ ਲਈ ਮੈਨੂੰ 2-4 ਮਿੰਟ ਲੱਗਣਗੇ। ਬਟਾਲਾ ਸ਼ਹਿਰ ਪੰਜਾਬ ਦੇ ਸਾਰੇ ਸ਼ਹਿਰਾਂ ਨਾਲੋਂ ਪੁਰਾਤਨ ਸ਼ਹਿਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਜਿਹੜੇ ਸਾਡੇ ਸਿੱਖ ਧਰਮ ਦੇ ਬਾਨੀ ਹਨ ਅਤੇ ਉਨ੍ਹਾਂ ਨੇ ਇੱਕ ਨਵਾਂ ਧਰਮ ਦਿੱਤਾ ਹੈ। ਮਿਤੀ 12 ਸਤੰਬਰ, 1487 ਨੂੰ ਉਨ੍ਹਾਂ ਦੀ ਸ਼ਾਦੀ ਮਾਤਾ ਸੁਲੱਖਣੀ ਜੀ ਨਾਲ ਹੋਈ ਜਿਹੜੇ ਕਿ ਸਾਡੇ ਬਟਾਲਾ ਵਿੱਚ ਖੱਤਰੀ ਪਰਿਵਾਰ ਨਾਲ ਸਬੰਧਿਤ ਸਨ। ਉਥੇ ਬਾਬਾ ਜੀ ਦਾ ਵਿਆਹ ਪੁਰਬ ਹਰ ਸਾਲ ਮਨਾਇਆ ਜਾਂਦਾ ਹੈ। ਜਿਥੇ ਸਾਡੇ ਧਰਮ ਦੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਥੇ ਉਹ ਮਹਾਨ ਦੇਵੀ ਮਾਤਾ ਸੁਲੱਖਣੀ ਜੀ ਸਾਡੇ ਸਾਰੇ ਪੰਜਾਬੀਆਂ ਦੇ ਮਾਤਾ ਜੀ ਹਨ, ਅੱਜ ਮੈਂ ਇਸ ਅਜ਼ੀਮ ਹਾਊਸ ਵਿੱਚ ਮੰਗ ਰੱਖਦਾ ਹਾਂ ਕਿ ਬਟਾਲਾ ਸ਼ਹਿਰ ਦਾ ਨਾਂ ਬਦਲ ਕੇ 'ਮਾਤਾ ਸੁਲੱਖਣੀ ਨਗਰ, ਬਟਾਲਾ' ਰੱਖਿਆ ਜਾਵੇ ਤਾਂ ਕਿ ਉਸ ਦੇਵੀ ਨੂੰ ਸਮਾਜ ਦੇ ਸਾਰੇ ਲੋਕ ਅਤੇ ਸਾਰੀ ਦੁਨੀਆਂ ਦੇ ਲੋਕ ਯਾਦ ਰੱਖਣ ਅਤੇ ਉਸ ਸ਼ਹਿਰ ਦੀ ਆਈਡੈਂਟਟੀ ਉਸ ਮਹਾਨ ਦੇਵੀ ਦੇ ਨਾਂ ਤੇ ਹੋਵੇ। ਇਸ ਵਿੱਚ ਤਾਂ ਸਰਕਾਰ ਦਾ ਕੋਈ ਪੈਸਾ ਵੀ ਨਹੀਂ ਲੱਗਣਾ।

ਮਾਲ ਤੇ ਮੁੜ ਵਸੇਬਾ ਮੰਤਰੀ : ਸਰ, ਮੈਂ ਇਸ ਦੀ ਪੂਰੀ ਪ੍ਰੋੜ੍ਹਤਾ ਕਰਦਾ ਹਾਂ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਹੁਣ ਤਾਂ ਦੋਵਾਂ ਪਾਸਿਆਂ ਤੋਂ ਹਾਂ ਹੋ ਗਈ ਹੈ। ਡਿਪਟੀ ਸੀ.ਐਮ. ਸਾਹਿਬ ਵੀ ਮਿਹਰਬਾਨੀ ਕਰ ਦੇਣ। ਪੈਸਾ ਤਾਂ ਤੁਸੀਂ ਬਟਾਲੇ ਸ਼ਹਿਰ ਨੂੰ ਕੁਝ ਦੇਣਾ ਨਹੀਂ। ਇਹ ਕੰਮ ਹੀ ਕਰ ਦਿਉ। I am personally obliged. ਮਾਤਾ ਸੁਲੱਖਣੀ ਦੇਵੀ ਜਿਨ੍ਹਾਂ ਦੀ ਸ਼ਾਦੀ ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਰਮ ਦੇ ਬਾਨੀ ਨਾਲ ਹੋਈ ਸੀ, ਦੇ ਨਾਂ ਤੇ ਬਟਾਲੇ ਸ਼ਹਿਰ ਦਾ ਨਾਂ ਰੱਖਿਆ ਜਾਵੇ।

ਉਪ ਮੁੱਖ ਮੰਤਰੀ : ਬਹੁਤ ਵਧੀਆ ਸੁਝਾਉ ਹੈ। ਇਸ ਨੂੰ ਅਸੀਂ ਜ਼ਰੂਰ ਕਰਾਂਗੇ।

ਮਾਲ ਤੇ ਮੁੜ ਵਸੇਬਾ ਮੰਤਰੀ : ਸੇਖੜੀ ਸਾਹਿਬ, ਉਥੇ ਗੁਰਦੁਆਰਾ ਸਾਹਿਬ ਦੇ ਨੇੜੇ ਹੱਡਾਰੋੜੀ ਦੀ ਪ੍ਰਾਬਲਮ ਹੈ। ਉਸ ਨੂੰ ਜ਼ਰੂਰ ਦੂਰ ਕਰਵਾ ਲੈਣਾ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਚੰਗੇ ਕੰਮ ਵਿੱਚ ਅਸੀਂ ਤੁਹਾਡੇ ਨਾਲ ਹਾਂ। ਚੰਗੇ ਕੰਮ ਪੰਜਾਬ ਦੇ ਲੋਕਾਂ ਲਈ ਬਿਹਤਰ ਹਨ। ਇਸ ਲਈ ਮੈਂ ਡਿਪਟੀ ਸੀ.ਐਮ. ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਟਾਲਾ ਸ਼ਹਿਰ ਦਾ ਨਾਂ ਬਦਲ ਕੇ ਮਾਤਾ ਸੁਲੱਖਣੀ ਨਗਰ-ਬਟਾਲਾ ਰੱਖਣ ਦਾ ਭਰੋਸਾ ਦਿੱਤਾ ਹੈ ਅਤੇ ਨਾਲ ਹੀ ਮੈਂ ਇਸ ਬਜਟ ਨੂੰ ਅਪੋਜ਼ ਕਰਦਾ ਹਾਂ। ਧੰਨਵਾਦ।

ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ (ਸ਼੍ਰੀ ਐਨ.ਕੇ.ਸ਼ਰਮਾ): ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬਜਟ ਅਗਾਂਹਵਧੂ ਬਜਟ ਹੈ। ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਗਤੀਸ਼ੀਲ ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਜਿਹੜੀ ਸਾਂਝੀ ਸਰਕਾਰ ਹੈ ਅਤੇ ਬਹੁਤ ਹੀ ਕਾਬਲ ਵਿੱਤ ਮੰਤਰੀ ਸਰਦਾਰ ਢੀਂਡਸਾ ਸਾਹਿਬ ਦੀ ਦੂਰਅੰਦੇਸ਼ੀ ਸਦਕਾ ਅੱਜ ਪੰਜਾਬ ਉੱਨਤੀ ਦੀਆਂ ਲੀਹਾਂ ਤੇ ਹੈ। ਮੈਂ ਸਮਝਦਾ ਹਾਂ ਕਿ ਇਸ ਤੋਂ ਵਧੀਆ ਬਜਟ ਕੋਈ ਹੋ ਨਹੀਂ ਸਕਦਾ। ਮੈਨੂੰ ਤਾਂ ਆਸ ਸੀ ਕਿ ਸਾਡੇ ਵਿਰੋਧੀ ਇਸ ਦੀ ਤਾਰੀਫ ਕਰਨਗੇ ਪਰ ਉਨ੍ਹਾਂ ਨੇ ਪੰਜਾਬ ਲੁੱਟਿਆ ਗਿਆ, ਉੱਜੜ ਗਿਆ ਅਤੇ ਕਰਜ਼ਾਈ ਹੋ ਗਿਆ, ਇਸ ਤੋਂ ਇਲਾਵਾ ਕੋਈ ਸ਼ਬਦ ਨਹੀਂ ਵਰਤਿਆ। ਸਾਡੇ ਵਿਰੋਧੀਆਂ ਨੇ ਵਾਰ ਵਾਰ ਕਰਜ਼ੇ ਦੀ ਗੱਲ ਕੀਤੀ ਹੈ। ਇਨ੍ਹਾਂ ਦੀ ਸਰਕਾਰ ਸਮੇਂ ਜੀ.ਐਸ.ਡੀ.ਪੀ. ਦਾ ਕਰਜ਼ਾ 46% ਸੀ। ਇਨ੍ਹਾਂ ਨੇ ਇਹ ਤਰੀਕਾ ਅਪਨਾਇਆ ਕਿ ਪੂਰੇ ਪੰਜਾਬ ਵਿੱਚ ਕਰਮਚਾਰੀਆਂ ਦੀ ਭਰਤੀ ਬੰਦ ਕੀਤੀ, ਕਿਸਾਨਾਂ ਦੀ ਬਿਜਲੀ ਬੰਦ ਕੀਤੀ ਅਤੇ ਗਰਮੀਆਂ ਵਿੱਚ ਸ਼ਾਮ ਨੂੰ 6.00 ਵਜੇ ਸੁੰਨਸਾਨ ਹੋ ਜਾਂਦਾ ਸੀ। ਲਾਈਟਾਂ ਬੰਦ ਕੀਤੀਆਂ ਯਾਨੀ ਕਿ ਟੋਟਲੀ ਪੰਜਾਬ ਵਿੱਚ ਡਿਵੈਲਪਮੈਂਟ ਬੰਦ ਹੀ ਕਰ ਦਿੱਤੀ। ਇਨ੍ਹਾਂ ਨੇ most inefficient government ਦਿੱਤੀ ਅਤੇ ਉਸ ਦੇ ਨਤੀਜੇ ਅਸੀਂ ਅੱਜ ਤੱਕ ਭੁਗਤ ਰਹੇ ਹਾਂ।

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ : ਮੈਂ ਤਾਂ ਤੁਹਾਨੂੰ ਰੋਕਿਆ ਨਹੀਂ ਸੀ।

ਮਾਨਯੋਗ ਸਭਾਪਤੀ : ਸ਼ਰਮਾ ਜੀ, ਜ਼ਰਾ ਸਿੱਧੂ ਸਾਹਿਬ ਦਾ ਪੁਆਇੰਟ

ਆਫ ਆਰਡਰ ਸੁਣ ਲਈਏ।

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਮੇਰਾ ਵੀਰ ਬਿਜਲੀ ਦੀਆਂ ਗੱਲਾਂ ਕਰ ਰਿਹਾ ਹੈ । ਰੋਜ਼ ਬਿਜਲੀ ਵਾਸਤੇ ਜ਼ੀਰਕਪੁਰ ਵਿੱਚ ਧਰਨੇ ਲੱਗ ਰਹੇ ਹਨ । ਲੋਕਾਂ ਨੂੰ ਬਿਜਲੀ ਨਹੀਂ ਮਿਲ ਰਹੀ । (ਵਿਘਨ) ਪਿੰਡਾਂ ਵਿੱਚ ਲੋਕਾਂ ਨੂੰ ਬਿਜਲੀ-ਪਾਣੀ ਨਹੀਂ ਮਿਲ ਰਿਹਾ । (ਵਿਘਨ) (ਸ਼ੋਰ)

ਮਾਨਯੋਗ ਸਭਾਪਤੀ : ਤੁਹਾਡਾ ਪੁਆਇੰਟ ਆ ਗਿਆ ਹੈ। ਹਾਂ ਜੀ, ਸ਼ਰਮਾ ਜੀ ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਚੇਅਰਮੈਨ ਸਾਹਿਬ, 46% ਤੋਂ ਘਟਾ ਕੇ ਸੱਤ ਸਾਲਾਂ ਵਿੱਚ 31% ਤੇ ਲੈ ਕੇ ਆਏ । ਇਸ ਤਰ੍ਹਾਂ 15% ਜੀ. ਐਸ. ਡੀ. ਪੀ. ਦਾ ਕਰਜ਼ਾ ਘਟਿਆ ਹੈ । ਮੈਂ ਕਹਿ ਸਕਦਾ ਹਾਂ ਕਿ ਆਉਣ ਵਾਲੇ ਅੱਠ ਸਾਲਾਂ ਵਿੱਚ ਹਿੰਦੁਸਤਾਨ ਵਿੱਚ ਅਸੀਂ ਗਰੋਥ ਵਿੱਚ ਨੰਬਰ ਇੱਕ ਤੇ ਹੋਵਾਂਗੇ। ਇਹ ਸਾਡੀ ਸਰਕਾਰ ਦੀ ਦੇਣ ਹੈ ਔਰ ਹੁਣੇ ਮੇਰੇ ਤੋਂ ਪਹਿਲਾਂ ਸਾਡੇ ਬਹੁਤ ਹੀ ਕਾਬਲ ਸਾਥੀ ਐਸ.ਸੀ. ਵਰਗ ਵਾਸਤੇ ਬਜਟ ਦੀ ਗੱਲ ਕਰ ਰਹੇ ਸੀ । ਮੈਂ ਤੁਹਾਨੂੰ ਸਾਲ 2007-08 ਦੀ ਫਿਗਰ ਦੱਸਾਂ, ਮੈਂ ਕਹਿ ਸਕਦਾ ਹਾਂ ਕਿ ਸਾਡੇ ਸਾਹਮਣੇ ਬੈਠੇ ਵੀਰ ਸ਼ਰਮਸਾਰ ਹੋਣਗੇ । ਸਾਲ 2006-07 ਵਿੱਚ ਐਸ.ਸੀਜ਼/ ਬੀ.ਸੀਜ਼ ਵਾਸਤੇ ਜਿਹੜਾ ਕਾਂਗਰਸ ਦਾ ਬਜਟ ਸੀ, ਉਸ ਤੇ ਇਕੱਲੇ 58 ਕਰੋੜ ਰੁਪਏ ਕਾਗਜ਼ਾਂ ਵਿੱਚ ਰੱਖੇ ਗਏ ਸਨ । ਸਾਡੀ ਸਰਕਾਰ ਨੇ 949 ਕਰੋੜ ਰੁਪਏ ਭਾਵ ਕਿ ਉਸ ਵਿੱਚ ਤਕਰੀਬਨ ਵੀਹ ਗੁਣਾਂ ਵਾਧਾ ਕੀਤਾ ਗਿਆ ਹੈ। ਇਹ ਆਪਣੇ ਆਪ ਨੂੰ ਐਸ.ਸੀਜ਼/ਬੀ.ਸੀਜ਼ ਦੇ ਮਸੀਹਾ ਦੱਸ ਰਹੇ ਹਨ । ਫਿਗਰਾਂ ਮੇਰੇ ਕੋਲ ਹਨ । ਐਗਰੀਕਲਚਰ ਦੀ ਮੇਰੇ ਕੋਲ ਫਿਗਰ ਹੈ ।

ਸਰਦਾਰ ਲਾਲ ਸਿੰਘ (ਬੈਠੇ-ਬੈਠੇ): ਸਾਲ 2007 ਵਿੱਚ ਤਾਂ ਤੁਹਾਡੀ ਆਪਣੀ ਸਰਕਾਰ ਸੀ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਮੈਂ ਸਾਲ 2006-07 ਦੀ ਗੱਲ ਕਰ ਰਿਹਾ ਹਾਂ ਜੀ, ਸਾਲ 2006-07 ਵਿੱਚ 58 ਕਰੋੜ ਤੇ ਸਾਲ 2014-15 ਵਿੱਚ 949 ਕਰੋੜ ਰੁਪਏ ਰੱਖੇ ਗਏ ਹਨ। ਮੈਂ ਫਿਰ ਐਗਰੀਕਲਚਰ ਦੀ ਗੱਲ ਕਰਦਾ ਹਾਂ । ਇਹ ਆਪਣੇ ਆਪ ਨੂੰ ਕਿਸਾਨਾਂ ਦੇ ਮਸੀਹਾ ਕਹਿੰਦੇ ਹਨ ਅਤੇ ਵੱਡੀਆਂ ਵੱਡੀਆ ਗੱਲਾਂ ਕਰਦੇ ਹਨ । ਐਗਰੀਕਲਚਰ ਵਿੱਚ ਸਾਲ 2006 ਵਿੱਚ ਇਨ੍ਹਾਂ ਦਾ ਬਜਟ 662 ਕਰੋੜ ਰੁਪਿਆ ਸੀ ਔਰ ਸਾਡੀ ਸਰਕਾਰ ਨੇ

[ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ]

6539 ਕਰੋੜ ਰੁਪਏ ਰੱਖੇ ਹਨ । ਅਸੀਂ ਕਿਸਾਨਾਂ ਨੂੰ ਫਰੀ ਬਿਜਲੀ ਵੀ ਦਿੱਤੀ ਹੈ ਔਰ ਸਭ ਤੋਂ ਵੱਡੀ ਗੱਲ, ਸਾਡੇ ਵੱਡੇ ਭਰਾ ਹੁਣੇ ਬੋਲ ਰਹੇ ਸੀ, ਕਾਂਗਰਸ ਦੀ ਸਰਕਾਰ ਸਮੇਂ ਸਾਡੇ ਹਲਕੇ ਵਿੱਚ ਘੱਟ ਤੋਂ ਘੱਟ ਮੁਹਾਲੀ ਜ਼ਿਲ੍ਹੇ ਵਿੱਚ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਸਾਨਾਂ ਨੂੰ ਬੁਰੀ ਤਰ੍ਹਾਂ ਲੁਟਿਆ, ਜ਼ਮੀਨਾਂ ਐਕੁਆਇਰ ਹੋਈਆਂ ਤੇ ਕੀਮਤ ਕਿੰਨੀ ਦਿੱਤੀ? ਸਿਰਫ ਅੱਠ ਲੱਖ ਰੁਪਏ ਪ੍ਰਤੀ ਕਿੱਲਾ। (ਵਿਘਨ) (ਸ਼ੋਰ) ਔਰ ਸਚਾਈ ਸੁਣ ਲਓ । (ਵਿਘਨ) (ਸ਼ੋਰ)

ਮਾਨਯੋਗ ਸਭਾਪਤੀ : ਸਿੱਧੂ ਜੀ, ਬੈਠੋ, ਪਲੀਜ਼ ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਚਾਰ ਸਾਲ ਕਿਸਾਨ ਸੜਕ ਤੇ ਧਰਨਾ ਲਗਾ ਕੇ ਬੈਠੇ ਰਹੇ । ਇਨ੍ਹਾਂ ਨੇ ਇੱਕ ਰੁਪਿਆ ਨਹੀਂ ਦਿੱਤਾ । ਸਾਡੀ ਸਰਕਾਰ ਆਈ । ਅਸੀਂ ਲੈਂਡ ਪੂਲਿੰਗ ਸਕੀਮ ਵੀ ਦਿੱਤੀ ਔਰ ਜ਼ਿਮੀਂਦਾਰ ਨੂੰ ਮਾਰਕੀਟ ਕੀਮਤ ਦਿੱਤੀ । ਪੂਰੇ ਹਿੰਦੁਸਤਾਨ ਵਿੱਚ ਸਭ ਤੋਂ ਵੱਧ ਜੇ ਐਕੁਜ਼ੀਸ਼ਨ ਕਾਸਟ ਹੈ ਤਾਂ ਉਹ ਸਾਡੀ ਸਰਕਾਰ ਨੇ ਦਿੱਤੀ ਹੈ । ਦੋ-ਦੋ ਕਰੋੜ ਰੁਪਏ ਦੀ ਮੁਹਾਲੀ ਵਿੱਚ ਕੰਪਨਸੇਸ਼ਨ ਵੀ ਦਿੱਤੀ ਗਈ ਔਰ ਜਿਸ ਦੇ ਨਤੀਜੇ ਤੁਹਾਡੇ ਸਾਹਮਣੇ ਹਨ । 6000 ਏਕੜ ਜ਼ਮੀਨ ਮੁਹਾਲੀ ਵਿੱਚ ਐਕੁਆਇਰ ਕੀਤੀ ਗਈ । ਇੱਕ ਵੀ ਕੇਸ ਕੋਰਟ ਵਿੱਚ ਨਹੀਂ ਗਿਆ । ਇਹ ਬੈਠੇ ਗੱਲਾਂ ਕਰ ਰਹੇ ਹਨ । ਮੁਹਾਲੀ ਦੀ ਡਿਵੈਲਪਮੈਂਟ ਤੇ 2400 ਕਰੋੜ ਰੁਪਿਆ ਸਿਰਫ ਤਿੰਨ ਸਾਲਾਂ ਵਿੱਚ ਖਰਚ ਹੋਇਆ ਹੈ । ਅੱਜ ਇਨ੍ਹਾਂ ਨੂੰ ਬਲੌਂਗੀ ਰੋਡ ਨਜ਼ਰ ਨਹੀਂ ਆਉਂਦੀ ਜਿਸ ਤੇ 50 ਕਰੋੜ ਰੁਪਿਆ ਲੱਗਿਆ ਹੈ । ਅੱਜ ਇਨ੍ਹਾਂ ਨੂੰ ਰਾਧਾ ਸੁਆਮੀ ਸਤਸੰਗ ਭਵਨ ਵਾਲੀ ਰੋਡ ਨਹੀਂ ਨਜ਼ਰ ਆਉਂਦੀ । ਇਨ੍ਹਾਂ ਨੂੰ ਮੁਹਾਲੀ ਵਿੱਚ ਅੱਠ ਵੱਡੇ ਵੱਡੇ ਸਟੇਡੀਅਮ ਬਣੇ ਹੋਏ ਨਜ਼ਰ ਨਹੀਂ ਆਉਂਦੇ। ਇਨ੍ਹਾਂ ਨੂੰ ਨੇਚਰ ਪਾਰਕ ਮੁਹਾਲੀ ਵਿੱਚ ਬਣਿਆ ਹੋਇਆ ਨਜ਼ਰ ਨਹੀਂ ਆਉਂਦਾ ਅਤੇ ਇਨ੍ਹਾਂ ਨੂੰ ਮੁਹਾਲੀ ਦੇ ਐਂਟਰੀ ਪੁਆਇੰਟ ਨਜ਼ਰ ਨਹੀਂ ਆਉਂਦੇ। ਅੱਜ ਪੰਜਾਬ ਦਾ, ਹਿੰਦੁਸਤਾਨ ਦਾ ਸਭ ਤੋਂ ਵਧੀਆ ਸ਼ਹਿਰ ਮੁਹਾਲੀ ਬਣਿਆ ਹੈ ਤੇ ਉਹ ਮਾਨਯੋਗ ਡਿਪਟੀ ਸੀ. ਐਮ. ਸਾਹਿਬ ਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਸੀ.ਐਮ. ਸਾਹਿਬ ਦੀ ਦੇਣ ਹੈ । (ਥੰਪਿੰਗ) ਜਿੰਨੀ ਡਿਵੈਲਪਮੈਂਟ ਮੁਹਾਲੀ ਵਿੱਚ ਹੋਈ, ਉਸ ਦੇ ਚੰਗੇ ਰਿਜ਼ਲਟਸ ਇਹ ਵੀ ਆਏ ਕਿ ਅੱਜ ਇਨਫੋਸਿਸ ਵਰਗੀਆਂ ਕੰਪਨੀਆਂ ਮੁਹਾਲੀ ਵਿੱਚ ਆਈ. ਟੀ. ਸੈਂਟਰ ਖੋਲ੍ਹ

ਰਹੀਆਂ ਹਨ । ਇਨ੍ਹਾਂ ਦੋ ਸਾਲਾਂ ਵਿੱਚ ਵੀਹ-ਪੰਝੀ ਹਜ਼ਾਰ ਨੌਜਵਾਨਾਂ ਨੂੰ ਮੁਹਾਲੀ ਵਿੱਚ ਰੁਜ਼ਗਾਰ ਮਿਲਣਾ ਹੈ । ਇਹ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਵਿਜ਼ਨਰੀ ਸੋਚ ਦਾ ਨਤੀਜਾ ਹੈ । ਮੁਹਾਲੀ ਵਿੱਚ ਆਈ. ਟੀ. ਸਿਟੀ ਬਣਿਆ ਹੈ, ਮੁਹਾਲੀ ਵਿੱਚ ਮੈਡੀਸਿਟੀ ਬਣਿਆ ਹੈ । ਮੁਹਾਲੀ ਵਿੱਚ ਐਜੂਕੇਸ਼ਨ ਸਿਟੀ ਹੈ । ਮੁਹਾਲੀ ਵਿੱਚ ਇੰਡੀਅਨ ਸਕੂਲ ਆਫ ਬਿਜ਼ਨਸ ਆਇਆ ਹੈ । ਮੁਹਾਲੀ ਵਿੱਚ ਟਾਟਾ ਕੈਂਸਰ ਹਸਪਤਾਲ ਆਇਆ ਹੈ । ਮੁਹਾਲੀ ਵਿੱਚ ਹਾਕੀ ਸਟੇਡੀਅਮ ਬਣਿਆ । ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸਹਿਯੋਗ ਨਾਲ ਜ਼ੀਰਕਪੁਰ ਵਿੱਚ 150 ਕਰੋੜ ਰੁਪਏ ਦੀ ਲਾਗਤ ਨਾਲ ਵੱਡਾ ਸਟੇਡੀਅਮ ਬਣਾਇਆ ਜਾ ਰਿਹਾ ਹੈ ।ਜ਼ੀਰਕਪੁਰ ਦੀ ਡਿਵੈਲਪਮੈਂਟ ਵਿੱਚ ਜਿਥੇ ਪੰਜ ਸਾਲਾਂ (ਸਾਲ 2002-2007) ਵਿੱਚ 48 ਕਰੋੜ ਰੁਪਿਆ ਲੱਗਿਆ ਹੈ, ਉਹ 213 ਕਰੋੜ ਰੁਪਿਆ ਸਾਡੀ ਸਰਕਾਰ ਵਿੱਚ ਖਰਚ ਹੋਇਆ ਹੈ। ਖਰੜ ਵਿੱਚ ਮੇਰਾ ਖਿਆਲ ਹੈ ਕਿ 100 ਕਰੋੜ ਰੁਪਏ ਤੋਂ ਉਪਰ ਖਰਚ ਹੋਏ ਹਨ। ਕੁਰਾਲੀ ਵਿੱਚ ਸੀਵਰੇਜ ਪਿਆ ਹੈ। ਡੇਰਾਬੱਸੀ ਵਿੱਚ ਪਿਛਲੇ ਸਾਲ 70 ਕਰੋੜ ਰੁਪਏ ਖਰਚ ਹੋਏ ਹਨ।

ਮਾਨਯੋਗ ਸਭਾਪਤੀ : ਸ਼ਰਮਾ ਜੀ, ਸਮਾਪਤੀ ਕਰੋ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਲਾਲੜੂ ਵਿੱਚ 74 ਕਰੋੜ ਰੁਪਿਆ ਖਰਚ ਹੋਇਆ ਹੈ ਪਰ ਇਨ੍ਹਾਂ ਨੂੰ ਵਿਕਾਸ ਕਿਤੇ ਨਜ਼ਰ ਨਹੀਂ ਆਉਂਦਾ, ਪਤਾ ਨਹੀਂ ਕਿਹੜਾ ਫੋਬੀਆ ਹੋ ਗਿਆ? ਜਿਹੜੀ ਸਾਡੀ ਐਕਸਾਈਜ਼ ਵਿੱਚ ਆਮਦਨ ਹੈ, ਸਿੱਧੂ ਸਾਹਿਬ ਇੱਥੇ ਬੋਲ ਰਹੇ ਸੀ, ਲੀਕੇਜ ਜਿਹੜੀ ਸੀ, ਉਹ ਬੰਦ ਹੋ ਗਈ ਤਾਂ ਆਪਾਂ 4600 ਕਰੋੜ ਤੇ ਪਹੁੰਚੇ ਹਾਂ।

ਮਾਨਯੋਗ ਸਭਾਪਤੀ : ਸ਼ਰਮਾ ਜੀ, ਸਮਾਪਤੀ ਕਰੋ ਜੀ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਬੱਸ, ਇੱਕ ਮਿੰਟ ਹੀ ਲੈਣਾ ਹੈ। ਸਰਦਾਰ ਲਾਲ ਸਿੰਘ ਜੀ ਕਹਿ ਰਹੇ ਸੀ ਕਿ ਪੁੱਡਾ ਨੇ ਕਰਜ਼ਾ ਬੜਾ ਲੈ ਲਿਆ ਹੈ। ਇਨ੍ਹਾਂ ਦੇ ਟਾਈਮ ਕਿਸਾਨਾਂ ਨਾਲ ਧੋਖੇਬਾਜ਼ੀ ਹੁੰਦੀ ਰਹੀ। ਅਸਲ ਵਿੱਚ ਇਹ ਕਿਸਾਨਾਂ ਦੀ ਜ਼ਮੀਨ ਅਕਵਾਇਰ ਹੀ ਨਹੀਂ ਕਰ ਸਕੇ, ਜ਼ਿਮੀਂਦਾਰ ਕੋਰਟਾਂ ਵਿੱਚ ਬੈਠੇ ਰਹੇ। ਸਾਡੀ ਸਰਕਾਰ ਆਈ ਤਾਂ ਅਸੀਂ 6000 ਏਕੜ ਜ਼ਮੀਨ ਅਕਵਾਇਰ ਕੀਤੀ ਹੈ ਔਰ ਇੱਥੇ ਵਧੀਆ ਕੰਮ ਵਾਸਤੇ ਲਈ ਗਮਾਡਾ ਨੇ ਕਰਜ਼ਾ ਲਿਆ ਹੈ। ਮੈਂ ਕਹਿ ਸਕਦਾ ਹਾਂ ਕਿ ਸਾਡੇ ਸਮੇਂ ਦੌਰਾਨ ਐਸੇਟਸ

ਕਈ ਗੁਣਾਂ ਵਧੇ ਹਨ। ਬਿਜਲੀ ਦਾ ਜਿਹੜਾ ਇਹ ਰੌਲਾ ਪਾਉਂਦੇ ਹਨ, 5000 ਕਰੋੜ ਰੁਪਏ ਇਕੱਲੀ ਬਿਜਲੀ ਦੇ ਇਨਫਰਾਸਟਰਕਚਰ ਤੇ ਖਰਚ ਹੋਇਆ ਹੈ।

ਮਾਨਯੋਗ ਸਭਾਪਤੀ : ਸ਼ਰਮਾ ਜੀ,ਸਮਾਪਤੀ ਕਰੋ।

ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ : ਪੰਜਾਬ ਵਿੱਚ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ 28 ਪ੍ਰਤੀਸ਼ਤ ਬਿਜਲੀ ਡੈਫੀਸਿਟ ਸੀ। ਅੱਜ ਸਾਡੇ ਕੋਲ ਬਿਜਲੀ ਸਰਪਲੱਸ ਹੈ। ਇਹ ਝੂਠ ਬੋਲਦੇ ਹਨ ਕਿ ਜ਼ੀਰਕਪੁਰ ਵਿੱਚ ਧਰਨਾ ਲੱਗਿਆ ਹੈ। 24 ਘੰਟੇ ਜ਼ੀਰਕਪੁਰ ਵਿੱਚ ਬਿਜਲੀ ਆ ਰਹੀ ਹੈ ਔਰ ਮੁਹਾਲੀ ਵਿੱਚ ਵੀ ਆ ਰਹੀ ਹੈ। ਸੋ, ਮੇਰੀ ਬੇਨਤੀ ਹੈ ਕਿ ਪੰਜਾਬ ਨੂੰ ਐਵੇਂ ਆਪਾਂ ਲੁੱਟਿਆ, ਖਸੁੱਟਿਆ ਅਤੇ ਨਸ਼ੇੜੀ ਕਹਿ ਕੇ ਬਦਨਾਮ ਨਾ ਕਰੀਏ। ਪੰਜਾਬ ਅਗਾਂਹਵਧੂ ਸੂਬਾ ਹੈ। ਮੈਂ ਤੁਹਾਨੂੰ ਇੱਕ ਹੋਰ ਦੱਸਣਾ ਚਾਹੁੰਦਾ ਹਾਂ ਕਿ ਇਹ ਅੱਜ ਪੰਜਾਬ ਨੂੰ ਨਸ਼ੇੜੀ ਸੂਬਾ ਦੱਸਦੇ ਹਨ, ਆਈ.ਆਈ.ਐਮ. ਵਿੱਚ 70 ਸੀਟਾਂ ਹਨ, ਜਿਨ੍ਹਾਂ ਵਿੱਚੋਂ 10 ਪੰਜਾਬ ਤੋਂ ਗਈਆਂ ਹਨ, ਸਾਡੇ ਬੱਚੇ ਸਿਲੈਕਟ ਹੋਏ ਹਨ। ਮੈਂ ਕੱਲ੍ਹ ਹੀ ਜ਼ੀਰਕਪੁਰ ਵਿੱਚ ਸਨਮਾਨਿਤ ਕੀਤਾ ਹੈ। ਆਈ.ਆਈ.ਟੀ. ਵਿੱਚ ਥਰਡ (third) ਪੁਜੀਸ਼ਨ ਡੇਰਾਬੱਸੀ ਤੋਂ ਹੈ। ਸਾਡੇ ਬੱਚੇ ਸਭ ਤੋਂ ਕਾਬਿਲ ਹਨ। ਪੰਜਾਬ ਤਰੱਕੀ ਕਰ ਰਿਹਾ ਹੈ। ਸਾਡਾ ਨੌਜਵਾਨ ਤਰੱਕੀ ਕਰ ਰਿਹਾ ਹੈ। ਸਿਰਫ ਸਾਡੇ ਵਿਰੋਧੀਆਂ ਨੇ ਪਤਾ ਨਹੀਂ ਕਿਉਂ ਦੁਸ਼-ਪ੍ਰਚਾਰ ਕਰਕੇ ਪੰਜਾਬ ਨੂੰ ਪੂਰੇ ਦੇਸ਼ ਵਿੱਚ ਬਦਨਾਮ ਕੀਤਾ ਹੈ। ਮੈਂ ਆਪਣੇ ਵੱਲੋਂ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਔਰ ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ ਸਾਹਿਬ ਨੂੰ ਬਹੁਤ ਵਧਾਈ ਦਿੰਦਾ ਹਾਂ, ਜਿਨ੍ਹਾਂ ਦੀ ਕਾਬਲੀਅਤ ਇਸ ਬਜਟ ਵਿੱਚ ਝਲਕਦੀ ਹੈ। ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਰਹਿਨੁਮਾਈ ਹੇਠ ਪੰਜਾਬ ਹਿੰਦੁਸਤਾਨ ਦਾ ਨੰਬਰ ਵੰਨ ਸੂਬਾ ਬਣਨ ਜਾ ਰਿਹਾ ਹੈ। ਸੋ, ਮੈਂ ਆਪਣੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਆਪਾਂ ਆਪਣੇ ਸੂਬੇ ਦੀ ਤਾਰੀਫ ਕਰੀਏ ਤਾਂ ਕਿ ਇੰਡਸਟਰੀ ਇੱਥੇ ਆਵੇ, ਲੋਕਾਂ ਵਿੱਚ ਆਪਣੀ ਪਾਪੂਲੈਰਿਟੀ ਬਣੇ। ਬਹੁਤ ਬਹੁਤ ਧੰਨਵਾਦ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ.ਡੀ.ਭੰਡਾਰੀ) : ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ

ਮੌਕਾ ਦਿੱਤਾ ਹੈ ਔਰ ਸਾਡੇ ਬਹੁਤ ਹੀ ਕਾਬਲ ਅਤੇ ਮਿਹਨਤੀ ਵਜ਼ੀਰ-ਏ-ਖਜ਼ਾਨਾ, ਢੀਂਡਸਾ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ, ਇਹ ਬਹੁਤ ਹੀ ਅਗਾਂਹਵਧੂ ਬਜਟ ਹੈ, ਜਿਸ ਦੇ ਵਿੱਚੇ ਸਾਰੇ ਵਰਗਾਂ ਦੇ ਲੋਕਾਂ ਦਾ ਧਿਆਨ ਰੱਖਿਆ ਗਿਆ ਹੈ। ਇੰਡਸਟਰੀ, ਐਸ.ਸੀਜ਼ ਵਰਗ ਅਤੇ ਹੋਰ ਸਾਰੇ ਖਿੱਤਿਆਂ ਦਾ ਧਿਆਨ ਰੱਖਿਆ ਗਿਆ ਹੈ। ਮੈਂ ਇਸ ਗੱਲ ਦੀ ਢੀਂਡਸਾ ਸਾਹਿਬ ਨੂੰ ਬਹੁਤ ਹੀ ਵਧਾਈ ਦਿੰਦਾ ਹਾਂ। ਚੇਅਰਮੈਨ ਸਾਹਿਬ, 26 ਮਈ ਨੂੰ ਹਿੰਦੁਸਤਾਨ ਵਿੱਚ ਇੱਕ ਨਵੀਂ ਸਵੇਰ ਆਈ ਜਦੋਂ ਹਿੰਦੁਸਤਾਨ ਦੇ ਲੋਕਾਂ ਨੇ ਯੂ.ਪੀ.ਏ. ਦੇ 10 ਸਾਲ ਦੇ ਸ਼ਾਸ਼ਨ ਤੋਂ ਨਿਜਾਤ ਪਾ ਕੇ ਭਾਰਤ ਮਾਂ ਦੇ ਮਹਾਨ ਸਪੂਤ, ਜਿਨ੍ਹਾਂ ਨੇ ਤਿੰਨ ਵਾਰੀ ਲਗਾਤਾਰ ਗੁਜਰਾਤ ਦੀ ਸੇਵਾ ਕੀਤੀ, ਜਿਸ ਇਨਸਾਨ ਨੇ ਆਪਣੇ ਅਲਫਾਜ਼ਾਂ ਰਾਹੀਂ ਇਹ ਗੱਲ ਕਹੀ ਸੀ ਕਿ ਮੈਂ ਉਸ ਬਾਪ ਦਾ ਪੁੱਤਰ ਹਾਂ, ਜਿਸ ਬਾਪ ਨੇ ਸਟੇਸ਼ਨ ਤੇ ਚਾਹ ਵੇਚੀ, ਮੈਂ ਉਸ ਮਾਂ ਦਾ ਪੁੱਤਰ ਹਾਂ, ਜਿਸ ਮਾਂ ਨੇ ਲੋਕਾਂ ਦੇ ਘਰਾਂ ਦੇ ਬਰਤਨ ਸਾਫ ਕੀਤੇ ਹਨ, ਹਿੰਦੁਸਤਾਨ ਦੇ ਲੋਕਾਂ ਨੇ ਉਸ ਇਨਸਾਨ ਤੇ ਵਿਸ਼ਵਾਸ ਕੀਤਾ ਅਤੇ ਹਿੰਦੁਸਤਾਨ ਦੀ ਵੱਡੀ ਸੀਟ, ਪ੍ਰਧਾਨ ਮੰਤਰੀ ਦੀ ਸੀਟ ਤੇ ਉਨ੍ਹਾਂ ਨੂੰ ਬਿਠਾਇਆ। ਉਨ੍ਹਾਂ ਨੇ ਅੱਛੇ ਦਿਨ ਆਉਣਗੇ, ਸਭ ਕਾ ਸਾਥ, ਸਭ ਕਾ ਵਿਸ਼ਵਾਸ ਦਾ ਨਾਅਰਾ ਦਿੱਤਾ। ਮੈਂ ਇਹ ਗੱਲ ਬੜੇ ਗਰਵ ਨਾਲ ਕਹਿ ਸਕਦਾ ਹਾਂ ਕਿ ਜਦੋਂ ਸਾਡੇ ਬਹੁਤ ਹੀ ਸਤਿਕਾਰਯੋਗ ਫਾਈਨਾਂਸ ਮਨਿਸਟਰ, ਸ਼੍ਰੀ ਅਰੁਣ ਜੇਤਲੀ ਸਾਹਿਬ ਨੇ 10 ਜੁਲਾਈ ਨੂੰ ਬਜਟ ਪੇਸ਼ ਕੀਤਾ ਤਾਂ ਉਸ ਦੇ ਵਿੱਚ ਮਹਿੰਗਾਈ ਬਾਰੇ ਤੇ ਆਰਥਿਕਤਾ ਬਾਰੇ ਜੋ ਸੁਧਾਰ ਲਿਆਂਦੇ, ਉਹ ਸ਼ਲਾਘਾਯੋਗ ਹਨ ਔਰ ਉਸ ਦੀ ਪੂਰੇ ਹਿੰਦੁਸਤਾਨ ਦੇ ਵਿੱਚ ਬੜੀ ਤਾਰੀਫ ਹੋਈ । ਪੰਜਾਬ ਦੇ ਵਿੱਚ ਅੰਮ੍ਰਿਤਸਰ, ਕਲਕੱਤਾ ਉਦਯੋਗਿਕ ਕੋਰੀਡੋਰ ਬਣਾਉਣਾ ਹੈ, ਅੰਮ੍ਰਿਤਸਰ ਸਾਹਿਬ ਨੂੰ ਕੌਮੀ ਵਿਰਾਸਤ ਵਜੋਂ ਵਿਕਸਤ ਕਰਨਾ ਹੈ ਅਤੇ ਪੰਜਾਬ ਨੂੰ ਆਈ.ਆਈ.ਐਮ ਵੀ ਦਿੱਤਾ ਹੈ। ਇਸ ਲਈ ਮੈਂ ਜੇਤਲੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ। ਮੈਂ ਰੇਲ ਮੰਤਰੀ ਸਾਹਿਬ ਦਾ ਵੀ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਪੰਜਾਬ ਨੂੰ ਕੁਝ ਟਰੇਨਾਂ ਦਿੱਤੀਆਂ ਹਨ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਫਾਇਦਾ ਹੋਵੇਗਾ। ਸਰਦਾਰ ਲਾਲ ਸਿੰਘ ਜੀ ਸਾਡੇ ਬਹੁਤ ਸਤਿਕਾਰਯੋਗ ਹਨ, ਉਨ੍ਹਾਂ ਨੇ ਕਿਹਾ ਸੀ ਕਿ ਕੋਈ ਵਿਸ਼ੇਸ਼ ਪੈਕੇਜ ਮਿਲੇਗਾ। ਮੈਂ ਇਹ ਗੱਲ ਬੜੇ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਮੋਦੀ ਸਾਹਿਬ ਛੇ ਸਾਲ ਇਸ ਪੰਜਾਬ ਦੀ ਧਰਤੀ ਉਤੇ ਸਾਡੀ ਪਾਰਟੀ ਦੀ ਬਤੌਰ ਪ੍ਰਭਾਰੀ ਸੇਵਾ ਕਰਕੇ ਗਏ ਹਨ। ਉਨ੍ਹਾਂ ਨੂੰ ਪੰਜਾਬ ਦੀ ਹਰ ਗੱਲ ਦਾ ਪਤਾ ਹੈ, ਹਰ ਪਿੰਡ ਦੇ ਬਾਰੇ ਉਹ ਵਾਕਫ ਹਨ ਔਰ ਜਿਵੇਂ ਬਾਦਲ

[ਮੁੱਖ ਸੰਸਦੀ ਸਕੱਤਰ, ਸਹਿਕਾਰਤਾ]

ਸਾਹਿਬ ਪ੍ਰਤੀ ਮੋਦੀ ਸਾਹਿਬ ਦੇ ਮਨ ਵਿੱਚ ਬਹੁਤ ਮਾਣ ਤੇ ਸਤਿਕਾਰ ਹੈ। ਬਾਦਲ ਸਾਹਿਬ ਦੀ ਮੋਦੀ ਸਾਹਿਬ ਬਹੁਤ ਕਦਰ ਕਰਦੇ ਹਨ। ਮੈਂ ਇਹ ਗੱਲ ਬੜੇ ਫਖ਼ਰ ਦੇ ਨਾਲ ਕਹਿ ਸਕਦਾ ਹਾਂ ਕਿ ਜਿਹੜੀ ਵੀ ਕੋਈ ਤਜਵੀਜ਼ ਜਾਂ ਮੰਗ ਲੈ ਕੇ ਬਾਦਲ ਸਾਹਿਬ ਮੋਦੀ ਸਾਹਿਬ ਕੋਲ ਲੈ ਕੇ ਜਾਣਗੇ, ਪੰਜਾਬ ਦੇ ਭਲੇ ਵਾਸਤੇ ਅਤੇ ਪੰਜਾਬ ਦੇ ਹਿੱਤ ਵਾਸਤੇ, ਮੋਦੀ ਸਾਹਿਬ ਉਸ ਨੂੰ ਪ੍ਰਵਾਨ ਕਰਨਗੇ।

ਚੇਅਰਮੈਨ ਸਾਹਿਬ, ਅੱਜ ਮਜੀਠੀਆ ਸਾਹਿਬ ਵੱਲੋਂ ਤੇ ਦੂਜੇ ਪਾਸੇ ਤੋਂ ਬੜੀਆਂ ਭਾਵੁਕ ਗੱਲਾਂ ਹੋਈਆਂ ਹਨ। ਮੇਰੇ ਮਨ ਦੇ ਵਿੱਚ ਬਹੁਤ ਹੀ ਦਰਦ ਮਹਿਸੂਸ ਹੋਇਆ ਹੈ ਕਿ ਅਸੀਂ ਪੰਜਾਬ ਦੇ ਜਿਹੜੇ 117 ਲੋਕ ਬੈਠੇ ਹਾਂ, ਅਸੀਂ ਕਿਸ ਪਾਸੇ ਨੂੰ ਜਾ ਰਹੇ ਹਾਂ। ਇਹ ਨਸ਼ੇ ਦਾ ਜਿਹੜਾ ਕੋਹੜ ਹੈ, ਅੱਜ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਨੂੰ ਖਤਮ ਕਰਨ ਲਈ ਵਿਆਪਕ ਮੁਹਿੰਮ ਚਲਾਈਏ, ਸਰਕਾਰ ਦੇ ਕੰਮ ਹੁੰਦੇ ਹਨ ਲੇਕਿਨ ਅਸੀਂ ਚੁਣੇ ਹੋਏ ਲੋਕ ਆਉਂਦੇ ਹਾਂ, ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਕਾਰਕੁੰਨਾਂ, ਆਪਣੇ ਵਰਕਰਜ਼ ਨੂੰ, ਸਰਪੰਚਾਂ ਅਤੇ ਕੌਂਸਲਰਾਂ ਨੂੰ ਪ੍ਰੇਰਿਤ ਕਰੀਏ ਕਿ ਆਪਣੇ ਆਪਣੇ ਇਲਾਕੇ ਦੇ ਵਿੱਚ ਘੋਖ ਕੀਤੀ ਜਾਵੇ ਕਿ ਕਿਹੜਾ ਬੰਦਾ ਨਸ਼ੇ ਵੇਚਦਾ ਹੈ, ਅਸੀਂ ਆਪਣੀ ਵਿੱਲ ਪਾਵਰ ਸਟਰੌਂਗ ਕਰੀਏ ਕਿ ਅਸੀਂ ਕਿਸੇ ਵੀ ਨਸ਼ੇ ਦੇ ਕੇਸ ਵਿੱਚ ਕਿਸੇ ਦੀ ਸਿਫਾਰਸ਼ ਨਹੀਂ ਕਰਨੀ।ਮੈਂ ਗਰੰਟੀ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਵਿੱਚੋਂ ਇਹ ਕੋਹੜ ਖਤਮ ਹੋ ਸਕਦਾ ਹੈ, ਕੋਈ ਵੀ ਗੱਲ ਅਸੰਭਵ ਨਹੀਂ ਹੈ, ਅਗਰ ਸਾਡੇ ਕੋਲ ਵਿੱਲ ਪਾਵਰ ਹੋਵੇ ਤਾਂ ਅਸੀਂ ਉਸ ਕੰਮ ਉਤੇ ਵਿਜਯ ਪਾ ਸਕਦੇ ਹਾਂ। ਸਾਥੀਉ, ਮੈਨੂੰ ਪੂਰਨ ਆਸ ਹੈ ਕਿ ਜਿੰਨੀ ਚਰਚਾ ਇਸ ਵਾਰੀ ਇਸ ਇਸ਼ੂ ਤੇ ਹੋਈ ਹੈ, ਇਸ ਦੇ ਸਾਰਥਕ ਨਤੀਜੇ ਨਿਕਲਣਗੇ। ਅੱਜ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡਾ ਹਰ ਸਾਥੀ ਕਹਿ ਰਿਹਾ ਹੈ ਕਿ ਮੇਰੇ ਇਲਾਕੇ ਦੇ ਵਿੱਚ ਡੀ-ਅਡਿਕਸ਼ਨ ਸੈਂਟਰ ਖੁਲ੍ਹੇਗਾ।ਇਸ ਦੀ ਕੀ ਲੋੜ ਪੈ ਗਈ? ਤੁਸੀਂ ਅਖਾੜਾ ਮੰਗੋ, ਜਿੰਮ ਮੰਗੋ ਤਾਂ ਜੋ ਸਾਡਾ ਨੌਜਵਾਨ ਤਕੜਾ ਹੋਵੇ ਲੇਕਿਨ ਅਸੀਂ ਇਸ ਕੋਹੜ ਨੂੰ ਜੜ੍ਹ ਤੋਂ ਖਤਮ ਕਰਨਾ ਹੈ ਤਾਂ ਇਸ ਲਈ ਅਸੀਂ ਇਸ ਪਵਿੱਤਰ ਸਦਨ ਵਿੱਚ ਕਸਮ ਖਾਈਏ, ਪ੍ਰਣ ਕਰੀਏ ਕਿ ਅਸੀਂ ਕਿਸੇ ਵੀ ਨਸ਼ਾ ਵੇਚਣ ਵਾਲੇ ਦੀ ਸਿਫਾਰਸ਼ ਨਹੀਂ ਕਰਾਂਗੇ ਤਾਂ ਹੀ ਇਸ ਭਾਰਤ ਮਾਤਾ, ਇਸ ਪੰਜਾਬ ਦੀ ਧਰਤੀ ਤੋਂ ਇਹ ਨਸ਼ੇ ਦਾ ਕੋਹੜ ਖਤਮ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਮੈਂ ਜਿਸ ਇਲਾਕੇ, ਜਲੰਧਰ ਨਾਰਥ ਤੋਂ ਆਇਆ

ਹਾਂ, ਉਥੋਂ ਦੀ ਸਾਰੀ ਇੰਡਸਟਰੀ, ਸਾਰਾ ਟਰੇਡ ਮੇਰੇ ਹਲਕੇ ਵਿੱਚ ਹੈ। ਮੈਂ ਐਫ.ਐਮ.ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹਰ ਵਾਰੀ ਫੋਕਲ ਪੁਆਇੰਟਾਂ ਵਾਸਤੇ ਸਰਕਾਰ ਤਜਵੀਜ਼ ਰਖਦੀ ਹੈ, ਫੋਕਲ ਪੁਆਇੰਟਾਂ ਦੀ ਮੈਂਟੀਨੈਂਸ ਵਾਸਤੇ, ਸੜਕਾਂ ਵਾਸਤੇ ਅਤੇ ਨਾਲੀਆਂ ਵਾਸਤੇ ਸੀਵਰੇਜ ਵਾਸਤੇ ਤਜਵੀਜ਼ ਰੱਖਦੀ ਹੈ ਲੇਕਿਨ ਮੈਨੂੰ ਦੁੱਖ ਹੋਇਆ ਹੈ ਕਿ ਇਸ ਬਜਟ ਦੇ ਵਿੱਚ ਫੋਕਲ ਪੁਆਇੰਟਾਂ ਦੇ ਰਖ-ਰਖਾਵ ਵਾਸਤੇ ਇੱਕ ਰੁਪਏ ਦਾ ਵੀ ਪ੍ਰਾਵਧਾਨ ਨਹੀਂ ਕੀਤਾ ਗਿਆ। ਮੈਂ ਤੁਹਾਡੇ ਕੋਲ ਬੇਨਤੀ ਕਰਦਾ ਹਾਂ ਕਿ ਮੇਰੇ ਇਲਾਕੇ ਵਿੱਚ ਗਦਈਪੁਰ, ਇੰਡਸਟਰੀਅਲ ਅਸਟੇਟ, ਮਾਰਕਪੁਰ ਸ਼ੇਖੇ, ਇਹ ਅਜਿਹੇ ਇਲਾਕੇ ਹਨ ਜਿੱਥੇ ਕਰੋੜਾਂ ਰੁਪਏ ਦਾ ਐਕਸਪੋਰਟ ਹੁੰਦਾ ਹੈ ਲੇਕਿਨ ਉਥੇ ਨਾ ਕੋਈ ਸੜਕ ਹੈ, ਨਾ ਕੋਈ ਸੀਵਰੇਜ ਹੈ । ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਇਸ ਇਲਾਕੇ ਵਾਸਤੇ ਘੱਟ ਤੋਂ ਘੱਟ 10 ਕਰੋੜ ਰੁਪਏ ਦਾ ਬਜਟ ਪ੍ਰੋਵੀਜ਼ਨ ਜ਼ਰੂਰ ਕੀਤਾ ਜਾਵੇ ਕਿਉਂਕਿ ਹੁਣ ਜਿਹੜੇ ਸਾਡੇ ਇਲਾਕੇ ਦੇ ਐਕਸਪੋਰਟਰ ਬਾਹਰੋਂ ਆਉਂਦੇ ਹਨ ਤਾਂ ਉਨ੍ਹਾਂ ਨੂੰ ਬੜਾ ਦੁੱਖ ਮਹਿਸੂਸ ਹੁੰਦਾ ਹੈ, ਸਾਡੇ ਉਸ ਇਲਾਕੇ ਦਾ ਜਿਹੜਾ ਬਾਇਰ ਹੈ ਉਹ ਵੇਖ ਕੇ ਖੁਸ਼ ਨਹੀਂ ਹੁੰਦਾ।

ਚੇਅਰਮੈਨ ਸਾਹਿਬ, ਅਗਲੀ ਗੱਲ ਹੈ ਕਿ ਸ਼ਹਿਰਾਂ ਵਿੱਚ ਕਾਰਪੋਰੇਸ਼ਨਾਂ ਵਾਸਤੇ ਅੱਜ ਕੋਈ ਫੰਡ ਨਹੀਂ ਹਨ। ਅੱਜ ਸ਼ਹਿਰਾਂ ਦਾ ਵਿਕਾਸ ਰੁਕਿਆ ਪਿਆ ਹੈ, ਇਸ ਕਰਕੇ ਮੈਂ ਤੁਹਾਨੂੰ ਇਹ ਬੇਨਤੀ ਕਰਾਂਗਾ ਕਿ ਕਾਰਪੋਰੇਸ਼ਨਾਂ ਵਾਸਤੇ ਆਪਾਂ ਵਿਸ਼ੇਸ਼ ਪੈਕੇਜ ਦੇਈਏ ਜਿਸ ਨਾਲ ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਦਾ ਸੁਧਾਰ ਹੋਵੇ, ਕਿਉਂਕਿ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਦੀਆਂ ਕਾਰਪੋਰੇਸ਼ਨਾਂ ਦੇ ਹਾਲਾਤ ਬਹੁਤ ਮੰਦੇ ਹਨ। ਮੈਂ ਤੁਹਾਨੂੰ ਇਹ ਬੇਨਤੀ ਕਰਦਾ ਹਾਂ ਕਿ ਅਸੀਂ ਇਸ ਪਾਸੇ ਵੀ ਧਿਆਨ ਦੇਈਏ। ਮੈਂ ਬਾਦਲ ਸਾਹਿਬ ਦਾ, ਡਿਪਟੀ ਸੀ.ਐਮ. ਸਾਹਿਬ ਦਾ ਅਤੇ ਸ਼੍ਰੀ ਅਨਿਲ ਜੋਸ਼ੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਇਲਾਕੇ ਦੀ ਜਿਹੜੀ ਵੱਡੀ ਮੰਗ ਸੀ, ਚੰਦਨ ਨਗਰ ਦਾ ਅੰਡਰ ਬ੍ਰਿਜ ਸਾਨੂੰ ਦਿੱਤਾ ਹੈ। ਇਸ ਦਾ ਕੰਮ ਚਾਲੂ ਹੋ ਚੁੱਕਾ ਹੈ। ਇਸ ਵਾਸਤੇ ਮੈਂ ਡਿਪਟੀ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ।

ਇਸ ਦੇ ਨਾਲ ਹੀ ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਵੈਟ ਦਾ ਸਿਸਟਮ ਹੈ, ਵੈਟ ਰਿਫੰਡ ਸਾਡੇ ਵਪਾਰੀਆਂ ਨੂੰ ਬਹੁਤ ਜ਼ਿਆਦਾ ਦੁਖ ਪਹੁੰਚਾ ਰਿਹਾ ਹੈ। ਅਸੀਂ ਇਸ ਨੂੰ ਸਰਲ ਕਰੀਏ ਅਤੇ ਇਸ ਦੇ ਨਾਲ ਹੀ ਅਸੀਂ ਜਿਹੜੀਆਂ ਨਵੀਆਂ ਅਮੈਂਡਮੈਂਟਸ ਲੈ ਕੇ ਆਉਂਦੇ ਹਾਂ ਉਨ੍ਹਾਂ ਸਬੰਧੀ

[ਮੁੱਖ ਸੰਸਦੀ ਸਕੱਤਰ, ਸਹਿਕਾਰਤਾ]

ਆਪਣੇ ਟਰੇਡ ਬੋਰਡ ਨਾਲ ਬੈਠ ਕੇ ਵਿਚਾਰ ਕਰੀਏ ਕਿ ਅਸੀਂ ਨਵੀਂ ਅਮੈਂਡਮੈਂਟ ਲਿਆਉਣੀ ਹੈ। ਅਸੀਂ ਪੰਜਾਬ ਦਾ ਟਰੇਡ ਬੋਰਡ ਬਣਾਇਆ ਹੋਇਆ ਹੈ, ਜੇਕਰ ਅਸੀਂ ਉਨ੍ਹਾਂ ਦੀ ਗੱਲ ਨੂੰ ਨਹੀਂ ਸੁਣਾਂਗੇ ਜਾਂ ਪ੍ਰਵਾਨ ਨਹੀਂ ਕਰਾਂਗੇ ਤਾਂ ਉਸ ਬੋਰਡ ਦਾ ਕੋਈ ਮਾਇਨਾ ਨਹੀਂ ਰਹਿ ਜਾਂਦਾ। ਜਿਹੜੀ 13/1 ਦੀ ਅਮੈਂਡਮੈਂਟ ਹੋਈ ਹੈ, ਲੋਕ ਉਸ ਦੇ ਖਿਲਾਫ਼ ਹਨ ਕਿ ਹਰ ਤਿਮਾਹੀ ਬਾਅਦ ਹਰੇਕ ਦੁਕਾਨਦਾਰ ਨੂੰ ਆਪਣੇ ਸਟਾਕ ਦੀ ਪੂਰੀ ਇਨਵੈਂਟਰੀ ਬਣਾ ਕੇ ਦੇਣੀ ਪੈਣੀ ਹੈ। ਇਸ ਨਾਲ ਕੀ ਹੈ, ਇੰਸਪੈਕਟਰੀ ਰਾਜ ਹੋਵੇਗਾ ਅਤੇ ਉਹ ਲੋਕ ਦੁਕਾਨਦਾਰਾਂ ਤੋਂ ਪੈਸੇ ਮੰਗਣਗੇ।

ਮਾਨਯੋਗ ਸਭਾਪਤੀ : ਭੰਡਾਰੀ ਸਾਹਿਬ, ਸਮਾਪਤੀ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ : ਦੋ ਮਿੰਟ ਜੀ। ਅਸੀਂ ਦੋ ਸਟੇਜਾਂ ਤੇ ਆਇਰਨ ਐਂਡ ਸਟੀਲ ਨੂੰ ਆਈ.ਟੀ.ਸੀ. ਦੇ ਰਹੇ ਹਾਂ, ਅਸੀਂ ITC at third stage on iron and steel ਕਰੀਏ। ਮੇਰੀ ਤੁਹਾਨੂੰ ਬੇਨਤੀ ਹੈ ਕਿ ਪੰਜਾਬ ਵਿੱਚ 10,000 ਅਜਿਹੇ ਪਰਚੂਨ ਵਪਾਰੀ ਹਨ ਜਿਨ੍ਹਾਂ ਨੂੰ ਅਸੀਂ ਬਿਲਕੁਲ ਬੇਰੁਜ਼ਗਾਰ ਕਰ ਦੇਵਾਂਗੇ। ਮੇਰੀ ਤੁਹਾਨੂੰ ਬੇਨਤੀ ਹੈ ਕਿ ਅਸੀਂ ਆਇਰਨ ਐਂਡ ਸਟੀਲ ਨੂੰ ਤਿੰਨ ਸਟੇਜਾਂ ਤੱਕ ਕਰੀਏ ਤਾਂ ਕਿ ਸਾਡਾ ਜਿਹੜਾ ਪੰਜਾਬ ਦਾ ਰਿਟੇਲਰ ਹੈ, ਉਹ ਬਚ ਸਕੇ। ਡਿਪਟੀ ਸੀ.ਐਮ. ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਵੈਟ ਦੇ ਸਿਸਟਮ ਨੂੰ ਸਰਲ ਕਰੀਏ ਅਤੇ ਜਿਹੜੀ ਬੋਗਸ ਬਿਲਿੰਗ ਹੁੰਦੀ ਹੈ, ਉਸ ਵੱਲ ਵੀ ਜ਼ਰੂਰ ਧਿਆਨ ਦੇਈਏ। ਜਿਹੜਾ ਬੰਦਾ ਬੋਗਸ ਬਿਲਿੰਗ ਕਰਦਾ ਹੈ ਉਹ ਤਾਂ ਪੈਸਾ ਕਮਾ ਲੈਂਦਾ ਹੈ ਪਰ ਜਿਹੜਾ ਗਲਤੀ ਨਾਲ ਅਜਿਹਾ ਬਿਲ ਲੈ ਲੈਂਦਾ ਹੈ, ਉਸ ਨੂੰ ਬਹੁਤ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਹਨ। ਤੁਸੀਂ ਬਹੁਤ ਹੀ ਸਿਆਣੇ ਅਤੇ ਸਮਝਦਾਰ ਹੋ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਅਸੀਂ ਵੈਟ ਤੇ ਧਿਆਨ ਦੇਵਾਂਗੇ ਤਾਂ ਸਾਡੀ ਇੰਡਸਟਰੀ ਬਚ ਜਾਵੇਗੀ। ਮੈਂ ਐਫ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ 215 ਕਰੋੜ ਰੁਪਏ ਸੈਰ-ਸਪਾਟਾ ਖੇਤਰ ਨੂੰ ਦਿੱਤੇ ਹਨ ਅਤੇ ਜੰਗ-ਏ-ਅਜ਼ਾਦੀ ਮੈਮੋਰੀਅਲ, ਕਰਤਾਰਪੁਰ, ਗੁਰੂ ਰਵਿਦਾਸ ਮੈਮੋਰੀਅਲ, ਹੁਸ਼ਿਆਰਪੁਰ ਅਤੇ ਭਗਵਾਨ ਵਾਲਮੀਕ ਜੀ, ਅੰਮ੍ਰਿਤਸਰ ਵਿਖੇ ਯਾਦਗਾਰੀ ਸਮਾਰਕਾਂ ਦੇ ਲਈ ਪੈਸਾ ਰੱਖਿਆ ਹੈ।

ਇਸ ਦੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਗਊਸ਼ਾਲਾਵਾਂ ਦਾ ਬਹੁਤ ਹੀ ਮੰਦਾ ਅਤੇ ਬੁਰਾ ਹਾਲ ਹੈ। ਗਊ ਨੂੰ ਅਸੀਂ ਮਾਂ

ਸਮਾਨ ਪੂਜਦੇ ਹਾਂ, ਗਊ ਦਾ ਦੁੱਧ ਵੀ ਪੀਂਦੇ ਹਾਂ, ਗਊ ਦਾ ਮੂਤਰ ਵੀ ਕੰਮ ਆਉਂਦਾ ਹੈ। ਮੈਂ ਤੁਹਾਨੂੰ ਇਹ ਬੇਨਤੀ ਕਰਾਂਗਾ ਕਿ ਪੰਜਾਬ ਦੀਆਂ ਗਊਸ਼ਾਲਾਵਾਂ ਦੀ ਮੇਨਟੀਨੈਂਸ ਵਾਸਤੇ, ਇਨ੍ਹਾਂ ਨੂੰ ਬਣਾਉਣ ਵਾਸਤੇ ਜ਼ਰੂਰ ਹੀ ਫੰਡ ਮੁਹੱਈਆ ਕਰਵਾਈਏ ਤਾਂ ਕਿ ਜਿਹੜਾ ਗਊ ਧਨ ਹੈ ਇਸ ਦਾ ਬਚਾਅ ਕਰ ਸਕੀਏ।

ਮਾਨਯੋਗ ਸਭਾਪਤੀ : ਭੰਡਾਰੀ ਸਾਹਿਬ, ਸਮਾਪਤੀ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ : ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜਿਹੜਾ ਗਊ ਧਨ ਹੈ ਇਸ ਦੇ ਬਚਾਅ ਵਾਸਤੇ ਫੰਡਜ਼ ਦਾ ਪ੍ਰਾਵਧਾਨ ਕਰੀਏ।

ਮਾਨਯੋਗ ਸਭਾਪਤੀ : ਸਮ ਅੱਪ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ : ਕਾਲੀਆ ਸਾਹਿਬ ਨੇ ਵੀ ਤੁਹਾਨੂੰ ਬੇਨਤੀ ਕੀਤੀ ਹੈ ਕਿ ਜਲੰਧਰ ਨੂੰ ਵੀ ਲੁਧਿਆਣਾ ਅਤੇ ਅੰਮ੍ਰਿਤਸਰ ਵਾਂਗ ਸੇਫ ਸਿਟੀ ਵਿੱਚ ਪਾਇਆ ਜਾਵੇ ਤਾਂ ਕਿ ਜਲੰਧਰ ਸ਼ਹਿਰ ਵਿੱਚ ਜਿਹੜਾ ਕਮਿਸ਼ਨਰੇਟ ਸਿਸਟਮ ਬਣਿਆ ਹੈ, ਇਸ ਦਾ ਤੁਸੀਂ ਪ੍ਰਾਵਧਾਨ ਕਰ ਦਿਓ। ਪਿਛਲੀ ਵਾਰੀ ਤੁਸੀਂ ਬੜੀ ਕਿਰਪਾ ਕੀਤੀ ਸੀ ਕਿ ਛੋਟੇ ਬੱਚਿਆਂ ਨੂੰ ਪੜ੍ਹਾਈ-ਲਿਖਾਈ ਵਾਸਤੇ ਸ਼ਾਰਪਨਰ, ਰਬੜ, ਪੇਪਰ ਅਤੇ ਟਿਫ਼ਨ ਬਾਕਸ ਤੇ ਵੈਟ ਮਾਫ਼ ਕੀਤਾ ਸੀ। ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਨੋਟ ਬੁੱਕਸ ਹਨ, ਬੱਚਿਆਂ ਦੇ ਪੜ੍ਹਨ ਵਾਸਤੇ ਕਾਪੀਆਂ ਹਨ, ਉਨ੍ਹਾਂ ਉੱਪਰ 4% ਵੈਟ ਸਿਰਫ਼ ਪੰਜਾਬ ਵਿੱਚ ਹੀ ਹੈ, ਇਹ ਨਾ ਹਰਿਆਣੇ ਵਿੱਚ ਹੈ ਅਤੇ ਨਾ ਹਿਮਾਚਲ ਪ੍ਰਦੇਸ਼ ਵਿੱਚ ਹੈ। ਜੇਕਰ ਇਸ ਨੂੰ ਮਾਫ਼ ਕਰ ਦੇਈਏ ਤਾਂ ਜਿਹੜੀ ਸਾਡੀ ਆਉਣ ਵਾਲੀ ਪੀੜ੍ਹੀ ਹੈ, ਉਹ ਤੁਹਾਨੂੰ ਅਸੀਸਾਂ ਦੇਵੇਗੀ।

ਮਾਨਯੋਗ ਸਭਾਪਤੀ : ਭੰਡਾਰੀ ਸਾਹਿਬ, ਸਮਾਪਤ ਕਰੋ ਜੀ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ : ਮੈਂ ਬਜਟ ਦੀ ਸ਼ਲਾਘਾ ਕਰਦਾ ਹੋਇਆ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

ਮਾਨਯੋਗ ਸਭਾਪਤੀ : ਸਰਦਾਰ ਚਰਨਜੀਤ ਸਿੰਘ ਚੰਨੀ ਜੀ, ਸਿਰਫ਼ ਪੰਜ ਮਿੰਟ ਲਈ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਇਨ੍ਹਾਂ ਨੂੰ ਅੱਠ ਮਿੰਟ ਦਿੱਤੇ ਹਨ। ਮੈਨੂੰ ਵੀ ਅੱਠ ਮਿੰਟ ਦਿਓ ਜੀ। ਮਾਨਯੋਗ

[ਸਰਦਾਰ ਚਰਨਜੀਤ ਸਿੰਘ ਚੰਨੀ]

ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਇਨ੍ਹਾਂ ਦੇ ਭਾਸ਼ਣ ਵੇਲੇ ਵਿੱਚੋਂ ਨਹੀਂ ਬੋਲਿਆ ਅਤੇ ਮੇਰੀ ਵਾਰੀ ਇਹ ਵੀ ਨਾ ਬੋਲਣ।

ਮਾਨਯੋਗ ਸਭਾਪਤੀ : ਤੁਸੀਂ ਗੱਲ ਕਰੋ ਜੀ। ਸਿਰਫ਼ ਪੰਜ ਮਿੰਟ ਲੈਣਾ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਸਭ ਤੋਂ ਪਹਿਲਾਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਸ਼ਹੀਦਾਂ ਦੀ ਯਾਦ ਵਿੱਚ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਦੀ ਯਾਦ ਵਿੱਚ ਥੀਮ ਪਾਰਕ ਬਣ ਰਿਹਾ ਹੈ, ਉਸ ਵਾਸਤੇ ਕੋਈ ਪੈਸਾ ਨਹੀਂ ਰੱਖਿਆ ਗਿਆ ਹੈ। ਮੇਰੇ ਹਲਕੇ ਵਿੱਚ ਕਾਲਜ ਵਾਸਤੇ ਸੀ.ਐਮ. ਸਾਹਿਬ ਨੇ ਵਾਅਦਾ ਕੀਤਾ ਸੀ, ਉਹ ਵੀ ਅਜੇ ਪੂਰਾ ਨਹੀਂ ਹੋਇਆ। ਮੋਰਿੰਡਾ ਅਤੇ ਸ੍ਰੀ ਚਮਕੌਰ ਸਾਹਿਬ ਵਿੱਚ ਸੀਵਰੇਜ ਦਾ ਕੰਮ ਰੁਕਿਆ ਪਿਆ ਹੈ, ਕਿਸਾਨਾਂ ਨੂੰ ਬਿਜਲੀ ਅੱਠ ਘੰਟੇ ਨਹੀਂ ਮਿਲ ਰਹੀ, ਗਰੀਬਾਂ ਦੇ ਕੱਚੇ ਮਕਾਨਾਂ ਨੂੰ ਪੱਕਾ ਕਰਨ ਦੀ ਕੋਈ ਵਿਵਸਥਾ ਨਹੀਂ ਕੀਤੀ ਗਈ ਅਤੇ ਗਰੀਬ ਲੋਕਾਂ ਵਾਸਤੇ ਲੈਟਰੀਨਾਂ ਬਣਾਉਣ ਦੀ ਵਿਵਸਥਾ ਨਹੀਂ ਕੀਤੀ ਗਈ। ਮੇਰੇ ਹਲਕੇ ਵਿੱਚ ਜੋ ਲੁਧਿਆਣੇ ਵੱਲ ਨੂੰ ਬੁੱਢਾ ਨਾਲਾ ਜਾਂਦਾ ਹੈ, ਉਸ ਦੀ ਹਾਲਤ ਬੜੀ ਖਰਾਬ ਹੈ। ਉਸ ਦੀ ਸਫਾਈ ਦੀ ਲੋੜ ਹੈ।

ਮਾਨਯੋਗ ਚੇਅਰਮੈਨ ਸਾਹਿਬ, ਹੁਣੇ ਕਲੇਰ ਸਾਹਿਬ ਤੇ ਸ਼੍ਰੀ ਸੋਮ ਪ੍ਰਕਾਸ਼ ਜੀ ਐਸ.ਸੀਜ਼ ਬਾਰੇ ਗੱਲ ਕਰ ਰਹੇ ਸੀ। ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨਾਲ ਬੈਠ ਕੇ ਐਸ.ਸੀਜ਼ ਬਾਰੇ ਕੁਝ ਨਾ ਬੋਲਿਆ ਕਰਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਇਨ੍ਹਾਂ ਦੇ ਆਪਣੇ 33-35% ਐਮ.ਐਲ.ਏਜ਼ ਐਸ.ਸੀ. ਕੈਟੇਗਰੀ ਨਾਲ ਸਬੰਧਿਤ ਹਨ ਅਤੇ 14 ਵਿੱਚੋਂ ਸਿਰਫ 2 ਨੂੰ ਹੀ ਮੰਤਰੀ ਬਣਾਇਆ ਹੋਇਆ ਹੈ। ਪਹਿਲਾਂ ਇਹ ਆਪਣੇ ਹੱਕ ਤਾਂ ਲੈ ਲੈਣ, ਫਿਰ ਪੰਜਾਬ ਦੇ ਐਸ.ਸੀ. ਲੋਕਾਂ ਦੇ ਹੱਕਾਂ ਦੀ ਗੱਲ ਕਰਨ। ਪੀ.ਪੀ.ਐਸ.ਸੀ. ਦੇ ਕੁੱਲ 8 ਮੈਂਬਰ ਹਨ, ਉਨ੍ਹਾਂ ਵਿੱਚੋਂ ਕੋਈ ਵੀ ਐਸ.ਸੀ. ਨਹੀਂ ਹੈ। ਐਡਵੋਕੇਟ ਜਨਰਲ ਆਫਿਸ ਵਿੱਚ 150 ਵਕੀਲ ਲਗਾਏ ਹੋਏ ਹਨ, ਸਿਰਫ ਇੱਕ ਜਾਂ ਦੋ ਹੀ ਉਨ੍ਹਾਂ ਵਿੱਚ ਐਸ.ਸੀ. ਹਨ। ਐਸ.ਐਸ.ਐਸ. ਬੋਰਡ ਦਾ ਵੀ ਇਹੀ ਹਾਲ ਹੈ। ਫਿਰ ਤੁਸੀਂ ਦੇਖੋ ਕਿ ਇੱਥੇ ਸਰਦਾਰ ਸਰਵਨ ਸਿੰਘ ਫਿਲੌਰ ਜੀ ਬੈਠੇ ਹਨ, ਇਨ੍ਹਾਂ ਦਾ ਕੀ ਕਸੂਰ ਸੀ? ਇਨ੍ਹਾਂ ਨੂੰ ਗੱਦੀ ਤੋਂ ਉਤਾਰ ਦਿੱਤਾ। ਪਤਾ ਕੀ ਗੱਲ ਹੈ ਜੀ? ਇਹ ਰਿਵਾਜ ਹੀ ਹੈ ਕਿ ਜਦੋਂ ਨਸ਼ੇ ਦੀ ਕੋਈ ਭੱਠੀ ਫੜੀ ਜਾਂਦੀ ਹੈ ਤਾਂ ਸੀਰੀ ਨੂੰ ਫੜ੍ਹ ਕੇ ਲੈ ਜਾਂਦੇ ਹਨ।

ਸਰਦਾਰ ਸਰਵਨ ਸਿੰਘ ਫਿਲੌਰ : ਚੰਨੀ ਸਾਹਿਬ, ਗੱਲ ਇਹ ਹੈ ਕਿ ਤੁਸੀਂ ਕਹਿੰਦੇ ਹੋ ਕਿ ਮੈਨੂੰ ਉਠਾ ਦਿੱਤਾ। ਚੇਅਰਮੈਨ ਸਾਹਿਬ, ਮੈਂ ਆਪਣੀ ਮੌਰੇਲਿਟੀ ਦੇ ਆਧਾਰ ਤੇ ਆਪਣੇ ਅਹੁਦੇ ਤੋਂ ਰਿਜ਼ਾਈਨ ਦਿੱਤਾ ਹੈ ਕਿਉਂਕਿ ਇੱਕ ਨਟੋਰੀਅਸ ਬੰਦਾ ਜਿਸ ਨੂੰ ਅਸੀਂ ਆਪਣੀ ਜ਼ਿੰਦਗੀ ਵਿੱਚ ਕਦੇ ਮਿਲੇ ਵੀ ਨਹੀਂ ਸੀ ਪਰ ਅਖਬਾਰਾਂ ਵਿੱਚ ਜ਼ਰੂਰ ਉਸ ਬਾਰੇ ਪੜ੍ਹਿਆ ਹੈ, ਉਸਨੇ ਨਾਂ ਲਗਾ ਦਿੱਤਾ ਕਿ ਮੇਰੇ ਲੜਕੇ ਨੂੰ ਕਿਸੇ ਨਾਲ ਮਿਲਾਇਆ ਸੀ। ਜਿਸ ਨੂੰ ਮਿਲਾਇਆ ਸੀ, ਉਸ ਨੇ ਤਾਂ ਕਦੇ ਨਾਂ ਨਹੀਂ ਲਿਆ ਪਰ ਉਸ ਨੇ ਪਤਾ ਨਹੀਂ ਕਿਸ ਤਰ੍ਹਾਂ ਲੈ ਦਿੱਤਾ। ਕਿਉਂਕਿ ਮੇਰਾ ਜਿਹੜਾ ਕੇਸ ਹੈ, ਇਸ ਨੂੰ ਮੀਡੀਏ ਨੇ ਬਹੁਤ ਹੀ ਚੁੱਕਿਆ ਹੈ ਅਤੇ ਸਾਨੂੰ ਤਾਂ ਡਾਨ ਬਣਾ ਦਿੱਤਾ। ਉਸ ਕਰਕੇ ਮੈਂ ਆਪਣੀ ਮੌਰੇਲਿਟੀ ਦੇ ਅਧਾਰ ਤੇ ਅਸਤੀਫਾ ਦਿੱਤਾ ਹੈ, ਮੈਨੂੰ ਕਿਸੇ ਨੇ ਅਹੁਦੇ ਤੋਂ ਲਾਹਿਆ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਮੇਰਾ ਇਹ ਟਾਈਮ ਗਿਣ ਲੈਣਾ ਜੀ। ਅਸਲ ਵਿੱਚ ਪੰਜਾਬ ਵਿੱਚ ਰਿਵਾਜ ਇਹ ਹੈ ਕਿ ਜਦੋਂ ਭੱਠੀ ਫੜੀ ਜਾਂਦੀ ਹੈ ਤਾਂ ਉਹ ਫਿਰ ਸੀਰੀ ਦੇ ਸਿਰ ਪਾ ਦਿੱਤੀ ਜਾਂਦੀ ਹੈ। ਭੱਠੀਆਂ ਤਾਂ ਕਿਸੇ ਹੋਰ ਦੀਆਂ ਸਨ ਪਰ ਇਨ੍ਹਾਂ ਤੇ ਪੈ ਗਈਆਂ । ਚਲੋ, ਕੋਈ ਗੱਲ ਨਹੀਂ।

ਚੇਅਰਮੈਨ ਸਾਹਿਬ, ਤੁਸੀਂ ਇਹ ਦੇਖੋ ਕਿ ਇਨ੍ਹਾਂ ਦੀ ਸਰਕਾਰ ਦੇ ਢਾਈ ਸਾਲ ਦੇ ਸਮੇਂ ਦੌਰਾਨ ਪੰਜਾਬ ਵਿੱਚ ਕਿਸੇ ਨੌਜਵਾਨ ਨੂੰ ਨੌਕਰੀ ਨਹੀਂ ਮਿਲੀ। ਇਹ ਦੱਸਣ ਕਿ ਇੰਨੇ ਨੌਜਵਾਨ ਇਨ੍ਹਾਂ ਨੇ ਨੌਕਰੀਆਂ ਤੇ ਲਵਾ ਦਿੱਤੇ ਹਨ। ਨਸ਼ੇ ਤਾਂ ਆਪ ਹੀ ਚੱਲਣੇ ਹਨ। ਫਿਰ ਨਸ਼ਿਆਂ ਨੂੰ ਰੋਕਣ ਵਾਸਤੇ ਕਹੀ ਜਾਂਦੇ ਹਨ, ਸਾਰਾ ਹਾਊਸ ਵੀ ਕਹਿੰਦਾ ਹੈ ਅਤੇ ਸਾਰਾ ਪੰਜਾਬ ਵੀ ਹਾਏ ਹਾਏ ਕਰੀ ਜਾਂਦਾ ਹੈ। 5000 ਕਰੋੜ ਰੁਪਏ ਦੀ ਆਮਦਨ ਤਾਂ ਇਨ੍ਹਾਂ ਨੂੰ ਸ਼ਰਾਬ ਵਿੱਚੋਂ ਆ ਰਹੀ ਹੈ ਜੀ। ਕੀ ਸ਼ਰਾਬ ਨਸ਼ਾ ਨਹੀਂ ਹੈ? ਮੋਦੀ ਸਾਹਿਬ ਇੱਥੇ ਆਏ ਸੀ, ਅਸੀਂ ਸਾਰੇ ਤਾਰੀਫ ਕਰਦੇ ਹਾਂ। ਉਧਰ (ਰੂਲਿੰਗ ਬੈਂਚਿਜ਼) ਵਾਲੇ ਵੀ ਮੋਦੀ ਸਾਹਿਬ ਦੀ ਬੜੀ ਤਾਰੀਫ ਹੁਣੇ ਕਰਕੇ ਹਟੇ ਹਨ। ਗੁਜਰਾਤ ਦੇ ਵਿੱਚ ਸ਼ਰਾਬ ਨਹੀਂ ਵਿਕਦੀ ਪਰ ਕੀ ਗੁਜਰਾਤ ਡੁੱਬ ਗਿਆ ਹੈ ਜੀ? ਪੰਜਾਬ ਵਿੱਚ ਫਿਰ ਇਹ ਸ਼ਰਾਬ ਕਿਉਂ ਨਹੀਂ ਬੰਦ ਕਰਦੇ? ਜਦੋਂ ਨਸ਼ੇ ਬੰਦ ਕਰਨੇ ਹਨ ਤਾਂ ਪਹਿਲਾਂ ਸ਼ਰਾਬ ਬੰਦ ਕਰੋ। ਸ਼ਰਾਬ ਵੀ ਨਸ਼ਾ ਹੈ, ਇਸ ਨੂੰ ਨਸ਼ਾ ਮੰਨੋ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ 13448 ਕਰੋੜ ਰੁਪਏ ਦਾ ਕਰਜ਼ਾ ਇਸ ਸਾਲ ਚੁੱਕਣਾ ਹੈ। ਮੈਂ ਬੈਠ-ਬੈਠੇ

[ਸਰਦਾਰ ਚਰਨਜੀਤ ਸਿੰਘ ਚੰਨੀ]

ਨੇ ਹਿਸਾਬ ਲਗਾਇਆ ਕਿ ਅੱਜ ਦੇ ਦਿਨ ਦਾ ਕਰਜ਼ਾ ਕਿੰਨਾ ਪਿਆ ਹੈ। 36.48 ਕਰੋੜ ਰੁਪਿਆ ਅੱਜ ਦੇ ਦਿਨ ਦਾ ਕਰਜ਼ਾ ਹੋ ਜਾਣਾ ਹੈ, ਆਪਾਂ ਅੱਜ ਆਏ ਹਾਂ, ਜਦੋਂ ਸ਼ਾਮ ਨੂੰ ਜਾਣਾ ਹੈ ਤਾਂ ਇੰਨੇ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਹੋਰ ਚੜ੍ਹ ਜਾਣਾ ਹੈ। ਇਹ ਇੱਕ ਦਿਨ ਦਾ ਕਰਜ਼ਾ ਹੈ। ਹਰ ਰੋਜ਼ ਪੰਜਾਬ ਸਿਰ 36.48 ਕਰੋੜ ਰੁਪਏ ਇਕੱਲਾ ਸਰਕਾਰ ਦਾ ਪੈ ਰਿਹਾ ਹੈ, 20 ਕਰੋੜ ਰੁਪਏ ਦਾ ਕਰਜ਼ਾ ਹਰ ਰੋਜ਼ ਅਰਧ ਸਰਕਾਰੀ ਅਦਾਰਿਆਂ ਦਾ ਪੈ ਰਿਹਾ ਹੈ, ਫਿਰ ਆਪਾਂ ਕਿਵੇਂ ਬਚਾਂਗੇ ਜੀ? ਪੰਜਾਬ ਕਿਵੇਂ ਬਚੇਗਾ? ਜਿੰਨੀ ਆਮਦਨ ਦੱਸ ਰਹੇ ਹਨ, ਉਸ ਦੇ ਵਿੱਚੋਂ 20% ਭਾਵ 19.07% ਤਾਂ ਉਹ ਹੈ ਜਿਹੜੀ ਕਰਜ਼ੇ ਚੁੱਕ ਕੇ ਲੈਣੀ ਹੈ। ਫਿਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਰੁਪਿਆ ਕਿਸ ਤਰ੍ਹਾਂ ਆਉਂਦਾ ਹੈ ਤੇ ਕਿਸ ਤਰ੍ਹਾਂ ਜਾਂਦਾ ਹੈ, ਮੇਰੇ ਕੋਲ ਅੰਕੜੇ ਪਏ ਹਨ। ਤਨਖਾਹਾਂ ਤੇ ਵਿਆਜਾਂ ਵਿੱਚ ਹੀ ਸਰਕਾਰ ਦਾ ਰੁਪਿਆ ਤਾਂ ਚਲਾ ਜਾਂਦਾ ਹੈ। ਬਿਜਲੀ ਦੀ ਸਬਸਿਡੀ ਤੇ ਹੋਰ ਸਬਸਿਡੀਆਂ ਦੇ ਸਾਰੇ ਖਰਚੇ ਜੋ ਹਨ, ਉਹ ਸਾਰੇ ਲੋਨਜ਼ ਲੈ ਕੇ ਹੀ ਹੋਣੇ ਹਨ। ਸਰਕਾਰ ਕੋਲ ਡਿਵੈਲਪਮੈਂਟ ਲਈ ਕੋਈ ਪੈਸਾ ਨਹੀਂ ਹੈ। ਪੰਜਾਬ ਹਰ ਸਾਲ ਘਾਟਾ ਪਾਉਂਦਾ ਹੈ। ਹਰ ਸਾਲ ਇਸ ਦਾ ਨੁਕਸਾਨ ਹੁੰਦਾ ਜਾ ਰਿਹਾ ਹੈ।

*6.03 ਵਜੇ ਸ਼ਾਮ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮਾਨਯੋਗ ਸਪੀਕਰ ਸਾਹਿਬ, ਬਿਜਲੀ ਦੀ ਗੱਲ ਚੱਲ ਰਹੀ ਸੀ। ਬਿਜਲੀ ਦੀ ਜਿਹੜੀ ਖਪਤ ਹੈ, ਉਹ 35742 ਮਿਲੀਅਨ ਕਿਲੋਵਾਟ ਪ੍ਰਤੀ ਘੰਟਾ ਹੈ। ਬਿਜਲੀ ਦਾ ਉਤਪਾਦਨ 26250 ਮਿਲੀਅਨ ਕਿਲੋਵਾਟ ਪ੍ਰਤੀ ਘੰਟਾ ਹੈ। ਜੇ ਮੈਂ ਗਲਤ ਹੋਵਾਂ ਤਾਂ ਦੱਸ ਦੇਣਾ। ਮੈਂ ਪੇਜ਼ ਨੰਬਰ ਦੱਸ ਦੇਵਾਂਗਾ। ਜਿਹੜੀ ਬਿਜਲੀ ਖਰੀਦਦੇ ਹਨ, ਉਹ ਹਰ ਸਾਲ 12129 ਮਿਲੀਅਨ ਕਿਲੋਵਾਟ ਪ੍ਰਤੀ ਘੰਟਾ ਹੈ। ਫਿਰ ਇਹ ਕਿਹੜੀ ਸਰਪਲੱਸ ਬਿਜਲੀ ਦੀ ਗੱਲਾਂ ਕਰ ਰਹੇ ਹਨ? ਸਰਪਲਸ ਬਿਜਲੀ ਤਾਂ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਕੋਈ ਹੋਈ ਹੀ ਨਹੀਂ ਹੈ। ਪੰਜਾਬ ਸਰਕਾਰ ਨੇ ਤਾਂ ਕੋਈ ਬਿਜਲੀ ਬਣਾਈ ਹੀ ਨਹੀਂ ਹੈ। ਇਹ ਸਾਰਾ ਕੁਝ ਤਾਂ ਇਹ ਐਵੇਂ ਹੀ ਕਹੀ ਜਾਂਦੇ ਹਨ। ਜਿਹੜਾ ਰਾਜਪੁਰਾ ਤੇ ਤਲਵੰਡੀ ਸਾਬੋ ਅਤੇ ਤੀਸਰਾ ਜੋ ਪਲਾਂਟ ਬਣ ਰਿਹਾ ਹੈ, ਉਹ ਪ੍ਰਾਈਵੇਟ ਹਨ। ਜਿਸ ਤਰ੍ਹਾਂ ਅਸੀਂ ਹੁਣ ਰਾਜਸਥਾਨ ਜਾਂ ਕਿਸੇ ਹੋਰ ਤੋਂ ਬਿਜਲੀ ਖਰੀਦਦੇ ਹਾਂ, ਫਿਰ ਇਨ੍ਹਾਂ ਤੋਂ ਖਰੀਦਿਆ

ਕਰਨੀ ਹੈ। ਪੰਜਾਬ ਬਿਜਲੀ ਦੇ ਖੇਤਰ ਵਿੱਚ ਕਿਥੋਂ ਸਰਪਲਸ ਹੋ ਰਿਹਾ ਹੈ ਜੀ? ਪੰਜਾਬ ਤਾਂ ਉਥੇ ਦਾ ਉਥੇ ਹੀ ਖੜ੍ਹਾ ਹੈ ਜਾਂ ਪਿਛੇ ਜਾ ਰਿਹਾ ਹੈ।

ਮਾਨਯੋਗ ਸਪੀਕਰ ਸਾਹਿਬ, ਪੰਜਾਬ ਦਾ ਗਰੀਬ ਤਾਂ ਹੋਰ ਗਰੀਬ ਹੋਈ ਜਾ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਟੋਟਲ ਪਰ ਕੈਪਿਟਾ ਇਨਕਮ 84526/- ਰੁਪਏ ਹੈ ਅਤੇ ਜਿਹੜੇ ਪੰਜਾਬ ਦੇ ਗਰੀਬ ਲੋਕ ਹਨ, ਉਨ੍ਹਾਂ ਦੀ 1054/- ਰੁਪਏ ਪ੍ਰਤੀ ਮਹੀਨਾ ਪਰ ਕੈਪਿਟਾ ਇਨਕਮ ਹੈ। ਇਹ ਬੜੀ ਸ਼ਰਮਨਾਕ ਗੱਲ ਹੈ। ਫਿਰ ਇਹ ਕਹਿੰਦੇ ਹਨ ਕਿ ਕੇਂਦਰ ਦੀਆਂ ਗਰਾਂਟਾਂ ਨਹੀਂ ਆਉਂਦੀਆਂ । ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਪਿਛਲੇ ਸਾਲ ਕੇਂਦਰ ਤੋਂ ਟੈਕਸਾਂ ਦੇ 4034 ਕਰੋੜ ਰੁਪਏ ਆਏ ਅਤੇ 6001 ਕਰੋੜ ਗਰਾਂਟ ਆਈ ਹੈ। ਸਾਲ 2012-13 ਵਿੱਚ ਕੇਂਦਰ ਤੋਂ 10,035 ਕਰੋੜ ਰੁਪਿਆ ਆਇਆ ਅਤੇ ਪਿਛਲੇ ਸਾਲ ਕੇਂਦਰ ਤੋਂ 11,405 ਕਰੋੜ ਰੁਪਏ ਆਏ ਹਨ। ਫਿਰ ਇਹ ਕਹਿੰਦੇ ਹਨ ਕਿ ਡਾਕਟਰ ਮਨਮੋਹਨ ਸਿੰਘ ਨੇ ਪੰਜਾਬ ਨਾਲ ਬਹੁਤ ਧੱਕਾ ਕੀਤਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਹੁੰਦੇ ਹਨ ਅਤੇ ਦਿਖਾਉਣ ਦੇ ਹੋਰ ਹੁੰਦੇ ਹਨ। ਐਸ.ਸੀਜ਼ ਬਾਰੇ ਗੱਲ ਕਰਦੇ ਹਨ ਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਪਲੀਜ਼, ਹੁਣ ਕਨਕਲੂਡ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜਦੋਂ ਤੁਸੀਂ ਆਏ ਹੋ....

ਮਾਨਯੋਗ ਸਪੀਕਰ : ਮੈਨੂੰ ਪਤਾ ਹੈ ਕਿ ਤੁਸੀਂ ਚਾਰ ਮਿੰਟ ਪਹਿਲਾਂ ਹੀ ਲੱਗੇ ਹੋ। ਪਲੀਜ਼ ਕਨਕਲੂਡ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਐਸ.ਸੀਜ਼ ਲਈ 44,739 ਲੱਖ ਰੱਖਿਆ ਗਿਆ ਅਤੇ 13,757 ਲੱਖ ਖਰਚ ਕੀਤਾ ਗਿਆ। ਸਿਰਫ 30.5 ਫੀਸਦੀ ਇਨ੍ਹਾਂ ਨੇ ਖਰਚ ਕੀਤਾ ਹੈ।

ਮਾਨਯੋਗ ਸਪੀਕਰ : ਤੁਸੀਂ 5.59 ਵਜੇ ਤੋਂ ਬੋਲਣ ਲੱਗੇ ਹੋ, ਪਲੀਜ਼ ਹੁਣ ਕਨਕਲੂਡ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਬਜਟ ਵਿੱਚ ਘਾਟਾ ਕਿਉਂ ਪੈ ਰਿਹਾ ਹੈ।ਉਹ

[ਸਰਦਾਰ ਚਰਨਜੀਤ ਸਿੰਘ ਚੰਨੀ]

ਇਸ ਕਰਕੇ ਪੈ ਰਿਹਾ ਹੈ ਕਿ ਜਿਹੜੀ ਰੇਤੇ ਦੀ 2 ਹਜ਼ਾਰ ਕਰੋੜ ਰੁਪਏ ਦੀ ਆਮਦਨ ਹੋਣੀ ਸੀ, ਉਹ ਮਸਲਮੈਨਾਂ ਅਤੇ ਲੀਡਰਾਂ ਦੀਆਂ ਜੇਬਾਂ ਵਿੱਚ ਚਲੀ ਗਈ। ਜਿਹੜੀ ਰੋਡਵੇਜ਼ ਦੀ ਇਨਕਮ ਹੋਣੀ ਸੀ, ਉਹ ਵੀ ਪ੍ਰਾਈਵੇਟ ਰੋਡਵੇਜ਼ ਵਾਲੇ ਲੈ ਗਏ। ਸਪੀਕਰ ਸਾਹਿਬ, ਪੰਜਾਬ ਵਿੱਚ ਮਿਸਮੈਨੇਜਮੈਂਟ ਹੈ, ਪੰਜਾਬ ਦੇ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ। ਪੰਜਾਬ ਦੇ ਲੀਡਰਾਂ ਵਲੋਂ ਧੱਕੇ ਨਾਲ ਆਪਣੀਆਂ ਜੇਬਾਂ ਵਿੱਚ ਜਿਹੜਾ ਪੈਸਾ ਪਾਇਆ ਜਾ ਰਿਹਾ ਹੈ, ਉਸ ਨਾਲ ਪੰਜਾਬ ਅੱਜ ਘਾਟੇ ਵਿੱਚ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਪੰਜਾਬ ਦੇ ਬਜਟ ਦਾ ਸਖਤ ਵਿਰੋਧ ਕਰਦਾ ਹੋਇਆ ਇਹੀ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਅਸਲੀ ਤਸਵੀਰ ਅੱਗੇ ਲਿਆ ਕੇ ਪੰਜਾਬ ਨੂੰ ਬਚਾਓ ਅਤੇ ਪੰਜਾਬ ਨੂੰ ਸੰਭਾਲੋ।

ਮਾਨਯੋਗ ਸਪੀਕਰ : ਹਾਂ ਜੀ, ਪ੍ਰਕਾਸ਼ ਚੰਦ ਗਰਗ ਜੀ, ਕੇਵਲ 5 ਮਿੰਟ।

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਸਾਲ 2014-15 ਦੇ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਗਿਆ ਹੈ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਜੀ ਦੀ ਸੁਚੱਜੀ ਅਗਵਾਈ ਦੇ ਵਿੱਚ ਸਾਡੇ ਬਹੁਤ ਹੀ ਸੂਝਵਾਨ ਔਰ ਦੂਰਅੰਦੇਸ਼ੀ ਵਿੱਤ ਮੰਤਰੀ ਜੀ ਨੇ ਜੋ ਸਾਲ 2014-15 ਦਾ ਬਜਟ ਪੇਸ਼ ਕੀਤਾ ਹੈ ਔਰ ਜੋ ਤਜਵੀਜ਼ਾਂ ਪੇਸ਼ ਕੀਤੀਆਂ ਹਨ, ਉਹ ਸੰਤੁਲਿਤ ਰੁਜ਼ਗਾਰ ਪੈਦਾ ਕਰਨ ਦੇ ਨਾਲ ਨਾਲ ਪੰਜਾਬ ਦੇ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਸੂਬੇ ਦੇ ਬਹੁਪੱਖੀ ਵਿਕਾਸ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਮੇਰੇ ਸਾਹਮਣੇ ਬੈਠੇ ਸਾਥੀ ਬਹੁਤ ਚਿੰਤਾ ਕਰ ਰਹੇ ਹਨ। ਸਰਦਾਰ ਲਾਲ ਸਿੰਘ ਜੀ ਬਹੁਤ ਸੀਨੀਅਰ ਹਨ, ਜਦੋਂ ਉਹ ਬਜਟ ਤੇ ਬੋਲ ਰਹੇ ਸੀ ਤਾਂ ਸਨਅਤਾਂ ਲਈ ਇਨਸੈਂਟਿਵ ਬਾਰੇ ਬਹੁਤ ਚਿੰਤਾ ਪ੍ਰਗਟਾਅ ਰਹੇ ਸੀ ਕਿ ਪੰਜਾਬ ਦੀ ਇੰਡਸਟਰੀ ਨੂੰ ਇਨਸੈਂਟਿਵ ਨਹੀਂ ਦਿੱਤਾ ਜਾ ਰਿਹਾ ਜਦੋਂ ਕਿ ਸਾਡੇ ਦੇਸ਼ ਦੀਆਂ ਜਿਹੜੀਆਂ ਹਿੱਲ ਸਟੇਟਾਂ ਹਨ, ਉਨ੍ਹਾਂ ਨੂੰ ਲਗਾਤਾਰ ਇਨਸੈਂਟਿਵ ਦਿੱਤਾ ਜਾ ਰਿਹਾ ਹੈ। ਪਰ ਉਹ ਸ਼ਾਇਦ ਇਸ ਗੱਲ ਨੂੰ ਭੁੱਲ ਗਏ ਕਿ ਪਿਛਲੇ ਸਮੇਂ ਵਿੱਚ ਯੂ.ਪੀ.ਏ. ਸਰਕਾਰ ਨੇ ਜੋ ਪੰਜਾਬ ਨਾਲ ਧੱਕਾ ਕੀਤਾ ਹੈ, ਜੋ ਵਿਤਕਰਾ ਕਾਂਗਰਸ ਦੀ ਸਰਕਾਰ ਵੇਲੇ ਪੰਜਾਬ ਨਾਲ ਹੋਇਆ ਹੈ, ਉਸ ਦਾ ਭੁਗਤਾਨ ਪੰਜਾਬ ਔਰ ਦੇਸ਼ ਦੇ ਲੋਕ ਹੁਣ ਤੱਕ ਕਰ ਰਹੇ ਹਨ। ਵੈਸੇ ਤਾਂ ਦੇਸ਼ ਦੇ

ਲੋਕਾਂ ਨੇ ਉਨ੍ਹਾਂ ਨੂੰ ਉਸ ਦੀ ਸਜ਼ਾ ਦੇ ਦਿੱਤੀ ਹੈ ਪਰ ਇਹ ਹਾਲੇ ਵੀ ਨਹੀਂ ਸਮਝੇ। ਪੰਜਾਬੀ ਵਿੱਚ ਇੱਕ ਕਹਾਵਤ ਹੈ ਕਿ ਜੇ ਕਿਸੇ ਭਾਂਡੇ ਨੂੰ ਬਿੱਲਾ ਚੱਟ ਜਾਏ ਤਾਂ ਉਸ ਵਿੱਚ ਛੇਤੀ ਦੁੱਧ ਨਹੀਂ ਜੰਮਦਾ। ਇਸ ਕਰਕੇ ਇਨ੍ਹਾਂ ਨੂੰ ਵੀ ਪਤਾ ਹੈ ਕਿ ਇਨ੍ਹਾਂ ਦੀ ਸਰਕਾਰ ਨੇ ਜੋ ਪੰਜਾਬ ਦੇ ਅਰਥਚਾਰੇ ਨੂੰ ਢਾਹ ਲਗਾਈ ਹੈ, ਉਸ ਦਾ ਬੰਦੋਬਸਤ ਕਰਨਾ ਕਿੰਨਾ ਮੁਸ਼ਕਿਲ ਹੋ ਰਿਹਾ ਹੈ। ਲੇਕਿਨ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਹ ਇਸ ਤਰ੍ਹਾਂ ਦੇ ਅਰਥਚਾਰੇ ਦੇ ਬਾਵਜੂਦ ਵੀ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਗਏ ਹਨ।

ਇੱਥੇ ਖੇਤੀਬਾੜੀ ਦੀ ਗੱਲ ਚੱਲੀ ਹੈ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ। ਬਜਟ ਵਿੱਚ 310 ਕਰੋੜ ਰੁਪਏ ਖੇਤੀਬਾੜੀ ਯੂਨੀਵਰਸਿਟੀ ਨੂੰ ਦੇਣ ਲਈ ਜਾਂ ਗੰਨਾ ਉਤਪਾਦਕਾਂ ਨੂੰ ਬਕਾਏ ਦੇਣ ਦੀ ਗੱਲ ਕੀਤੀ ਹੈ...

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਾਂਗਰਸ ਨੂੰ **** ਕਿਹਾ ਹੈ, ਇਹ ਸ਼ਬਦ ਕੱਟ ਦਿੱਤਾ ਜਾਵੇ।

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਮੈਂ ਤੁਹਾਨੂੰ **** ਨਹੀਂ ਕਿਹਾ, ਕਾਂਗਰਸ ਪਾਰਟੀ ਨੂੰ **** ਕਿਹਾ ਹੈ। **** ਤਾਂ ਤੁਸੀਂ ਆਪ ਹੀ ਸਮਝ ਗਏ। ਤੁਹਾਨੂੰ ਇਹ ਲੱਗੀ ਜਾਂਦਾ ਹੈ ਕਿ ਤੁਹਾਡੇ ਤੇ ਢੁੱਕਦਾ ਹੈ। ਇਹ ਤੁਹਾਡੇ ਤੇ ਨਹੀਂ ਢੁੱਕਦਾ, ਇਹ ਤੁਹਾਡੀ ਪਾਰਟੀ ਤੇ ਢੁੱਕਦਾ ਹੈ।

ਮਾਨਯੋਗ ਸਪੀਕਰ : **** ਤਾਂ ਉਨ੍ਹਾਂ ਨੇ ਕਿਹਾ ਹੀ ਨਹੀਂ। ਜੇ ਕਿਹਾ ਹੈ ਤਾਂ ਐਕਸਪੰਜ ਕਰ ਦਿੱਤਾ ਜਾਵੇ।

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਇਹ ਪਾਰਟੀ ਤੇ ਢੁੱਕਦਾ ਹੈ, ਤੁਹਾਡੇ ਤੇ ਨਹੀਂ ਢੁੱਕਦਾ। ਇਹ ਕਹਾਵਤ ਕਹੀ ਹੈ ਕਿ ਲੈਣ ਦੇਣ ਕੋ ਖਾਕ, ਮੁਹੱਬਤ ਪਾਕ। ਇਨ੍ਹਾਂ ਦੀ ਸਰਕਾਰ ਨੇ ਇੱਕ ਧੇਲਾ ਵੀ ਪੰਜਾਬ ਨੂੰ ਨਹੀਂ ਦਿੱਤਾ । ਪੰਜਾਬ ਦਾ ਜੋ ਨੁਕਸਾਨ ਇਨ੍ਹਾਂ ਦੇ ਵੇਲੇ ਹੋਇਆ ਹੈ, ਉਸ ਦੀ ਚਿੰਤਾ ਨਹੀਂ ਕਰਦੇ ਔਰ ਹੁਣ ਦੋ ਮਹੀਨੇ ਵਿੱਚ ਚਿੰਤਾ ਪੈ ਗਈ। (ਵਿਘਨ) (ਸ਼ੋਰ) ਦੋ ਮਹੀਨੇ ਵਿੱਚ ਚਿੰਤਾ ਪੈ ਗਈ ਕਿ ਪੰਜਾਬ ਨੂੰ ਕੁਝ ਮਿਲਿਆ

**Expunged as ordered by the Chair.

ਨਹੀਂ। (ਵਿਘਨ) (ਸ਼ੋਰ)

Mr. Speaker : Please keep silence.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਨਾਗਰਾ ਜੀ, ਮੇਰਾ ਟਾਈਮ ਨਾ ਖਰਾਬ ਕਰੋ। ਬੋਲਣ ਦਿਉ। ਬਜਟ ਤੇ ਗੱਲ ਕਰ ਲੈਣ ਦਿਉ।

Mr. Speaker : Nagra Ji, silence please.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਸੋ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਬਾਦਲ ਸਾਹਿਬ ਹਮੇਸ਼ਾ ਕਿਸਾਨਾਂ ਦੇ ਹਿਤੈਸ਼ੀ ਰਹੇ ਹਨ। ਬਾਰਡਰ ਤੇ ਕੰਡਿਆਲੀ ਤਾਰ ਦੇ ਨੇੜੇ ਜੋ ਕਿਸਾਨ ਖੇਤੀ ਨਹੀਂ ਕਰ ਸਕਦੇ, ਕਿਸਾਨਾਂ ਨੂੰ ਬੜੀ ਮੁਸ਼ਕਲ ਆਉਂਦੀ ਹੈ, ਉਨ੍ਹਾਂ ਨੂੰ ਮੁਆਵਜ਼ੇ ਦਾ ਪ੍ਰਤੀ ਏਕੜ 10 ਹਜ਼ਾਰ ਰੁਪਿਆ ਬਾਦਲ ਸਾਹਿਬ ਨੇ ਪ੍ਰਦਾਨ ਕੀਤਾ ਹੈ। ਟਿਊਬਵੈੱਲਾਂ ਨੂੰ ਜੋ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ, ਉਸ ਲਈ ਵੀ ਪ੍ਰੋਵੀਜ਼ਨ ਰੱਖੀ ਹੈ। ਇਸੇ ਤਰ੍ਹਾਂ ਲਾਡੋਵਾਲ ਵਿਖੇ 100 ਏਕੜ ਵਿੱਚ ਮੈਗਾ ਫੂਡ ਪਾਰਕ ਬਣਾਉਣ ਦੀ ਤਜਵੀਜ਼ ਵੀ ਦਿੱਤੀ ਹੈ। ਮੈਂ ਇਨ੍ਹਾਂ ਨੂੰ, ਸਾਡੇ ਸਾਥੀਆਂ ਨੂੰ ਇੱਕ ਗੱਲ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਮਨਮੋਹਨ ਸਿੰਘ ਜੀ, ਸਾਬਕਾ ਪ੍ਰਧਾਨ ਮੰਤਰੀ ਸਾਹਿਬ ਨੇ ਦੇਸ਼ ਦੇ ਕਿਸਾਨਾਂ ਨੂੰ 71 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਕਹੀ ਸੀ, ਉਦੋਂ ਸ਼ਾਇਦ ਪੰਜਾਬ ਨੂੰ ਭੁੱਲ ਗਏ ਸੀ। ਉਦੋਂ ਪੰਜਾਬ ਦੇ ਕਿਸਾਨਾਂ ਦਾ ਕੇਵਲ ਡੇਢ ਪ੍ਰਤੀਸ਼ਤ ਕਰਜ਼ਾ ਹੀ ਮੁਆਫ ਕੀਤਾ ਸੀ, ਪੰਜਾਬ ਦੇ ਕਿਸਾਨਾਂ ਦਾ ਕਸੂਰ ਇੰਨਾ ਹੀ ਸੀ ਕਿ ਉਨ੍ਹਾਂ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ ਹੈ। ਜਦੋਂ ਦੇਸ਼ ਦੇ ਲੋਕ ਅਨਾਜ ਦੀ ਤੰਗੀ ਕਾਰਨ ਭੁੱਖੇ ਮਰਦੇ ਸੀ ਉਦੋਂ "ਜੈ ਜਵਾਨ, ਜੈ ਕਿਸਾਨ" ਦਾ ਨਾਅਰਾ ਲਾ ਕੇ ਪੰਜਾਬ ਦੇ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਹੈ ਪਰ ਜਦੋਂ ਕਰਜ਼ਾ ਮੁਆਫ ਕਰਨ ਦੀ ਗੱਲ ਆਈ ਤਾਂ ਪੰਜਾਬ ਨੂੰ ਵਿਸਾਰ ਦਿੱਤਾ ਗਿਆ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜੋ ਤਕਨੀਕੀ ਸਿੱਖਿਆ ਵੱਲ ਉਚੇਚਾ ਧਿਆਨ ਦਿੱਤਾ ਹੈ ਉਸ ਲਈ ਵੀ ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ

ਹਾਂ ਕਿ ਉਨ੍ਹਾਂ ਨੇ ਤਕਨੀਕੀ ਸਿੱਖਿਆ ਅਤੇ ਹੁਨਰ ਵਿਕਾਸ ਵਿਭਾਗ ਨੂੰ ਨੋਡਲ ਏਜੰਸੀ ਦੇ ਤੌਰ ਤੇ ਲਿਆ ਹੈ ਅਤੇ ਜਿੰਨੀਆਂ ਵੀ ਵੱਖ-ਵੱਖ ਵਿਭਾਗਾਂ ਵਿੱਚ ਤਕਨੀਕੀ ਸਿੱਖਿਆ ਦੀਆਂ ਸਕੀਮਾਂ ਚੱਲ ਰਹੀਆਂ ਹਨ, ਉਨ੍ਹਾਂ ਤੇ 500 ਕਰੋੜ ਰੁਪਿਆ ਖਰਚ ਕਰਕੇ 3 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਹੁਨਰ ਸਿਖਾਉਣ ਦਾ ਪ੍ਰਬੰਧ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1700 ਏਕੜ ਵਿੱਚ ਗਮਾਡਾ ਵਿੱਚ ਜੋ ਆਈ.ਟੀ. ਸਿਟੀ ਦੀ ਤਜਵੀਜ਼ ਹੈ, ਉਸ ਵਿੱਚ ਆਉਣ ਵਾਲੇ ਤਿੰਨ ਸਾਲਾਂ ਵਿੱਚ 50 ਹਜ਼ਾਰ ਨੌਕਰੀਆਂ ਦੇ ਮੌਕੇ ਨੌਜਵਾਨਾਂ ਨੂੰ ਮਿਲਣਗੇ।

ਇਸੇ ਤਰ੍ਹਾਂ ਫੂਡ ਸਕਿਉਰਿਟੀ ਐਕਟ ਲਾਗੂ ਹੋਇਆ ਹੈ। ਉਸ ਵਿੱਚ ਪੰਜਾਬ ਸਰਕਾਰ ਵੱਲੋਂ ਗਰੀਬਾਂ ਨੂੰ 1 ਰੁਪਏ ਕਿਲੋ ਕਣਕ ਅਤੇ 20 ਰੁਪਏ ਕਿਲੋ ਦਾਲ ਜੋ ਲਗਭਗ 7 ਸਾਲ ਤੋਂ ਪੰਜਾਬ ਵਿੱਚ ਅਸੀਂ ਦੇ ਰਹੇ ਹਾਂ, 30 ਲੱਖ ਪਰਿਵਾਰਾਂ ਤੇ ਇਹ ਸਕੀਮ ਲਾਗੂ ਕੀਤੀ ਗਈ ਹੈ, ਉਸ ਲਈ 400 ਕਰੋੜ ਰੁਪਏ ਦਾ ਜੋ ਪ੍ਰਾਵਧਾਨ ਰੱਖਿਆ ਹੈ, ਉਸ ਲਈ ਵੀ ਮੈਂ ਇਸ ਬਜਟ ਦੀ ਸ਼ਲਾਘਾ ਕਰਦਾ ਹਾਂ। ਪੰਜਾਬ ਦੇ ਵਪਾਰੀਆਂ ਲਈ ਜੋ ਰਾਹਤ ਸਕੀਮ ਲਾਗੂ ਕੀਤੀ ਹੈ, ਉਸ ਲਈ ਵੀ ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ।

Mr. Speaker : Thank you. Please conclude now.

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਮਹਿਜ਼ ਦੋ ਮਿੰਟ ਹੋਰ ਦੇ ਦਿਉ ਜੀ।

ਮਾਨਯੋਗ ਸਪੀਕਰ : ਨਹੀਂ ਜੀ, ਦੋ ਮਿੰਟ ਨਹੀਂ, ਇੱਕ ਅੱਧੇ ਮਿੰਟ ਵਿੱਚ ਖਤਮ ਕਰੋ।

ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ : ਚੱਲੋ ਇੱਕ ਮਿੰਟ ਸਹੀ। ਮੇਰਾ ਇੱਕ ਮਿੰਟ ਤਾਂ ਰਾਣਾ ਗੁਰਜੀਤ ਸਿੰਘ ਜੀ ਨੇ ਲੈ ਲਿਆ ਹੈ। ਸਿਹਤ ਸੇਵਾਵਾਂ ਤੇ ਸਿੱਖਿਆ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਹਤ ਸੇਵਾਵਾਂ ਅਤੇ ਸਿੱਖਿਆ ਵੱਲ ਬਜਟ ਵਿੱਚ ਬਹੁਤ ਉਚੇਚਾ ਧਿਆਨ ਰੱਖਿਆ ਗਿਆ ਹੈ ਕਿਉਂਕਿ ਸਿੱਖਿਆ ਵਿਭਾਗ ਵਿੱਚ 50 ਹਜ਼ਾਰ ਦੇ ਕਰੀਬ ਅਧਿਆਪਕਾਂ ਦੀ ਭਰਤੀ ਹੋਈ ਹੈ ਅਤੇ 13 ਹਜ਼ਾਰ ਹੋਰ ਰੱਖਣ ਦਾ ਪ੍ਰੋਵੀਜ਼ਨ ਹੈ। (ਵਿਘਨ) ਇਸ ਦੇ ਨਾਲ ਹੀ ਵਪਾਰੀਆਂ ਲਈ ਜੋ ਰਾਹਤ ਸਕੀਮ ਪੰਜਾਬ ਵਿੱਚ ਲਾਗੂ ਕੀਤੀ ਹੈ, ਉਸ ਲਈ ਮੈਂ ਡਿਪਟੀ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ । ਪੰਜਾਬ ਵਿੱਚ 1.80 ਲੱਖ ਦੇ ਕਰੀਬ ਵੈਟ ਲਾਇਸੰਸ ਹੋਲਡਰ ਹਨ, ਉਨ੍ਹਾਂ ਨੂੰ 5,000

ਰੁਪਏ ਲੰਪਸਮ ਜਮ੍ਹਾਂ ਕਰਵਾਉਣ ਦੀ ਰਾਹਤ ਦਿੱਤੀ ਹੈ, ਉਨ੍ਹਾਂ ਨੂੰ ਹੁਣ ਕਿਤਾਬਾਂ ਰੱਖਣ ਦੀ ਲੋੜ ਨਹੀਂ ਹੋਵੇਗੀ। ਇਸ ਤਰ੍ਹਾਂ ਪੰਜਾਬ ਦੇ ਵਪਾਰੀਆਂ ਨੂੰ ਬੁੱਕ-ਲੈੱਸ ਕੀਤਾ ਹੈ। ਸ਼ਾਇਦ ਦੇਸ਼ ਵਿੱਚੋਂ ਇਹ ਪਹਿਲੀ ਸਟੇਟ ਹੈ। ਇਸ ਤਰ੍ਹਾਂ ਕਰਕੇ ਵਪਾਰੀਆਂ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਗਈ ਹੈ ਜਿਸ ਵਿੱਚ ਆਨ-ਲਾਈਨ ਰਿਫੰਡ ਦਾ, ਵਾਲੰਟੀਅਰੀ ਡਿਸਕਲੋਜ਼ਰ ਸਕੀਮ ਦਾ ਅਤੇ ਸਮਾਜਿਕ ਸੁਰੱਖਿਆ ਸਕੀਮ ਤਹਿਤ ਉਨ੍ਹਾਂ ਦੇ ਬੀਮੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਇਸ ਦੇ ਨਾਲ ਮੈਂ ਸਿਹਤ ਸੇਵਾਵਾਂ ਬਾਰੇ ਵਿਸ਼ੇਸ਼ ਤੌਰ ਤੇ ਗੱਲ ਕਰਨੀ ਚਾਹੁੰਦਾ ਹਾਂ। ਸਿਹਤ ਸੇਵਾਵਾਂ ਵੱਲ ਉਚੇਚਾ ਧਿਆਨ ਦਿੱਤਾ ਗਿਆ ਹੈ। ਕੈਂਸਰ ਜੋ ਕਿ ਅੱਜ ਲਾਇਲਾਜ ਬਿਮਾਰੀ ਬਣ ਗਈ ਹੈ, ਉਸ ਦੀ ਰੋਕਥਾਮ ਲਈ ਅੱਜ ਸੈਂਟਰਾਂ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ, ਇਸ ਸਕੀਮ ਤਹਿਤ ਜਿਥੇ ਬਠਿੰਡਾ, ਹੁਸ਼ਿਆਰਪੁਰ ਤੇ ਫਾਜ਼ਿਲਕਾ ਵਿੱਚ ਸੈਂਟਰ ਖੁੱਲ੍ਹ ਰਹੇ ਹਨ, ਉਥੇ ਮੇਰੇ ਹਲਕੇ ਸੰਗਰੂਰ ਵਿੱਚ ਵੀ ਰੇਡੀਓਥਰੈਪੀ ਲਈ ਟਾਟਾ ਮੈਮੋਰੀਅਲ ਸੈਂਟਰ ਨਾਲ ਟਾਈ-ਅੱਪ ਕਰਕੇ ਇੱਕ ਸੈਂਟਰ ਬਣਾਇਆ ਜਾ ਰਿਹਾ ਹੈ, ਉਸ ਲਈ ਵੀ ਮੈਂ ਧੰਨਵਾਦ ਕਰਦਾ ਹਾਂ।

ਇਸ ਦੇ ਨਾਲ ਹੀ ਮਾਈ ਭਾਗੋ ਵਿੱਦਿਆ ਸਕੀਮ ਅਤੇ ਡਾਕਟਰ ਹਰਗੋਬਿੰਦ ਖੁਰਾਨਾ ਸਕੀਮ ਤਹਿਤ ਗਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਨੂੰ ਬਹੁਤ ਵੱਡਾ ਉਤਸ਼ਾਹ ਮਿਲਣਾ ਹੈ। ਇਸ ਦੇ ਨਾਲ ਹੀ 6 ਰਿਹਾਇਸ਼ੀ ਸਕੂਲਾਂ ਦੀ ਸਥਾਪਨਾ ਕਰਨਾ ਸਾਡੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਇੱਕ ਮੀਲ ਪੱਥਰ ਸਕੀਮ ਸਾਬਤ ਹੋਵੇਗੀ। ਇਸ ਲਈ ਇਹ ਬਜਟ ਬਹੁਤ ਹੀ ਜ਼ਿਆਦਾ ਉਤਸ਼ਾਹਜਨਕ ਹੈ ਕਿਉਂਜੋ ਇਸ ਵਿੱਚ ਕੌਮੀ ਵਿਕਾਸ ਦਰ ਅਤੇ ਪ੍ਰਤੀ ਆਮਦਨੀ , ਵਿੱਤੀ ਘਾਟਾ ਅਤੇ ਨੈਸ਼ਨਲ ਲੈਵਲ ਤੇ ਮਾਪਦੰਡਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ। ਅਖੀਰ ਵਿੱਚ ਮੈਂ ਇੱਕ ਮਿੰਟ ਵਿੱਚ ਕਹਿਣਾ ਚਾਹੁੰਦਾ ਹਾਂ ....

ਮਾਨਯੋਗ ਸਪੀਕਰ : ਨਹੀਂ ਜੀ, ਨਹੀ, ਇੰਨਾ ਟਾਈਮ ਨਹੀਂ ਹੈ। ਤੁਸੀਂ ਸਮਾਪਤ ਕਰੋ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਅਖੀਰ ਵਿੱਚ ਮੈਂ ਕਹਿੰਦਾ ਹਾਂ ਕਿ ਕੇਂਦਰ ਸਰਕਾਰ ਦੇ ਵਿਤਕਰਿਆਂ ਦੇ ਬਾਵਜੂਦ ਇਹ ਬਜਟ ਬਹੁਤ ਹੀ ਜ਼ਿਆਦਾ ਖੁਸ਼ਹਾਲੀ ਵਾਲਾ ਅਤੇ ਤਰੱਕੀ ਵਾਲਾ ਬਜਟ ਹੈ।

Mr. Speaker : Please sit down. ਬੈਠ ਜਾਉ। ਹੁਣ ਸਰਦਾਰ ਬਲਵਿੰਦਰ ਸਿੰਘ ਬੈਂਸ ਜੀ ਦਾ ਸਮਾਂ ਹੈ।

ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ ਪਰ ਇੱਕ ਇਹ ਵੀ ਬੇਨਤੀ ਕਰਦਾ ਹਾਂ ਕਿ ਕਿਧਰੇ ਸਾਰਾ ਗੁੱਸਾ ਸਾਡੇ ਤੇ ਹੀ ਨਾ ਕੱਢ ਦਿਉ।...

ਮਾਨਯੋਗ ਸਪੀਕਰ : ਨਹੀਂ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਅਜ਼ਾਦ ਮੈਂਬਰਾਂ ਦੇ 12 ਮਿੰਟ ਬਣਦੇ ਹਨ। ਮੈਂ 13ਵਾਂ ਮਿੰਟ ਨਹੀਂ ਲੈਣਾ। ਹੋ ਸਕਦਾ ਹੈ ਕਿ ਮੈਂ ਇੱਕ-ਅੱਧਾ ਮਿੰਟ ਪਹਿਲਾਂ ਹੀ ਖਤਮ ਕਰ ਦਿਆਂ।

ਮਾਨਯੋਗ ਸਪੀਕਰ : ਕੋਸ਼ਿਸ਼ ਕਰੋ ਕਿ ਪੰਜ-ਸੱਤ ਮਿੰਟ ਵਿੱਚ ਹੀ ਪੂਰਾ ਕਰ ਦਿਉ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਧਰਤੀ ਅਣਖੀ ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਹੈ। ਮੈਂ ਸਮਝਦਾ ਹਾਂ ਕਿ ਐਫ.ਐਮ. ਸਾਹਿਬ ਨੇ ਬਜਟ ਤਾਂ ਬਣਾਇਆ ਹੈ ਪਰ ਬਜਟ ਬਣਾਉਣ ਲੱਗਿਆਂ ਉਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਤੇ ਝਾਤੀ ਵੀ ਨਹੀਂ ਮਾਰੀ। ਅਸੀਂ ਚੋਣ ਮੈਨੀਫੈਸਟੋ ਵਿੱਚ ਬਿਰਧ ਮਾਤਾਵਾਂ ਨਾਲ, ਬਿਰਧ ਬਾਪਾਂ ਨਾਲ, ਉਨ੍ਹਾਂ ਵਿਧਵਾਵਾਂ ਤੇ ਬੱਚਿਆਂ ਨਾਲ ਇੱਕ ਵਾਅਦਾ ਕਰਕੇ ਆਏ ਹਾਂ ਕਿ ਜੇਕਰ ਸਾਡੀ ਸਰਕਾਰ ਬਣ ਗਈ ਤਾਂ ਆਉਂਦੇ ਸਾਰ ਹੀ ਤੁਹਾਡੀ ਪੈਨਸ਼ਨ ਦੁੱਗਣੀ ਕਰ ਦਿਆਂਗੇ ਪਰ ਸਰਕਰ ਬਣੀ ਨੂੰ ਤਿੰਨ ਸਾਲ ਬੀਤ ਗਏ ਹਨ, ਇਹ ਵਧਾਈ ਨਹੀਂ ਗਈ। ਮੈਨੂੰ ਅੱਜ ਦੁੱਖ ਤੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੈਨਸ਼ਨ ਮਿਲਣ ਸਬੰਧੀ ਸਿਸਟਮ ਠੀਕ ਨਹੀਂ ਹੈ, 250/- ਰੁਪਏ ਦੀ ਜਿਹੜੀ ਪੈਨਸ਼ਨ ਇਹ ਦਿੰਦੇ ਹਨ, ਉਹ ਬੈਂਕ ਵਿੱਚ ਜਾਂਦੀ ਹੈ। ਇੱਕ ਬਿਰਧ ਮਾਂ ਰਿਕਸ਼ੇ ਵਿੱਚ ਬੈਠ ਕੇ ਬੈਂਕ ਜਾਂਦੀ ਹੈ। ਅੱਗੋਂ ਬੈਂਕ ਵਾਲਾ ਬਾਊ ਕਹਿੰਦਾ ਹੈ ਕਿ ਬੀਬੀ ਜੀ ਅਜੇ ਪੈਨਸ਼ਨ ਆਈ ਨਹੀਂ। ਉਹ ਇੱਕ ਗੇੜਾ ਹੋਰ ਲਾਉਂਦੀ ਹੈ ਪ੍ਰੰਤੂ ਬਾਊ ਫਿਰ ਕਹਿੰਦਾ ਹੈ ਕਿ ਅਜੇ ਪੈਨਸ਼ਨ ਨਹੀਂ ਆਈ। ਸਪੀਕਰ ਸਾਹਿਬ, ਜਦੋਂ ਉਹ ਤੀਜਾ ਗੇੜਾ ਲਾਉਂਦੀ ਹੈ ਤਾਂ ਜਿਹੜਾ 250/- ਰੁਪਿਆ ਪੈਨਸ਼ਨ ਹੁੰਦੀ ਹੈ, ਉਹ ਕਿਰਾਏ ਦੇ ਮੂੰਹ ਚਲਾ ਜਾਂਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਜਿਹੜੇ ਤੁਸੀਂ ਵਾਅਦੇ ਕਰਕੇ ਸਰਕਾਰ ਬਣਾ ਕੇ ਆਏ ਹੋ, ਉਨ੍ਹਾਂ ਵਾਅਦਿਆਂ ਦਾ ਜ਼ਰੂਰ ਖਿਆਲ ਕਰੋ। ਮੈਂ ਮੰਗ ਕਰਦਾ ਹਾਂ ਕਿ ਜਿਹੜੇ ਤੁਸੀਂ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਜਾਣ। ਅਸੀਂ 1000/- ਰੁਪਿਆ ਪੈਨਸ਼ਨ ਦੇਣ ਦੀ ਗੱਲ ਕੀਤੀ ਹੈ। ਸਾਡੇ ਨਾਲ ਦੇ ਰਾਜ ਵਿੱਚ ਅੱਜ 1000/- ਰੁਪਿਆ ਪੈਨਸ਼ਨ ਮਿਲਦੀ ਹੈ। ਤੁਸੀਂ ਵੀ 1000/- ਰੁਪਿਆ ਪੈਨਸ਼ਨ ਕਰੋ ਅਤੇ ਆਪਣੇ ਵਾਅਦੇ ਨੂੰ ਪੂਰਾ ਕਰੋ। (ਆਪੋਜ਼ੀਸ਼ਨ ਬੈਂਚਿਜ਼ ਦੁਆਰਾ ਥੰਪਿੰਗ)

ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਿਉਂਜੋ ਤੁਹਾਡਾ ਤੇ ਮੇਰਾ ਦੋਹਾਂ ਦਾ ਇੱਕ ਹੀ ਸ਼ਹਿਰ ਹੈ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਬੜੀ ਉੱਚੀ ਅਵਾਜ਼ ਵਿੱਚ ਆਖਿਆ ਕਿ 80% ਤੋਂ ਉੱਤੇ ਨੰਬਰ ਲੈਣ ਵਾਲੇ ਬੱਚਿਆਂ ਨੂੰ 30,000/- ਰੁਪਿਆ ਸਕਾਲਰਸ਼ਿਪ ਦੇਵਾਂਗੇ । ਮੈਂ ਧੰਨਵਾਦ ਵੀ ਕਰਦਾ ਹਾਂ ਕਿ ਕਿਹਾ ਪਰ ਕੀ ਕਦੀ ਨੇੜੇ ਹੋ ਕੇ ਵੀ ਦੇਖਿਆ ਹੈ ਕਿ ਜਿਨ੍ਹਾਂ ਨੂੰ 30,000/- ਰੁਪਿਆ ਦੇਣਾ ਹੈ, ਉਨ੍ਹਾਂ ਦੀ ਹਾਲਤ ਕੈਸੀ ਹੈ ? ਅੱਜ ਜੇ ਮੈਂ ਆਪਣੇ ਸ਼ਹਿਰ ਦੀ ਗੱਲ ਕਰਾਂ ਤੇ ਮੇਰੇ ਸ਼ਹਿਰ ਵਿੱਚ ਦੋ ਸਰਕਾਰੀ ਕਾਲਜ ਹਨ, ਇੱਕ ਲੜਕੀਆਂ ਦਾ ਅਤੇ ਇੱਕ ਲੜਕਿਆਂ ਦਾ ਹੈ । ਇੱਕ ਕਾਲਜ ਸਾਲ 1927 ਵਿੱਚ ਤੇ ਦੂਜਾ ਕਾਲਜ ਸਾਲ 1943 ਵਿੱਚ ਬਣਿਆ। ਸਪੀਕਰ ਸਾਹਿਬ, ਦੋਵੇਂ ਕਾਲਜਾਂ ਵਿੱਚ ਐਡਮਿਸ਼ਨ ਲੈਣੀ ਮੁਸ਼ਕਿਲ ਹੈ। ਅੱਜ ਜਿਹੜਾ ਲੜਕੀਆਂ ਦਾ ਐਡਮਿਸ਼ਨ ਸੀ, ਉਹ 93% ਤੇ ਬੰਦ ਹੋ ਗਿਆ ਤੇ ਤੁਸੀਂ 80% ਨੰਬਰ ਲੈਣ ਵਾਲੇ ਬੱਚੇ ਨੂੰ 30,000/- ਰੁਪਿਆ ਦੇਣਾ ਹੈ ਤੇ 30,000/-ਰੁਪਏ ਨਾਲ ਤਾਂ ਉਨ੍ਹਾਂ ਦਾ ਦਾਖਲਾ ਵੀ ਨਹੀਂ ਹੁੰਦਾ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰੀ ਕਾਲਜਾਂ ਵਿੱਚ ਬਹੁਤ ਸਾਰੀ ਜਗ੍ਹਾ ਖਾਲੀ ਪਈ ਹੈ । ਜੇ ਮੈਂ ਲੁਧਿਆਣੇ ਦੀ ਗੱਲ ਕਰਾਂ, ਸਾਡੇ ਦੋਵੇਂ ਕਾਲਜਾਂ ਵਿੱਚ ਬਹੁਤ ਸਾਰੀ ਵੇਕੈਂਟ ਲੈਂਡ ਕਾਲਜਾਂ ਵਿੱਚ ਪਈ ਹੈ, ਉਹ ਖਾਲੀ ਹੀ ਪਈ ਹੈ । ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿਉਂ ਨਾ ਖਾਲੀ ਥਾਵਾਂ ਨੂੰ ਇਸ ਤਰ੍ਹਾਂ ਵਰਤਿਆ ਜਾਵੇ ਕਿ ਜਿਹੜੇ ਵਿਦਿਆਰਥੀ ਜ਼ਿਆਦਾ ਨੰਬਰ ਲੈ ਕੇ ਆਏ ਹਨ, ਜਿਨ੍ਹਾਂ ਨੂੰ ਘੱਟੋ ਘੱਟ ਤੁਸੀਂ ਸਮਝਦੇ ਹੋ ਕਿ ਇਨ੍ਹਾਂ ਨੂੰ ਵਜ਼ੀਫਾ ਦੇਣਾ ਬਣਦਾ ਹੈ, ਉਨ੍ਹਾਂ ਦੀ ਐਜੂਕੇਸ਼ਨ ਦਾ ਉਥੇ ਪ੍ਰਬੰਧ ਜ਼ਰੂਰ ਕਰੀਏ । ਉਥੇ ਹੋਰ ਬਿਲਡਿੰਗਾਂ ਦੀ ਉਸਾਰੀ ਕਰੋ । ਮੈਂ ਬੇਨਤੀ ਕਰਦਾ ਹਾਂ ਕਿ ਹੋਰ ਬਿਲਡਿੰਗਾਂ ਦੀ ਉਸਾਰੀ ਕਰਕੇ ਉਨ੍ਹਾਂ ਬੱਚਿਆਂ ਦੀ ਵਿਦਿਆ ਦਾ ਪ੍ਰਬੰਧ

ਕੀਤਾ ਜਾਵੇ ਜੋ ਕਿ ਸਰਕਾਰ ਦੀ ਡਿਊਟੀ ਬਣਦੀ ਹੈ ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰ ਤੋਂ ਮੈਂ ਆਇਆ ਹਾਂ, ਉਸ ਨੂੰ ਮਾਨਚੈਸਟਰ ਆਫ ਇੰਡੀਆ ਕਿਹਾ ਜਾਂਦਾ ਹੈ । ਉਸ ਨੂੰ ਇੰਡਸਟਰੀ ਦਾ ਸ਼ਹਿਰ ਕਹਿੰਦੇ ਹਨ ਪਰ ਸਪੀਕਰ ਸਾਹਿਬ, ਅੱਜ ਤੁਸੀਂ ਵੀ ਦੇਖਿਆ ਹੈ ਤੇ ਮੈਂ ਵੀ ਦੇਖਿਆ ਹੈ, ਉਥੋਂ ਦੀ ਇੰਡਸਟਰੀ ਵੈਣ ਪਾਉਂਦੀ ਹੈ । ਉਥੋਂ ਦਾ ਇੰਡਸਟਰੀਲਿਸਟ ਹੌਲੀ ਹੌਲੀ ਹੇਠਾਂ ਵੱਲ ਤੁਰਿਆ ਜਾ ਰਿਹਾ ਹੈ ਤੇ ਮੈਂ ਡਿਪਟੀ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਡਬਲ ਸਟੈਂਡਰਡ ਪਾਲਿਸੀ ਬੰਦ ਕਰਨੀ ਚਾਹੀਦੀ ਹੈ । ਸਾਰੇ ਪੰਜਾਬ ਵਿੱਚ ਕਿਤੇ ਵੀ ਇੰਡਸਟਰੀ ਤੇ ਸੀ. ਐਲ. ਯੂ. ਲਾਗੂ ਨਹੀਂ ਹੈ। ਸਿਰਫ ਲੁਧਿਆਣਾ ਸ਼ਹਿਰ ਦੇ ਅੰਦਰ ਅੰਦਰ ਇੰਡਸਟਰੀ ਤੇ ਸੀ. ਐਲ. ਯੂ. ਚਾਰਜ ਕੀਤਾ ਜਾਂਦਾ ਹੈ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਲੁਧਿਆਣੇ ਦੀ ਇੰਡਸਟਰੀ ਨਾਲ ਸਰਾਸਰ ਧੱਕਾ ਹੋ ਰਿਹਾ ਹੈ । ਅਗਲੀ ਗੱਲ, ਮੈਂ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਸੀ. ਐਲ. ਯੂ. ਲੈ ਰਹੇ ਹੋ, ਇਸ ਨੂੰ ਕਿਰਪਾ ਕਰਕੇ ਬੰਦ ਕਰੋ । ਬਾਕੀ ਪੰਜਾਬ ਵਿੱਚ ਜੋ ਪਾਲਿਸੀ ਲਾਗੂ ਕੀਤੀ ਹੈ, ਉਹ ਹੀ ਸਾਡੇ ਸ਼ਹਿਰ ਵਿੱਚ ਵੀ ਲਾਗੂ ਕਰੋ । ਇੰਡਸਟਰੀ ਨੂੰ ਪਰਮੋਟ ਕਰਨ ਦੀਆਂ ਗੱਲਾਂ ਹਾਊਸ ਵਿੱਚ ਜ਼ਰੂਰ ਕਰਦੇ ਹੋ ਪਰ ਜਦੋਂ ਮੈਂ ਹਕੀਕਤ ਦੇਖਦਾ ਹਾਂ, ਪਿਛਲੇ ਪੰਜਾਂ-ਸੱਤਾਂ ਸਾਲਾਂ ਵਿੱਚ, ਜਦੋਂ ਦੀ ਸਰਕਾਰ ਬਣੀ ਹੈ, ਇੱਕ ਵੀ ਫੋਕਲ ਪੁਆਇੰਟ ਲੁਧਿਆਣੇ ਵਿੱਚ ਨਹੀਂ ਬਣਿਆ। ਇਹ ਜ਼ਰੂਰ ਹੈ ਕਿ ਇੰਡਸਟਰੀ ਨੂੰ ਸਰਵਾਈਵ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਤੇ ਇੰਡਸਟਰੀ ਨੂੰ ਬੰਦ ਕਰਨ ਲਈ ਡੰਡਾ ਚਲਾਇਆ ਜਾ ਰਿਹਾ ਹੈ । ਪੰਜਾਬ ਪੋਲਿਊਸ਼ਨ ਬੋਰਡ ਤੇ ਹੋਰ ਮਹਿਕਮੇ ਆ ਕੇ ਕਾਟੇਜ ਇੰਡਸਟਰੀ ਨੂੰ ਤੰਗ ਕਰਦੇ ਹਨ। ਜਿਸ ਦਿਨ ਕਾਟੇਜ ਇੰਡਸਟਰੀ ਬੰਦ ਹੋ ਗਈ, ਉਸ ਦਿਨ ਲਾਰਜ ਸਕੇਲ ਇੰਡਸਟਰੀ ਜਿਹੜੀ ਹੈ, ਉਹ ਵੀ ਬੰਦ ਹੋ ਜਾਵੇਗੀ ਕਿਉਂਕਿ ਕਾਟੇਜ ਇੰਡਸਟਰੀ ਲਾਰਜ ਸਕੇਲ ਇੰਡਸਟਰੀ ਨੂੰ ਫੀਡ ਕਰਦੀ ਹੈ। ਸਪੀਕਰ ਸਾਹਿਬ, ਜਿਸ ਦਿਨ ਕਾਟੇਜ ਇੰਡਸਟਰੀ ਬੰਦ ਹੋ ਗਈ, ਉਸ ਦਿਨ ਲਾਰਜ ਸਕੇਲ ਇੰਡਸਟਰੀ ਵੀ ਹੌਲੀ ਹੌਲੀ ਬੰਦ ਹੋ ਜਾਣੀ ਹੈ । ਮੈਂ ਬੇਨਤੀ ਕਰਦਾ ਹਾਂ ਕਿ ਲੁਧਿਆਣੇ ਦੇ ਨੇੜੇ ਸਰਕਾਰ ਕਿਤੇ ਵੀ ਜਗ੍ਹਾ ਐਕੁਆਇਰ ਕਰਕੇ ਫੋਕਲ ਪੁਆਇੰਟ ਬਣਾਵੇ ਤੇ ਜਿਹੜੀਆਂ ਇਹ ਗੱਲਾਂ ਕਰਦੇ ਸੀ ਕਿ ਗੰਦਾ ਪਾਣੀ ਬੁੱਢੇ ਦਰਿਆ ਵਿੱਚ ਤੁਰਿਆ ਜਾਂਦਾ ਹੈ, ਮੈਂ ਉਸ ਦੇ ਹੱਲ ਸਬੰਧੀ ਬੇਨਤੀ ਕਰਦਾ ਹਾਂ ਕਿ ਉਸ ਜਗ੍ਹਾ ਦਾ ਪਾਣੀ ਕਿਸੇ ਸੀਵਰੇਜ ਨਾਲ, ਕਿਸੇ ਨਾਲੇ ਨਾਲ ਜਾਂ ਕਿਸੇ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਦਰਿਆ ਨਾਲ ਜੋੜਨ ਦੀ ਲੋੜ ਨਹੀਂ, ਉਥੇ ਹੀ ਟਰੀਟਮੈਂਟ ਪਲਾਂਟ ਲਗਾਓ ਤੇ ਉਸ ਪਾਣੀ ਨੂੰ ਰੀਸਾਈਕਲ ਕਰ ਦਿਓ ਪਰ ਇੰਡਸਟਰੀ ਨੂੰ ਤਾਲਾ ਮਾਰਨ ਦੀ ਬਜਾਏ ਉਸ ਦਾ ਹੱਲ ਕੀਤਾ ਜਾਵੇ । ਮੈਨੂੰ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਪਾਲਿਸੀ ਭਾਵੇਂ ਇੰਡਸਟਰੀ ਨੂੰ ਵਸਾਉਣ ਦੀ ਹੈ ਪਰ ਹਕੀਕਤ ਵਿੱਚ ਉਜਾੜਾ ਸ਼ੁਰੂ ਹੋਇਆ ਪਿਆ ਹੈ ।

ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਹਿਣੀ ਚਾਹੁੰਦਾ ਹਾਂ, ਮਾਨਯੋਗ ਡਿਪਟੀ ਸੀ. ਐਮ. ਸਾਹਿਬ ਖੇਡਾਂ ਦੇ ਮੰਤਰੀ ਹਨ । ਮੈਨੂੰ ਇਸ ਗੱਲ ਦਾ ਦੁੱਖ ਤੇ ਅਫਸੋਸ ਹੈ ਕਿ ਇਨ੍ਹਾਂ ਦੇ ਮਹਿਕਮੇ ਦੀ ਹਾਲਤ ਬਹੁਤ ਤਰਸਯੋਗ ਹੈ । ਖੇਡਾਂ ਦੇ ਮਹਿਕਮੇ ਵਿੱਚ ਪਿਛਲੇ ਸਾਲ ਸਪੋਰਟਸ ਕੋਟੇ ਵਿੱਚ ਸਵੀਮਿੰਗ ਦੇ ਖਿਡਾਰੀ ਭਰਤੀ ਹੋਏ ਤੇ ਕੋਟੇ ਦਾ ਮਤਲਬ ਹੁੰਦਾ ਹੈ ਕਿ ਸਾਰੇ ਸਾਲ ਲਈ ਉਨ੍ਹਾਂ ਖਿਡਾਰੀਆਂ ਦੇ ਖਾਣ-ਪੀਣ ਤੇ ਰਹਿਣ ਦਾ ਪ੍ਰਬੰਧ ਸਰਕਾਰ ਨੇ ਕਰਨਾ ਹੈ। ਅੱਜ ਇਹ ਗੱਲ ਕਹਿਣ ਲੱਗਿਆਂ ਦੁੱਖ ਤੇ ਅਫਸੋਸ ਹੈ ਕਿ ਸਾਰਾ ਸਾਲ ਬੀਤ ਗਿਆ ਪਰ ਉਨ੍ਹਾਂ ਖਿਡਾਰੀਆਂ ਨੂੰ ਕਿਸੇ ਨੇ ਮੋਰੀ ਵਾਲਾ ਪੈਸਾ ਵੀ ਨਾ ਦਿੱਤਾ । ਉਹ ਖਿਡਾਰੀ ਭਰਤੀ ਹੋਏ ਸਪੋਰਟਸ ਕੋਟੇ ਵਿੱਚੋਂ ਪਰ ਉਨ੍ਹਾਂ ਨੇ ਰੋਟੀਆਂ ਆਪਣੇ ਘਰੋਂ ਖਾਧੀਆਂ, ਖੁਰਾਕ ਆਪਣੇ ਘਰੋਂ ਖਾਧੀ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਬਜਟ ਵਿੱਚ ਤੁਸੀਂ ਪ੍ਰੋਵੀਜ਼ਨ ਰੱਖਿਆ ਹੈ, ਇਸ ਨੂੰ ਖਰਚ ਵੀ ਕਰੋ। ਜਿਥੇ ਜਿਥੇ ਆਪਣਾ ਮਨ ਖੁਸ਼ ਹੁੰਦਾ ਹੈ, ਆਪਾਂ ਉਥੇ ਉਥੇ ਖਰਚਦੇ ਹਾਂ ਅਤੇ ਜਿਹੜੀ ਜਵਾਨੀ ਹੈ, ਉਸ ਨੂੰ ਇਗਨੋਰ ਕਰ ਰਹੇ ਹਾਂ, ਕੋਈ ਕਾਰੋਬਾਰ ਨਹੀਂ, ਐਜੂਕੇਸ਼ਨ ਨਹੀਂ, ਖੇਡਾਂ ਨਹੀਂ, ਇਹੀ ਕਾਰਨ ਹੈ ਕਿ ਜਵਾਨੀ ਹੌਲੀ ਹੌਲੀ ਨਸ਼ੇ ਵੱਲ ਨੂੰ ਤੁਰੀ ਜਾਂਦੀ ਹੈ।

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਜਿਹੜਾ ਮੇਰੇ ਵੀਰ ਪੁੱਛਦੇ ਸੀ, ਸਵਾਲ ਕਰਦੇ ਸੀ ਕਿ ਜਿਹੜੇ ਫੰਡ ਹਨ, ਉਹ ਕਿਥੋਂ ਆ ਗਏ। ਆਮਦਨ ਵਧੀ ਕਿਵੇਂ? ਕਿਤੋਂ ਸ਼ਰਾਬ ਤੋਂ ਨਹੀਂ ਵਧੀ। ਮੈਂ ਆਪਣੇ ਸ਼ਹਿਰ ਦੀ ਗੱਲ ਕਰਾਂ। ਸਾਰੇ ਪੰਜਾਬ ਦੀ ਗੱਲ ਕਰਾਂ। ਸਾਰੇ ਪੰਜਾਬ ਵਿੱਚ ਇਲਲੀਗਲ ਕਲੋਨੀ ਦੇ ਨਾਮ ਤੇ ਗਰੀਬ ਨੂੰ ਲੁੱਟਿਆ ਗਿਆ ਹੈ। What is the definition of illegal colony? ਜਿਹੜੀ ਕਲੋਨੀ ਅੱਜ ਤੋਂ 15 ਸਾਲ ਪਹਿਲਾਂ ਆਬਾਦ ਹੋਈ, ਉਥੇ ਸੀਵਰੇਜ ਪਿਆ ਹੋਇਆ ਹੈ, ਉਥੇ ਵਾਟਰ ਸਪਲਾਈ ਲੱਗੀ ਹੋਈ ਹੈ, ਉਥੇ ਸੜਕਾਂ ਬਣੀਆਂ ਹੋਈਆਂ ਹਨ, ਸਟਰੀਟ ਲਾਈਟਾਂ ਲੱਗੀਆਂ ਹੋਈਆਂ ਹਨ।

ਉਹ ਕਾਰਪੋਰੇਸ਼ਨ ਦੇ ਨਕਸ਼ੇ ਤੇ ਡਿਕਲੇਅਰਡ ਮੁਹੱਲਾ ਹੈ। ਕੀ ਉਹ ਵੀ ਇਲਲੀਗਲ ਕਲੋਨੀ ਹੈ? ਉਥੇ ਵੀ ਗਰੀਬਾਂ ਦੇ ਸਰਿੰਜ ਲਗਾਈ, ਉਨ੍ਹਾਂ ਦਾ ਬਲੱਡ ਕੱਢ ਲਿਆ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਤੇ ਵੀ ਗਰੀਬ ਨੂੰ ਜਿਉਂਦਾ ਰੱਖਣ ਲਈ ਇਸ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰਾਂ ਨੇ ਹਮੇਸ਼ਾ ਕਰਜ਼ਾਈ ਰਹਿਣਾ ਹੁੰਦਾ ਹੈ ਪਰ ਸਰਕਾਰ ਚੰਗੀ ਉਹ ਹੁੰਦੀ ਹੈ ਜਿਹੜੀ ਲੋਕਾਂ ਨੂੰ ਕਰਜ਼ਦਾਰ ਨਾ ਹੋਣ ਦੇਵੇ। ਇੱਥੇ ਤਾਂ ਸਰਕਾਰ ਵੀ ਕਰਜ਼ਾਈ ਹੈ ਅਤੇ ਲੋਕ ਵੀ ਕਰਜ਼ਾਈ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰ ਤੋਂ ਮੈਂ ਆਇਆ ਹਾਂ, ਮੈਂ ਲੁਧਿਆਣੇ ਦੀ ਸੰਗਤ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਮੇਸ਼ਾ ਆਪਣੇ ਅਸੀਸ ਭਰੇ ਹੱਥ ਸਾਡੇ ਸਿਰ ਤੇ ਰੱਖੇ ਹਨ ਪਰ ਅੱਜ ਇਉਂ ਲਗਦਾ ਹੈ ਕਿ ਪਿਛਲੇ ਲੰਬੇ ਅਰਸੇ ਤੋਂ ਲੁਧਿਆਣੇ ਨੂੰ ਇਗਨੋਰ ਕੀਤਾ ਗਿਆ ਹੈ। ਉਥੇ ਨਾ ਕੋਈ ਫਲਾਈਓਵਰ, ਨਾ ਕੋਈ ਆਰ.ਓ.ਬੀ., ਨਾ ਕੋਈ ਨਵੀਂ ਸੜਕ, ਨਾ ਕੋਈ ਨਵਾਂ ਕਾਲਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਲੈਕਸ਼ਨ ਤੋਂ ਪਹਿਲਾਂ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਗਏ, ਬਹੁਤ ਸਾਰੇ ਨੀਂਹ-ਪੱਥਰ ਲਗਾਏ ਗਏ ਅਤੇ ਅੱਜ ਵੀ ਮੈਨੂੰ ਇਉਂ ਲੱਗਦਾ ਹੈ ਕਿ ਉਹ ਪੱਥਰ ਪੱਥਰਾਂ ਤੇ ਹੀ ਖੜ੍ਹੇ ਹਨ। ਡਿਪਟੀ ਸੀ.ਐਮ. ਸਾਹਿਬ, ਜੇ ਤਾਂ ਤੁਸੀਂ ਆਪਣੇ ਰੁਤਬੇ ਦੀ ਅਹਿਮੀਅਤ ਨੂੰ ਸਮਝਦੇ ਹੋ, ਫਿਰ ਪੱਥਰ ਉਦੋਂ ਲਗਾਓ ਜਦੋਂ ਆਪਣੀ ਜੇਬ ਵਿੱਚ ਪੈਸੇ ਹੋਣ। ਜੇਬ ਵਿੱਚ ਪੈਸੇ ਨਹੀਂ ਸੀ, ਫਿਰ ਇਕੱਲਾ ਪੱਥਰ ਹੀ ਲਗਾ ਦਿੱਤਾ ਔਰ ਲਗਾਏ ਇਸ ਕਰਕੇ ਸੀ ਕਿ ਇਲੈਕਸ਼ਨ ਤੋਂ ਪਹਿਲਾਂ ਪਹਿਲਾਂ ਕੰਮ ਸ਼ੁਰੂ ਹੋ ਜਾਵੇਗਾ ਪਰ ਕੰਮ ਤਾਂ ਡਿਪਟੀ ਸੀ.ਐਮ. ਸਾਹਿਬ, ਅੱਜ ਵੀ ਸ਼ੁਰੂ ਨਹੀਂ ਹੋਇਆ। ਮੈਂ ਬੇਨਤੀ ਕਰਦਾ ਹਾਂ ਕਿ ਖਾਸ ਕਰਕੇ ਲੁਧਿਆਣੇ ਨੂੰ ਟਾਰਗੈਟ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਲੋਕਾਂ ਦੇ ਛੋਟੇ ਛੋਟੇ ਘਰ ਕਾਰਪੋਰੇਸ਼ਨ ਨੇ ਬੁਲਡੋਜ਼ਰ ਚਲਾ ਕੇ ਢਾਹੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜਿਥੇ ਤਾਂ ਤੁਹਾਡੇ ਕਿੱਲਿਆਂ ਦੇ ਕਿੱਲੇ ਹਨ, ਨਹਿਰੀ ਵਿਸ਼ਰਾਮ ਘਰ ਹੈ, ਚੀਫ ਦਾ ਆਫਿਸ ਹੈ, ਉਹ ਤਾਂ ਆਪਾਂ ਨਿਲਾਮ ਕਰਨ ਲਈ ਤਿਆਰ ਖੜ੍ਹੇ ਹਾਂ ਪਰ ਉਸ ਗਰੀਬ ਨੇ, ਜਿਸ ਨੇ ਸਾਰੀ ਉਮਰ ਦੀ ਪੂੰਜੀ ਉਸ 60 ਗਜ ਜਗ੍ਹਾ ਤੇ ਪੈਸਾ ਲਗਾ ਕੇ ਉਥੇ ਘਰ ਬਣਾਇਆ ਹੈ, ਉਸ ਨੂੰ ਵੀ ਢਾਹੁਣ ਤੋਂ ਪਹਿਲਾਂ ਪੁੱਛ ਹੀ ਲੈਂਦੇ ਕਿ ਭਰਾਵਾ, ਤੂੰ ਵੀ ਕੁਲੈਕਟਰ ਰੇਟ ਨਾਲ ਪੈਸੇ ਦੇ ਦੇ। ਹੋ ਸਕਦਾ ਹੈ, ਉਹ ਪੈਸੇ ਹੀ ਦੇ ਦਿੰਦਾ ਪਰ ਸਰਕਾਰ ਦਾ ਬੁਲਡੋਜ਼ਰ ਗਿਆ, ਕਿਸੇ ਦੀ ਗੱਲ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਨਹੀਂ ਸੁਣੀ। ਜਾ ਕੇ ਜਿਵੇਂ ਬਾਂਦਰ ਬਿਜੜੇ ਦਾ ਆਲਣਾ ਡੱਕਾ-ਡੱਕਾ ਕਰਦਾ ਹੈ, ਤੀਲਾ ਤੀਲਾ ਕਰਦਾ ਹੈ, ਉਵੇਂ ਗਰੀਬ ਦਾ ਘਰ ਕਾਰਪੋਰੇਸ਼ਨ ਦੇ ਬੁਲਡੋਜ਼ਰਾਂ ਨੇ ਤੋੜ ਕੇ ਉਸ ਦੀ ਇਕੱਲੀ ਇਕੱਲੀ ਇੱਟ ਖੜਕਾ ਦਿੱਤੀ ਜਦੋਂ ਕਿ ਆਪਾਂ ਗੱਲਾਂ ਗਰੀਬਾਂ ਨੂੰ ਘਰ ਬਣਾ ਕੇ ਦੇਣ ਦੀਆਂ ਕਰਦੇ ਹਾਂ। ਜਦੋਂ ਬਣਾਓਗੇ, ਉਦੋਂ ਤੁਹਾਡਾ ਧੰਨਵਾਦ ਕਰਾਂਗੇ।

EXTENSION OF TIME OF THE SITTING

ਮਾਨਯੋਗ ਸਪੀਕਰ : ਇੱਕ ਮਿੰਟ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਬੈਠਕ ਦਾ ਸਮਾਂ ਅੱਜ ਦਾ ਬਿਜ਼ਨੈਸ ਖਤਮ ਹੋਣ ਤੱਕ ਵਧਾ ਲਿਆ ਜਾਵੇ।

(**ਆਵਾਜ਼ਾਂ :** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਸਦਨ ਦਾ ਸਮਾਂ ਅੱਜ ਦਾ ਬਿਜ਼ਨੈਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ। ਸਰਦਾਰ ਬਲਵਿੰਦਰ ਸਿੰਘ ਜੀ, ਹੁਣ ਕਨਕਲੂਡ ਕਰੋ।

GENERAL DISCUSSION ON THE BUDGET ESTIMATES FOR THE YEAR 2014-15 *(Resumption)*

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਇਹ ਮੇਰੇ ਏਰੀਏ ਵਿੱਚ ਗਏ। ਉਥੇ ਲੋਕਾਂ ਨੂੰ ਚਿੱਠੀਆਂ ਦੇ ਦਿੱਤੀਆਂ ਕਿ ਆਹ ਘਰ ਤੁਹਾਨੂੰ ਦੇ ਦਿੱਤੇ। ਚਾਬੀਆਂ ਦੇ ਦਿੱਤੀਆਂ ਪਰ ਉਹ ਘਰ ਅੱਜ ਤੱਕ ਵੀ ਨਹੀਂ ਮਿਲੇ। ਲੋਕ ਮੈਨੂੰ ਸਵਾਲ ਕਰਦੇ ਹਨ, ਪੁੱਛਦੇ ਹਨ ਕਿ ਕੀ ਕਿਸੇ ਸਟੇਟ ਦਾ ਡਿਪਟੀ ਸੀ.ਐਮ. ਵੀ ਝੂਠ ਬੋਲ ਸਕਦਾ ਹੈ। ਮੈਂ ਕਿਹਾ ਕਿ ਹੁਣ ਤਾਂ ਤੁਹਾਡੇ ਸਾਹਮਣੇ ਆ ਕੇ ਚਿੱਠੀਆਂ ਅਤੇ ਚਾਬੀਆਂ ਦੇ ਕੇ ਗਏ ਹਨ। ਜੇ ਤਾਂ ਮੈਂ ਕੁਝ ਪਰਦੇ ਨਾਲ ਆਖਾਂ, ਫਿਰ ਤਾਂ ਮੈਨੂੰ ਸਵਾਲ ਕਰਨ, ਉਹ ਤਾਂ ਤੁਹਾਡੇ ਸਾਹਮਣੇ ਸਟੇਜ ਤੇ ਆਏ ਅਤੇ ਤੁਹਾਨੂੰ ਚਿੱਠੀਆਂ ਵੀ ਦੇ ਗਏ, ਤੁਹਾਨੂੰ ਚਾਬੀਆਂ ਵੀ ਦੇ ਗਏ ਪਰ ਨਾ ਚਿੱਠੀਆਂ ਮਿਲੀਆਂ, ਨਾ ਚਾਬੀਆਂ ਮਿਲੀਆਂ। ਡਿਪਟੀ ਸੀ.ਐਮ.ਸਾਹਿਬ

ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਜਿਹੜੀ ਗੱਲ ਪੂਰੀ ਕਰਨੀ ਹੈ ਉਨੀ ਗੱਲ ਹੀ ਪਹਿਲਾਂ ਕਹੋ, ਜਿਹੜੀ ਨਹੀਂ ਹੋ ਸਕਦੀ ਉਹ ਕ੍ਰਿਪਾ ਕਰਕੇ ਬੇਸ਼ਕ ਨਾ ਕਹੋ ਤਾਂ ਵੀ ਕੋਈ ਹਰਜ਼ ਨਹੀ...

ਮਾਨਯੋਗ ਸਪੀਕਰ : ਤੁਹਾਡਾ ਬਹੁਤ ਬਹੁਤ ਧੰਨਵਾਦ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਰਨ ਲੱਗਿਆ ਹਾਂ। ਮੈਂ ਅਗਲੀ ਗੱਲ ਲਾਅ ਐਂਡ ਆਰਡਰ ਦੀ ਕਰਨ ਲੱਗਾ ਹਾਂ ਕਿ ਲਾਅ ਐਂਡ ਆਰਡਰ ਲਫਜ਼ ਕਹਿਣ ਨੂੰ ਬਹੁਤ ਸੋਹਣਾ ਹੈ। ਆਪਣੇ ਲਈ ਬਹੁਤ ਸੋਹਣਾ ਹੈ ਪਰ ਗਰੀਬ ਲਈ ਜਿਹੜਾ ਲਾਅ ਐਂਡ ਆਰਡਰ ਹੈ, ਬਹੁਤਾ ਸੋਹਣਾ ਨਹੀਂ ਹੈ, ਐਵੇਂ ਆਪਾਂ ਇਸ ਗੱਲ ਕਾਰਨ ਹੰਕਾਰ ਵਿੱਚ ਨਾ ਆ ਜਾਈਏ ਕਿ ਸਾਡਾ ਲਾਅ ਐਂਡ ਆਰਡਰ ਬਹੁਤ ਸੋਹਣਾ ਹੈ। ਸਪੀਕਰ ਸਾਹਿਬ, ਜਦੋਂ ਲਾਅ ਐਂਡ ਆਰਡਰ ਦੀ ਗੱਲ ਆਉਂਦੀ ਹੈ, ਮੇਰੇ ਕੋਲ ਇੱਕ ਦਲਿਤ ਪਰਿਵਾਰ ਦੀ ਫਾਈਲ ਹੈ। ਇਸ ਪਰਿਵਾਰ ਦੀ ਬੀਬੀ ਕਰਮਜੀਤ ਕੌਰ ਦਾ ਕੇਸ ਹੈ, ਮੇਰੇ ਕੋਲ ਸਾਰਾ ਰਿਕਾਰਡ ਹੈ । ਸਪੀਕਰ ਸਾਹਿਬ, ਕਰਮਜੀਤ ਕੌਰ ਦੀ ਜੂਨ, 2013 ਦੇ ਵਿੱਚ ਪ੍ਰੈਗਨੈਂਸੀ ਹੋਈ ਔਰ ਇਸ ਨੇ 8.1.2014 ਨੂੰ ਹਿੰਦ ਹਸਪਤਾਲ ਤੋਂ ਸਕੈਨਿੰਗ ਕਰਾਈ। ਸਕੈਨਿੰਗ ਦੀ ਰਿਪੋਰਟ ਮੇਰੇ ਕੋਲ ਹੈ, ਡਾਕਟਰਾਂ ਨੇ ਆਖਿਆ ਕਿ ਬੀਬੀ ਤੇਰੇ ਜੁੜਵੇਂ ਬੱਚੇ ਹਨ। ਇਹ ਸਕੈਨਿੰਗ ਦੀ ਰਿਪੋਰਟ ਹੈ (ਰਿਪੋਰਟ ਦਿਖਾਉਂਦੇ ਹੋਏ) ਅਤੇ ਨਾਲ ਸਕੈਨਿੰਗ ਦੀ ਕਾਪੀ ਹੈ। ਸਪੀਕਰ ਸਾਹਿਬ, ਮਿਤੀ 1.3.2014 ਨੂੰ ਇਸ ਬੀਬੀ ਦੀ ਸਰਕਾਰੀ ਹਸਪਤਾਲ ਵਿੱਚ ਡਿਲਿਵਰੀ ਹੋਈ ਤੇ ਇਸ ਨੂੰ ਇੱਕ ਬੱਚਾ ਦੇ ਦਿੱਤਾ ਤੇ ਦੂਜਾ ਬੱਚਾ ਦਿੱਤਾ ਹੀ ਨਹੀਂ, ਉਸ ਨਾਲ ਸਣੇ ਭਰਾਤਾ ਆਤਾ ਗੁੰਮ ਵਾਲੀ ਗੱਲ ਹੋਈ। ਉਸ ਦਾ ਘਰ ਵਾਲਾ ਕਹਿੰਦਾ ਕਿ ਮੇਰੇ ਕੋਲ ਰਿਪੋਰਟ ਹੈ, ਮੇਰਾ ਦੂਜਾ ਬੱਚਾ ਦਿਉ। ਹਸਪਤਾਲ ਵਾਲੇ ਕਹਿੰਦੇ ਤੇਰਾ ਬੱਚਾ ਖਰਾਬ ਹੋ ਗਿਆ ਹੈ, ਉਸ ਦੇ ਘਰ ਵਾਲੇ ਨੇ ਕਿਹਾ ਕਿ ਕਿਰਪਾ ਕਰਕੇ ਮੈਨੂੰ ਖਰਾਬ ਹੋਏ ਬੱਚੇ ਦੀ ਡੈੱਡ ਬਾਡੀ ਦੇ ਦਿਉ, ਮੈਨੂੰ ਤੇ ਮੇਰੀ ਵਾਈਫ ਨੂੰ ਕੁਝ ਨਾ ਕੁਝ ਧੀਰਜ ਆ ਜਾਊ। ਸਪੀਕਰ ਸਾਹਿਬ, ਉਸ ਬੰਦੇ ਨੇ ਐਸ.ਐਸ.ਪੀ., ਜਗਰਾਉਂ ਨੂੰ ਕੰਪਲੇਂਟ ਕੀਤੀ ਪਰ ਕੋਈ ਰਿਜ਼ਲਟ ਨਹੀਂ ਨਿਕਲਿਆ, ਉਸ ਬੰਦੇ ਨੇ ਸੀ.ਐਮ.ਓ. ਲੁਧਿਆਣੇ ਕੋਲ ਕੰਪਲੇਂਟ ਕੀਤੀ, ਫਿਰ ਵੀ ਕੋਈ ਇਨਕੁਆਰੀ ਨਹੀਂ ਹੋਈ। ਮੈਂ ਆਪਣੇ ਸਤਿਕਾਰਯੋਗ ਵੀਰ ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ, ਮੈਂ ਪਰਸੋਂ ਇਨ੍ਹਾਂ ਦੇ ਨੋਟਿਸ ਵਿੱਚ ਇਹ ਗੱਲ ਲਿਆਂਦੀ। ਮੈਂ ਸੋਚਿਆ ਕਿ ਜਿਸ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਨਾਲ ਮਿੱਤਰਚਾਰਾ ਹੋਵੇ ਤਾਂ ਉਸ ਨਾਲ ਮਿੱਤਰਚਾਰਾ ਨਿਭਾਉਣਾ ਵੀ ਚਾਹੀਦਾ ਹੈ।

ਮਾਨਯੋਗ ਸਪੀਕਰ: ਪਲੀਜ਼ ਕਨਕਲੂਡ ਕਰੋ।

ਸਰਦਾਰ ਬਲਵਿੰਦਰ ਸਿੰਘ ਬੈਂਸ : ਕਨਕਲੂਡ ਕਰ ਦਿੱਤਾ ਹੈ ਜੀ । ਮੈਂ ਇਨ੍ਹਾਂ ਨਾਲ ਰਾਏ ਕੀਤੀ । ਇਹ ਮੈਨੂੰ ਕਹਿੰਦੇ ਬੈਂਸ ਸਾਹਿਬ, ਇਹ ਲੋਕਾਂ ਦਾ ਮੁੱਦਾ ਹੈ, ਇਹ ਮੈਨੂੰ ਨਾ ਦਿਉ, ਇਹ ਉਥੇ ਬੋਲਿਉ। ਮੈਂ ਆਪਣੇ ਭਰਾ, ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ।(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਇਨ੍ਹਾਂ ਨੇ ਮੈਨੂੰ ਕਿਹਾ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ, ਇਸ ਮੁੱਦੇ ਤੇ ਹਾਊਸ ਵਿੱਚ ਬੋਲਣਾ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੱਚਾ ਇਸ ਕਰਕੇ ਅੱਜ ਤੱਕ ਗੁੰਮ ਹੈ ਕਿਉਂਕਿ ਉਹ ਇੱਕ ਦਲਿਤ ਪਰਿਵਾਰ ਦਾ ਬੱਚਾ ਹੈ (ਆਪੋਜ਼ੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਕੀ ਅੱਜ ਇੱਕ ਸ਼ਡਿਊਲਡ ਕਾਸਟ ਪਰਿਵਾਰ ਦਾ ਬੱਚਾ ਲੱਭਿਆ ਨਹੀਂ ਜਾਣਾ ਚਾਹੀਦਾ?

ਮਾਨਯੋਗ ਸਪੀਕਰ : ਬੈਂਸ ਜੀ, ਤੁਸੀਂ ਬੈਠੋ। ਹਾਂ ਜੀ, ਮਲਹੋਤਰਾ ਜੀ।

ਸਰਦਾਰ ਬਲਵਿੰਦਰ ਸਿੰਘ ਬੈਂਸ: ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਕੇਸ ਨਾਲ ਸਬੰਧਿਤ ਮਹਿਕਮਾ ਡਿਪਟੀ ਸੀ. ਐਮ. ਸਾਹਿਬ ਕੋਲ ਹੈ ਤੇ ਉਹ ਹਾਜ਼ਰ ਬੈਠੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਗਰੀਬ ਦਾ ਬੱਚਾ ਤਾਂ ਦਿਵਾ ਦਿਉ..

ਮਾਨਯੋਗ ਸਪੀਕਰ : ਧੰਨਵਾਦ ਜੀ। ਮਲਹੋਤਰਾ ਜੀ, ਸਿਰਫ ਪੰਜ-ਸੱਤ ਮਿੰਟ ਵਾਸਤੇ ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਬੱਚਾ ਤਾਂ ਲੱਭਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਬੈਂਸ ਸਾਹਿਬ, ਤੁਸੀਂ ਬੈਠੋ। ਤੁਹਾਡਾ ਪੁਆਇੰਟ ਆ ਗਿਆ ਹੈ, ਠੀਕ ਹੈ। ਮਲਹੋਤਰਾ ਜੀ, ਸਿਰਫ ਪੰਜ ਮਿੰਟ ਲੈਣਾ।

ਸ਼੍ਰੀ ਦੀਪ ਮਲਹੋਤਰਾ (ਫਰੀਦਕੋਟ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇੱਕ ਬੈਲੰਸਡ ਬਜਟ ਪੇਸ਼ ਕੀਤਾ ਹੈ ਅਤੇ ਇਸ ਦੇ ਪਿਛੇ ਇੱਕ ਅਗਵਾਈ ਜਾਂ ਡੂੰਘੀ ਸੋਚ ਡਿਪਟੀ ਸੀ.ਐਮ. ਸਾਹਿਬ ਦੀ ਹੈ ਕਿ ਇਨ੍ਹਾਂ ਨੇ ਡਿਵੈਲਪਮੈਂਟ ਪ੍ਰਤੀ ਕਈ ਚੀਜ਼ਾਂ ਸੋਚੀਆਂ, ਸਾਰੀ ਡਿਵੈਲਪਮੈਂਟ ਦੇ ਪਿਛੇ ਇੱਕ ਐਕਸਾਈਜ਼ ਐਂਡ ਟੈਕਸੇਸ਼ਨ ਮਹਿਕਮਾ ਹੈ ਜਿਹੜਾ ਸਟੇਟ owned fund ਦਾ 70 ਪਰਸੈਂਟ ਪੈਸੇ ਇਕੱਠੇ ਕਰਦਾ ਹੈ। ਪਿਛਲੇ ਦੋ-ਤਿੰਨ ਦਿਨਾਂ ਤੋਂ ਇਹ ਗੱਲ ਚਲਦੀ ਆ ਰਹੀ ਹੈ, ਮੈਂ ਉਨ੍ਹਾਂ ਦੇ ਬਾਰੇ ਕੁਝ ਅੰਕੜੇ ਦੱਸਣਾ ਚਾਹੁੰਦਾ ਹਾਂ ਕਿ ਸਾਲ 2007 ਤੋਂ ਜਦੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਹੈ, ਉਸ ਵੇਲੇ ਐਕਸਾਈਜ਼ ਦਾ ਰੈਵੇਨਿਊ 1363 ਕਰੋੜ ਰੁਪਏ ਸੀ, ਜਿਹੜਾ ਕਿ ਪੰਜ ਸਾਲਾਂ ਵਿੱਚ 3324 ਕਰੋੜ ਰੁਪਿਆ ਹੋ ਗਿਆ ਔਰ ਜਿਹੜਾ ਅਗਲੇ ਸਾਲ 2014-15 ਵਿੱਚ 4680 ਕਰੋੜ ਰੁਪਏ ਅਨੁਮਾਨਿਤ ਹੈ । ਹੁਣ ਇਸ ਗਰਾਊਂਡ ਵਿੱਚ ਜਾਈਏ ਅਤੇ ਦੇਖੀਏ ਕਿ ਸਾਲ 2002-07 ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਇਹ ਰੈਵੇਨਿਊ 1351 ਕਰੋੜ ਤੋਂ ਵਧ ਕੇ 1367 ਕਰੋੜ ਰੁਪਿਆ ਹੋਇਆ ਸੀ। ਇਸ ਤਰ੍ਹਾਂ ਇਹ ਪੰਜ ਸਾਲਾਂ ਵਿੱਚ ਸਿਰਫ 16 ਕਰੋੜ ਰੁਪਿਆ ਹੀ ਵਧਿਆ ਸੀ ਪਰ ਸਾਡੀ ਸਰਕਾਰ ਵੇਲੇ ਇਹ 2000 ਕਰੋੜ ਰੁਪਿਆ ਵਧਿਆ ਹੈ। ਜੇ ਇਹ ਵਧਿਆ ਹੈ ਤਾਂ ਇਸ ਤੋਂ ਪ੍ਰਾਪਤ ਹੋਇਆ ਪੈਸਾ ਡਿਵੈਲਪਮੈਂਟ ਉਤੇ ਖਰਚ ਹੋਇਆ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ...

Mr. Speaker : Please silence. Please sit down. ਟਾਈਮ ਖਰਾਬ ਨਾ ਕਰੋ।

ਸ਼੍ਰੀ ਦੀਪ ਮਲਹੋਤਰਾ : ਇਨ੍ਹਾਂ ਸਮੇਂ ਦੇ ਦੌਰਾਨ ਪੰਜ ਸਾਲਾਂ ਵਿੱਚ 1367 ਕਰੋੜ ਰੁਪਿਆ ਹੋਇਆ ਹੈ। ਇਹ ਜਿਹੜੀ ਆਮਦਨੀ ਘੱਟ ਹੋਈ ਹੈ (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਤੁਹਾਡੇ ਲੀਡਰ (ਆਪੋਜ਼ੀਸ਼ਨ ਬੈਂਚਿਜ਼ ਨੂੰ ਸੰਬੋਧਨ ਕਰਦੇ ਹੋਏ) ਨੇ ਵੀ ਬੋਲਣਾ ਹੈ, ਮੁੜ ਕੇ ਉਹ ਵੀ ਡਿਸਟਰਬ ਕਰਨਾ ਚਾਹੁਣਗੇ। ਫੇਰ ਕੰਟਰੋਲ ਕਰਨਾ ਮੁਸ਼ਕਿਲ ਹੋਵੇਗਾ, ਇਸ ਲਈ ਇਨ੍ਹਾਂ ਨੂੰ ਡਿਸਟਰਬ ਨਾ ਕੀਤਾ ਜਾਵੇ।

ਸ਼੍ਰੀ ਦੀਪ ਮਲਹੋਤਰਾ : ਇਸ ਬਾਰੇ ਤੁਸੀਂ ਅੰਦਾਜ਼ਾ ਲਗਾ ਲਓ ਕਿ ਇਹ

[ਸ਼੍ਰੀ ਦੀਪ ਮਲਹੋਤਰਾ]

ਜਿਹੜਾ ਫਰਕ ਆਇਆ ਹੈ, ਇਹ ਕਿਸ ਤਰੀਕੇ ਨਾਲ ਆਇਆ ਹੈ। ਲੇਕਿਨ ਇਸੇ ਤਰੀਕੇ ਦੀ ਗੱਲ ਹੈ, ਜਿਹੜੀ ਅਸੀਂ ਵੈਟ ਦੀ ਕੁਲੈਕਸ਼ਨ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਸਾਲ 2007 ਵਿੱਚ ਵੈਟ ਦੀ ਕੁਲੈਕਸ਼ਨ 5136 ਕਰੋੜ ਰੁਪਏ ਸੀ ਜਿਹੜੀ ਕਿ ਪੰਜ ਸਾਲਾਂ ਵਿੱਚ ਵੱਧ ਕੇ 14554 ਕਰੋੜ ਰੁਪਏ ਹੋ ਗਈ ਹੈ। ਇਹ ਗੱਲ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਸਾਲ ਦਾ ਟੀਚਾ 20,000 ਕਰੋੜ ਰੁਪਏ ਦੇ ਲਗਭਗ ਹੈ। ਇਸ ਤੋਂ ਇਲਾਵਾ ਵੈਟ ਦੀ ਦਰ ਪੰਜਾਬ ਸਰਕਾਰ ਨੇ ਵਧਾਈ ਨਹੀਂ ਹੈ। ਸਿਰਫ਼ ਇਸ ਦੀ ਐਡਮਨਿਸਟ੍ਰੇਸ਼ਨ ਕਰਕੇ ਅਤੇ ਸੁਚਾਰੂ ਢੰਗ ਦੀ ਵਿਵਸਥਾ ਕਰਕੇ ਵੈਟ ਦੀ ਕੁਲੈਕਸ਼ਨ ਲੱਗਭੱਗ 20,000 ਕਰੋੜ ਰੁਪਏ ਕੀਤੀ ਹੈ। ਸਪੀਕਰ ਸਾਹਿਬ, ਜੇਕਰ ਵੈਟ ਦੀ ਕੁਲੈਕਸ਼ਨ ਵਧੀ ਹੈ ਤਾਂ ਇਹ ਸਾਰੇ ਪੰਜਾਬ ਦੀ ਡਿਵੈਲਪਮੈਂਟ ਤੇ ਪੈਸੇ ਖਰਚ ਹੋਏ ਹਨ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, ਜਾਖੜ ਜੀ ਨੇ ਵੀ ਅਜੇ ਬੋਲਣਾ ਹੈ। ਜੋ ਬੋਲਣਾ ਹੈ, ਉਹ ਬੋਲ ਲੈਣਗੇ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਆਪਾਂ ਰੋਜ਼ ਗੱਲਾਂ ਕਰਦੇ ਹਾਂ ਕਿ ਇਕਾਨਮੀ ਦੀ ਗਰੋਥ ਬਹੁਤ ਵਧੀਆ ਨਹੀਂ ਜਾ ਰਹੀ। ਇਕਾਨਮੀ ਵਿੱਚ ਸਲੋਅ ਡਾਊਨ ਹੈ। ਇਹ ਆਪਾਂ ਰੋਜ਼ ਡਿਸਕਸ ਕਰਦੇ ਹਾਂ। ਇਸ ਤੋਂ ਬਾਅਦ ਸੁਚਾਰੂ ਢੰਗ ਦੀ ਵਿਵਸਥਾ ਕਰਕੇ 20,000 ਕਰੋੜ ਰੁਪਏ ਵੈਟ ਦੀ ਕੁਲੈਕਸ਼ਨ ਕੀਤੀ ਹੈ ਤਾਂ ਸਾਨੂੰ ਉਸ ਵਾਸਤੇ ਕਿਸੇ ਨੂੰ ਸ਼ਾਬਾਸ਼ੀ ਦੇਣੀ ਚਾਹੀਦੀ ਹੈ? ਜੇਕਰ ਫਾਈਨਾਂਸ ਮਨਿਸਟਰ ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨੇ ਐਫਰਟਸ ਕਰਕੇ ਕੁਝ ਕੀਤਾ ਹੈ ਤਾਂ ਉਹ ਪੈਸੇ ਸੂਬੇ ਦੀ ਡਿਵੈਲਪਮੈਂਟ ਤੇ ਖਰਚ ਹੋਏ ਹਨ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਮੈਂ ਕੁਝ ਹੋਰ ਦੱਸਣਾ ਚਾਹੁੰਦਾ ਹਾਂ, ਇੱਥੇ ਰੋਜ਼ ਵੈਟ ਰਿਫੰਡ ਦੀ ਗੱਲ ਆ ਰਹੀ ਹੈ ਕਿ ਰਿਫੰਡ ਵਿੱਚ ਬੜੀ ਦਿੱਕਤ ਆ ਰਹੀ ਹੈ। ਛੇ ਮਹੀਨੇ ਪਹਿਲਾਂ ਜਦੋਂ ਡਿਪਟੀ ਸੀ.ਐਮ. ਸਾਹਿਬ ਨੇ ਇੱਕ ਡੈਡੀਕੇਟਿਡ ਵੈਟ ਰਿਫੰਡ ਵਾਸਤੇ ਫੰਡ ਰੱਖਿਆ ਸੀ, ਉਸ ਤੋਂ ਬਾਅਦ 287 ਕਰੋੜ ਰੁਪਏ ਤੋਂ ਲੈ ਕੇ ਉਸੇ ਪੀਰੀਅਡ ਵਿੱਚ 450 ਕਰੋੜ ਰੁਪਏ ਦੇ ਰਿਫੰਡ ਦਿੱਤੇ ਜਾ ਚੁੱਕੇ ਹਨ ਜਿਹੜੇ ਕਿ ਪਿਛਲੇ ਛੇ ਮਹੀਨਿਆਂ ਤੋਂ 50% ਰਿਫੰਡ ਜ਼ਿਆਦਾ ਹਨ। ਜੇਕਰ ਇਸੇ ਤਰੀਕੇ ਨਾਲ ਉਸ ਡੈਡੀਕੇਟਿਡ ਵੈਟ ਰਿਫੰਡ ਦੇ ਫੰਡ ਭੁਗਤਦੇ ਜਾਣਗੇ ਤਾਂ ਅਗਲੇ ਛੇ ਮਹੀਨਿਆਂ ਤੋਂ ਬਾਅਦ ਰਿਫੰਡ ਵਾਲੀ ਗੱਲ

ਕਿਸੇ ਵਪਾਰੀ ਭਰਾ ਵੱਲੋਂ ਨਹੀਂ ਆਵੇਗੀ। ਜਿਥੋਂ ਤੱਕ ਸਾਰੇ ਭਰਾਵਾਂ ਨੇ ਜ਼ਿਕਰ ਕੀਤਾ ਹੈ ਕਿ ਸਾਨੂੰ ਗਵਾਂਢੀ ਸੂਬਿਆਂ ਦੇ ਮੁਤਾਬਿਕ ਇੰਡਸਟਰੀ ਵਿੱਚ ਸਹੂਲਤਾਂ ਮਿਲਣੀਆਂ ਚਾਹੀਦੀਆਂ ਸਨ, ਉਹ ਨਹੀਂ ਮਿਲੀਆਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਬਾਵਜੂਦ ਡਿਪਟੀ ਸੀ.ਐਮ. ਸਾਹਿਬ ਨੇ ਇੱਕ ਪਾਲਿਸੀ ਬਣਾਈ ਜਿਸ ਵਿੱਚ ਇੰਡਸਟਰੀ ਵਾਲਿਆਂ ਨੂੰ ਕਿਹਾ ਗਿਆ ਕਿ ਜਿਹੜਾ ਇੰਡਸਟਰੀ ਲਾਵੇਗਾ, ਉਸ ਨੂੰ 50-75% ਵੈਟ ਰਿਟੈਂਸ਼ਨ ਰੱਖਣ ਦੀ ਸਹੂਲਤ ਦਿੱਤੀ। ਜਿਹੜੇ ਭਰਾਵਾਂ ਨੇ ਕਿਹਾ ਸੀ ਕਿ ਇੰਡਸਟਰੀ ਇੱਥੇ ਨਹੀਂ ਆਈ, ਉਹ ਇੰਡਸਟਰੀ ਅੱਜ ਲੱਗਣੀ ਸ਼ੁਰੂ ਹੋ ਗਈ ਹੈ। ਜਦੋਂ ਉਹ ਇੰਡਸਟਰੀ ਚੱਲੇਗੀ, ਆਪਣਾ ਵੈਟ ਇਕੱਠਾ ਕਰੇਗੀ ਤਾਂ ਉਨ੍ਹਾਂ ਨੂੰ ਰਿਟੈਂਸ਼ਨ ਮਿਲੇਗੀ।

ਇਸ ਤੋਂ ਇਲਾਵਾ ਇੱਥੇ ਛੋਟੇ ਦੁਕਾਨਦਾਰਾਂ ਦੀ ਗੱਲ ਕੀਤੀ ਗਈ ਹੈ। ਛੋਟੇ ਦੁਕਾਨਦਾਰਾਂ ਲਈ ਸੋਸ਼ਲ ਸਕਿਓਰਟੀ ਦਾ ਮੁੱਦਾ ਮੈਂ ਹੀ ਪਿਛਲੇ ਸਾਲ ਰੱਖਿਆ ਸੀ। ਜਦੋਂ ਵੀ ਤੁਸੀਂ ਵਪਾਰੀਆਂ ਦੀ ਗੱਲ ਕਰਦੇ ਹੋ ਕਿ ਇੰਨਾ ਟੈਕਸ ਇਕੱਠਾ ਕਰ ਲਿਆ ਤਾਂ ਵਪਾਰੀਆਂ ਨੂੰ ਸਹੂਲਤ ਵਾਸਤੇ ਸੋਸ਼ਲ ਸਕਿਓਰਟੀ ਦੀ ਸਕੀਮ ਵੀ ਸਾਨੂੰ ਬਣਾਉਣੀ ਚਾਹੀਦੀ ਹੈ। ਉਸੇ ਬੇਸ ਤੇ ਅੱਜ ਛੋਟੇ ਕਿਸਾਨਾਂ ਨੂੰ ਫਾਇਰ ਇੰਸ਼ੋਰੈਂਸ, ਐਕਸੀਡੈਂਟ ਇੰਸ਼ੋਰੈਂਸ, ਹੈਲਥ ਦੀ ਇੰਸ਼ੋਰੈਂਸ ਪੰਜਾਬ ਸਰਕਾਰ ਨੇ ਕਰਵਾ ਕੇ ਦਿੱਤੀ ਹੈ। ਮੇਰਾ ਖਿਆਲ ਹੈ ਕਿ ਹਿੰਦੁਸਤਾਨ ਵਿੱਚ ਅਜਿਹਾ ਕੋਈ ਹੋਰ ਸੂਬਾ ਨਹੀਂ ਹੋਵੇਗਾ ਜਿੱਥੇ ਵਪਾਰੀਆਂ ਨੂੰ ਅਜਿਹੀ ਸਹੂਲਤ ਮਿਲੀ ਹੋਵੇਗੀ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

Mr. Speaker : Please conclude now.

ਸ਼੍ਰੀ ਦੀਪ ਮਲਹੋਤਰਾ : ਇਸ ਤੋਂ ਬਾਅਦ ਵਪਾਰੀਆਂ ਨੂੰ ਮਾਣ-ਸਨਮਾਨ ਦੇਣ ਦੀ ਜਦੋਂ ਗੱਲ ਆਉਂਦੀ ਹੈ, ਕਿਸੇ ਵੀ ਸਟੇਟ ਵਿੱਚ ਜਿਹੜੇ ਵਪਾਰੀ ਟੈਕਸ ਭਰਦੇ ਹਨ, ਉਨ੍ਹਾਂ ਨੂੰ ਕੋਈ ਮਾਣ-ਸਨਮਾਨ ਨਹੀਂ ਦਿੱਤਾ ਜਾਂਦਾ। ਲੇਕਿਨ ਪੰਜਾਬ ਸਰਕਾਰ ਨੇ ਪਹਿਲੀ ਵਾਰੀ ਇਹ ਸਕੀਮ ਪਿਛਲੀ ਵਾਰੀ ਬਣਾਈ, ਜਿਸ ਵਿੱਚ ਲਗਭਗ 200 ਵਪਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਵਪਾਰੀ ਸਾਰਿਆਂ ਦੇ ਸਾਂਝੇ ਹਨ, ਨਾ ਉਹ ਇਧਰਲੇ ਬੈਂਚਾਂ ਦੇ ਹਨ ਅਤੇ ਨਾ ਉੱਧਰਲੇ ਬੈਂਚਾਂ ਦੇ ਹਨ। ਸਭ ਨੂੰ ਬਰਾਬਰ ਦਾ ਸਨਮਾਨ ਦਿੱਤਾ ਗਿਆ।

Mr. Speaker : Please conclude now.

ਸ਼੍ਰੀ ਦੀਪ ਮਲਹੋਤਰਾ : ਸਰ, ਇੱਕ ਮਿੰਟ ਹੋਰ ਜੀ। ਮੈਂ ਆਪਣੇ ਇਲਾਕੇ ਦੀਆਂ ਇੱਕ-ਦੋ ਗੱਲਾਂ ਰੱਖਣੀਆਂ ਹਨ। ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਫਰੀਦਕੋਟ ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਜਿਸ ਤਰੀਕੇ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਾਂ ਹੋਰ ਥਾਵਾਂ ਨੂੰ ਰਿਲੀਜੀਅਸ ਟੂਰਿਜ਼ਮ ਜਾਂ ਰਿਲੀਜੀਅਸ ਟੱਚ ਕੇ ਦੇ ਬੈਨੇਫਿਟ ਦਿੱਤਾ ਜਾਂਦਾ ਹੈ ਤਾਂ ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਜਿਹੜੀ ਧਰਤੀ ਹੈ, ਕੋਈ ਨਾ ਕੋਈ ਫੰਡ ਉਥੇ ਲਈ ਵੀ ਦਿੱਤਾ ਜਾਵੇ। ਅੱਜ ਹੈਰੀਟੇਜ ਸ਼ਹਿਰ ਦਾ ਦਰਜਾ ਵੀ ਅਸੀਂ ਫਰੀਦਕੋਟ ਲਈ ਮੰਗਦੇ ਪਏ ਹਾਂ। ਇਸ ਲਈ ਕੋਈ ਨਾ ਕੋਈ ਡੈਡੀਕੇਟਡ ਫੰਡ ਥੋੜ੍ਹਾ ਬਹੁਤਾ ਸਾਨੂੰ ਉਦੋਂ ਦਿੱਤਾ ਜਾਇਆ ਕਰੇ ਜਦੋਂ ਅਸੀਂ ਹਰ ਸਾਲ ਬਾਬਾ ਫਰੀਦ ਜੀ ਦੀ ਯਾਦਗਾਰ ਮਨਾਉਂਦੇ ਹਾਂ ਤਾਂ ਕਿ ਯਾਦਗਾਰ ਅੱਛੇ ਤਰੀਕੇ ਨਾਲ ਮਨਾਈ ਜਾ ਸਕੇ।

ਜਿਹੜੀ ਆਪਾਂ ਬਜਟ ਦੀ ਗੱਲ ਕਰ ਰਹੇ ਹਾਂ, ਸਭ ਤੋਂ ਪਹਿਲੋਂ ਇਹ ਹੈ ਕਿ ਵਿਰੋਧੀ ਧਿਰ ਵਾਲੇ ਬਜਟ ਦੇ ਵਿਰੋਧ ਦੀ ਗੱਲ ਕਰਨਗੇ ਅਤੇ ਅਸੀਂ ਬਜਟ ਦੇ ਹੱਕ ਵਿੱਚ ਗੱਲਾਂ ਕਰਨੀਆਂ ਹਨ। ਸੀ.ਆਈ.ਆਈ. ਇੰਡਸਟਰੀ ਸਾਡੀ ਸਭ ਤੋਂ ਉਤਮ ਬਾਡੀ ਮੰਨੀ ਗਈ ਹੈ। ਉਸ ਨੇ ਵੀ ਇਸ ਬਜਟ ਦੀ ਸਰਾਹਨਾ ਕੀਤੀ ਹੈ ਕਿ ਜਿਹੜਾ ਪੰਜਾਬ ਦਾ ਬਜਟ ਹੈ, ਇਹ ਚਹੁੰ ਪੱਖੀ ਵਿਕਾਸ ਵਾਲਾ ਬਜਟ ਹੈ। ਇਹ ਸੀ.ਆਈ.ਆਈ. ਦੇ ਅੰਕੜੇ ਹਨ, ਇਹ ਮੇਰੇ ਆਪਣੇ ਅੰਕੜੇ ਨਹੀਂ ਹਨ। ਇਹ ਸੀ.ਆਈ.ਆਈ. ਦੀ ਰਿਪੋਰਟ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸ਼੍ਰੀ ਦੀਪ ਮਲਹੋਤਰਾ : ਸਰ, ਇੱਕ ਹੋਰ ਗੱਲ ਹੈ। ਜਿਹੜੀ ਮੀਟਿੰਗ ਹੋਈ ਹੈ, ਉਸ ਵਿੱਚ ਬਜਟ ਤੇ ਪ੍ਰੈਜ਼ੀਡੈਂਟ ਦੀ ਸਟੇਟਮੈਂਟ ਹੈ। ਉਹ ਨਾ ਤੁਸੀਂ ਬਦਲ ਦੇਣੀ ਹੈ ਅਤੇ ਨਾ ਹੀ ਮੈਂ ਬਦਲ ਦੇਣੀ ਹੈ। ਇੱਕ ਚੀਜ਼ ਹੋਰ ਹੈ ਕਿ ਬਾਬਾ ਫਰੀਦ ਹੈਲਥ ਯੂਨੀਵਰਸਿਟੀ ਦਾ ਮਾਣ ਸਾਡੇ ਫਰੀਦਕੋਟ ਨੂੰ ਸੀ.ਐਮ. ਸਾਹਿਬ ਨੇ ਬਖਸ਼ਿਆ ਹੈ। ਅੱਜ ਉਸ ਵਿੱਚ ਹਰ ਪੱਖੋਂ ਡਿਵੈਲਪਮੈਂਟ ਹੋ ਰਹੀ ਹੈ। ਉਸ ਵਿੱਚ ਕੈਂਸਰ ਦੇ ਇਲਾਜ ਵਾਸਤੇ ਬਹੁਤ ਅੱਛੀ ਵਿਵਸਥਾ ਹੈ। ਅੱਜ ਜੇ ਸਭ ਤੋਂ ਉਤਮ ਵਿਵਸਥਾ ਕੈਂਸਰ ਦੇ ਇਲਾਜ ਵਾਸਤੇ ਕਿਤੇ ਹੋ ਰਹੀ ਹੈ ਤਾਂ ਉਹ ਰਾਜੀਵ ਗਾਂਧੀ ਮੈਮੋਰੀਅਲ ਕੈਂਸਰ ਇੰਸਟੀਚਿਊਟ ਤੋਂ ਜਾਂ ਬੀਕਾਨੇਰ ਤੋਂ ਜਾਂ ਟਾਟਾ ਮੈਮੋਰੀਅਲ ਦੇ ਮੁਕਾਬਲੇ ਵਿੱਚ ਬਾਬਾ ਫਰੀਦ ਹੈਲਥ ਯੂਨੀਵਰਸਿਟੀ ਵਿੱਚ

ਕੈਂਸਰ ਦੇ ਇਲਾਜ ਦਾ ਪ੍ਰਾਵਧਾਨ ਹੋਇਆ ਹੈ। ਇਸ ਦਾ ਸਾਰਾ ਸਿਹਰਾ ਸੀ.ਐਮ. ਸਾਹਿਬ ਨੂੰ ਜਾਂਦਾ ਹੈ ਕਿਉਂਕਿ ਸਾਡੇ ਇਲਾਕੇ ਵਿੱਚ ਇਸ ਬਿਮਾਰੀ ਦਾ ਬਹੁਤ ਵਾਧਾ ਹੋ ਗਿਆ ਸੀ।

ਮੇਰੀ ਵਾਰ ਵਾਰ ਇੱਕ ਮੰਗ ਕਰਨ ਤੇ ਫਰੀਦਕੋਟ ਵਿੱਚ ਸਾਰੇ ਸ਼ਹਿਰ ਵਾਸੀਆਂ ਨੂੰ ਦੋ-ਤਿੰਨ ਮਹੀਨੇ ਬਾਅਦ ਰਾਜਾ ਮਾਈਨਰ ਦਾ ਪਾਣੀ ਮਿਲਣਾ ਹੈ। ਇਸ ਸ਼ਹਿਰ ਬਾਰੇ ਕਦੇ ਕਿਸੇ ਨੇ ਸੋਚਿਆ ਨਹੀਂ ਹੋਵੇਗਾ ਕਿ ਫਿਲਟਰ ਵਾਟਰ ਜਾਂ ਜਿਸ ਤਰ੍ਹਾਂ ਚੰਡੀਗੜ੍ਹ ਵਿੱਚ ਵਧੀਆ ਪਾਣੀ ਸਪਲਾਈ ਹੁੰਦਾ ਹੈ, ਉਵੇਂ ਵਧੀਆ ਪਾਣੀ ਮੁਹੱਈਆ ਹੋਵੇਗਾ। ਮਾਨਯੋਗ ਸੀ.ਐਮ. ਸਾਹਿਬ ਦੀ ਬਦੌਲਤ ਅੱਜ ਫਰੀਦਕੋਟ ਸ਼ਹਿਰ ਵਾਸੀਆਂ ਨੂੰ ਵਧੀਆ ਪਾਣੀ ਮਿਲੇਗਾ। ਅੱਜ ਰਾਜਾ ਮਾਈਨਰ ਦਾ ਕੰਮ ਕੰਪਲੀਟ ਹੋ ਗਿਆ ਹੈ। ਉਥੇ ਪਾਣੀ ਦੀਆਂ ਪਾਈਪਾਂ ਪੈ ਰਹੀਆਂ ਹਨ। ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਇਸ ਬਜਟ ਵਿੱਚ ਵਪਾਰੀਆਂ ਵਾਸਤੇ ਜਿੰਨੀਆਂ ਵੀ ਸਹੂਲਤਾਂ ਹੋਰ ਦੇ ਸਕਦੇ ਹਨ, ਉਹ ਹੋਰ ਦੇ ਦੇਣ। ਵਪਾਰੀਆਂ ਵਾਸਤੇ ਕਰਜ਼ ਮੁਆਫੀ ਦੀਆਂ ਗੱਲਾਂ ਆਉਂਦੀਆਂ ਹਨ ਪਰ ਮੈਂ ਇੱਕ ਬੇਨਤੀ ਕਰਾਂਗਾ ਕਿ ਵਪਾਰ ਤੇ ਐਗਰੀਕਲਚਰ ਦੋਨੋਂ ਡਿਵੈਲਪਮੈਂਟ ਦੇ ਪਹੀਏ ਹਨ। ਜੇ ਕਿਸੇ ਵੇਲੇ ਤੁਸੀਂ ਕਿਸੇ ਹੋਰ ਵਰਗ ਲਈ ਕਰਜ਼ ਮੁਆਫੀ ਦੀ ਗੱਲ ਕਰੋਗੇ ਤਾਂ ਵਪਾਰੀਆਂ ਨੂੰ ਜ਼ਰੂਰ ਕੰਸਿਡਰ ਕਰ ਲਿਆ ਜਾਵੇ।

ਮਾਨਯੋਗ ਸਪੀਕਰ : ਖਤਮ ਕਰੋ ਜੀ। ਧੰਨਵਾਦ ਜੀ।

ਸ਼੍ਰੀ ਦੀਪ ਮਲਹੋਤਰਾ : ਜੇ ਆਪਾਂ ਕਰਜ਼ੇ ਦੀ ਗੱਲ ਕਰੀਏ ਕਿ ਸਰਕਾਰ ਤੇ ਇੰਨਾ ਕਰਜ਼ਾ ਹੈ, ਅੱਜ (ਵਿਘਨ) ਇੱਕ ਹੋਰ ਰਿਪੋਰਟ ਹੈ, ਉਸ ਦੇ ਮੁਤਾਬਕ ਵੀ ਪੰਜਾਬ ਨੂੰ ਬਿਹਤਰ ਦਰਜਾ ਦਿੱਤਾ ਗਿਆ ਹੈ। ਮੈਂ ਇਸ ਕਰਕੇ ਬੇਨਤੀ ਕਰਦਾ ਹਾਂ ਕਿ ਕਰਜ਼ਾ ਵੱਧ ਹੋ ਜਾਣਾ ...

ਮਾਨਯੋਗ ਸਪੀਕਰ : ਰੈਪੀਟੀਸ਼ਨ ਨਾ ਕਰੋ ਜੀ। ਕਨਕਲੂਡ ਕਰੋ ਜੀ।

ਸ਼੍ਰੀ ਦੀਪ ਮਲਹੋਤਰਾ : ਕਰਜ਼ਾ ਚਾਹੇ ਗੌਰਮਿੰਟ ਆਫ ਇੰਡੀਆ ਤੋਂ ਮਿਲਣਾ ਹੈ, ਚਾਹੇ ਕਿਤੇ ਹੋਰ ਤੋਂ ਮਿਲਣਾ ਹੈ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

ਮਾਨਯੋਗ ਸਪੀਕਰ : ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਵਾਲੇ ਟਾਈਮ ਵਿੱਚੋਂ ਦੋ ਮਿੰਟ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਦੇ ਦਿਉ।

ਮਾਨਯੋਗ ਸਪੀਕਰ : 12 ਮਿੰਟ ਤੁਹਾਡੀ ਪਾਰਟੀ ਦੇ ਬਚਦੇ ਹਨ। ਜੇ ਕਹੋ ਤਾਂ ਮੈਂ ਦੋ ਮਿੰਟ ਇਨ੍ਹਾਂ ਨੂੰ ਦੇ ਦਿੰਦਾ ਹਾਂ।

ਸ਼੍ਰੀ ਸੁਨੀਲ ਜਾਖੜ : ਹਾਂ ਜੀ, ਦੇ ਦਿਉ ਜੀ।

ਸ਼੍ਰੀ ਬ੍ਰਹਮ ਮਹਿੰਦਰਾ (ਪਟਿਆਲਾ ਦਿਹਾਤੀ) : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਦੋ-ਚਾਰ ਮਿੰਟ ਵਿੱਚ ਆਪਣੀ ਗੱਲ ਕਰਨੀ ਚਾਹੁੰਦਾ ਹਾਂ। ਸਾਰੇ ਸਾਥੀਆਂ ਵਲੋਂ ਇੱਕੋ ਹੀ ਜ਼ਿਕਰ ਹੋ ਰਿਹਾ ਹੈ ਕਿ ਜਿਹੜਾ ਬਜਟ ਹੈ, ਇਸ ਵਿੱਚ ਸੈਂਟਰ ਨੇ ਕਦੇ ਕੁਝ ਨਹੀਂ ਦਿੱਤਾ। ਮੇਰਾ ਖਿਆਲ ਹੈ ਕਿ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਤੋਂ ਇਲਾਵਾ ਕਿਸੇ ਨੇ ਬਜਟ ਪੜ੍ਹਿਆ ਹੀ ਨਹੀਂ। ਬਜਟ ਵਿੱਚ ਸਾਰੇ ਪੇਜਾਂ ਤੇ ਸਿਰਫ ਸੈਂਟਰ ਦੀਆਂ ਸਕੀਮਾਂ ਹੀ ਹਨ, ਹੋਰ ਕੁਝ ਨਹੀਂ ਹੈ। ਮੈਂ ਜ਼ਿਆਦਾ ਟਾਈਮ ਨਾ ਲੈਂਦਾ ਹੋਇਆ ਇੱਕ ਗੱਲ ਤੇ ਆਉਣਾ ਚਾਹੁੰਦਾ ਹਾਂ ਜੀ ਕਿ ਕਰਜ਼ੇ ਦਾ ਬੋਝ ਪੰਜਾਬ ਸਿਰ ਬਹੁਤ ਸਾਲਾਂ ਤੋਂ ਚੜ੍ਹਿਆ ਹੋਇਆ ਹੈ। ਕਰਜ਼ਾ ਸਰਕਾਰ ਨੇ ਖੁਦ ਮੰਨਿਆ ਹੈ ਕਿ 1 ਲੱਖ 13,000 ਕਰੋੜ ਰੁਪਿਆ ਹੈ ਅਤੇ ਪੀ.ਐਸ.ਯੂਜ਼ ਦਾ ਕਰਜ਼ਾ 67,806 ਕਰੋੜ ਰੁਪਿਆ ਹੈ। ਸਪੀਕਰ ਸਾਹਿਬ, ਇਹ ਕਰਜ਼ਾ ਪੰਜਾਬ ਦੇ ਸਿਰ ਚਲ ਰਿਹਾ ਹੈ। ਇਹ ਮਿਲੀਟੈਂਸੀ ਦੇ ਟਾਈਮ ਤੋਂ ਸ਼ੁਰੂ ਹੋਇਆ ਸੀ। ਜਿਹੜਾ ਇਸ ਤੋਂ ਪਹਿਲਾਂ ਚਲ ਰਿਹਾ ਸੀ, ਉਹ ਤਾਂ ਨਾਰਮਲ ਜਿਵੇਂ ਸਰਕਾਰ ਦੇ ਸਿਰ ਕਰਜ਼ਾ ਹੁੰਦਾ ਹੈ, ਸਰਕਾਰਾਂ ਜਿਵੇਂ ਕਰਜ਼ਾ ਲੈਂਦੀਆਂ ਹਨ, ਉਸੇ ਤਰ੍ਹਾਂ ਹੀ ਸੀ। ਜਦੋਂ ਮਿਲੀਟੈਂਸੀ ਦਾ ਸਮਾਂ ਸ਼ੁਰੂ ਹੋਇਆ ਤਾਂ ਇਹ ਕਰਜ਼ਾ ਵਧਣਾ ਸ਼ੁਰੂ ਹੋਇਆ। ਮਿਲੀਟੈਂਸੀ ਕਿਸ ਤਰ੍ਹਾਂ ਸ਼ੁਰੂ ਹੋਈ, ਸਾਰੇ ਇਸ ਇਤਿਹਾਸ ਨੂੰ ਜਾਣਦੇ ਹਨ। ਜਿਸ ਵੇਲੇ ਮਿਲੀਟੈਂਸੀ ਸ਼ੁਰੂ ਹੋਈ ਹੈ, ਉਸ ਵੇਲੇ ਪੰਜਾਬ ਪੁਲਿਸ ਦਾ ਬਜਟ 60-70 ਕਰੋੜ ਰੁਪਿਆ ਸਲਾਨਾ ਹੁੰਦਾ ਸੀ ਪਰ ਮਿਲੀਟੈਂਸੀ ਨਾਲ ਲੜਾਈ ਲੜਨ ਕਾਰਨ ਇਸ ਵਿੱਚ ਵਾਧਾ ਹੋਇਆ। ਸਾਡੀ ਪੰਜਾਬ ਪੁਲਿਸ ਨੇ ਬਹਾਦਰੀ ਨਾਲ ਲੜਾਈ ਲੜੀ, ਸਾਡੇ ਮਰਹੂਮ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਦੀ ਦੂਰਅੰਦੇਸ਼ੀ ਸੋਚ ਸੀ ਕਿ ਪੰਜਾਬ ਨੂੰ ਮਿਲੀਟੈਂਸੀ ਤੋਂ ਬਚਾਇਆ ਜਾਵੇ ਅਤੇ ਉਨ੍ਹਾਂ ਨੇ ਮਿਲੀਟੈਂਸੀ ਖਿਲਾਫ ਬੜੀ ਸਖਤ ਲੜਾਈ ਲੜੀ। ਪੰਜਾਬ ਪੁਲਿਸ ਨੇ ਬੜੀ ਦਲੇਰੀ ਨਾਲ ਮਿਲੀਟੈਂਸੀ ਨੂੰ ਉਸ

ਸਮੇਂ ਖਤਮ ਕੀਤਾ ਪਰ ਮਿਲੀਟੈਂਸੀ ਦੌਰਾਨ ਜੋ ਕਰਜ਼ਾ ਵਧਿਆ, ਸਾਰਾ ਉਹੀ ਕਰਜ਼ਾ ਹੈ, ਉਸ ਵਿੱਚ ਹੋਰ ਵੀ ਐਡ ਹੁੰਦਾ ਚਲਿਆ ਗਿਆ। ਮਿਲੀਟੈਂਸੀ ਖਿਲਾਫ ਲੜਾਈ ਇਕੱਲੇ ਪੰਜਾਬ ਦੀ ਹੀ ਨਹੀਂ ਸੀ। ਉਹ ਜਿਹੜੀ ਲੜਾਈ ਮਿਲੀਟੈਂਸੀ ਦੀ ਸੀ ਉਹ ਇਕੱਲੇ ਪੰਜਾਬ ਦੀ ਨਹੀਂ ਬਲਕਿ ਸਾਰੇ ਦੇਸ਼ ਦੀ ਸੀ ਕਿਉਂਕਿ ਪੂਨੇ ਵਿੱਚ ਕਿਲਿੰਗ ਹੋਈ, ਜਨਰਲ ਵੈਦਿਆ ਕਿਲਿੰਗ ਹੋਈ, ਹੋਰ ਬਹੁਤ ਕਿਲਿੰਗਜ਼ ਹੋਈਆਂ। ਬੜਾ ਕੁਝ ਹੋਇਆ। ਜਦੋਂ ਇਹ ਲੜਾਈ ਦੇਸ਼ ਦੀ ਬਣ ਗਈ ਸੀ, ਇਸ ਲਈ ਦੇਸ਼ ਨੂੰ ਆਪਣਾ ਸਹਿਯੋਗ ਸਟੇਟ ਨੂੰ ਦੇਣਾ ਚਾਹੀਦਾ ਸੀ। ਮੈਂ ਕੰਸਟੀਟਿਊਸ਼ਨ ਵਿੱਚੋਂ ਇੱਕ ਆਰਟੀਕਲ ਪੜ੍ਹਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਤੁਸੀਂ ਕੇਵਲ ਕੋਟ ਕਰ ਸਕਦੇ ਹੋ। You can only quote, not read it.

ਸ਼੍ਰੀ ਬ੍ਰਹਮ ਮਹਿੰਦਰਾ : ਮੈਂ ਇਸ ਵਿੱਚ ਪੜ੍ਹਾਂਗਾ ਕਿ as per Article 355, it is provided: "It shall be the duty of the Union to protect every State against external aggression and internal disturbance and to ensure that the Government of every state is carried on in accordance with the provisions of this Constitution." ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਤੇ ਕੋਈ ਪਰਪੋਜ਼ਲ ਬਣਾਵੇ। ਜਿੰਨਾ ਵੀ ਐਕੂਮਿਲੇਟ ਹੋਇਆ ਹੋਣਾ, 50-60 ਕਰੋੜ ਰੁਪਏ ਇੰਟਰਸਟ ਸਮੇਤ, ਇਹ ਸਾਰੀ ਪਰਪੋਜ਼ਲ ਬਣਾ ਕੇ ਦਿੱਲੀ ਲੈ ਕੇ ਜਾਣ। ਮੇਰਾ ਖਿਆਲ ਹੈ ਕਿ ਜੇਤਲੀ ਜੀ ਤਾਂ ਇਨ੍ਹਾਂ ਤੋਂ ਗੁੱਸੇ ਹੋਣਗੇ ਕਿਉਂਕਿ ਇਨ੍ਹਾਂ ਨੇ ਉਨ੍ਹਾਂ ਨੂੰ ਹਰਾ ਦਿੱਤਾ ਪਰ ਇਹ ਮੋਦੀ ਜੀ ਕੋਲ ਜਾਣ। ਇਹ ਵੱਡੇ ਤੋਂ ਵੱਡਾ ਵਕੀਲ ਕਰਕੇ ਇਸ ਕੇਸ ਦੀ ਤਿਆਰੀ ਕਰਨ ਔਰ ਇੱਕ ਲੱਖ ਕਰੋੜ ਰੁਪਿਆ ਭਾਰਤ ਸਰਕਾਰ ਤੋਂ ਕਲੇਮ ਕਰਨ ਜਿਸ ਨਾਲ ਪੰਜਾਬ ਦੀ ਆਰਥਿਕ ਸਥਿਤੀ ਠੀਕ ਹੋਵੇਗੀ, ਜਿਸ ਤੇ ਕਰਜ਼ੇ ਦਾ ਬੋਝ ਪਿਆ ਹੋਇਆ ਹੈ। (ਵਿਰੋਧੀ ਧਿਰ ਵਲੋਂ ਥੰਪਿੰਗ)

ਸ਼੍ਰੀ ਸੁਨੀਲ ਜਾਖੜ (ਅਬੋਹਰ) : ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਇਸ ਬਜਟ ਦੇ ਵਿਰੋਧ ਵਿੱਚ ਖੜ੍ਹਾ ਹੋਇਆ ਹਾਂ। ਸਾਡੇ ਬਹੁਤ ਹੀ ਕਾਬਲ ਵਿੱਤ ਮੰਤਰੀ ਜੀ ਨੇ ਬਜਟ ਪੇਸ਼ ਕੀਤਾ ਹੈ। One would have expected that he would show a direction and vision, ਕਿ

[ਸ਼੍ਰੀ ਸੁਨੀਲ ਜਾਖੜ]

ਇਸ ਵਿੱਚ ਕੋਈ ਨਾ ਕੋਈ ਸਟੇਟ ਦਾ ਵਿਜ਼ਨ ਬਣਾਉਣਗੇ ਜਿਹੜੀ ਇਕਨਾਮੀ ਹੇਠਾਂ ਨੂੰ ਤੁਰੀ ਜਾ ਰਹੀ ਹੈ, ਉਸ ਨੂੰ ਕਿਸ ਤਰ੍ਹਾਂ ਮੋੜਾਂਗੇ। ਸਾਰੇ ਸਾਥੀਆਂ ਨੇ ਕਿਹਾ ਹੈ, statement of an account ਬਾਰੇ ਗੱਲ ਕੀਤੀ ਹੈ, ਮੇਰੇ ਖਿਆਲ ਵਿੱਚ ਬਜਟ ਲਿਆਉਣ ਵਿੱਚ ਕੋਈ ਨਾ ਕੋਈ ਕਾਬਲ ਅਫਸਰ ਸਹਿਯੋਗ ਦਿੰਦਾ ਹੀ ਹੁੰਦਾ ਹੈ, we don't claim to be financial experts but what is lagging is vision ਕਿਉਂਕਿ ਹੁਣ ਜਿਹੜਾ ਇਸ ਵਾਰ ਬਜਟ ਵਿੱਚ ਕੀਤਾ ਹੈ ਕਿ ਤੁਸੀਂ ਐਕਸੀਲੇਟਰ ਨਹੀਂ ਦੱਬਿਆ ਕੇਵਲ ਨਿਊਟਰਲ ਕਰਕੇ ਖੜ੍ਹ ਗਏ। ਜਿਵੇਂ ਕਹਿੰਦੇ ਹਨ ਕਿ ਪਹਾੜਾਂ ਤੇ ਗੱਡੀ ਨਿਊਟਰਲ ਨਹੀਂ ਖੜ੍ਹੀ ਕਰਿਆ ਕਰਦੇ, ਗਿਅਰ ਵਿੱਚ ਖੜ੍ਹੀ ਕਰਦੇ ਹਨ। ਗੱਡੀ ਸਾਡੀ ਬੇਲਗਾਮ ਹੋਈ ਪਈ ਹੈ।

ਮਾਨਯੋਗ ਸਪੀਕਰ : ਜਾਖੜ ਜੀ, please address the Chair and not to the individual.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬਜਟ ਭਾਸ਼ਣ ਦੀ ਸ਼ੁਰੂਆਤ ਵਿੱਚ ਪ੍ਰਾਈਮ ਮਨਿਸਟਰ ਸਾਹਿਬ ਦਾ ਧੰਨਵਾਦ ਕੀਤਾ ਗਿਆ ਹੈ ਕਿ ਉਹ ਨਵੀਂ ਉਮੀਦ ਲੈ ਕੇ ਆਏ ਹਨ। ਉਨ੍ਹਾਂ ਤੋਂ ਪੰਜਾਬ ਵਾਸਤੇ ਬਹੁਤ ਉਮੀਦਾਂ ਹਨ, ਇਨਫਲੇਸ਼ਨ ਨੂੰ ਰੋਕਣਗੇ ਅਤੇ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨਗੇ। ਪ੍ਰਧਾਨ ਮੰਤਰੀ ਜੀ ਦਾ ਬਿਲਕੁਲ ਧੰਨਵਾਦ ਕਰਨਾ ਚਾਹੀਦਾ ਹੈ। ਚਾਹੇ ਇੱਥੋਂ ਅਕਾਲੀ ਦਲ ਦੇ ਕੇਵਲ 5 ਮੈਂਬਰ ਸਨ ਪਰ ਫਿਰ ਵੀ ਆਪਾਂ ਨੂੰ ਕੈਬਨਿਟ ਵਿੱਚ ਰਿਪ੍ਰੈਜ਼ੈਂਟੇਸ਼ਨ ਦਿੱਤੀ ਹੈ, ਉਸ ਗੱਲ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜੋ ਇਨਫਲੇਸ਼ਨ ਰੋਕਣ ਦੀ ਗੱਲ ਕਰਦੇ ਹਨ ਅਤੇ ਪੰਜਾਬ ਦੀਆਂ ਉਮੀਦਾਂ ਨੂੰ ਪੂਰਾ ਕਰਨ ਦੀ ਗੱਲ ਕਰਦੇ ਹਨ, ਮੈਂ ਉਸ ਤੇ ਚਾਨਣਾ ਪਾਉਣਾ ਚਾਹੁੰਦਾ ਹਾਂ ਪਰ ਮੇਰੇ ਕੋਲ ਸਮਾਂ ਬਹੁਤ ਘੱਟ ਹੈ। ਪਹਿਲਾਂ ਤਾਂ ਇਹ ਤੋਹਫਾ ਦਿੱਤਾ ਹੈ ਕਿ ਰੇਲਵੇ ਦੇ ਫੇਅਰਜ਼ ਵਧਾਏ ਹਨ। ਇਸ ਕਾਰਨ ਸਭ ਤੋਂ ਜ਼ਿਆਦਾ ਮਾਰ ਪੰਜਾਬ ਨੂੰ ਪਈ ਹੈ ਕਿਉਂਕਿ ਫਰੇਟ ਦੇ ਰੇਟ 6.5 ਫੀਸਦੀ ਰੇਜ਼ ਕੀਤੇ ਹਨ। ਜਿਸ ਬਿਜਲੀ ਨੂੰ ਆਪਾਂ ਸਰਪਲੱਸ ਬਣਾ ਰਹੇ ਹਾਂ, ਉਸ ਤੇ ਸਿੱਧਾ ਹੀ 225 ਕਰੋੜ ਰੁਪਏ ਦਾ ਅਸਰ ਪਵੇਗਾ, ਇਹ ਤੋਹਫਾ ਦਿੱਤਾ ਹੈ।

ਦੂਜਾ ਐਮ.ਐਸ.ਪੀ. ਦੀ ਗੱਲ ਆਈ। ਇਹ ਹਮੇਸ਼ਾ ਇਹੀ ਗੱਲ ਕਹਿੰਦੇ ਰਹੇ ਹਨ ਕਿ ਕੇਂਦਰ ਸਰਕਾਰ ਪੰਜਾਬ ਨਾਲ ਧੱਕਾ ਕਰਦੀ ਹੈ ਪਰ ਹੁਣ ਕਿਸੇ ਨੇ ਜ਼ੁਬਾਨ ਨਹੀਂ ਖੋਲ੍ਹੀ। ਸਾਰੀਆਂ ਸਟੇਟਾਂ ਤੋਂ ਜ਼ਿਆਦਾ ਕਣਕ ਅਤੇ ਝੋਨਾ ਆਪਾਂ

ਦੇਸ਼ ਨੂੰ ਦਿੰਦੇ ਹਾਂ। ਉਸ ਤੇ ਐਮ.ਐਸ.ਪੀ. ਵਧਾਉਣ ਵਾਸਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਸੀ ਪਰ ਮੈਨੂੰ ਖੁਸ਼ੀ ਹੁੰਦੀ ਕਿ ਘੱਟੋ-ਘੱਟ ਜੇ ਇੱਥੇ ਨਹੀਂ ਬੋਲਦੇ ਤਾਂ ਇਨ੍ਹਾਂ ਨੂੰ ਉਥੇ ਕੈਬਨਿਟ ਮੀਟਿੰਗ ਵਿੱਚ ਤਾਂ ਆਪਣਾ ਨੋਟ ਆਫ ਡਾਈਸੈਂਟ ਲਗਾ ਦੇਣਾ ਚਾਹੀਦਾ ਸੀ। ਮੈਂ ਆਸ ਕਰਦਾ ਹਾਂ ਕਿ ਪੰਜਾਬ ਨੂੰ ਕੈਬਨਿਟ ਵਿੱਚ ਕਹਿਣਾ ਚਾਹੀਦਾ ਸੀ ਕਿ we do not agree with this MSP, ਚਲੋ ਆਪਣੀ ਕੋਈ ਮਜਬੂਰੀ ਹੋਣੀ ਹੈ ਪਰ ਅੱਜ ਵੀ ਬਿਆਨ ਲੱਗਿਆ ਹੈ ਅਤੇ ਪਹਿਲਾਂ ਵੀ ਬਿਆਨ ਆਇਆ ਸੀ। ਹੁਣ ਬੋਨਸ ਤੇ ਬਿਆਨ ਦਿੰਦੇ ਹਨ ਕਿ ਜਿਹੜੀਆਂ ਸਟੇਟਾਂ ਨੇ ਕਣਕ ਤੇ ਜਾਂ ਝੋਨੇ ਤੇ ਬੋਨਸ ਦਿੱਤਾ ਹੈ, ਅਸੀਂ ਉਥੋਂ ਪਰਚੇਜ਼ ਨਹੀਂ ਕਰਨੀ, ਉਥੇ ਐਮ.ਐਸ.ਪੀ. ਦੀ ਪਰਚੇਜ਼ ਨਹੀਂ ਹੋਣੀ। ਸਪੀਕਰ ਸਾਹਿਬ, ਇਸ ਵਾਸਤੇ ਮੈਂ ਸਮਝਦਾ ਹਾਂ ਕਿ ਜਦੋਂ ਸ਼ੁੱਕਰਵਾਰ ਨੂੰ ਗੱਲ ਹੋ ਰਹੀ ਸੀ, lt is very bad, ਡਿਪਟੀ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਬਾਦਲ ਸਾਹਿਬ ਨੇ ਤਾਂ ਖੇਤੀ ਕੀਤੀ ਹੈ, ਮੈਂ ਨਹੀਂ ਕੀਤੀ। This is the difference. He is the farmer. ਤੁਸੀਂ landlord ਹੋ। ਮੈਂ ਹਮੇਸ਼ਾ ਕਿਹਾ ਹੈ ਕਿ ਪੂਰੇ ਹਿੰਦੁਸਤਾਨ ਵਿੱਚ ਜੇ ਕੋਈ ਅਜਿਹਾ ਚੀਫ ਮਨਿਸਟਰ ਹੈ, ਜਿਸ ਨੇ ਹੱਥੀਂ ਖੇਤੀ ਕੀਤੀ ਹੈ then he is Badal Sahib. ਉਨ੍ਹਾਂ ਨੇ ਖੇਤੀ ਕੀਤੀ ਹੈ, He knows the problem ਕਿ ਕਿਸਾਨ ਦੀ ਕੀ ਪ੍ਰਾਬਲਮ ਹੈ। ਇਸ ਕਰਕੇ ਸਾਡਾ ਕਿਸਾਨੀ ਦੀਆਂ ਮੁਸ਼ਕਿਲਾਂ ਬਾਰੇ ਜਾਣਨ ਦਾ ਫਰਜ਼ ਬਣਦਾ ਹੈ। ਸਰਦਾਰ ਲਾਲ ਸਿੰਘ ਜੀ ਕਹਿ ਰਹੇ ਸਨ ਕਿ ਜਿਹੜੀ ਸਾਰਿਆਂ ਤੋਂ ਵੱਡੀ ਇੰਡਸਟਰੀ ਹੈ, ਉਹ ਸ਼ੈਲਰ ਵਾਲੀ ਹੈ। ਤੁਸੀਂ ਤਾਂ ਨਮਾਜ਼ ਬਖਸ਼ਾਉਣ ਗਏ ਸੀ ਸਗੋਂ ਰੋਜ਼ੇ ਗਲ਼ ਪੈ ਗਏ। ਕੀ ਤੁਸੀਂ ਅੱਜ ਦਾ 'ਹਿੰਦੁਸਤਾਨ ਟਾਈਮਜ਼' ਅਖਬਾਰ ਦੇਖਿਆ ਹੈ? ਉਹ ਕਹਿੰਦੇ ਹਨ ਕਿ ਲੈਵੀ ਵਾਲੀ ਪਰਚੇਜ਼ ਨੂੰ ਬੰਦ ਕਰਾਂਗੇ। ਫੂਡ ਮਨਿਸਟਰ ਪਾਸਵਾਨ ਸਾਹਿਬ ਦਾ ਬਿਆਨ ਆਇਆ ਹੈ ਕਿ ਜਿਹੜਾ ਸਾਡਾ ਬਫਰ ਸਟਾਕ ਹੈ, ਉਸ ਤੋਂ ਫਾਲਤੂ ਅਸੀਂ ਪਰਚੇਜ਼ ਨਹੀਂ ਕਰਨੀ। ਇਸ ਦਾ ਮਤਲਬ ਹੈ ਕਿ ਸਿੱਧਾ ਆਪਣੇ ਉਤੇ ਬੋਝ ਪਵੇਗਾ। Let be prepared for it. ਜਿਹੜਾ ਮੇਰੇ ਕਾਬਲ ਸਾਥੀ ਕਲੇਰ ਸਾਹਿਬ ਕਹਿ ਰਹੇ ਸਨ ਕਿ ਇੱਥੋਂ ਪਾਣੀ ਬੰਦ ਕਰਕੇ ਉਧਰ ਭੇਜ ਰਹੇ ਹਾਂ, ਜਦੋਂ ਲੋੜ ਸੀ ਪੰਜਾਬ ਦੀ ਉਦੋਂ ਤਾਂ ਠੀਕ ਸੀ ਪਰ ਹੁਣ ਕਣਕ ਅਤੇ ਝੋਨੇ ਦੀ ਫਸਲ ਮੰਡੀਆਂ ਵਿੱਚ ਰੁਲਦੀ ਫਿਰਦੀ ਹੈ। ਡਾਕਟਰ ਮਨਮੋਹਨ ਸਿੰਘ ਜੀ ਦਾ ਧੰਨਵਾਦ ਤੁਸੀਂ ਕੀਤਾ ਹੈ, ਅਜੇ ਤਾਂ ਹੋਰ ਧੰਨਵਾਦ ਕਰੋਗੇ ਕਿਉਂਕਿ ਉਨ੍ਹਾਂ ਦੇ ਦਿਲ ਵਿੱਚ ਪੰਜਾਬ ਵਾਸਤੇ ਦਰਦ ਸੀ। ਇਹ ਬੜਾ

[ਸ਼੍ਰੀ ਸੁਨੀਲ ਜਾਖੜ]

ਸੀਰੀਅਸ ਇਸ਼ੂ ਹੈ। ਇੱਕ ਹੋਰ ਇਸ਼ੂ ਜਿਹੜਾ ਇਗਨੋਰ ਹੋ ਗਿਆ ਕਿ ਇਨਫਲੇਸ਼ਨ ਰੋਕਣ ਦੀ ਗੱਲ ਕੀਤੀ ਗਈ ਸੀ ਕਿਉਂਕਿ ਸ਼ਹਿਰਾਂ ਵਿੱਚ ਰੌਲਾ ਪੈ ਜਾਂਦਾ ਹੈ ਕਿ ਪਿਆਜ਼ ਮਹਿੰਗਾ ਹੋ ਗਿਆ, ਆਲੂ ਮਹਿੰਗੇ ਹੋ ਗਏ। ਚੱਲੋ ਪਿਆਜ ਤਾਂ ਆਪਣੇ ਨਹੀਂ ਪਰ ਆਲੂ ਮਹਿੰਗੇ ਹੋਣ ਤੇ ਇਨ੍ਹਾਂ ਨੇ ਕੀ ਕੀਤਾ ਕਿ ਐਕਸਪੋਰਟ ਬੰਦ ਕਰ ਦਿੱਤਾ। ਐਕਸਪੋਰਟ ਤੇ ਮਿਨੀਮਮ ਐਕਸਪੋਰਟ ਪ੍ਰਾਈਸ 27 ਰੁਪਏ ਕਰ ਦਿੱਤੀ। ਸਪੀਕਰ ਸਾਹਿਬ, ਮੈਂ ਅਜ਼ੀਮ ਸਦਨ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਦੀ ਸਟੇਟਮੈਂਟ ਆਈ ਸੀ ਕਿ ਅਸੀਂ ਆਲੂ ਇੰਪੋਰਟ ਕਰਾਂਗੇ। ਪਾਕਿਸਤਾਨ ਨੂੰ ਆਲੂ ਹਿੰਦੁਸਤਾਨ ਤੋਂ ਐਕਸਪੋਰਟ ਹੁੰਦਾ ਹੈ, ਹੋਰ ਕਿੱਥੋਂ ਹੁੰਦਾ ਹੈ? ਆਪਣੇ ਇੱਥੋਂ ਹੋਣਾ ਸੀ। 27 ਰੁਪਏ ਮਿਨੀਮਮ ਐਕਸਪੋਰਟ ਪ੍ਰਾਈਸ ਤੇ ਕਿਸੇ ਨੇ ਆਲੂ ਨਹੀਂ ਲੈਣਾ। ਉਹ ਇੰਟਰਨੈਸ਼ਨਲ ਮਾਰਕੀਟ ਤੋਂ ਲੈ ਲੈਣਗੇ। ਉਥੇ ਭੇਜਣ ਦਾ ਜਿਉਗਰਾਫੀਕਲ ਐਡਵਾਂਟੇਜ ਸੀ ਕਿ ਇੱਥੋਂ ਵਾਹਗਾ ਤੋਂ ਸਿੱਧਾ ਪਾਰ ਤੋਰ ਦੇਣਾ ਸੀ। ਉਸ ਦਾ ਨੁਕਸਾਨ ਸਿੱਧਾ ਆਪਾਂ ਨੂੰ ਹੋਇਆ ਹੈ। ਭਾਵੇਂ ਉਨ੍ਹਾਂ ਦੀ ਤਾਰੀਫ ਬਿਲਕੁਲ ਕਰੋ ਪਰ ਜਿਹੜਾ ਕੰਮ ਪੰਜਾਬ ਦੇ ਹਿੱਤਾਂ ਦੇ ਖਿਲਾਫ ਹੈ ਉਸ ਦੇ ਵਾਸਤੇ ਮੈਂ ਸਮਝਦਾ ਹਾਂ ਕਿ ਕੋਈ ਬੋਲੇ ਨਾ ਬੋਲੇ ਪਰ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੀਦਾ ਹੈ, ਲੋਕ ਤਵੱਕੋ ਕਰਦੇ ਹਨ ਕਿ ਉਸ ਦੀ ਡੱਟ ਕੇ ਮੁਖਾਲਫਤ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਹੁਣ ਵੀ ਮੇਰੇ ਤੋਂ ਪਹਿਲਾਂ ਕੁਝ ਮੈਂਬਰ ਸਾਹਿਬਾਨ ਬੋਲ ਰਹੇ ਸਨ ਕਿ ਆਪੋਜ਼ੀਸ਼ਨ ਨੇ ਤਾਂ ਖੜ੍ਹ ਕੇ ਇਸ ਨੂੰ negate ਹੀ ਕਰਨਾ ਹੈ, ਇਸ ਦੇ ਖਿਲਾਫ ਹੀ ਬੋਲਣਗੇ। ਚੱਲੋ ਆਪੋਜ਼ੀਸ਼ਨ ਦਾ ਰੋਲ ਹੋਰ ਕੀ ਹੈ, ਅਸੀਂ ਤਾਂ ਆਇਨਾ ਦਿਖਾਉਣਾ ਹੈ। ਕਈ ਵਾਰ ਕਿਸੇ ਨੂੰ ਚੰਗਾ ਨਹੀਂ ਲੱਗਦਾ, ਇਹ ਉਨ੍ਹਾਂ ਦੀ ਮਰਜ਼ੀ ਹੈ ਪਰ ਜਿਹੜੀ ਰਿਐਲਟੀ ਹੈ, ਉਹ ਤੁਹਾਨੂੰ ਦੇਖਣੀ ਪਵੇਗੀ । ਮੇਰਾ ਮੂੰਹ ਬੰਦ ਕਰਵਾ ਦਿਉਗੇ, ਆਪੋਜ਼ੀਸ਼ਨ ਦਾ ਮੂੰਹ ਬੰਦ ਕਰਵਾ ਦਿਉਗੇ ਪਰ ਲੋਕਾਂ ਦਾ ਕਿਵੇਂ ਬੰਦ ਕਰਵਾਉਗੇ? ਸਪੀਕਰ ਸਾਹਿਬ, ਮੈਂ ਇੱਥੋਂ ਇੱਕ ਕੁਮੈਂਟ ਦੇ ਰਿਹਾ ਹਾਂ, He has occupied the top most bureaucratic post, he has remained the Finance Secretary. ਦੇਖੋ, ਪੜ੍ਹੇ ਲਿਖੇ ਜ਼ਿਆਦਾ ਹਨ, ਸ਼ਬਦਾਂ ਦੇ ਮਾਹਰ ਹਨ ਕਿਉਂਕਿ ਝੂਠ ਸ਼ਬਦ ਅਨਪਾਰਲੀਮੈਂਟਰੀ ਹੈ, ਉਹ ਇਹ ਸਮਝਦੇ ਹਨ, ਉਨ੍ਹਾਂ ਨੇ ਝੂਠ ਸ਼ਬਦ ਨਹੀਂ ਕਿਹਾ। The very integrity of the figures presented in this budget is suspect. ਹੁਣ ਜ਼ਿਆਦਾ ਸਮਾਂ ਨਹੀਂ ਰਿਹਾ। ਮੇਰੇ ਤੋਂ ਪਹਿਲਾਂ ਇਨ੍ਹਾਂ ਨੇ ਗੱਲ

ਕੀਤੀ ਸੀ, ਹੋਰ ਤਾਂ ਮੈਨੂੰ ਸਮਝ ਨਹੀਂ ਆਈ। ਪਰ-ਕੈਪਿਟਾ ਇਨਕਮ ਦੀ ਗੱਲ ਕੀਤੀ ਹੈ ਕਿ ways and means, overdraft has become a norm rather than exception. ਉਨ੍ਹਾਂ ਨੇ ਕਿਹਾ ਕਿ they are fast forwarded the receipt ਅਤੇ ਜਿਹੜਾ ਡੈਫਰ ਹੈ ਜਾਂ window dressing ਜਿਸ ਨੂੰ ਕਹਿੰਦੇ ਹਨ ਉਸ ਦਾ ਸਿੱਧਾ ਸਿੱਧਾ ਇਲਜ਼ਾਮ ਲਗਾਇਆ ਹੈ। ਬਾਕੀ ਤਾਂ ਮੈਂ ਡਿਟੇਲ ਵਿੱਚ ਨਾ ਜਾਵਾਂ। ਪਹਿਲਾਂ ਤਾਂ ways and means ਦੀ ਗੱਲ ਕਰਾਂ। ways and means ਬਾਰੇ ਇੱਥੇ ਕਈ ਵਾਰ ਗੱਲ ਹੋ ਗਈ। ਮੈਂ ਸਮਝਦਾ ਹਾਂ ਕਿ ਇਹ ਤਾਂ ਅਚਨਚੇਤੀ ਵਿੱਚ ਹੁੰਦਾ ਹੈ ਕਿ ਕਿਸੇ ਤੋਂ ਜਾ ਕੇ ਨਕਦ ਪੈਸੇ ਫੜ ਕੇ ਕੰਮ ਚਲਾ ਲਿਆ। ਇਸ ਨੂੰ ਕੰਮ ਚਲਾਊ ਕਹਿੰਦੇ ਹਨ। ਇਸੇ ਤਰ੍ਹਾਂ ਇਹ ਕੰਮ ਚਲਾਊ ਸਰਕਾਰ ਬਣੀ ਫਿਰਦੀ ਹੈ। ਮੇਰੇ ਕੋਲ ਆਰ.ਬੀ.ਆਈ. ਦੀ ਰਿਪੋਰਟ ਹੈ, ਇਨ੍ਹਾਂ ਨੇ 365 ਦਿਨਾਂ ਵਿੱਚ 120 ਦਿਨ ways and means ਅਵੇਲ ਕੀਤਾ ਹੈ। ਹੁਣ ਓਵਰ ਡਰਾਫਟ ਦੀ ਗੱਲ ਲੈ ਲਉ। Overdraft on 17 occassions, 49 days we have been overdraft. ਓਵਰ ਡਰਾਫਟ ਦਾ ਕੀ ਬੋਝ ਪੈਂਦਾ ਹੈ? ਓਵਰ ਡਰਾਫਟ ਦਾ ਬੋਝ ਲੋਕਾਂ ਉਤੇ ਪੈਂਦਾ ਹੈ। ਜਿਹੜਾ ਫਾਲਤੂ ਵਿਆਜ ਚਾਰਜ ਕਰਦੇ ਹਨ, ਉਹ ਲੋਕਾਂ ਉਤੇ ਪੈਂਦਾ ਹੈ। ਕਰਜ਼ਾ ਚੜ੍ਹਦਾ ਹੈ। ਫਿਰ ਉਸ ਕਰਜ਼ੇ ਨੂੰ ਉਤਾਰਨ ਵਾਸਤੇ ਅਸੀਂ ਹੋਰ ਕਰਜ਼ਾ ਲੈਂਦੇ ਹਾਂ। ਸਰਦਾਰ ਲਾਲ ਸਿੰਘ ਜੀ ਨੇ ਬੜਾ ਤਫਸੀਲ ਨਾਲ ਦੱਸਿਆ ਹੈ। ਐਤਕੀਂ ਮੇਰਾ ਖਿਆਲ ਹੈ ਕਿ ਜਿਹੜਾ ਤੁਸੀਂ projected ਕੀਤਾ ਹੈ, ਘੱਟੋ-ਘੱਟ 8000 ਕਰੋੜ ਰੁਪਿਆ ਸਿਰਫ ਕਿਸ਼ਤ ਦਾ ਹੀ ਹੋ ਗਿਆ ਹੈ। ਗਰੀਬ ਆਦਮੀ ਨੂੰ ਪੁੱਛ ਲਉ, ਜਿਹੜਾ ਅਰਬਨ ਏਰੀਏ ਵਿੱਚ 40 ਰੁਪਏ ਰੋਜ਼ ਖਰਚ ਕਰਦਾ ਹੈ, ਉਸ ਨੂੰ ਬਿਲੋਅ ਪਾਵਰਟੀ ਲਾਈਨ ਨਹੀਂ ਕਹਿੰਦੇ। ਇਹ ਬੜੀ ਸੀਰੀਅਸ ਗੱਲ ਹੈ। without integrity ਤੁਸੀਂ ਨੋਟ ਕਰਨਾ, ਮੇਰੇ ਕੋਲ ਤੁਹਾਡਾ ਪਿਛਲੇ ਸਾਲ ਦਾ ਬਜਟ ਪਿਆ ਹੈ ਜਿਸ ਵਿੱਚ ਤੁਸੀਂ ਸਾਲ 2012-13 ਦੇ ਅੰਕੜੇ ਦਿੱਤੇ ਹਨ ਕਿ ਸਲਾਨਾ ਪਰ-ਕੈਪੀਟਾ ਇਨਕਮ 89345 ਰੁਪਏ ਹੈ। ਇਸ ਵਾਰੀ ਜਦੋਂ ਤੁਸੀਂ ਇਸ ਨੂੰ ਕੈਲਕੁਲੇਟ ਕਰ ਰਹੇ ਹੋ ਤਾਂ ਇਨਕਰੀਜ਼ ਕਰਕੇ 84526 ਰੁਪਏ ਦਿਖਾ ਰਹੇ ਹੋ। ਅੰਦਾਜ਼ਨ 5000 ਰੁਪਏ ਪਰ ਕੈਪੀਟਾ ਇਨਕਮ ਵਿੱਚ ਫਰਕ ਪੈ ਗਿਆ ਹੈ। ਪੰਜਾਬ ਦੀ ਆਬਾਦੀ 2 ਕਰੋੜ 77 ਲੱਖ ਹੈ। ਇਸ ਦਾ ਮਤਲਬ ਹੈ ਕਿ ਜੇਕਰ 2 ਕਰੋੜ 77 ਲੱਖ ਨੂੰ 5000 ਰੁਪਏ ਨਾਲ ਗੁਣਾ ਕਰੀਏ ਤਾਂ ਇਹ ਤਕਰੀਬਨ 13-14 ਹਜ਼ਾਰ ਕਰੋੜ ਰੁਪਏ ਤੁਹਾਡੀ ਕੈਲਕੁਲੇਸ਼ਨ ਵਿੱਚ ਹੀ ਫਰਕ ਪੈ ਜਾਂਦਾ ਹੈ। ਜਿਹੜੇ ਮੈਂ

[ਸ਼੍ਰੀ ਸੁਨੀਲ ਜਾਖੜ]

ਬਿਉਰੋਕਰੇਟ ਦੀ ਗੱਲ ਕੀਤੀ ਹੈ, ਉਨ੍ਹਾਂ ਨੇ ਵੀ ਕਿਹਾ ਹੈ ਕਿ it would have been more sensible ਕਿ ਅਗਰ ਕਿਤੇ ਨਾ ਕਿਤੇ ਤੁਹਾਡੇ ਬਜਟ ਐਸਟੀਮੇਟਸ ਜਿਹੜੇ ਐਕਚੁਅਲ ਹਨ, ਉਸ ਦਾ ਖਰੜਾ ਤਿਆਰ ਕਰਦੇ। ਡਾਕਟਰ ਵੇਰਕਾ ਜੀ ਨੇ ਬੜੀ ਤਫਸੀਲ ਨਾਲ ਕਿਹਾ ਹੈ। ਆਪਾਂ ਅਨਾਊਂਸ ਤਾਂ ਬਹੁਤ ਕੁਝ ਕਰਦੇ ਹਾਂ। ਸਬ-ਪਲਾਨ ਦੀ ਤਾਰੀਫ ਬਹੁਤ ਹੋ ਰਹੀ ਸੀ। ਅੱਛੀ ਗੱਲ ਹੈ, ਸਬ-ਪਲਾਨ ਵਿੱਚ ਉਨ੍ਹਾਂ ਦਾ ਫਾਇਦਾ ਹੋਣਾ ਚਾਹੀਦਾ ਹੈ। ਜਿਹੜੀ ਪਲਾਨ ਦੀ ਇੰਪਲੀਮੈਂਟੇਸ਼ਨ ਹੈ, ਉਹ 73% ਦਿਖਾਈ ਗਈ ਹੈ। ਪਤਾ ਨਹੀਂ ਇਹ ਕਿੰਨੀ ਹੋਵੇਗੀ, ਕਿੰਨੀ ਨਹੀਂ ਹੋਵੇਗੀ, ਇਸ ਸਭ ਦਾ ਲੋਕਾਂ ਨੂੰ ਹਿਸਾਬ ਦੱਸਣਾ ਪਵੇਗਾ। ਸਪੀਕਰ ਸਾਹਿਬ, ਜਿਹੜੀ ਡਾਇਰੈਕਸ਼ਨ ਦੀ ਗੱਲ ਕੀਤੀ ਹੈ, how are we going to reduce with deficit, ਰੈਵੇਨਿਊ ਵਧਾ ਕੇ ਜਾਂ ਖਰਚੇ ਘਟਾ ਕੇ? ਰੈਵੇਨਿਊ ਵਧਾਉਣ ਵਾਲੀ ਗੱਲ ਤਾਂ ਇੱਥੇ ਖੁਦ ਡਿਪਟੀ ਸੀ.ਐਮ. ਸਾਹਿਬ ਨੇ ਉਠ ਕੇ ਕਹਿ ਦਿੱਤਾ ਹੈ ਕਿ ਸਾਡਾ 4600 ਕਰੋੜ ਰੁਪਿਆ ਸ਼ਰਾਬ ਵਾਲੇ ਪਾਸਿਉਂ ਆਉਂਦਾ ਹੈ। If he approves of it, then fine. ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੱਕ ਪਾਸੇ ਤਾਂ ਆਪਾਂ ਧਰਮ ਦੇ ਨਾਂ ਤੇ ਲੜਾਈ ਲੜ ਰਹੇ ਹਾਂ ਅਤੇ ਦੂਜੇ ਪਾਸੇ ਐਕਪੈਂਨਸ਼ਨ ਕਰ ਰਹੇ ਹਾਂ। ਪਿਛੇ ਜਿਹੇ ਤਿੰਨ ਮਨਿਸਟਰਾਂ ਦਾ ਗਰੁੱਪ ਗੁਜਰਾਤ ਗਿਆ ਸੀ। ਉਹ ਬਾਕੀ ਦੇ ਮਾਡਲ ਤਾਂ ਵੇਖ ਆਏ ਪ੍ਰੰਤੂ did you considered the Gujarat model? ਉਥੇ ਤੁਸੀਂ ਪ੍ਰੋਹਿਬਿਸ਼ਨ ਵਾਲਾ ਨਾ ਵੇਖ ਲੈਣਾ? ਫਿਰ ਤਾਂ ਤੁਹਾਡੀ ਸਰਕਾਰ ਹੀ ਫੇਲ੍ਹ ਹੋ ਜਾਵੇਗੀ। ਉਥੇ ਪ੍ਰੋਹਿਬਿਸ਼ਨ ਵੀ ਲੱਗਦੀ ਹੈ। ਸੋ, ਸਾਨੂੰ ਗੁਜਰਾਤ ਮਾਡਲ ਦੀ ਗੱਲ ਨਹੀਂ ਕਰਨੀ ਚਾਹੀਦੀ ਕਿ ਗੁਜਰਾਤ ਮਾਡਲ ਕੀ ਹੈ ਅਤੇ ਉਸ ਦੀ ਇੱਥੇ ਕੀ ਇੰਪਲੀਕੇਸ਼ਨ ਹੈ?

ਡਾਈਵਰਸੀਫਿਕੇਸ਼ਨ ਬਾਰੇ ਕਿਹਾ ਗਿਆ ਹੈ ਕਿ ਅਸੀਂ ਇਸ ਨਾਲ ਖੇਤੀਬਾੜੀ ਨੂੰ ਅੱਗੇ ਲੈ ਕੇ ਜਾਵਾਂਗੇ। ਲਿਜਾਣਾ ਵੀ ਪਵੇਗਾ। ਤੁਸੀਂ ਪੈਕੇਜ ਵੀ ਮੰਗ ਕੇ ਆਏ ਹੋ। ਪੈਕੇਜ ਤਾਂ ਪਤਾ ਨਹੀਂ ਕਦੋਂ ਆਏਗਾ। 30,000 ਕਰੋੜ ਰੁਪਏ ਦਾ ਕਰਜ਼ਾ, ਵੈਸੇ ਤਾਂ ਕਹਿ ਰਹੇ ਸੀ ਕਿ ਸਾਰਾ ਕਰਜ਼ਾ ਹੀ ਮੁਆਫ ਕਰੋ, ਸਾਨੂੰ ਡੈਫਰ ਕਰੋ। ਉਹ ਜਦੋਂ ਆਏਗਾ, ਵੇਖਿਆ ਜਾਏਗਾ। ਸਰਦਾਰ ਤੋਤਾ ਸਿੰਘ ਜੀ ਬੈਠੇ ਹਨ, ਮੈਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। RKVY ਸਕੀਮ ਤਹਿਤ ਪਿਛਲੇ ਸਾਲ 448 ਕਰੋੜ ਰੁਪਿਆ ਤੁਹਾਡੇ ਕੋਲ ਆਇਆ ਹੈ। ਡਾਈਵਰਸੀਫਿਕੇਸ਼ਨ ਵੀ ਉਸ ਵਿੱਚ ਇਨਕਲੂਡ ਸੀ। ਇਸ ਵਾਰੀ ਤੁਸੀਂ ਉਸ

ਵਾਸਤੇ ਰੱਖਿਆ ਹੈ ਕਿ ਸਾਨੂੰ ਸੈਂਟਰ ਸਰਕਾਰ ਨੇ ਬੜਾ ਮਾਮੂਲੀ ਜਿਹਾ ਪੈਸਾ 500 ਕਰੋੜ ਰੁਪਿਆ ਦਿੱਤਾ ਹੈ। ਸੈਂਟਰ ਸਰਕਾਰ ਨੇ ਪਿਛਲੀ ਵਾਰ ਵੀ ਦਿੱਤਾ ਸੀ। ਮੇਰੇ ਕੋਲ ਮਿਤੀ 16.7.2014 ਦੀ ਫਿਗਰ ਹੈ , ਉਦੋਂ ਤੱਕ ਇਸ 448 ਕਰੋੜ ਰੁਪਏ ਵਿੱਚੋਂ ਸਿਰਫ 71.25 ਕਰੋੜ ਰੁਪਏ ਦੇ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਗਏ ਸੀ। ਕੀ ਇਸ ਕਿਸਮ ਨਾਲ ਕੰਮ ਚਲੇਗਾ? 310 ਕਰੋੜ ਰੁਪਏ ਦੀ ਗੱਲ ਜਿਸ ਦਿਨ ਦਾ ਤੁਹਾਡਾ ਬਜਟ ਐਸਟੀਮੇਟ ਆਇਆ ਹੈ, ਕਈ ਐਡੀਟੋਰੀਅਲ ਆਏ ਹਨ, ਦੋ ਬੜੀਆਂ ਠੀਕ ਗੱਲਾਂ ਕੀਤੀਆਂ ਹਨ। ਇਸ ਵਿੱਚੋਂ 2 ਪੁਆਇੰਟ ਕੱਢੇ ਸੀ ਕਿ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਾਸਤੇ 310 ਕਰੋੜ ਰੁਪਏ ਰੱਖੇ ਹਨ। ਦੂਸਰਾ, ਸਕਿੱਲਡ ਡਿਵੈਲਪਮੈਂਟ ਵਾਸਤੇ 500 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ। ਇੱਕ ਗੱਲ ਤਾਂ ਤੁਸੀਂ ਭੁੱਲ ਗਏ, ਜਿਸ ਦਾ ਮੈਂ ਤੁਹਾਨੂੰ ਧੰਨਵਾਦ ਦਿੰਦਾ ਹਾਂ ਕਿ ਐਤਕੀਂ ਤੁਸੀਂ ਕੋਝਾ ਮਜ਼ਾਕ ਨਹੀਂ ਕੀਤਾ। ਵੇਲਣੇ ਵਗੈਰਾ ਤੋਂ ਤੁਸੀਂ ਵੈਟ ਮੁਆਫ ਕਰ ਦਿੱਤਾ। I don't think this becomes August House like this ਕਿ ਵੇਲਣੇ ਤੇ ਵੈਟ ਛੱਡ ਦਿੱਤਾ। ਮੈਨੂੰ ਤਾਂ ਸ਼ਰਮ ਆਉਂਦੀ ਹੈ ਕਿ ਵੇਲਣੇ ਤੇ ਵੈਟ ਵੀ ਲੱਗਾ ਹੋਇਆ ਸੀ? ਪੰਜਾਬ ਖੇਤੀਬਾੜੀ ਯੂਨੀਵਰਸਿਟੀ ਇਕੱਲੀ ਲੁਧਿਆਣੇ ਅਤੇ ਪੰਜਾਬ ਦੀ ਹੀ ਨਹੀਂ ਬਲਕਿ ਹਿੰਦੁਸਤਾਨ ਦੀ ਸਿਰਕੱਢ ਯੂਨੀਵਰਸਿਟੀ ਹੈ। 310 ਕਰੋੜ ਰੁਪਿਆ ਤਾਂ ਉਨ੍ਹਾਂ ਦੇ ਸਾਰੇ ਸਟਾਫ ਦੀਆਂ ਸਾਲ ਦੀਆਂ ਤਨਖਾਹਾਂ ਤੇ ਹੀ ਲੱਗ ਜਾਣਾ ਹੈ। ਇਸ ਵਿੱਚੋਂ ਰਿਸਰਚ ਵਾਸਤੇ ਕੁਝ ਵੀ ਨਹੀਂ ਬਚਣਾ। ਪਿੱਛੇ ਜਿਹੇ 100 ਕਰੋੜ ਰੁਪਏ ਸਰਦਾਰ ਮਨਮੋਹਨ ਸਿੰਘ ਜੀ ਨੇ ਦਿੱਤੇ ਸੀ, ਉਸ ਤੋਂ ਮਗਰੋਂ ਰਿਸਰਚ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਗਿਆ। ਪਰਸੋਂ ਸਾਡੇ ਕਾਬਲ ਸਾਥੀ ਮੱਕੀ ਉੱਤੇ ਬੋਲ ਰਹੇ ਸੀ ਕਿ ਮੱਕੀ ਉਤੇ ਰਿਸਰਚ ਕਰਵਾ ਕੇ ਦੇਖੋ । ਡਾਈਵਰਸੀਫਿਕੇਸ਼ਨ ਵਾਸਤੇ ਮੱਕੀ ਸਬੰਧੀ ਸਾਲ 2005 ਵਿੱਚ ਰਿਸਰਚ ਕੀਤੀ ਗਈ ਸੀ। ਪੀ.ਏ.ਯੂ. ਦੀਆਂ ਦੋ ਵਰਾਇਟੀਆਂ ਆਈਆਂ ਸਨ : ਪੀ. ਐਮ. ਐਚ. 1 ਅਤੇ ਪੀ. ਐਮ. ਐਚ. 2 ਪਰ ਇਨ੍ਹਾਂ ਨੂੰ ਛੱਡ ਕੇ ਪ੍ਰਾਈਵੇਟ ਡੀਲਰਾਂ ਨੂੰ ਫਾਇਦਾ ਦੇ ਰੱਖਿਆ ਹੈ ਤੇ ਉਹ ਜਿਹੜੀਆਂ ਦੋ ਵਰਾਇਟੀਆਂ ਸਨ, ਜੇ ਤੁਸੀਂ ਸਬਸਿਡੀਆਂ ਇਨ੍ਹਾਂ ਤੇ ਦੇ ਰਹੇ ਹੋ ਤਾਂ ਮੇਰੀ ਬੇਨਤੀ ਹੈ ਕਿ ਇੱਕ ਦੇ ਉੱਤੇ ਤਾਂ ਸਬਸਿਡੀ ਲੱਗੀ ਹੀ ਨਹੀਂ । ਉਹ ਵੀ ਦੇਖੋ । ਉਸ ਦਾ ਧਿਆਨ ਕਰੋ ਕਿ ਜਿਹੜੀ ਤੁਹਾਡੀ ਆਪਣੀ ਯੂਨੀਵਰਸਿਟੀ, ਪ੍ਰਾਈਮ ਯੂਨੀਵਰਸਿਟੀ ਹੈ, ਉਹ ਰਿਸਰਚ ਕਰਦੀ ਹੈ, ਉਸ ਦਾ ਵੀ ਕੁਝ ਨਾ ਕੁਝ ਕਰੋ । ਜੋ ਤੁਸੀਂ ਗੱਲਾਂ ਕਹੀਆਂ ਹਨ,

[ਸ਼੍ਰੀ ਸੁਨੀਲ ਜਾਖੜ]

I totally agree with that. ਜਦੋਂ ਤਾਈਂ ਉਸ ਦਾ ਆਲਰਟੇਨਿਵ ਸਿਸਟਮ ਮਾਰਕੀਟ ਵਿੱਚ ਐਸ਼ਿਓਰ ਨਹੀਂ ਕਰੋਗੇ, ਕਿਸੇ ਨੇ ਵੀ ਦੁਬਾਰਾ ਫਸਲ ਨਹੀਂ ਲਗਾਉਣੀ । ਮੁੜ ਕੇ ਉਥੇ ਹੀ ਕਿਸਾਨ ਆ ਜਾਣਗੇ। ਪਿੱਛੇ ਜਿਹੇ ਪੀ. ਟੀ. ਸੀ. ਚੈਨਲ ਤੇ ਕਈ ਦਿਨ ਇੱਕ ਸਟਰਿੱਪ ਚੱਲੀ ਸੀ, ਉਸ ਤੇ ਲਿਖਿਆ ਗਿਆ ਸੀ ਕਿ ਐਤਕੀਂ ਬਾਸਮਤੀ ਘੱਟ ਬੀਜੋ । ਉਸ ਦਾ ਤਾਂ ਹੁਣ ਪਤਾ ਲੱਗੇਗਾ । ਜਿਹੜੇ ਲੋਕਾਂ ਨੇ ਸਾਢੇ ਚਾਰ ਚਾਰ ਹਜ਼ਾਰ ਰੁਪਏ ਕੁਇੰਟਲ ਨੂੰ ਕੱਟੇ ਲਏ ਹਨ, ਐਤਕੀਂ ਪਤਾ ਲੱਗੇਗਾ ਕਿ ਕਿਸ ਭਾਅ ਵਿਕਦੇ ਹਨ । ਉਨ੍ਹਾਂ ਕੋਲ ਕੇਵਲ ਸਟਰਿੱਪ ਨਾਲ ਨਹੀਂ ਬਲਕਿ ਉਨ੍ਹਾਂ ਨੂੰ ਵਾਇਏਬਲ ਆਲਟਰਨੇਟਿਵ ਦੇਣੀ ਸੀ ਕਿ ਇਹ ਸਾਡਾ ਵਾਇਏਬਲ ਆਲਟਰਨੇਟਿਵ ਹੈ ਕਿ ਤੁਸੀਂ ਇਸ ਨੂੰ ਛੱਡ ਕੇ ਇਹ ਬੀਜੋ । ਇਸ ਬਾਰੇ ਉਪਰਾਲਾ ਕੀਤਾ, ਆਸ਼ਵਾਸਨ ਵੀ ਦਿੱਤਾ ਪਰ ਜਿਨ੍ਹਾਂ ਨੇ ਬਾਗ ਲਗਾ ਰੱਖੇ ਹਨ, ਉਨ੍ਹਾਂ ਦਾ ਵੀ ਮਾੜਾ ਹੀ ਹਾਲ ਹੈ । ਟੈਂਕ ਭਰ ਭਰ ਕੇ ਜਿਵੇਂ ਪਾਣੀ ਪਿਲਾਇਆ ਜਾਂਦਾ ਹੈ, ਉਸ ਤਰ੍ਹਾਂ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਬਾਗ ਨਹੀਂ ਚਲਦੇ ਹੁੰਦੇ, that also needs to be looked into. ਇਸ ਦੇ ਨਾਲ ਹੀ ਮੈਂ ਪਾਣੀ ਦੀ ਗੱਲ ਕਰ ਰਿਹਾ ਹਾਂ। ਤੁਸੀਂ 310 ਕਰੋੜ ਰੁਪਿਆ for lining of water courses ਲਈ ਪਿਛਲੇ ਸਾਲ ਰੱਖਿਆ ਸੀ। ਸਪੀਕਰ ਸਾਹਿਬ, ਸਾਡੇ ਇੱਥੇ ਕਾਬਲ ਆਨਰੇਬਲ ਮੈਂਬਰ ਸਾਹਿਬਾਨ ਬੈਠੇ ਹਨ, ਚਾਹੇ ਉਨ੍ਹਾਂ ਵਿੱਚ ਪੁਲੀਟੀਕਲ ਡਿਫਰੈਂਸਜ਼ ਹੋਣ ਪਰ ਗੱਲ ਤਾਂ ਇਹ ਹੈ ਕਿ ਪਾਣੀ ਦੀ ਇੱਕ ਇੱਕ ਬੂੰਦ ਬਚਾਈ ਜਾਵੇ ਤੇ ਕੱਚੇ ਖਾਲੇ ਨਾ ਰਹਿਣ ਤੇ ਪੱਕੇ ਖਾਲੇ ਬਣਾ ਕੇ ਲੈ ਜਾਈਏ ਕਿਉਂਕਿ ਰੇਤਲੀ ਜ਼ਮੀਨ ਪਾਣੀ ਸੋਖ ਜਾਂਦੀ ਹੈ । 310 ਕਰੋੜ ਰੁਪਏ ਵਿੱਚੋਂ 96 ਕਰੋੜ ਰੁਪਏ ਦੀ ਯੂਟੇਲਾਈਜ਼ੇਸ਼ਨ ਹੋਈ ਹੈ । You can't blame anybody else ਕਿ ਸੈਂਟਰ ਤੋਂ ਪੈਸਾ ਆਇਆ ਜਾਂ ਨਹੀਂ । ਚਲੋ ਘੱਟ ਆਇਆ ਹੋਣਾ ਹੈ ਪਰ ਜਿਹੜਾ ਆਇਆ ਹੈ, ਉਹ ਕਿੱਥੇ ਗਿਆ ? ਅੱਜ ਤੁਸੀਂ ਅੰਕੜੇ ਚੈੱਕ ਕਰਵਾਓ । ਮੇਰੇ ਇੱਕ ਸਾਥੀ ਨੇ ਕਲੇਮ ਕੀਤਾ। ਸ਼ਾਇਦ ਝੂੰਦਾਂ ਸਾਹਿਬ ਬੋਲ ਰਹੇ ਸੀ । ਉਹ ਕਹਿ ਰਹੇ ਸੀ ਕਿ ਵਾਟਰ ਮੈਨੇਜਮੈਂਟ ਅਤੇ ਸਾਇਲ ਕਨਜ਼ਰਵੇਸ਼ਨ ਲਈ ਪਿਛਲੇ ਸਾਲ ਵੀ ਪੈਸੇ ਰੱਖੇ ਗਏ ਸੀ ਅਤੇ 40 ਕਰੋੜ ਰੁਪਏ ਰੱਖੇ ਗਏ ਸੀ ਪਰ ਕੇਵਲ 20 ਕਰੋੜ ਹੀ ਲੱਗੇ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ 20 ਕਰੋੜ ਵੀ ਨਹੀਂ ਲੱਗੇ। ਮੇਰੇ ਵਾਰ ਵਾਰ ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਪੈਸਾ ਆ ਰਿਹਾ ਹੈ, ਉਹ ਕਿੱਥੇ ਜਾ ਰਿਹਾ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਤੋਤਾ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੂੰ ਤੁਸੀਂ ਡਾਈਵਰਸੀਫਿਕੇਸ਼ਨ ਦਾ ਇਨਚਾਰਜ ਬਣਾ ਰੱਖਿਆ ਹੈ, ਅੱਜ ਉਹੀ ਲੋਕ ਅੱਗੇ ਆ ਰਹੇ ਹਨ ।

ਫੂਡ ਸਿਕਿਓਰਟੀ ਮਿਸ਼ਨ ਦੀ ਗੱਲ ਕਰੀਏ ਤੇ ਇੱਥੇ ਬੀਜ ਸਬਸਿਡੀ ਦਾ ਰੌਲਾ ਪਾਇਆ ਗਿਆ ਸੀ, ਸਾਡੇ ਆਨਰੇਬਲ ਮੈਂਬਰ ਸਾਹਿਬ ਬੈਠੇ ਸਨ ਤੇ ਉਨ੍ਹਾਂ ਨਾਲ ਮੇਰੀ ਬਾਦਲ ਸਾਹਿਬ ਨੇ ਡਿਊਟੀ ਲਗਾਈ ਸੀ ਕਿ ਇਸ ਦੀ ਘੋਖ ਕਰੋ । ਉਸ ਦੀ ਜੜ੍ਹ ਤੱਕ ਜਾਓ । ਜਿਹੜੇ ਬੰਦਿਆਂ ਨੂੰ ਫੜ੍ਹਿਆ ਗਿਆ ਸੀ, ਜਿਨ੍ਹਾਂ ਨੂੰ ਉਸ ਵਿੱਚ ਇੰਪਲੀਕੇਟ ਕੀਤਾ, ਉਸ ਕਮੇਟੀ ਦੀ ਰਿਪੋਰਟ ਤਾਂ ਪੇਸ਼ ਨਹੀਂ ਹੋਈ, ਉਹ ਹੀ ਲੋਕ ਫਿਰ ਚੌਧਰੀ ਬਣੀ ਬੈਠੇ ਹਨ। (ਆਪੋਜ਼ੀਸ਼ਨ ਬੈਂਚਿੰਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਬਾਰੇ ਧਿਆਨ ਕੀਤਾ ਜਾਵੇ । ਲੋਕ ਤੁਹਾਡੇ ਤੋਂ ਉਮੀਦ ਕਰਦੇ ਹਨ ਕਿਉਂਕਿ ਇਹ ਸਾਰਿਆਂ ਦਾ ਮਸਲਾ ਹੈ ਤੇ ਇਕੱਲਾ ਉਨ੍ਹਾਂ ਦਾ ਨਹੀਂ । ਇਹ ਮਸਲਾ ਇਕੱਲਾ ਮੇਰਾ ਨਹੀਂ, ਇਹ ਕਿਸੇ ਇੱਕ ਦਾ ਮਸਲਾ ਨਹੀਂ ਹੈ।

ਸ਼ੂਗਰ ਮਿੱਲ ਦੀ ਗੱਲ ਆਈ ਹੈ। ਅੱਜ ਫਿਰ ਬਾਦਲ ਸਾਹਿਬ ਨਹੀਂ ਹਨ। ਮੈਂ ਉਸ ਦਿਨ ਵੀ ਕਿਹਾ ਸੀ ਕਿ ਮੈਂ ਧੰਨਵਾਦ ਕਰਾਂਗਾ । ਇਹ ਡਾਈਵਰਸੀਫਿਕੇਸ਼ਨ ਦਾ ਬਹੁਤ ਵੱਡਾ ਹਿੱਸਾ ਹੈ । ਇਸ ਵਾਸਤੇ 186 ਕਰੋੜ ਰੁਪਏ ਦਿੱਤੇ ਤੇ ਉਨ੍ਹਾਂ ਨੇ ਬੜਾ ਮਾਣ ਰੱਖਿਆ । ਬਾਦਲ ਸਾਹਿਬ ਆਪ ਮਿਲ ਕੇ ਆਏ। ਉਨ੍ਹਾਂ ਨੇ ਇਸ ਚੀਜ਼ ਨੂੰ ਐਕਸੈਪਟ ਕੀਤਾ ਤੇ ਪੈਸੇ ਰਿਲੀਜ਼ ਕਰਵਾ ਦਿੱਤੇ । ਸਪੀਕਰ ਸਾਹਿਬ, is this the way . ਕੋਈ ਕਿਸਾਨ ਕਿਸੇ ਤੋਂ ਭੀਖ ਮੰਗਦਾ ਹੈ ।ਕੋਈ ਉਹ ਸਰਕਾਰ ਤੋਂ ਸਬਸਿਡੀ ਮੰਗਣ ਗਏ ਸੀ । ਆਪਣਾ ਗੰਨਾ ਸੀ, ਉਹ ਵੇਚ ਦਿੱਤਾ । ਮਿੱਲਾਂ ਨੇ ਲੈ ਲਿਆ, ਉਨ੍ਹਾਂ ਦੀ ਖੰਡ ਬਣੀ ਪਈ ਹੈ । ਉਹ ਜਾਂਦੀ ਹੈ ਜਾਂ ਨਹੀਂ ਜਾਂਦੀ ਹੈ, ਪਰ ਉਹ ਵਿਚਾਰਾ ਟੱਕਰਾਂ ਮਾਰਦਾ ਫਿਰਦਾ ਹੈ । ਸਾਨੂੰ ਉਹ ਕਹਿੰਦਾ ਹੈ ਕਿ ਤੁਸੀਂ ਪੁਲੀਟੀਕਲ ਨੰਬਰ ਬਣਾ ਰਹੇ ਹੋ । ਕਿਉਂ ਨੰਬਰ ਬਣਾਉਣ ਦਿੰਦੇ ਹੋ। ਮੇਰੀ ਆਨਰੇਬਲ ਫਾਇਨਾਂਸ ਮਨਿਸਟਰ ਸਾਹਿਬ ਨੂੰ ਗੁਜਾਰਿਸ਼ ਹੈ ਕਿ ਹਰਿਆਣੇ ਜਾਂ ਕਿਤੇ ਹੋਰ ਦਾ ਮਾਡਲ ਦੇਖ ਲਓ । Why don't you provide for that in the budget itself ? ਬਠਿੰਡਾ ਰਿਫਾਈਨਰੀ ਦਾ ਐਤਕੀਂ ਕਿਸੇ ਨੇ ਨਾਂ ਹੀ ਨਹੀਂ ਲਿਆ । ਉਨ੍ਹਾਂ ਨੂੰ 250 ਕਰੋੜ ਰੁਪਿਆ ਹਰ ਸਾਲ ਟੈਕਸ ਫਰੀ ਲੋਨ ਦਿੰਦੇ ਹਾਂ । ਪੰਜ ਸਾਲ ਦਾ ਉਨ੍ਹਾਂ ਨੇ ਕਿਹਾ ਸੀ । ਇੱਥੇ ਤਾਂ ਸਿਰਫ 186 ਕਰੋੜ ਰੁਪਿਆ ਹੈ ਤੇ ਤੁਸੀਂ 200 ਕਰੋੜ

[ਸ਼੍ਰੀ ਸੁਨੀਲ ਜਾਖੜ]

ਰੁਪਿਆ ਮਿੱਲਾਂ ਵਾਸਤੇ ਰੱਖ ਦਿਉ। ਕਿਸਾਨ ਘੱਟੋ-ਘੱਟ ਟੱਕਰਾਂ ਨਾ ਮਾਰੇ । ਇਸ ਕਰਕੇ ਹੀ ਤੁਹਾਡੀ ਡਾਈਵਰਸੀਫਿਕੇਸ਼ਨ ਬੰਦ ਹੁੰਦੀ ਜਾ ਰਹੀ ਹੈ । ਤੁਸੀਂ ਕਹਿੰਦੇ ਹੋ ਕਿ ਮੱਕੀ ਲਗਾਓ ਤੇ ਉਨ੍ਹਾਂ ਦੇ ਡਰਾਇਰਰ ਲਗਾਏ ਹੋਏ ਹਨ । ਕੋਈ ਡਰਾਇਰਰ ਚੱਲ ਰਿਹਾ ਹੈ ਜਾਂ ਨਹੀਂ ਪਰ ਜਿਹੜੀਆਂ ਮਿੱਲਾਂ ਹਨ, ਉਹ ਬੰਦ ਹੋ ਰਹੀਆਂ ਹਨ ਕਿਉਂਕਿ ਪੇਮੈਂਟ ਨਹੀਂ ਕਰ ਸਕਦੀਆਂ । ਇਹ ਬੜਾ ਸਿੰਪਲ ਜਿਹਾ ਮਸਲਾ ਹੈ । ਕਈ ਇਹੋ ਜਿਹੀਆਂ ਗੱਲਾਂ ਹਨ ਜਿਨ੍ਹਾਂ ਦਾ ਆਪਾਂ ਹੱਲ ਰਲ਼ ਮਿਲ ਕੇ ਕੱਢ ਸਕਦੇ ਹਾਂ । ਤੁਸੀਂ ਇਸ ਬਾਰੇ ਬਜਟ ਵਿੱਚ ਪ੍ਰੋਵਾਈਡ ਕਰੋ । ਲੋਕਾਂ ਤੋਂ ਭਾਵੇਂ ਹੋਰ ਗੰਨਾ ਬਿਜਵਾ ਲਓ ਪਰ ਉਨ੍ਹਾਂ ਨੂੰ ਐਸ਼ਿਓਰ ਹੋਵੇ ਕਿ ਉਨ੍ਹਾਂ ਨੂੰ ਪੇਮੈਂਟ ਮਿਲ ਜਾਵੇਗੀ । ਇਸ ਦੇ ਵਾਸਤੇ ਮੇਰੀ ਤੁਹਾਨੂੰ ਇਹੀ ਗੁਜ਼ਾਰਿਸ਼ ਹੈ ਕਿ ਇਸ ਦਾ ਧਿਆਨ ਨਾਲ ਕੰਮ ਕਰੋ। ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਜਿਨ੍ਹਾਂ ਸਕੀਮਾਂ ਤੇ ਸਟੇਟ ਦਾ ਪੈਸਾ ਬਿਲਕੁਲ ਨਹੀਂ ਲਗਦਾ, ਜਿਵੇਂ ਨਰੇਗਾ ਵਿੱਚ ਆਪਣੀ ਸਿਰਫ 10 ਪ੍ਰਤੀਸ਼ਤ ਕੰਟਰੀਬਿਊਸ਼ਨ ਹੈ। ਮੈਂ ਬੜਾ ਹੈਰਾਨ ਹਾਂ, ਕਿਉਂਕਿ ਜਦੋਂ ਮਨਰੇਗਾ ਦੀ ਸਕੀਮ ਚਾਲੂ ਹੋਈ ਸੀ ਤਾਂ ਇਸ ਦੀ ਬੜੀ ਨਿਖੇਧੀ ਹੋਈ ਕਿ ਸਾਡੇ ਲੋਕਾਂ ਨੂੰ ਇੱਥੇ ਮਜ਼ਦੂਰ ਨਹੀਂ ਮਿਲਣੇ। ਯੂ.ਪੀ. ਅਤੇ ਬਿਹਾਰ ਤੋਂ ਮਜ਼ਦੂਰਾਂ ਨੇ ਇੱਥੇ ਨਹੀਂ ਆਉਣਾ। ਬਿਲਕੁਲ, ਕਿਉਂ ਕੋਈ ਆਏਗਾ, ਜਦੋਂ ਉਸ ਨੂੰ 200 ਰੁਪਿਆ ਦਿਹਾੜੀ ਉਥੋਂ ਮਿਲ ਜਾਣੀ ਹੈ। ਉਦੋਂ 120 ਰੁਪਿਆ ਦਿਹਾੜੀ ਸੀ। ਉਦੋਂ ਆਨਰੇਬਲ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਮੈਂ ਸੈਂਟਰ ਨੂੰ ਕਿਹਾ ਹੈ ਕਿ ਸਾਡੀ ਸਟੇਟ ਵਿੱਚ ਇਸ ਦਿਹਾੜੀ ਤੇ ਕੋਈ ਕੰਮ ਕਰਨ ਵਾਲਾ ਤਿਆਰ ਨਹੀਂ ਹੈ। ਹੁਣ ਤੁਹਾਡਾ ਆਪਣਾ ਬਜਟ ਕਹਿ ਰਿਹਾ ਹੈ, ਜਿਹੜੀ ਉਸ ਦੀ ਮਿਨੀਮਮ ਵੇਜ ਹੈ, ਉਹ ਵਧਾ ਕੇ 200 ਰੁਪਏ ਕਰ ਦਿੱਤੀ ਹੈ। ਕੀ ਤੁਹਾਡਾ ਅੱਜ ਵੀ ਖਿਆਲ ਹੈ ਕਿ 200 ਰੁਪਿਆ ਦਿਹਾੜੀ ਠੀਕ ਹੈ। ਕੋਈ ਸਕੀਮ ਬਣਾ ਕੇ ਭੇਜੋ। ਪਿਛਲੇ ਸਾਲ 400 ਕਰੋੜ ਰੁਪਏ ਰੱਖੇ ਸੀ। ਐਤਕੀਂ ਮੇਰਾ ਖਿਆਲ ਹੈ 224 ਕਰੋੜ ਰੁਪਏ ਰੱਖੇ ਹਨ। ਇਹ ਕਿਉਂ ਹੈ, ਕਿਉਂਕਿ ਇੰਪਲੀਮੈਂਟੇਸ਼ਨ ਨਹੀਂ ਹੁੰਦੀ। ਲੋਕ ਭੱਜੇ ਫਿਰਦੇ ਹਨ ਕਿ ਮੈਂ ਆਪਣਾ ਨਾਮ ਦਰਜ ਕਰਵਾ ਕੇ ਆਇਆ ਹਾਂ ਪਰ ਮੈਨੂੰ ਦਿਹਾੜੀ ਨਹੀਂ ਮਿਲਦੀ। ਜਨਾਬ, ਦਿਹਾੜੀ ਤਾਂ ਦਿਓ। ਮੈਂ ਉਥੇ ਸਾਡੇ ਵਾਲੇ ਬੇਲੀਆਂ ਨੂੰ ਵੀ ਕਿਹਾ ਸੀ, ਤੁਸੀਂ ਵੀ ਜਾ ਕੇ ਉਨ੍ਹਾਂ ਨੂੰ ਕਹੋ ਕਿ ਇਸ ਨੂੰ ਕਲੱਬ ਕਰ ਦਿਓ। Let this be part of the thing ਕਿ ਜੇ ਕੋਈ ਛੋਟਾ ਕਿਸਾਨ ਆਪ ਦਿਹਾੜੀ ਕਰਦਾ ਹੈ, ਉਸ ਦੀ ਮਜ਼ਦੂਰੀ ਵੀ ਅਤੇ ਜੇ ਕਿਤੇ ਹੋਰ ਜਾ ਕੇ ਦਿਹਾੜੀ ਕਰਦਾ ਹੈ, ਉਤਲਾ 100 ਰੁਪਿਆ ਕਿਸਾਨ ਦੇ ਦੇਵੇਗਾ ਅਤੇ

200 ਰੁਪਿਆ ਸਰਕਾਰ ਦੇ ਦੇਵੇਗੀ। ਇਸ ਤਰ੍ਹਾਂ ਦਾ ਕੋਈ ਪ੍ਰੋਡਕਟਿਵ ਕੰਮ ਕਰੋ। ਜਿਸ ਕੰਮ ਦੀ ਨਿਖੇਧੀ ਕਰਦੇ ਸੀ, ਨਰੇਗਾ ਦੀ ਅਤੇ ਡਾਇਰੈਕਟ ਬੈਨੀਫਿਟ ਟਰਾਂਸਫਰ ਦੀ ਗੱਲ ਹੈ, ਦੋਨੋਂ ਗੱਲਾਂ ਬਾਰੇ ਤੁਹਾਡੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਇਨ੍ਹਾਂ ਦੋਨਾਂ ਗੱਲਾਂ ਨੂੰ ਅੱਗੇ ਵਧਾਵਾਂਗੇ। ਉਸ ਵਿੱਚ ਕੋਈ ਨਾ ਕੋਈ ਤਰਮੀਮ ਕਰਕੇ ਕਰੋ, ਐਵੇਂ ਨਾ ਉਸ ਤੇ ਪੋਚਾ ਫੇਰ ਦਿਓ। ਇੱਥੇ ਬ੍ਰਹਮਪੁਰਾ ਸਾਹਿਬ ਬੈਠੇ ਸੀ, ਜਦੋਂ ਇਹ ਗੱਲ ਰੇਜ਼ ਹੋਈ, ਉਦੋਂ ਮੈਨੂੰ ਕਹਿੰਦੇ ਸੀ, ਇਹ 2010 ਦੀ ਗੱਲ ਹੈ, ਉਦੋਂ ਕਿਹਾ ਸੀ ਕਿ 1400 ਕਰੋੜ ਰੁਪਏ ਦੀ ਡਿਮਾਂਡ ਬਣਾ ਕੇ ਭੇਜਾਂਗੇ। ਡਿਮਾਂਡ ਜਿੰਨੀ ਬਣਾ ਕੇ ਭੇਜ ਦਿੰਦੇ ਸੀ, ਉਨਾ ਪੈਸਾ ਆ ਜਾਂਦਾ ਸੀ। 9 ਲੱਖ ਤੋਂ ਜ਼ਿਆਦਾ ਸਾਡੇ ਕੋਲ ਨਰੇਗਾ ਵਾਸਤੇ ਐਪਲੀਕੇਸ਼ਨਜ਼ ਹਨ ਪਰ ਪਰੇਸ਼ਾਨ ਹੁੰਦੇ ਫਿਰਦੇ ਹਾਂ। ਉਸ ਪੈਸੇ ਦਾ ਇਸਤੇਮਾਲ ਕਰੀਏ। ਇਹ ਸਾਡੀ ਇਕਾਨਮੀ ਦੇ ਵਿੱਚ ਹੀ ਇਸਤੇਮਾਲ ਹੋਏਗਾ, ਬਾਹਰ ਤਾਂ ਕਿਤੇ ਜਾਣਾ ਨਹੀਂ। ਉਹ ਵੀ ਜਾ ਕੇ ਕੁਛ ਨਾ ਕੁਛ ਖਰੀਦਣਗੇ ਹੀ, ਕਿਸੇ ਨਾ ਕਿਸੇ ਪਾਸੇ ਲੱਗੇਗਾ। ਕਈ ਇਹੋ ਜਿਹੀਆਂ ਸਕੀਮਾਂ ਹਨ, ਜਿਨ੍ਹਾਂ ਤੇ 100 ਪ੍ਰਤੀਸ਼ਤ ਪੈਸਾ ਆਉਂਦਾ ਹੈ, ਉਹ ਵੀ ਆਪਾਂ ਇੰਪਲੀਮੈਂਟ ਨਹੀਂ ਕਰਦੇ ਕਿਉਂਕਿ ਬਹੁਤ ਸਾਰੀਆਂ ਸਕੀਮਾਂ ਉਡਾ ਹੀ ਦਿੱਤੀਆਂ। ਕਈਆਂ ਨੂੰ ਆਰਬੀਟ੍ਰੇਰੇਲੀ ਕੱਟ ਦਿੱਤਾ। ਕਿਸੇ ਨੂੰ ਕੋਈ ਪੈਸਾ ਨਹੀਂ ਦਿੱਤਾ। ਸਪੀਕਰ ਸਾਹਿਬ, ਤੁਸੀਂ ਸਹੀ ਗੱਲ ਕਹੀ ਸੀ ਕਿ ਜੋ ਵੀ ਕੁਮਿਟਮੈਂਟ ਆਪਣੇ ਮੈਨੀਫੈਸਟੋ ਵਿੱਚ ਕਰੀਏ, ਉਹ ਸਿਰੇ ਚਾੜ੍ਹੀਏ। ਲੋਕ ਆਪਾਂ ਨੂੰ ਮਾੜੇ ਕਹਿੰਦੇ ਹਨ ਕਿ ਇਹ ਝੂਠ ਬੋਲ ਕੇ ਤੁਰ ਜਾਂਦੇ ਹਨ। ਵੋਟਾਂ ਲੈਣ ਆਏ ਹਨ, ਅੱਜ ਸਾਰੇ ਕੁਝ ਦਾ ਪਰਾਮਿਸ ਕਰ ਜਾਣਗੇ, ਫੁੱਲਫਿਲ ਇਨ੍ਹਾਂ ਨੇ ਕੁਝ ਕਰਨਾ ਨਹੀਂ ਹੈ।

ਲੁਧਿਆਣੇ ਮੈਟਰੋ ਦੀ ਗੱਲ ਹੈ, ਐਤਕੀਂ ਪਹਿਲੀ ਦਫਾ ਹੈ ਕਿ ਇਸ ਬਜਟ ਵਿੱਚ ਮੈਟਰੋ ਦਾ ਜ਼ਿਕਰ ਹੀ ਨਹੀਂ ਕੀਤਾ।

ਸਰਦਾਰ ਬਲਵਿੰਦਰ ਸਿੰਘ ਬੈਂਸ (ਬੈਠੇ-ਬੈਠੇ) : ਫੋਟੋ ਤਾਂ ਹੈ।

ਸ਼੍ਰੀ ਸੁਨੀਲ ਜਾਖੜ : ਫੋਟੋ ਤਾਂ ਹੈ, ਇਹ 9840 ਕਰੋੜ ਰੁਪਏ ਦਾ ਪ੍ਰੋਜੈਕਟ ਸੀ ਪਰ ਇਨ੍ਹਾਂ ਨੇ ਕੋਈ ਮੈਨਸ਼ਨ ਨਹੀਂ ਕੀਤਾ। ਇਹ ਤਾਂ ਨਹੀਂ ਕਿ ਅੰਨ੍ਹੇਵਾਹ ਤੁਸੀਂ ਲਗਾ ਦਿਓ। ਜੈਪੁਰ ਦਾ ਹਾਲ ਦੇਖ ਲਵੋ। ਬੀ.ਜੇ.ਪੀ. ਦੀ ਗੌਰਮਿੰਟ ਨੇ ਆਲਰੈਡੀ ਬਣ ਕੇ ਇਨਸਟਾਲ ਹੋ ਚੁੱਕੇ ਇੱਕ ਸੈਕਸ਼ਨ ਤੋਂ ਬਾਅਦ ਦੂਜੇ ਸੈਕਸ਼ਨ ਨੂੰ ਰੋਕ ਦਿੱਤਾ because this is not viable proposition.

[ਸ਼੍ਰੀ ਸੁਨੀਲ ਜਾਖੜ]

ਇੱਥੇ ਵੀ ਸਾਡੇ ਸਾਥੀ ਪਹਿਲੇ ਦਿਨ ਤੋਂ ਹੀ ਕਹਿ ਰਹੇ ਹਨ ਕਿ ਛੋਟੇ ਸ਼ਹਿਰ ਵਿੱਚ ਮੈਟਰੋ ਵਾਇਬਿਲ ਨਹੀਂ ਬਣਨੀ। Until and unless we have deep pockets, ਇਹ ਜਿਹੜੀ ਡੈਫੀਸਿਟ ਫੰਡਿੰਗ ਹੈ, ਇਹ ਤੁਹਾਨੂੰ ਕਰਨੀ ਪਵੇਗੀ। ਇਹ ਫੰਡਿੰਗ ਤੁਹਾਨੂੰ ਕਰਨੀ ਪਵੇਗੀ। ਕਿਸੇ ਨੇ ਆ ਕੇ ਹੱਥ ਨਹੀਂ ਪਾਉਣਾ। Do we have that kind of capacity? ਕਿਉਂ ਲੋਕਾਂ ਨੂੰ ਇਸ ਪਾਸੇ ਲਾਰਾ ਲਗਾਉਣਾ ਹੈ। ਜਿਵੇਂ ਤੁਸੀਂ ਅੰਮ੍ਰਿਤਸਰ ਵਿੱਚ ਰੈਪਿਡ ਟਰਾਂਸਪੋਰਟ ਸਿਸਟਮ ਚਾਲੂ ਕੀਤਾ ਹੈ, ਇਹੋ ਜਿਹੀ ਗੱਲ ਉਥੇ ਕਰ ਲਵੋ। ਛੱਡੋ ਮੈਟਰੋ ਦਾ ਖਹਿੜਾ ਜੇ ਇਹ ਵਾਇਬਲ ਨਹੀਂ ਬਣਦੀ। ਆਪਣੇ ਪੰਜਾਬ ਕੋਲ ਤਨਖਾਹਾਂ ਦੇਣ ਨੂੰ ਪੈਸੇ ਨਹੀਂ ਹਨ। ਉਹ ਮੈਟਰੋ ਤੀਜੇ ਦਿਨ ਬਣ ਕੇ ਖੜ੍ਹ ਜਾਵੇਗੀ। ਸੋ, ਐਵੇਂ ਨਾ ਲੋਕਾਂ ਨੂੰ ਝੂਠਾ ਲਾਰਾ ਲਗਾਈ ਜਾਵੋ।

ਸਵਾਮੀ ਨਾਥਨ ਰਿਪੋਰਟ ਦੀ ਗੱਲ ਹੋਈ ਹੈ। ਸਵਾਮੀ ਨਾਥਨ ਰਿਪੋਰਟ ਸਾਰਿਆਂ ਨੂੰ ਠੀਕ ਲਗਦੀ ਹੈ। ਆਪਾਂ ਐਮ.ਐਸ.ਪੀ. ਤੇ ਬੋਲੇ ਨਹੀਂ, ਸਵਾਮੀ ਨਾਥਨ ਤੇ ਕੀ ਬੋਲਾਂਗੇ? ਫਿਰ ਮੈਂ ਡਾਕਟਰ ਮਨਮੋਹਨ ਸਿੰਘ ਤੇ ਆ ਜਾਂਦਾ ਹਾਂ। ਯਾਦ ਆਉਣਗੇ, ਬੜੇ ਯਾਦ ਆਉਣਗੇ ਪਰ ਇੱਕ ਗੱਲ ਹੈ ਉਦੋਂ ਤਾਂ ਸਾਨੂੰ ਕੋਸਦੇ ਸੀ ਉਥੇ ਚੱਲਣ ਵਾਸਤੇ। ਜਿਸ ਦਿਨ ਸਵਾਮੀ ਨਾਥਨ ਦੀ ਗੱਲ ਕਰੋਗੇ, ਅਸੀਂ ਨਾਲ ਚੱਲਾਂਗੇ। ਚੱਲ ਕੇ ਉਨ੍ਹਾਂ ਨਾਲ ਵੀ ਆਪਾਂ ਗੱਲ ਕਰੀਏ। ਬਠਿੰਡਾ ਰਿਫਾਈਨਰੀ ਦੀ ਗੱਲ ਕੀਤੀ ਹੈ। ਗਰੀਬਾਂ ਵਾਸਤੇ ਇੱਕ ਮੁੱਖ ਮੰਤਰੀ ਆਵਾਸ ਯੋਜਨਾ ਹੈ। ਇਸ ਬਜਟ ਵਿੱਚ ਮੁੱਖ ਮੰਤਰੀ ਆਵਾਸ ਯੋਜਨਾ ਦਾ ਜ਼ਿਕਰ ਨਹੀਂ ਕੀਤਾ ਗਿਆ। ਪਿਛਲੇ ਸਾਲ ਕੀਤਾ ਸੀ। ਉਸ ਵਿੱਚ ਇੱਕ ਲੱਖ ਮਕਾਨ ਦੋ ਸਾਲਾਂ ਵਿੱਚ ਦੇਣੇ ਕੀਤੇ ਸੀ। There are various schemes of providing houses to BPL, slum dwellers and weaker sections of the society in the Department of Rural Development, Local Government and Housing . The State Government will consolidate all these schemes and construct one lac houses in the next two years. ਜੇ ਆਪਣੇ ਕੋਲ ਜਗ੍ਹਾ ਨਹੀਂ ਹੋਵੇਗੀ, ਉਥੇ ਜਗ੍ਹਾ ਖਰੀਦ ਕੇ ਮਕਾਨ ਬਣਵਾ ਕੇ ਗਰੀਬਾਂ ਵਾਸਤੇ ਦੇਣੇ ਸਨ। ਸਰ, ਉਹ ਸਕੀਮ ਹੀ ਕੱਢ ਦਿੱਤੀ। ਉਹ ਜਿਹੜੇ ਇੱਕ ਲੱਖ ਮਕਾਨ ਬਣਨੇ ਸੀ ਉਹ ਤਾਂ ਬਿਲਕੁਲ ਹੀ ਕੱਟ ਦਿੱਤਾ। ਤੁਸੀਂ ਇੰਦਰਾ ਅਵਾਸ ਯੋਜਨਾ ਦੇ ਤਹਿਤ ਮੈਨਸ਼ਨ ਕੀਤਾ ਕਿ ਪਹਿਲਾਂ

ਤੋਂ ਤੁਸੀਂ ਵਧਾ ਕੇ 70000 ਰੁਪਿਆ ਕਰ ਦਿੱਤਾ ਪਰ ਉਸ ਦੀ ਤੁਸੀਂ ਐਲੋਕੇਸ਼ਨ ਹੀ ਘੱਟ ਕਰ ਦਿੱਤੀ ਹੈ, ਤੁਸੀਂ 60 ਕਰੋੜ ਤੋਂ ਘਟਾ ਕੇ 40 ਕਰੋੜ ਕਰ ਦਿੱਤੀ ਹੈ। 40 ਕਰੋੜ ਰੁਪਿਆ ਇੰਦਰਾ ਅਵਾਸ ਯੋਜਨਾ ਦੇ ਤਹਿਤ ਰੱਖੇ ਗਏ ਹਨ।

ਇਸ ਤਰ੍ਹਾਂ ਨਹੀਂ ਹੈ ਕਿ ਇੱਕ ਪਾਸੇ ਦੀ ਗੱਲ ਹੀ ਕਰੀ ਜਾਂਦਾ ਹਾਂ, ਮੇਰੇ ਤੋਂ ਪਹਿਲਾਂ ਬੜੇ ਕਾਬਲ ਸਾਥੀਆਂ ਨੇ ਇੰਡਸਟਰੀ ਵਾਸਤੇ ਗੱਲ ਕੀਤੀ ਹੈ। ਮੈਨੂੰ ਵੀ ਬਜਟ ਸੈਸ਼ਨ ਆਉਣ ਤੋਂ ਪਹਿਲਾਂ ਲੁਧਿਆਣਾ ਵਿਖੇ ਜਾਣ ਦਾ ਮੌਕਾ ਮਿਲਿਆ। ਮੈਂ ਸੋਚਿਆ ਕਿ ਉਨ੍ਹਾਂ ਦੀ ਕੋਈ ਵੀ ਗੱਲ ਰੱਖਣ ਤੋਂ ਪਹਿਲਾਂ ਉਨ੍ਹਾਂ ਤੋਂ ਪਹਿਲਾਂ ਪੁੱਛ ਕੇ, ਉਨ੍ਹਾਂ ਤੋਂ ਸਮਝ ਕੇ ਗੱਲ ਰੱਖੀਏ। ਪਰ ਮੈਂ ਜਿਹੜੀ ਗੱਲ ਰੱਖਾਂ ਜਾਂ ਨਾ ਰੱਖਾਂ, ਸਾਡੇ ਆਨਰੇਬਲ ਮੈਂਬਰ ਸਾਹਿਬਾਨ ਕਈ ਸਾਥੀ ਇਸ ਤੋਂ ਸਹਿਮਤ ਨਹੀਂ ਹਨ ਪਰ ਚਾਹੇ ਉਹ ਕਾਲੀਆ ਸਾਹਿਬ ਸੀ ਜਾਂ ਭੰਡਾਰੀ ਸਾਹਿਬ ਨੇ ਗੱਲ ਕੀਤੀ ਹੈ, ਚਾਹੇ ਕਿਸੇ ਨੂੰ ਪੁੱਛ ਕੇ ਵੇਖ ਲਵੋ, ਸਾਰੇ ਕਹਿਣਗੇ ਕਿ ਵੈਟ ਰਿਫੰਡ ਦੇ ਮਸਲੇ ਵਿੱਚ ਪ੍ਰਾਬਲਮ ਹੈ, ਚਾਹੇ ਤੁਸੀਂ ਇਸ ਰਿਫੰਡ ਲਈ ਹੱਲ ਕਰ ਦਿੱਤਾ ਹੈ ਪਰ ਅਜੇ ਵੀ ਲੋਕਾਂ ਦੇ ਵਿੱਚ ਪ੍ਰਾਬਲਮਜ਼ ਹਨ, ਤੁਸੀਂ ਉਨ੍ਹਾਂ ਦੀਆਂ ਪ੍ਰਾਬਲਮਜ਼ ਸੁਣ ਕੇ, ਤੁਸੀਂ ਅਫਸਰਾਂ ਨੂੰ ਨਾਲ ਨਾ ਬਿਠਾਇਆ ਕਰੋ ਕਿਉਂਕਿ ਜਦੋਂ ਉਹ ਬੈਠੇ ਹੁੰਦੇ ਹਨ ਤਾਂ ਉਹ ਖੁੱਲ੍ਹ ਕੇ ਗੱਲ ਨਹੀਂ ਕਰਦੇ। ਫਿਰ ਡਿਪਟੀ ਸੀ. ਐਮ. ਸਾਹਿਬ ਨੂੰ, ਸੀ.ਐਮ. ਸਾਹਿਬ ਨੂੰ ਉਹ ਹੀ ਗੱਲ ਰਹਿ ਜਾਂਦੀ ਹੈ, ਉਨ੍ਹਾਂ ਦੀ ਗੱਲ ਸੁਣ ਲੈਂਦੇ ਹਨ ਪਰ ਸਾਡੀ ਸੁਣਦੇ ਨਹੀਂ । ਇਸ ਕਰਕੇ ਤੁਸੀਂ ਉਨ੍ਹਾਂ ਦੀ ਗੱਲ ਸੁਣੋ ਕਿਉਂਕਿ ਇਹ ਉਹ ਲੋਕ ਹਨ ਜਿਹੜੇ ਸਮਾਲ, ਮੀਡੀਅਮ ਅਤੇ ਲਘੂ ਉਦਯੋਗ ਵਾਲੇ ਹਨ । ਚਾਹੇ ਉਹ ਸਾਈਕਲ ਇੰਡਸਟਰੀ ਵਾਲੇ ਹਨ, ਉਨ੍ਹਾਂ ਨੇ ਮੇਰਾ ਖਿਆਲ ਹੈ ਕਿ ਤੁਹਾਨੂੰ ਆਪਣਾ ਚਾਰਟਰ ਦਿੱਤਾ ਹੈ, ਮੈਂ ਵੀ ਆਪਣਾ ਚਾਰਟਰ ਲਈ ਫਿਰਦਾ ਹਾਂ । ਉਸ ਵਿੱਚ ਇੱਥੋਂ ਭੰਡਾਰੀ ਸਾਹਿਬ ਨੇ ਗੱਲ ਕੀਤੀ ਸੀ ਕਿ 13.1 ਦਾ ਫਾਰਮ ਉਨ੍ਹਾਂ ਨੇ ਇੰਟਰੋਡਿਊਸ ਕਰ ਦਿੱਤਾ ਹੈ, every single component that goes into making of a bicycle, ਕਿਹਾ ਗਿਆ ਕਿ ਉਸ ਦੇ ਉਤੇ ਸਾਨੂੰ ਦੱਸੋ ਕਿ ਕਿਸ ਤਰ੍ਹਾਂ ਦਾ ਬ੍ਰੇਕ ਅੱਪ ਦਿਉਗੇ, ਕਹਿੰਦੇ ਜੀ it is not possible, ਫਿਰ ਮੇਰੇ ਸਾਥੀਆਂ ਨੇ ਸੀ.ਐਲ.ਯੂ. ਵਾਲੀ ਗੱਲ ਕੀਤੀ, ਜਿਹੜਾ ਲੁਧਿਆਣਾ ਦਾ ਮਾਸਟਰ ਪਲਾਨ ਬਣਿਆ ਹੈ, ਉਹ ਏਰੀਆ ਮਾਸਟਰ ਪਲਾਨ ਵਿੱਚ ਰੈਜ਼ੀਡੈਂਸ਼ਲ ਹੋ ਗਿਆ ਤੇ ਫਿਰ ਉਹ ਪੁਰਾਣੀ ਇੰਡਸਟਰੀ ਵਾਲੇ ਲੋਕ ਹੁਣ ਟੱਕਰਾਂ ਮਾਰਦੇ ਫਿਰਦੇ ਹਨ । ਉਹ ਤਾਂ ਰਿਵਿਊ ਹੋ ਸਕਦਾ ਹੈ, ਉਹ ਤਾਂ ਕੋਈ ਵੱਡੀ ਗੱਲ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਆਹ ਜਿਹੜੀ ਪੁਰਾਣੀ ਇੰਡਸਟਰੀ ਲੱਗੀ ਹੋਈ ਹੈ । ਇਹ ਇਕੱਲੇ ਲੁਧਿਆਣੇ ਸ਼ਹਿਰ ਦੇ ਮਿਊਂਸਿਪਲ ਲਿਮਟ ਦੇ ਅੰਦਰ ਅੰਦਰ ਹੀ ਸੀ.ਐਲ. ਯੂ. ਲਿਆ ਜਾਂਦਾ ਹੈ, ਬਾਕੀ ਸਾਰੇ ਪੰਜਾਬ ਵਿੱਚ ਕਿਤੇ ਨਹੀਂ ਲਿਆ ਜਾਂਦਾ, ਲੁਧਿਆਣੇ ਸ਼ਹਿਰ ਦੀ ਲਿਮਟ ਤੋਂ ਬਾਹਰ ਵੀ, ਕਿਤੇ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਇਹ ਬੜੀਆਂ ਜੈਨੂਅਨ ਪ੍ਰਾਬਲਮਜ਼ ਹਨ। ਸਪੀਕਰ ਸਾਹਿਬ, ਇਹ ਪ੍ਰਾਬਲਮਜ਼ ਰਿਜ਼ਾਲਵ ਹੋ ਸਕਦੀਆਂ ਹਨ। ਉਹ ਬਾਦਲ ਸਾਹਿਬ ਨੂੰ ਮਿਲ ਕੇ ਗਏ ਸੀ ਤੇ ਇਹ ਜਿਹੜੀ ਵੈਟ ਵਾਲੀ ਅਨਾਮਲੀ ਹੈ ਕਿ ਬਾਹਰੋਂ ਸਾਨੂੰ ਸਾਢੇ ਛੇ ਪਰਸੈਂਟ ਲਗਦਾ ਹੈ ਤੇ ਢਾਈ ਪਰਸੈਂਟ ਬਾਕੀ ਦਿੰਦੇ ਹੋ ਤਾਂ ਫਿਰ ਰਿਫੰਡ ਦੇ ਚੱਕਰਾਂ ਵਿੱਚ ਤੁਰੀ ਫਿਰਦੇ ਹਾਂ, ਇਸ ਲਈ ਇਸ ਨੂੰ ਰੈਸ਼ਨੇਲਾਈਜ਼ ਕਰ ਦਿਉ। ਅੱਜ ਵੀ ਸਾਡੇ ਏਰੀਏ ਵਾਲੇ ਤੁਹਾਡੇ ਕੋਲ ਆਏ ਹੋਣਗੇ ਕਿ ਜਿਥੇ ਕਾਟਨ ਗਰੋਇੰਗ ਏਰੀਆ ਹੈ, ਜਿੰਨਿੰਗ ਐਂਡ ਪ੍ਰੈਸਿੰਗ ਫੈਕਟਰੀਜ਼ ਹਨ, ਉਨ੍ਹਾਂ ਨੇ ਆ ਹੀ ਜਾਣਾ ਹੈ। ਉਨ੍ਹਾਂ ਨੇ ਪੰਜ ਸਾਲ ਜਦੋ- ਜਹਿਦ ਕਰਕੇ ਦੋ ਪਰਸੈਂਟ ਜਿਹੜਾ ਉਥੇ ਇਨਫਰਾਸਟ੍ਰਕਚਰ ਸੈਸ ਲਗਦਾ ਸੀ, ਉਸਨੂੰ ਵੇਵ ਆਫ ਕਰਵਾ ਲਿਆ ਹੈ। ਉਹ ਤੁਹਾਨੂੰ ਦਸ ਵਾਰੀ ਮਿਲ ਕੇ ਗਏ ਹੋਣਗੇ ਤੇ ਤੁਸੀਂ ਉਨ੍ਹਾਂ ਦਾ ਇਲੈਕਸ਼ਨਾਂ ਤੋਂ ਪਹਿਲਾਂ ਵੇਵ ਆਫ ਕਰ ਦਿੱਤਾ ਹੈ। ਪਰ ਅਜੇ ਵੀ ਜਿਹੜੀ ਉਨ੍ਹਾਂ ਦੀ ਡਿਮਾਂਡ ਹੈ, ਅੱਜ ਉਹ ਆ ਕੇ ਗਏ ਹਨ, ਅਜੇ ਵੀ ਕਾਟਨ ਵਾਲੀ ਇੰਡਸਟਰੀ ਉਤੇ ਪੰਜਾਬ ਵਿੱਚ ਸਾਰਿਆਂ ਤੋਂ ਜ਼ਿਆਦਾ 9.45% ਟੈਕਸ ਹੈ, ਇਹ ਟੈਕਸ ਹਰਿਆਣੇ ਵਿੱਚ 6.10% ਹੈ, ਰਾਜਸਥਾਨ ਵਿੱਚ 5.6% ਹੈ। ਉਨ੍ਹਾਂ ਨੇ ਇੱਕੋ ਹੀ ਐਸ਼ੋਰੈਂਸ਼ ਦਿੱਤੀ ਸੀ ਮੈਂ ਕਿਹਾ ਕਿ ਮੋਟੀ ਜਿਹੀ ਗੱਲ ਦੱਸੋ । ਕਹਿੰਦੇ ਜੀ ਮੋਟੀ ਜਿਹੀ ਗੱਲ ਅਸੀਂ ਬਾਦਲ ਸਾਹਿਬ ਨੂੰ ਦੱਸ ਕੇ ਆਏ ਹਾਂ ਕਿ ਸਾਡਾ ਵੈਟ ਤੁਸੀਂ ਰੈਸ਼ਨੇਲਾਈਜ਼ ਕਰ ਦਿਉ ਜਿਹੜੀ ਸਰਕਾਰ ਦੀ ਆਮਦਨ ਹੈ ਜੇ ਸਾਹਿਬ ਉਹ ਨਾ ਵਧੇ ਤਾਂ ਤੁਸੀਂ ਸਾਡੇ ਤੇ ਵਾਪਸ ਇੰਪਲੀਮੈਂਟ ਕਰ ਦਿਉ । ਉਨ੍ਹਾਂ ਦਾ ਕਹਿਣਾ ਹੈ ਕਿ ਤੁਸੀਂ ਅੱਜ ਟੋਟਲ ਦੀ ਟੋਟਲ 9.45% ਦੀ ਰਿਕਵਰੀ ਕਰਨ ਦੇ ਚੱਕਰ ਵਿੱਚ ਰੋਕ ਰੱਖੀ ਹੈ ਤੇ ਕਾਟਨ ਸਾਰੀ ਉਥੇ ਰਾਜਸਥਾਨ ਵਿੱਚ ਜਾ ਵੜਦੀ ਹੈ, ਹਰਿਆਣਾ ਨਾਲ ਲੱਗਦਾ ਹੈ, ਉਥੇ ਜਾ ਵੜਦੀ ਹੈ, you loose your mandi tax ਬਾਕੀ ਜਿਹੜੇ ਟੈਕਸ ਲੱਗਦੇ ਹਨ ਤਾਂ ਉਹ ਵੀ ਜਾ ਵੜਦੇ ਹਨ। ਉਸਨੂੰ ਰੇਸ਼ਨੇਲਾਈਜ਼ ਕਰ ਦਿਉ। ਇਹ ਹੀ ਗੱਲ ਹੌਜ਼ਰੀ ਵਾਲਿਆਂ ਨੇ ਦੱਸੀ ਕਿ ਸਾਡੇ ਤੋਂ ਜੇਕਰ ਤੁਹਾਡਾ ਰੈਵੇਨਿਊ ਘਟੇ ਤਾਂ

ਸਾਡੇ ਕੋਲੋਂ ਵਾਪਸ ਲੈ ਲਵੋ, ਸਾਡੇ ਤੇ ਟੈਕਸ ਵਾਪਸ ਲਗਾ ਦੇਣਾ । ਸਪੀਕਰ ਸਾਹਿਬ, ਉਨ੍ਹਾਂ ਨੂੰ ਕੰਸਿਡਰ ਕਰੋ। ਆਪਾਂ ਨੂੰ ਮੈਨਟੈਲਿਟੀ ਬਦਲਣੀ ਪਵੇਗੀ , profit making is not a problem but it is profiteering which is a problem. ਆਪਾਂ ਕਹਿੰਦੇ ਹਾਂ ਕਿ ਜਿਹੜਾ ਬਿਜਨੈਸ ਕਰਦਾ ਹੈ, ਪੈਸਾ ਕਮਾਉਂਦਾ ਹੈ, ਉਹ ਚੋਰ ਹੈ। ਉਸ ਨੂੰ ਫੈਸਿਲੀਟੀਟੇਟ ਕਰੀਏ ਜੇ ਫੈਸਿਲੀਟਿਏਟ ਨਾ ਕਰਾਂਗੇ ਤਾਂ ਕਿੰਨੀ ਵੀ ਤੁਸੀਂ ਵੱਡੀ ਇਨਵੈਸਟਮੈਂਟ ਕਰ ਲਵੋ, ਫਾਇਦਾ ਨਹੀਂ ਹੋਵੇਗਾ। ਮੈਂ ਪਹਿਲਾ ਬੰਦਾ ਸੀ ਜਿਸ ਨੇ ਤੁਹਾਨੂੰ ਐਸ.ਐਮ.ਐਸ ਕਰਕੇ ਵਧਾਈ ਦਿੱਤੀ ਸੀ ਪਰੰਤੂ ਤੁਸੀਂ ਕਦੇ ਗੋਬਿੰਦਗੜ੍ਹ ਵਾਲਿਆਂ ਦਾ ਪਤਾ ਲਿਆ ਹੈ ਕਿ ਫੈਕਟਰੀ ਬੰਦ ਕਿਉਂ ਹੋ ਗਈ ਹੈ। ਮੈਂ ਉਸ ਦਿਨ ਉਨ੍ਹਾਂ ਦੇ ਨੋਟਿਸ ਵਿੱਚ ਲਿਆਂਦਾ ਕਿ ਆਪਣੀ ਇੰਡਸਟਰੀ ਦੇ ਪਾਵਰ ਦੇ ਰੇਟ ਤਾਂ ਘੱਟ ਗਏ, ਕਹਿੰਦੇ ਪਾਵਰ ਹੋਣੀ ਚਾਹੀਦੀ ਹੈ, ਰੇਟ ਦਾ ਕੋਈ ਮਸਲਾ ਨਹੀਂ ਹੈ। ਸਾਹਿਬ ਉਨ੍ਹਾਂ ਲੋਕਾਂ ਨੂੰ ਪੁੱਛ ਕੇ ਵੇਖੋ ਰੇਟ ਦਾ ਕੀ ਅਸਰ ਪੈਂਦਾ ਹੈ। ਜਿਹੜਾ ਇੰਸਪੈਕਟਰੀ ਰਾਜ ਹੈ, ਇਹ ਸਰਕਾਰ ਐਡਵਾਂਸ ਟੈਕਸ ਦੇ ਉਤੇ ਚਲ ਰਹੀ ਹੈ । ਅੱਜ ਦੀ ਜਿਹੜੀ either it is running on ways and means or it is running on overdraft , ਤੁਹਾਡੇ ਕੋਲ ਪੈਸਾ ਨਹੀਂ, ਜਿਹੜਾ ਲੋਕਾਂ ਤੋਂ ਐਡਵਾਂਸ ਟੈਕਸ ਲੈ ਕੇ ਤੁਸੀਂ ਸਿਸਟਮ ਬਣਾ ਰੱਖਿਆ ਹੈ, this is in circulation. ਤੁਸੀਂ ਉਸੇ ਨੂੰ ਘੁੰਮਾਈ ਜਾਂਦੇ ਹੋ। ਚਾਹੇ ਇਸ ਨੂੰ ਐਂਟਰੀ ਟੈਕਸ ਬਣਾ ਦਿਓ, ਚਾਹੇ ਐਡਵਾਂਸ ਟੈਕਸ ਬਣਾ ਦਿਓ, ਇਸ ਦਾ ਤੁਹਾਨੂੰ ਕੋਈ ਨਾ ਕੋਈ ਹੱਲ ਕਰਨਾ ਪਵੇਗਾ। ਮੈਂ ਅੱਜ ਇਸ ਨੂੰ ਬੜੀ ਮੁਸ਼ਕਿਲ ਨਾਲ ਕੱਢਿਆ ਹੈ, ਉਸ ਦਿਨ ਵੀ ਮੇਰੇ ਦਿਮਾਗ ਵਿੱਚੋਂ ਨਿਕਲ ਗਿਆ ਸੀ, ਮੈਂ ਸਮਝਦਾ ਹਾਂ ਕਿ ਟਾਈਮ ਬਹੁਤ ਹੋ ਗਿਆ ਹੈ।

ਸਪੀਕਰ ਸਾਹਿਬ, ਜੇਕਰ ਆਪਾਂ ਇੰਡਸਟਰੀ ਵਾਲਿਆਂ ਦੀ ਗੱਲ ਨਹੀਂ ਸੁਣਾਂਗੇ, ਰੁਟੀਨ ਵਿੱਚ ਉਨ੍ਹਾਂ ਨੂੰ ਚੇਜ਼ ਕਰਦੇ ਰਹਾਂਗੇ, ਮੈਂ ਵਧਾਈ ਨਹੀਂ ਦਿੱਤੀ, ਉਸ ਵਿੱਚ ਰਿਲਾਇੰਸ ਵਾਲਿਆਂ ਦਾ ਨਾਂ ਵੀ ਸੀ। ਜਲੰਧਰ ਤੋਂ ਉਨ੍ਹਾਂ ਦੇ ਕਾਰਪੋਰੇਟਰਜ਼ ਮੇਰੇ ਕੋਲ ਆਏ ਸਨ, ਕਹਿਣ ਲੱਗੇ ਕਿ 4000 ਕਰੋੜ ਰੁਪਏ ਦਾ 4ਜੀ ਲਗਾਉਣਗੇ, but at what cost, sir? ਇੱਕ ਛੋਟਾ ਜਿਹਾ ਇੰਸਟਾਂਸ ਮੇਰੇ ਕੋਲ ਆਇਆ ਹੈ, ਮੈਂ ਤੁਹਾਨੂੰ ਉਸ ਬਾਰੇ ਦੱਸ ਰਿਹਾ ਹਾਂ। ਉਹ ਕਹਿਣ ਲੱਗੇ ਕਿ ਉਨ੍ਹਾਂ ਦੇ ਸਾਡੇ ਕੋਲ 1992-93 ਵਿੱਚ ਜਲੰਧਰ ਵਿੱਚ ਟਾਵਰ ਲੱਗੇ ਸਨ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਉਨ੍ਹਾਂ ਦਾ ਰੈਂਟ ਕਿੰਨਾ ਹੈ? 3200 ਰੁਪਿਆ, ਇਹ ਮੰਥਲੀ ਨਹੀਂ, ਐਨੂਅਲ ਹੈ।ਆਪਾਂ ਇੱਥੇ ਦੇਖਦੇ ਹਾਂ ਕਿ ਜੇਕਰ

[ਸ਼੍ਰੀ ਸੁਨੀਲ ਜਾਖੜ]

ਕੋਈ ਟਾਵਰ ਲਗਦਾ ਹੈ ਤਾਂ 25,000 ਰੁਪਏ ਦਾ ਲਗਦਾ ਹੈ। ਉਹ ਕੈਲਕੁਲੇਟ ਕਰਕੇ ਲਿਆਏ ਸੀ ਕਿ ਇਕੱਲੇ ਜਲੰਧਰ ਦੇ ਅੰਦਰ ਹੀ ਇਨ੍ਹਾਂ ਨੂੰ ਲਗਵਾਉਣ ਵਾਸਤੇ 40,000 ਕਰੋੜ ਰੁਪਏ ਦਾ ਰਗੜਾ ਜਲੰਧਰ ਸ਼ਹਿਰ ਨੂੰ ਲੱਗਿਆ ਹੈ। ਇੰਸੈਂਟਿਵ ਦੇ ਕੇ ਵੀ ਕੁਝ ਨਾ ਕੁਝ ਤਾਂ ਦੇਣਾ ਹੀ ਪਵੇਗਾ ਕਿ ਕਿਤੇ ਇੱਥੋਂ ਤੁਰ ਨਾ ਜਾਣ।

ਸਾਡੇ ਸਾਥੀ ਜਿਨ੍ਹਾਂ ਨੂੰ ਮੰਤਰੀ ਪਦ ਵੀ ਦਿੱਤਾ ਹੋਇਆ ਹੈ, ਉਹ ਬੜੇ ਰਿਸਪੈਕਟਿਡ ਹਨ। ਜਿਸ ਦਿਨ ਅਸੀਂ ਧਰਨਾ ਦੇਣ ਵਾਸਤੇ ਬਾਦਲ ਸਾਹਿਬ ਨੂੰ ਮਿਲਣ ਚੱਲੇ ਸੀ, ਉਸ ਦਿਨ ਇੱਕ ਖ਼ਬਰ ਲੱਗੀ ਸੀ - World's largest plant. ਮੈਂ ਕਿਸੇ ਇੰਡਸਟਰੀਲਿਸਟ ਦਾ ਨਾਂ ਨਹੀਂ ਲੈਣਾ ਚਾਹੁੰਦਾ, ਫੇਰ ਕਿਹਾ ਜਾਂਦਾ ਹੈ ਕਿ ਉਹ ਇੱਥੇ ਬੈਠੇ ਨਹੀਂ ਹਨ। ਮੈਂ ਕਿਹਾ ਕਿ ਚੰਗੀ ਗੱਲ ਹੈ ਇਹ ਪਲਾਂਟ ਪੰਜਾਬ ਵਿੱਚ ਲੱਗ ਰਿਹਾ ਹੈ ਕਿਉਂਕਿ ਪੰਜਾਬ ਦਾ ਆਡੀਸ਼ਨ ਸੀ। ਕਹਿਣ ਲੱਗੇ ਕਿ ਇਹ ਟੈਰੀ ਟਾਵਲ ਦਾ ਪਲਾਂਟ ਪੰਜਾਬ ਵਿੱਚ ਨਹੀਂ ਲੱਗ ਰਿਹਾ ਹੈ, World's largest plant. ਲਗਾਉਣ ਵਾਲੇ ਕੌਣ ਹਨ? ਪੰਜਾਬ ਦੇ ਇੰਡਸਟਰੀਲਿਸਟ ਸਨ। ਨਾਂ ਲੈ ਦਿੰਦਾ ਹਾਂ, ਟ੍ਰਾਈਡੈਂਟ ਵਾਲੇ ਹਨ। ਮੱਧ ਪ੍ਰਦੇਸ਼ ਵਿੱਚ ਲਗਾ ਰਹੇ ਹਨ। ਦੇਖੋ, ਬਾਹਰ ਵਾਲਾ ਤਾਂ ਆਪਣੇ ਕੋਲ ਆਵੇ ਹੀ ਕਿਉਂ? ਜਿਹੜਾ ਇੱਥੇ ਵਾਲਾ ਹੈ, ਉਹ ਵੀ ਬਾਹਰ ਜਾ ਰਿਹਾ ਹੈ। ਹੀਰੋ ਸਾਈਕਲ ਵਾਲਿਆਂ ਦਾ ਨਵਾਂ ਐਕਸਟੈਂਸ਼ਨ ਪਲਾਂਟ ਚੇਨੱਈ ਲੱਗ ਰਿਹਾ ਹੈ। Why not in Punjab? ਇਹ ਕਿਉਂ ਉਥੇ ਜਾ ਰਿਹਾ ਹੈ? ਤੁਸੀਂ ਇੱਥੇ ਇਨਫੋਸਿਸ ਦੀ ਗੱਲ ਕੀਤੀ ਹੈ ਕਿ ਅਸੀਂ ਉਨ੍ਹਾਂ ਨੂੰ 50 ਏਕੜ ਜ਼ਮੀਨ ਦਿੱਤੀ ਹੈ। ਬਿਲਕੁਲ ਦੇਣੀ ਚਾਹੀਦੀ ਹੈ, we already missed the bus. ਜਦੋਂ ਡਾਟ ਕਾਮ ਵਾਲਾ ਚੱਲਣ ਲੱਗਿਆ ਸੀ ਜੇਕਰ ਉਸੇ ਟਾਈਮ ਫੜ ਲੈਂਦੇ ਤਾਂ ਕਿੰਨਾ ਵਧੀਆ ਹੁੰਦਾ। ਮੇਰੇ ਖਿਆਲ ਵਿੱਚ ਚੰਡੀਗੜ੍ਹ ਤੋਂ ਵਧੀਆ ਕੁਆਲਿਟੀ ਆਫ਼ ਲਿਵਿੰਗ ਹਿੰਦੁਸਤਾਨ ਦੇ ਕਿਸੇ ਸ਼ਹਿਰ ਵਿੱਚ ਨਹੀਂ ਹੈ। This is what they want. ਵਧੀਆ ਪੜ੍ਹਾਈ ਇੱਥੇ ਹੈ, ਪੀ.ਜੀ.ਆਈ. ਇੱਥੇ ਹੈ। ਪੀ.ਜੀ.ਆਈ. ਵਾਲੀ ਗੱਲ ਵੀ ਵਿੱਚੇ ਹੀ ਰਹਿ ਗਈ AIIMS like institutions ਵਾਸਤੇ ਬਜਟ ਵਿੱਚ 100 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਸੀ, ਸੈਂਟਰ ਦੇ ਬਜਟ ਵਿੱਚ ਕਿਤੇ ਵੀ ਏਮਜ਼ ਦੀ ਗੱਲ ਨਹੀਂ ਹੈ, ਉਨ੍ਹਾਂ ਨੇ ਆਈ.ਆਈ.ਐਮ. ਦਿੱਤੀ ਹੈ। ਇਸ ਬਾਰੇ ਵੀ ਤੁਸੀਂ ਕਲੈਰਿਟੀ ਦਿਓ ਕਿ ਇਸ ਦੀ ਕੀ ਪੁਜ਼ੀਸ਼ਨ ਹੈ? ਆਈ.ਟੀ. ਬਣਾਉਣ ਦੀ ਗੱਲ ਕਰਦੇ ਸੀ, ਆਈ.ਟੀ. ਵਾਲਾ ਡੈੱਲ ਤਾਂ ਇੱਥੋਂ ਚਲਾ ਗਿਆ। ਕਿ ਕਿਸੇ ਨੇ ਉਸ

ਨਾਲ ਜਾ ਕੇ ਗੱਲ ਕੀਤੀ ਸੀ? ਉਸ ਦਾ ਮਾਲਕ ਇੱਥੇ ਕੈਪਟਨ ਸਾਹਿਬ ਨਾਲ ਆ ਕੇ ਗੱਲ ਕਰਕੇ ਗਿਆ ਸੀ। ਢੀਂਡਸਾ ਸਾਹਿਬ ਬੋਲਣ ਵੇਲੇ ਸਫ਼ਾਈ ਦੇ ਦੇਣਗੇ।

ਮੇਰੇ ਕਹਿਣ ਦਾ ਭਾਵ ਹੈ ਜਿਹੜੇ ਲੋਕ ਇੱਥੋਂ ਛੱਡ ਕੇ ਜਾ ਰਹੇ ਹਨ ਇਸ ਦਾ ਕੋਈ ਨਾ ਕੋਈ ਤਾਂ ਵੈਲਿਡ ਕਾਰਨ ਹੋਵੇਗਾ। ਵਰਨਾ ਕੋਈ ਛੱਡ ਕੇ ਨਹੀਂ ਜਾਂਦਾ। ਆਪਾਂ ਸਾਰਾ ਦੋਸ਼ ਚੁੱਕ ਕੇ ਕਿਤੇ ਆਫੀਸਰ ਲਾਬੀ ਤੇ ਨਾ ਸੁੱਟ ਦੇਈਏ ਕਿ ਬਿਉਰੋਕ੍ਰੇਟ ਮਾੜੇ ਹਨ, they are bringing us bad name. ਆਪਾਂ ਨੂੰ ਵੀ ਆਪਣੇ ਅੰਦਰ ਝਾਕਣਾ ਪਵੇਗਾ। ਜੇਕਰ ਸਾਰਿਆਂ ਨੂੰ ਇਸ ਤਰ੍ਹਾਂ ਪੋਚਣ ਲੱਗੇ, ਸਾਰੇ ਤਾਂ ਇਹ ਵੀ ਕਹਿੰਦੇ ਹਨ ਕਿ ਰਾਜਨੀਤਿਕ ਲੋਕ ਮਾੜੇ ਹਨ। ਮਾੜੇ ਵੀ ਬੈਠੇ ਹਨ ਅਤੇ ਚੰਗੇ ਵੀ ਬੈਠੇ ਹਨ। ਸੋ, ਸਾਰਿਆਂ ਨੂੰ ਇਸ ਲਪੇਟੇ ਵਿੱਚ ਨਾ ਲਿਆ ਵੋ, why do not we name them? ਇੱਕ ਰਿਪੋਰਟ ਸੀ ਕਿ 32 ਬੰਦਿਆਂ ਉੱਤੇ ਕੁਰੱਪਸ਼ਨ ਦੀ ਫਾਈਲ ਬਣੀ ਸੀ। ਕਹਿਣ ਲੱਗੇ, ਉਹ ਫਾਈਲਾਂ ਹੀ ਗਾਇਬ ਹੋ ਗਈਆਂ। ਸਾਲ 2012 ਵਿੱਚ ਹਾਈਕੋਰਟ ਵਿੱਚ ਪੀ.ਆਈ.ਐਲ. ਲੱਗੀ, ਜਿਸ ਬਾਰੇ ਕਿਹਾ ਗਿਆ ਕਿ ਅਸੀਂ ਰੀਕੰਸਟ੍ਰਕਟ ਕਰ ਰਹੇ ਹਾਂ। Why not we name them - name them and shame them. ਉੱਥੇ ਯੂ.ਪੀ. ਵਾਲਾ ਸਿਸਟਮ ਅਪਣਾਓ। ਯੂ.ਪੀ. ਵਿੱਚ ਆਈ.ਏ.ਐਸ. ਵਾਲਿਆਂ ਦੀ ਐਸੋਸੀਏਸ਼ਨ ਸੀ, ਉਹ ਕਹਿੰਦੇ ਸੀ ਕਿ ਅਸੀਂ ਕੁਰੱਪਸ਼ਨ ਵਾਲਿਆਂ ਨੂੰ ਬਲੈਕਲਿਸਟ ਕਰਾਂਗੇ। ਬਲੈਕਲਿਸਟ ਨਾ ਕਰੋ, ਇੱਥੇ ਕੋਈ ਵਾਈਟ ਲਿਸਟ ਹੀ ਬਣਾ ਦਿਓ ਕਿ ਇਨ੍ਹਾਂ ਬੰਦਿਆਂ ਨੇ ਚੰਗਾ ਕੰਮ ਕੀਤਾ ਹੈ। ਜਿਹੜੇ ਤੁਹਾਡੇ ਕੋਲ ਬਹੁਤ ਚੰਗੇ ਅਫ਼ਸਰ ਹਨ, ਉਨ੍ਹਾਂ ਨੂੰ ਹੀ ਕੁਝ ਨਾ ਕੁਝ ਦੇ ਦਿਓ ਕਿ ਇਹ ਬਹੁਤ ਚੰਗੇ ਹਨ ਅਤੇ we will look into their interest and protect them, ਜਿਹੜੇ ਸਹੀ ਕੰਮ ਕਰਨਗੇ। ਇੱਕ ਪਾਸੜ ਹੀ ਨਾ ਕਹੀ ਜਾਓ ਕਿ ਸਾਰੇ ਹੀ ਮਾੜੇ ਹਨ। ਅਖੀਰ ਵਿੱਚ ਮੈਂ ਤਾਂ ਸਿਰਫ਼ ਇੰਨਾ ਹੀ ਕਹਾਂਗਾ, ਅੱਜ ਇੱਥੇ ਬੈਠੇ ਨਹੀਂ ਹਨ –

ਸਾਰੀ ਉਮਰ ਗੱਲ ਏਕ ਹੀ ਕਰਤਾ ਰਹਾ।
ਧੂਲ ਤੋ ਚਿਹਰੇ ਪਰ ਥੀ ਔਰ ਮੈਂ ਸ਼ੀਸ਼ਾ ਸਾਫ਼ ਕਰਤਾ ਰਹਾ।

ਇਨ੍ਹਾਂ ਦੇ ਚੂੰਡਾਂ ਨਾ ਮਾਰੋ, ਆਪਣੇ ਅੰਦਰ ਝਾਕ ਕੇ ਦੇਖ ਲਓ ਕਿ ਪ੍ਰਾਬਲਮ ਕਿੱਥੇ ਹੈ।

ਮਾਨਯੋਗ ਸਪੀਕਰ : ਸਰਦਾਰ ਸੁਖਬੀਰ ਸਿੰਘ ਬਾਦਲ, ਡਿਪਟੀ ਸੀ.ਐਮ. ਸਾਹਿਬ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ।

Mr. Speaker : No Point of Order. ਉਨ੍ਹਾਂ ਨੇ ਤਾਂ ਹਾਲੇ ਬੋਲਣਾ ਹੀ ਸ਼ੁਰੂ ਨਹੀਂ ਕੀਤਾ। ਤੁਹਾਡੇ ਲੀਡਰ ਸਾਹਿਬ ਬੋਲ ਕੇ ਹਟੇ ਹਨ, ਇਨ੍ਹਾਂ ਤੋਂ ਪੁਆਇੰਟ ਆਫ਼ ਆਰਡਰ ਲੈਣਾ ਹੈ? Please sit down. ਨਹੀਂ ਜੀ, ਬੈਠ ਜਾਓ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਮੇਰਾ ਅੱਜ ਬੋਲਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਪਰ ਮੈਂ ਹੁਣੇ ਹੀ ਤੁਹਾਡੇ ਕੋਲ ਮੈਸੇਜ ਭੇਜ ਕੇ ਇਸ਼ਾਰਾ ਕੀਤਾ ਸੀ ਕਿ ਮੈਂ ਵੀ ਥੋੜ੍ਹਾ ਬੋਲਣਾ ਹੈ ਕਿਉਂਕਿ ਕਈ ਇਹੋ ਜਿਹੇ ਫੈਕਟਸ ਸਾਹਮਣੇ ਪੱਖ ਤੋਂ ਪੇਸ਼ ਕੀਤੇ ਗਏ ਹਨ ਜਿਹੜੇ ਕਿ ਸਹੀ ਤਰੀਕੇ ਨਾਲ ਪੇਸ਼ ਨਹੀਂ ਕੀਤੇ ਗਏ। ਇੱਥੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਪੀਕਰ ਸਾਹਿਬ, ਪਿਛਲੇ 7 ਸਾਲ ਤੋਂ ਮੈਂ ਦੇਖ ਰਿਹਾ ਹਾਂ, ਇੱਕੋ ਇੱਕ ਨਿਸ਼ਾਨਾ ਵਿਰੋਧੀ ਪਾਰਟੀ ਦਾ ਪੰਜਾਬ ਨੂੰ ਬਦਨਾਮ ਕਰਨ ਦਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਪੰਜਾਬ ਮਾੜਾ ਹੈ, ਪੰਜਾਬ ਡੁੱਬ ਗਿਆ, ਪੰਜਾਬ ਲੁਟਿਆ ਗਿਆ ਪਰ ਕਦੇ ਇਹ ਵੇਖਿਆ ਹੈ ਕਿ ਪੰਜਾਬ ਵਿੱਚ ਐਕਚੂਅਲ ਵਿੱਚ ਕੀ ਹੋ ਰਿਹਾ ਹੈ? ਪਹਿਲੇ ਇਹ ਫਾਈਨਾਂਸ਼ੀਅਲ ਪੁਜ਼ੀਸ਼ਨ ਤੇ ਲੱਗੇ ਰਹੇ। ਪਿਛਲੇ 7 ਬਜਟ ਪੇਸ਼ ਕਰ ਦਿੱਤੇ, ਹਰ ਰੋਜ਼ ਕਹਿੰਦੇ ਹੋ ਕਿ ਤੁਸੀਂ ਨੰਗ ਹੋ ਗਏ। ਤਨਖਾਹ ਨਹੀਂ ਵੰਡੀ ਜਾ ਰਹੀ। ਅਸੀਂ ਤਨਖਾਹਾਂ ਵੀ ਦਿੰਦੇ ਹਾਂ ਅਤੇ ਜੇ ਪੇਅ ਕਮਿਸ਼ਨ 4000 ਕਰੋੜ ਰੁਪਿਆ ਸਾਲ ਦਾ ਵਧਾਉਂਦਾ ਹੈ, ਉਹ ਵੀ ਅਸੀਂ ਪੇਅ ਕਰਦੇ ਹਾਂ। 6000-7000 ਕਰੋੜ ਦੇ ਜੋ ਬੈਕ ਏਰੀਅਰਜ਼ ਉਨ੍ਹਾਂ ਦੇ ਹਨ, ਉਹ ਵੀ ਅਸੀਂ ਪੇਅ ਕਰਦੇ ਹਾਂ। ਜੇ ਕੋਈ ਡਿਵੈਲਪਮੈਂਟ ਦਾ ਕੰਮ ਹੈ, ਉਹ ਵੀ ਕਰਦੇ ਹਾਂ ਪਰ ਫਿਰ ਵੀ ਇਹ ਕਹੀ ਜਾਣਗੇ ਕਿ ਬੁਰਾ ਹਾਲ ਹੈ। ਸਹੀ ਮਾਅਨਿਆਂ ਵਿੱਚ ਮੈਂ ਦੱਸਾਂ ਕਿ ਉਹ ਬੰਦਾ ਦੁਸ਼ਮਣ ਹੁੰਦਾ ਹੈ ਜਿਹੜਾ ਆਪਣੇ ਆਪ ਨੂੰ ਬਦਨਾਮ ਕਰਦਾ ਹੈ। ਕੀ ਕੋਈ ਆਪਣੇ ਘਰ ਨੂੰ ਆਪ ਬਦਨਾਮ ਕਰਦਾ ਹੈ? ਫਿਰ ਆਪਾਂ ਪਾਲੀਟਿਕਸ ਵਿੱਚ ਹਾਂ। ਮੈਂ ਅਕਾਲੀ ਦਲ ਤੋਂ ਹਾਂ ਅਤੇ ਤੁਸੀਂ ਕਾਂਗਰਸ ਪਾਰਟੀ ਤੋਂ ਹੋ ਪਰ ਆਪਾਂ ਦੋਵੇਂ ਪੰਜਾਬੀ ਹੀ ਹਾਂ । ਤੁਸੀਂ ਅਮਰੀਕਾ

ਵਿੱਚ ਚਲੇ ਜਾਉ, ਕਦੇ ਵੀ ਅਮਰੀਕਨ ਪ੍ਰੈਜ਼ੀਡੈਂਟ ਇਹ ਨਹੀਂ ਕਹੇਗਾ ਕਿ ਅਮਰੀਕਾ ਨੰਗ ਹੋ ਗਿਆ। ਜੇ ਤੁਸੀਂ ਜਾ ਕੇ ਦੇਖੋ, ਸਭ ਤੋਂ ਜ਼ਿਆਦਾ ਨੰਗ ਜੇ ਕੋਈ ਮੁਲਕ ਹੈ ਤਾਂ ਉਹ ਅਮਰੀਕਾ ਹੈ। 98% ਉਨ੍ਹਾਂ ਦਾ ਜੀ.ਐਸ.ਡੀ.ਪੀ. ਦਾ ਕਰਜ਼ਾ ਹੈ। ਜਪਾਨ ਤੇ 300% ਦਾ ਡੈੱਟ ਹੈ। ਆਪਾਂ ਸੋਚਦੇ ਨਹੀਂ ਹਾਂ। ਜਿਹੜੇ ਵਿਰੋਧੀ ਧਿਰ ਦੇ ਸਾਥੀ ਰੋਜ਼ ਕਹਿੰਦੇ ਹਨ ਕਿ ਨੰਗ ਹੋ ਗਏ, ਨੰਗ ਹੋ ਗਏ, ਇਨ੍ਹਾਂ ਦੀ ਸਰਕਾਰ 10 ਸਾਲ ਤੱਕ ਦਿੱਲੀ ਵਿੱਚ ਰਹੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਬੋਲਣ ਲਈ ਸਮਾਂ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਨਾਗਰਾ ਜੀ, ਪਹਿਲਾਂ ਕਿਸੇ ਨੇ ਡਿਸਟਰਬ ਨਹੀਂ ਕੀਤਾ। ਤੁਸੀਂ ਬੈਠ ਜਾਉ। ਪਲੀਜ਼, ਬੈਠ ਜਾਉ। ਜਾਖੜ ਸਾਹਿਬ ਬੋਲ ਰਹੇ ਸੀ ਤਾਂ ਕਿਸੇ ਬੰਦੇ ਨੇ ਡਿਸਟਰਬ ਨਹੀਂ ਕੀਤਾ ਸੀ। Please don't try to disturb the House. Please sit down.

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, 10 ਸਾਲ ਸੈਂਟਰ ਵਿੱਚ ਕਾਂਗਰਸ ਦੀ ਸਰਕਾਰ ਰਹੀ। ਆਪਾਂ ਕਹਿੰਦੇ ਹਾਂ ਕਿ ਸਭ ਤੋਂ ਕਾਬਲ ਇਕਨਾਮਿਸਟ ਸਰਦਾਰ ਮਨਮੋਹਨ ਸਿੰਘ ਜੀ ਹਨ। ਜੋ ਇਕਾਨਮੀ ਦਾ ਹਾਲ ਉਥੇ ਦਿੱਲੀ ਵਿੱਚ ਹੋਇਆ, ਤੁਸੀਂ ਸਾਰੇ ਜਾਣਦੇ ਹੋ। ਅੱਜ ਇਹ ਕਰਜ਼ੇ ਦੀ ਗੱਲ ਕਰ ਰਹੇ ਹਨ। ਮੇਰੇ ਕੋਲ ਫਿਗਰਜ਼ ਹਨ। ਸਪੀਕਰ ਸਾਹਿਬ, 56 ਲੱਖ ਕਰੋੜ ਰੁਪਿਆ ਕਰਜ਼ਾ ਦੇਸ਼ ਦੇ ਉਤੇ ਹੈ। ਜੀ.ਡੀ.ਪੀ. ਦਾ 50% ਕਰਜ਼ਾ ਬਣਦਾ ਹੈ। ਇਹ ਆਪਣੇ ਦੇਸ਼ ਤੇ ਹੈ, ਗੌਰਮਿੰਟ ਆਫ ਇੰਡੀਆ ਤੇ ਹੈ। ਜਦੋਂ ਅਸੀਂ ਸਰਕਾਰ ਸੰਭਾਲੀ, ਸਾਡੇ ਤੇ ਵੀ ਜੀ.ਐਸ.ਡੀ.ਪੀ. ਦਾ 46% ਕਰਜ਼ਾ ਸੀ। ਅੱਜ ਅਸੀਂ 31% ਤੇ ਲੈ ਕੇ ਆਏ ਹਾਂ। (ਥੰਪਿੰਗ) ਗੌਰਮਿੰਟ ਆਫ ਇੰਡੀਆ ਕਰਜ਼ਾ ਵਧਾਈ ਜਾ ਰਹੀ ਹੈ। ਫਿਰ ਵੀ ਇਹ ਕਹਿੰਦੇ ਹਨ ਕਿ ਬੈਡ ਮੈਨੇਜਮੈਂਟ ਕੀਤੀ ਹੈ। ਇਨ੍ਹਾਂ ਦੇ ਟਾਈਮ ਵਿੱਚ ਦੇਖੋ ਕਿ ਕਰਜ਼ਾ 50% ਤੋਂ ਉਤੇ ਸੀ। ਸਿਰਫ ਇੱਥੇ ਬੈਠ ਕੇ ਬਗੈਰ ਸੋਚੇ ਸਮਝੇ ਸਟੇਟਮੈਂਟਸ ਦੇਣੀਆਂ, ਬਿਨਾਂ ਸੋਚੇ 'ਲੁਟੇ ਗਏ', 'ਮਾਰੇ ਗਏ' ਕਹੀ ਜਾਣਾ ਗਲਤ ਹੈ। ਰੈਵੇਨਿਊ ਡੈਫੀਸਿਟ ਤੇ ਫਿਸੀਕਲ ਡੈਫੀਸਿਟ ਗੌਰਮਿੰਟ ਆਫ ਇੰਡੀਆ ਦਾ ਪਿਛਲੇ 10 ਸਾਲਾਂ ਦਾ ਦੇਖੋ ਕਿ ਕਿੰਨਾ ਬੁਰਾ ਹਾਲ ਕਰ ਦਿੱਤਾ ਸੀ। ਪੰਜਾਬ ਦਾ ਦੇਖੋ ਜਿੰਨਾ ਰੈਵੇਨਿਊ ਡੈਫੀਸਿਟ ਸ਼ੁਰੂ ਹੋਇਆ ਸੀ, ਆਪਾਂ ਉਸ ਦੇ ਹਾਫ ਤੇ ਆ ਗਏ ਹਾਂ। ਫਿਸੀਕਲ ਡੈਫੀਸਿਟ ਤੇ

[ਉਪ ਮੁੱਖ ਮੰਤਰੀ]

ਵੀ ਹਾਫ ਤੇ ਹਾਂ। ਇਹ ਸਾਈਨਜ਼ ਹਨ, ਇਕਨਾਮਿਕ ਪੈਰਾਮੀਟਰਜ਼ ਹਨ, ਜਿਸ ਦੇ ਬੇਸਿਜ਼ ਤੇ ਕੰਟਰੀ ਦੀ ਇਕਾਨਮੀ, ਦੇਸ਼ ਦੀ ਪ੍ਰੋਗਰੈਸਿਵਨੈੱਸ ਡਿਟਰਮਿਨ ਹੁੰਦੀ ਹੈ। ਸਾਡਾ ਪੰਜਾਬ ਉਸ ਪੈਰਾਮੀਟਰਜ਼ ਨੂੰ ਬੀਟ ਕਰ ਰਿਹਾ ਹੈ, ਦੂਜੀਆਂ ਸਟੇਟਾਂ ਨਾਲੋਂ ਵੀ ਬੀਟ ਕਰ ਰਿਹਾ ਹੈ। We are one of the few highest growing states both in growth rate and revenue generation.

ਮਾਨਯੋਗ ਸਪੀਕਰ : ਚੰਨੀ ਜੀ, ਕੀ ਕੋਈ ਪੁਆਇੰਟ ਆਫ ਆਰਡਰ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ। ** **

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ** **

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ** **

ਮਾਨਯੋਗ ਸਪੀਕਰ : ਨੋ ਪੁਆਇੰਟ ਆਫ ਆਰਡਰ।

ਸਰਦਾਰ ਚਰਨਜੀਤ ਸਿੰਘ ਚੰਨੀ : ** ** (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, No point of order. (ਵਿਘਨ...ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ਜੋ ਅਸੀਂ ਬਜਟ ਬਾਰੇ ਕਹਿਣਾ ਚਾਹੁੰਦੇ ਹਾਂ ਉਹ ਲੋਕਾਂ ਤੱਕ ਨਹੀਂ ਪਹੁੰਚ ਰਿਹਾ। (ਵਿਘਨ...ਸ਼ੋਰ)

**Expunged as ordered by the Chair.

ਮਾਨਯੋਗ ਸਪੀਕਰ : ਮੇਰੀ ਇੱਕ ਬੇਨਤੀ ਸੁਣੋ, ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੈਂ 'ਏ' ਨੂੰ ਬੋਲਣ ਲਈ ਅਲਾਓ ਕਰ ਦਿੱਤਾ ਤੇ 'ਬੀ' ਨੂੰ ਅਲਾਓ ਨਹੀਂ ਕੀਤਾ। ਜਿੰਨੇ ਵੀ ਮੇਰੇ ਕੋਲ ਆਏ ਹਨ, ਮੈਂ ਸਾਰਿਆਂ ਨੂੰ ਅਲਾਓ ਕਰ ਦਿੱਤਾ ਹੈ। (ਵਿਘਨ...ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੀ.ਟੀ.ਸੀ. ਦਾ ਕੈਮਰਾ ਲੱਗਿਆ ਹੈ। (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਇਸ ਨਾਲ ਤੁਹਾਡਾ ਕੋਈ ਮਤਲਬ ਨਹੀਂ ਹੈ। ਮੈਂ ਅਲਾਓ ਕਰ ਦਿੱਤਾ ਹੈ। (ਵਿਘਨ...ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : Jakhar Sahib when you were speaking nobody disturbed you. You said what you had to say. (ਵਿਘਨ...ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ਇਹ ਤਾਂ ** ** (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, This is no point of order. (ਵਿਘਨ...ਸ਼ੋਰ)

ਸਰਦਾਰ ਚਰਨਜੀਤ ਸਿੰਘ ਚੰਨੀ : ** ***** (ਵਿਘਨ...ਸ਼ੋਰ)

Mr. Speaker : Not to be recorded.

ਸਰਦਾਰ ਚਰਨਜੀਤ ਸਿੰਘ ਚੰਨੀ : * ****** (ਵਿਘਨ...ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਇਹ ਇਨ੍ਹਾਂ ਦੇ ਭੱਜਣ ਦੇ ਬਹਾਨੇ ਹਨ। ਇਨ੍ਹਾਂ ਕੋਲ ਸੱਚ ਸੁਣਨ ਦੀ ਤਾਕਤ ਨਹੀਂ ਹੈ। ਇਹ ਬਹੁਤ ਅਫਸੋਸ ਦੀ ਗੱਲ ਹੈ। ਜਾਖੜ ਸਾਹਿਬ ਬੋਲੇ ਤਾਂ ਸਾਡੇ ਵਿੱਚੋਂ ਕੋਈ ਨਹੀਂ ਬੋਲਿਆ। (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਬੈਠ ਜਾਓ । (ਵਿਘਨ...ਸ਼ੋਰ)

**Expunged/Not recorded as ordered by the Chair.

ਉੱਪ ਮੁੱਖ ਮੰਤਰੀ : ਜਾਖੜ ਸਾਹਿਬ we extended all courtesies to you.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਲਗਾਤਾਰ ਬੋਲੀ ਜਾ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Please sit down, nothing to be recorded. (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਲਗਾਤਾਰ ਬੋਲੀ ਜਾ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਫਿਰ ਤਾਂ ਅੱਗੇ ਤੋਂ ਇਹ ਡਿਬੇਟ ਹੋਣੀ ਹੀ ਨਹੀਂ। (ਵਿਘਨ...ਸ਼ੋਰ)

Mr. Speaker : Please sit down(ਵਿਘਨ...ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ਜਾਖੜ ਸਾਹਿਬ, ਜਦੋਂ ਤੁਸੀਂ ਬੋਲੇ ਤਾਂ ਇਧਰੋਂ ਇੱਕ ਨੇ ਵੀ ਨਹੀਂ ਟੋਕਿਆ। ਜਾਂ ਤਾਂ ਤੁਸੀਂ ਇਨ੍ਹਾਂ ਨੂੰ ਸਮਝਾ ਲਓ ਜਾਂ ਫਿਰ ਜੇ ਇਹ ਜਾਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਭੇਜ ਦਿਓ। ਤੁਸੀਂ ਸਾਡੀ ਗੱਲ ਸੁਣ ਲਓ। ਅਸੀਂ ਤਾਂ ਤੁਹਾਨੂੰ ਹੀ ਸੁਣਾ ਲਵਾਂਗੇ। (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** *** ਨਾਅਰੇ ਲਗਾ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ

**Not recorded ordered by the Chair.

ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Please sit down now. Nagra ji, It is too much. ਸਿੱਧੂ ਸਾਹਿਬ, ਤੁਸੀਂ ਵੀ ਬੈਠ ਜਾਓ। ਅੱਗੇ ਵੀ ਸੈਸ਼ਨ ਆਉਣੇ ਹਨ। Please sit down now. (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ***ਨਾਅਰੇ ਲਗਾ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਚੰਨੀ ਜੀ, ਮੈਂ ਨਹੀਂ ਚਾਹੁੰਦਾ ਕਿ ਮੈਂ ਕੋਈ ਐਕਸ਼ਨ ਲਵਾਂ। Please sit down now otherwise I will have to take action. Please sit down. (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਸਿੱਧੂ ਸਾਹਿਬ ਬੈਠ ਜਾਉ। Please sie down (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਸਰਕਾਰ ਵਿਰੋਧੀ ** ** ਨਾਅਰੇ ਮਾਰ ਰਹੇ ਸਨ।)

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ, ਉਪ ਮੁੱਖ ਮੰਤਰੀ ਦੀ ਸਪੀਚ ਦਾ ਪੀ.ਟੀ.ਸੀ. ਚੈਨਲ ਤੇ ਸਿੱਧਾ ਪ੍ਰਸਾਰਣ ਕੀਤੇ ਜਾਣ ਦੇ ਵਿਰੋਧ ਵਿੱਚ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

**Expunged as ordered by the Chair.

GENERAL DISCUSSION ON THE BUDGET ESTIMATES FOR THE YEAR 2014-15*(Resumption)*

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ, ਜਦੋਂ ਬਜਟ ਤੇ ਬਹਿਸ ਸ਼ੁਰੂ ਹੋਈ ਸੀ, ਮੇਰੇ ਬਹੁਤ ਹੀ ਸਤਿਕਾਰਯੋਗ.... (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਤੁਸੀਂ ਬੈਠ ਜਾਉ।(ਵਿਘਨ) ਡਿਪਟੀ ਸੀ.ਐਮ. ਸਾਹਿਬ ਦੀ ਸਪੀਚ ਤੋਂ ਬਗੈਰ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੇ ਬਹੁਤ ਹੀ ਸਤਿਕਾਰਯੋਗ ਸਰਦਾਰ ਲਾਲ ਸਿੰਘ, ਜਿਹੜੇ ਸ਼ੈਡੋ ਫਾਇਨਾਂਸ ਮਨਿਸਟਰ ਹਨ, ਉਨ੍ਹਾਂ ਨੇ ਆਪਣੀ ਗੱਲ ਸ਼ੁਰੂ ਕੀਤੀ ਸੀ ਤਾਂ ਉਨ੍ਹਾਂ ਦੀ ਮੇਨ ਗੱਲ ਦੋ ਗੱਲਾਂ ਤੇ ਆਧਾਰਿਤ ਸੀ ਕਿ ਪੰਜਾਬ ਸਿਰ ਕਰਜ਼ਾ ਬਹੁਤ ਹੋ ਗਿਆ ਹੈ। ਇੱਕ ਉਨ੍ਹਾਂ ਨੇ 1 ਲੱਖ 2 ਹਜ਼ਾਰ ਕਰੋੜ ਰੁਪਏ ਕਿਹਾ ਹੈ। ਇੱਕ ਉਨ੍ਹਾਂ ਨੇ 80-90 ਹਜ਼ਾਰ ਕਰੋੜ ਪੀ.ਐਸ.ਯੂ. ਦਾ ਕਰਜ਼ਾ ਕਿਹਾ ਹੈ। ਜਦੋਂ ਲਾਲ ਸਿੰਘ ਜੀ ਨੇ ਗੱਲ ਕੀਤੀ ਉਦੋਂ ਹੀ ਮੈਂ ਲਾਲ ਜੀ ਨੂੰ ਇਸ਼ਾਰੇ ਨਾਲ ਕਿਹਾ ਸੀ ਕਿ ਤੁਸੀਂ ਫਿੱਗਰਜ਼ ਨੂੰ ਇੰਨਾ ਡਿਸਟਾਰਟ ਨਾ ਕਰੋ ਕਿ ਝੂਠ ਲੱਗੇ। ਪਹਿਲਾਂ ਮੈਂ ਪੀ.ਐਸ.ਯੂ. ਦੀ ਗੱਲ ਕਰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਸ਼ਾਇਦ 90 ਹਜ਼ਾਰ ਕਰੋੜ ਕਿਹਾ ਸੀ। ਜਿਹੜੀਆਂ ਸਾਡੀਆਂ ਸਟੇਟ ਗੌਰਮਿੰਟ ਦੀਆਂ ਅੰਡਰਟੇਕਿੰਗਜ਼ ਹਨ, ਉਨ੍ਹਾਂ ਬਾਰੇ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ ਜੀ ਨੇ 90 ਹਜ਼ਾਰ ਕਰੋੜ ਰੁਪਏ ਦਾ ਜ਼ਿਕਰ ਕੀਤਾ ਸੀ। (ਸਰਦਾਰ ਲਾਲ ਸਿੰਘ ਜੀ ਵੱਲ ਇਸ਼ਾਰਾ) ਤੁਸੀਂ ਬਾਅਦ ਵਿੱਚ ਜਵਾਬ ਦੇ ਦਿਉ। ਇਹ ਅਸਲ ਵਿੱਚ 67,806 ਕਰੋੜ ਰੁਪਏ ਹੈ। ਤੁਸੀਂ ਕਹਿੰਦੇ ਸੀ ਕਿ ਇਹ ਤੁਹਾਡੇ ਤੇ ਕਰਜ਼ਾ ਹੈ। ਮੈਂ ਉਦੋਂ ਹੀ ਤੁਹਾਨੂੰ ਟੋਕਿਆ ਸੀ ਕਿ ਅਸਲ ਫੈਕਟਸ ਦੱਸੋ। ਇਸ 67,806 ਕਰੋੜ ਵਿੱਚੋਂ ਤਕਰਬੀਨ 47,000 ਕਰੋੜ, ਬਲਕਿ 48000 ਕਰੋੜ ਫੂਡ ਕਰੈਡਿਟ ਲਿਮਿਟ ਹੈ, which is a stock. ਅਸੀਂ ਜਿੰਨਾ ਕਣਕ, ਝੋਨਾ ਖਰੀਦਦੇ ਹਾਂ, ਸਾਡੀ ਲਿਮਿਟ ਬਣ ਜਾਂਦੀ ਹੈ। ਜਦੋਂ ਅਸੀਂ ਵੇਚ ਦਿੰਦੇ ਹਾਂ, ਉਹ ਪੈਸਾ ਸਾਡੇ

ਕੋਲ ਆ ਜਾਂਦਾ ਹੈ। ਇਸ ਨੂੰ ਲਿਮਿਟ ਕਹਿੰਦੇ ਹਨ। ਸੋ, ਇਹ ਜਿਹੜੀ 48,000 ਕਰੋੜ ਰੁਪਏ ਦੀ ਗੱਲ ਹੈ, ਇਸ ਨੂੰ 67,000 ਕਰੋੜ ਵਿੱਚੋਂ ਕੱਢ ਦੇਈਏ ਤਾਂ ਸਿਰਫ 19,506 ਕਰੋੜ ਰਹਿ ਜਾਂਦਾ ਹੈ। ਇਹ ਮੇਰੇ ਕੋਲ ਆਫੀਸ਼ੀਅਲ ਡਾਕੂਮੈਂਟ ਹੈ।(ਵਿਘਨ)

ਮਾਨਯੋਗ ਸਪੀਕਰ : (ਸਰਦਾਰ ਲਾਲ ਸਿੰਘ ਜੀ ਵੱਲ ਇਸ਼ਾਰਾ) ਤੁਸੀਂ ਬਾਅਦ ਵਿੱਚ ਕਹਿ ਲੈਣਾ।

ਉਪ ਮੁੱਖ ਮੰਤਰੀ : ਹੁਣ ਬਚਿਆ 19,506 ਕਰੋੜ ਰੁਪਿਆ। ਆਪਾਂ ਲੋਕਾਂ ਨੂੰ ਡਿਸੀਵ ਨਾ ਕਰੀਏ ਕਿਉਂਕਿ ਆਮ ਜਨਤਾ ਸਮਝੇਗੀ ਕਿ ਪਤਾ ਨਹੀਂ ਕਿੰਨੇ ਹਜ਼ਾਰ ਕਰੋੜ ਹਨ। ਸਾਡਾ ਕਰਜ਼ਾ 67,000 ਕਰੋੜ ਰੁਪਏ ਨਹੀਂ ਹੈ, ਸਟੇਟ ਦੀ ਲਿਮਿਟ ਕੱਢ ਕੇ 19,506 ਕਰੋੜ ਰੁਪਏ ਹੈ। ਇਸ ਵਿੱਚੋਂ ਜੇਕਰ ਬਾਈਫਰਕੇਸ਼ਨ ਕਰੀਏ ਤਾਂ ਲਗਭਗ 11,000 ਕਰੋੜ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਦਾ ਹੈ। ਇਹ ਪੰਜਾਬ ਵਿੱਚ ਬਿਜਲੀ ਦੀ ਟਰਾਂਸਮਿਸ਼ਨ ਦੀ ਮਾਡਰੇਨਾਈਜ਼ੇਸ਼ਨ ਵਾਸਤੇ ਸੀ, carry forward loss ਜਿਹੜੀ ਬੈਲੰਸ ਸ਼ੀਟ reorganize ਹੋਈ, ਉਹ 11000 ਕਰੋੜ ਰੁਪਏ ਸੀ। This is they are paying their debt which is independent of Government. They are paying their debt on time, they are in a very good position. ਮੈਂ ਇਨ੍ਹਾਂ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਸਾਲ 2007 ਵਿੱਚ ਸਰਕਾਰ ਸੰਭਾਲੀ, ਉਦੋਂ ਪੀ.ਐਸ.ਈ.ਬੀ. ਦੀ ਪੁਜ਼ੀਸ਼ਨ 18ਵੇਂ ਨੰਬਰ ਤੇ ਸੀ, today we are number two in the country. (ਥੰਪਿੰਗ) ਇਹ ਜਿਹੜਾ ਲੋਨ ਹੈ, this is productive for modernization of infrastructure. ਇਨ੍ਹਾਂ ਨੇ ਜੋ ਮਾਡਰਨਾਈਜ਼ੇਸ਼ਨ ਕੀਤੀ ਹੈ, ਅਸੀਂ 5000 ਮੈਗਾਵਾਟ ਦੇ ਬਿਜਲੀ ਦੇ ਪਾਵਰ ਪਲਾਂਟ ਲਗਾਏ ਹਨ ਜਿਸ ਲਈ 400 ਰਿੰਗ ਮੇਨ ਲਾਈਨ ਬਣਾਈ ਹੈ ਤਾਂ ਕਿ ਅਸੀ ਬਿਜਲੀ ਘਰ-ਘਰ ਤੱਕ ਪਹੁੰਚਾ ਸਕੀਏ। ਇਹ ਇਨਫਰਾਸਟਰੱਕਚਰ ਤੇ ਡਿਪੈਂਡ ਹੋਇਆ ਹੈ। ਉਨ੍ਹਾਂ ਨੇ ਆਰ.ਈ.ਸੀ. ਤੋਂ ਫੰਡ ਆਰਗੇਨਾਈਜ਼ ਕੀਤੇ ਹਨ। ਇਹ 11000 ਕਰੋੜ ਰੁਪਏ ਇਸ ਵਿੱਚੋਂ ਕੱਢ ਦੇਈਏ। 2100 ਕਰੋੜ ਰੁਪਿਆ ਪੰਜਾਬ ਸਰਕਾਰ ਤੇ ਕੋਆਪਰੇਟਿਵ ਬੈਂਕ ਦਾ ਕਰਜ਼ਾ ਸੀ। ਜਾਖੜ ਸਾਹਿਬ, ਤੁਸੀਂ ਜ਼ਿਆਦਾ ਜਾਣਦੇ ਹੋ। ਨਾਬਾਰਡ ਤੋਂ ਲਿਮਟ ਲੱਗੀ ਹੁੰਦੀ ਹੈ। ਉਥੋਂ ਘੱਟ ਰੇਟ ਤੇ ਕਰਜ਼ਾ ਮਿਲਦਾ ਹੈ ਅਤੇ ਮਹਿੰਗੇ ਰੇਟ ਤੇ ਅਸੀਂ 1% ਦੇ ਮਾਰਜਨ ਨਾਲ ਅੱਗੇ ਦਿੰਦੇ ਹਾਂ। ਉਹੀ ਲੋਨ ਇਧਰੋਂ ਆਉਂਦਾ ਹੈ

[ਉਪ ਮੁੱਖ ਮੰਤਰੀ]

ਤੇ ਉਧਰ ਚਲਾ ਜਾਂਦਾ ਹੈ ਅਤੇ ਅਸੀਂ ਪ੍ਰੋਸੈਸਿੰਗ ਕਰਕੇ 1% ਜਾਂ ਡੇਢ ਪ੍ਰਤੀਸ਼ਤ ਤੇ ਅੱਗੇ ਦਿੰਦੇ ਹਾਂ। To create nutshell ਜਿਹੜਾ ਤੁਸੀਂ 60,000 ਕਰੋੜ ਦਾ ਹਊਆ ਬਣਾਇਆ ਹੋਇਆ ਸੀ, ਇਹ 6,000 ਕਰੋੜ ਰੁਪਏ ਹੀ ਹੈ। ਇਹ ਸਾਡੇ ਟਾਈਮ ਦਾ ਨਹੀਂ ਹੈ। ਇਸ ਵਿੱਚ 500 ਕਰੋੜ ਰੁਪਿਆ ਪਿਛਲੇ 15-20 ਸਾਲਾਂ ਦਾ ਪੀ.ਐਸ.ਆਈ.ਡੀ.ਸੀ. ਦਾ ਕਰਜ਼ਾ ਹੈ। ਇਸ ਤਰ੍ਹਾਂ ਕਰਕੇ ਤੁਸੀਂ ਵੇਖੋਗੇ ਕਿ ਡਿਸੈਪਟਿਵ ਇਮੇਜ ਜਿਹੜੀ ਤੁਸੀਂ ਪੇਸ਼ ਕੀਤੀ ਸੀ ਕਿ ਅਸੀਂ ਪੰਜਾਬ ਨੂੰ ਰੋਲ ਦਿੱਤਾ, ਇਹ ਕਹਿਣਾ ਠੀਕ ਨਹੀਂ, ਇਹ ਐਕਚੂਅਲ ਫਿਗਰ ਹੈ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਮੈਨੂੰ ਬਾਅਦ ਵਿੱਚ ਦੋ ਮਿੰਟ ਟਾਈਮ ਦੇ ਦੇਣਾ।

ਉਪ ਮੁੱਖ ਮੰਤਰੀ : ਨਹੀਂ, ਜੇਕਰ ਤੁਸੀਂ ਦੱਸਣਾ ਚਾਹੁੰਦੇ ਹੋ ਤਾਂ ਦੱਸੋ।

ਮਾਨਯੋਗ ਸਪੀਕਰ : ਹਾਂ ਜੀ, ਸਰਦਾਰ ਲਾਲ ਸਿੰਘ ਜੀ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਜ਼ਰਾ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੂੰ ਪੜ੍ਹ ਲਵੋ, ਇਸ ਵਿੱਚ ਲਿਖਿਆ ਹੈ ਕੈਸ਼ ਕਰੈਡਿਟ ਐਂਡ ਲੌਂਗ ਟਰਮਜ਼ ਲੋਨ। ਇਹ ਇਕੱਲਾ ਕੈਸ਼ ਕਰੈਡਿਟ ਨਹੀਂ ਹੈ, ਆਪਣੀ ਕਿਤਾਬ ਵਿੱਚ ਪੜ੍ਹ ਲਵੋ। ....

ਉਪ ਮੁੱਖ ਮੰਤਰੀ : ਇਹ, ਮੇਰੇ ਕੋਲ ਕਿਤਾਬ ਹੈ।

ਸਰਦਾਰ ਲਾਲ ਸਿੰਘ : ਇਹ ਤੁਹਾਡੀ ਕਿਤਾਬ ਹੈ। ਇਹ ਮੇਰੇ ਕੋਲ ਕਿਤਾਬ ਹੈ, ਜਿਸ ਵਿੱਚ ਲਿਖਿਆ ਹੈ। ਇਹ ਦੋਨੋਂ ਹੀ ਨੋਟ ਹਨ। ਇਨ੍ਹਾਂ ਨੂੰ ਬਾਈਫਰਕੇਟ ਕਰਕੇ ਪੜ੍ਹੋ। ਸਾਰਾ ਨਹੀਂ ਹੈ। ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਆਟਾ-ਦਾਲ ਸਕੀਮ ਵਾਸਤੇ ਪਨਸਪ ਕੋਲੋਂ 1,000 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਉਹ ਵੀ ਵਿੱਚੇ ਹੀ ਹੈ। ਉਹ ਵੀ ਤੁਸੀਂ ਨਾਲ ਕਰੀ ਜਾਂਦੇ ਹੋ।

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ, ਮਾਨਯੋਗ ਸਰਦਾਰ ਲਾਲ ਸਿੰਘ ਜੀ। ਕਿਰਪਾ ਕਰਕੇ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਲਾਲ ਸਿੰਘ : ਤੁਸੀਂ ਇਸ ਨੂੰ ਇੱਕਠਾ ਨਾ ਕਰੋ। ਬਾਈਫਰਕੇਟ ਕਰਕੇ ਪੜ੍ਹੋ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਸ਼ੈਡੋ ਐਫ.ਐਮ. ਜੀ ਨੇ ਜਿਹੜਾ

ਜ਼ਿਕਰ ਕੀਤਾ ਹੈ, ਮੈਂ ਸਾਰਾ ਬਾਈਫਰਕੇਟ ਕਰਕੇ ਹੀ ਦੱਸ ਰਿਹਾ ਹਾਂ। ਮੈਂ ਉਦੋਂ ਫਾਈਨਾਂਸ ਡਿਪਾਰਟਮੈਂਟ ਨਾਲ ਮੀਟਿੰਗ ਕੀਤੀ ਸੀ। ਇਹ ਸਾਰੀ ਡਿਟੇਲ ਕੱਢ ਕੇ ਹੀ ਮੈਂ ਦੱਸ ਰਿਹਾ ਹਾਂ। ਮੈਂ ਜਦੋਂ ਫਲੋਰ ਆਫ ਦਿ ਹਾਊਸ ਵਿੱਚ ਬੋਲ ਰਿਹਾ ਹਾਂ ਤਾਂ ਮੈਂ ਗਲਤ ਨਹੀਂ ਬੋਲ ਸਕਦਾ। ਹੁਣ ਜਿਹੜੀ ਤੁਸੀਂ ਐਕਚੂਅਲ ਡਿਸੈਪਟਿਵ ਫਿਗਰ ਕੋਟ ਕੀਤੀ ਸੀ, ਇਸ ਬਾਰੇ ਮੈਂ ਇੱਕ ਗੱਲ ਹੋਰ ਦੱਸਣਾ ਚਾਹੁੰਦਾ ਹਾਂ। ਪਿਛਲੇ 7-8 ਸਾਲ ਤੋਂ ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਇਹ ਕਹਿੰਦੇ ਹਨ ਕਿ ਕਰਜ਼ਾ ਚੜ੍ਹ ਗਿਆ ਜੀ, ਮਾਰੇ ਗਏ ਜੀ, ਲੁੱਟੇ ਗਏ, ਕਰਜ਼ਾ ਕਿੱਥੇ ਪਹੁੰਚਾ ਦਿੱਤਾ ਜੀ। ਇੱਕ ਲੱਖ ਕਰੋੜ- ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹਾ ਦਿੱਤਾ ਜੀ। ਬਰਬਾਦ ਹੋ ਗਏ ਜੀ। ਇਹ ਸਾਰਾ ਕੁਝ ਇਨ੍ਹਾਂ ਨੇ ਇਕੱਲੇ ਪੰਜਾਬ ਦੀ ਹੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਸਾਰੀਆਂ ਸਟੇਟਾਂ ਦੀਆਂ ਫਿਗਰਾਂ ਹਨ। ਮੈਂ 5-7 ਮੇਨ ਸਟੇਟਾਂ ਦਾ ਹੀ ਜ਼ਿਕਰ ਕਰਾਂਗਾ। ਆਂਧਰਾ ਪ੍ਰਦੇਸ਼ ਵਿੱਚ ਸਾਲ 2002 ਵਿੱਚ 48,640 ਕਰੋੜ ਰੁਪਏ ਦਾ ਡੈਟ ਸੀ ਜਿਹੜਾ ਕਿ ਅੱਜ 1,94,000 ਕਰੋੜ ਰੁਪਏ ਦਾ ਹੋ ਗਿਆ ਹੈ। ਇਹ ਇਨਕਰੀਜ਼ 298% ਹੈ। ਹਰਿਆਣਾ ਜਿਹੜਾ ਸਾਡਾ ਗੁਆਂਢੀ ਸੂਬਾ ਹੈ। ਜਿਥੇ ਕਹਿੰਦੇ ਹਨ ਕਿ ਸਾਰਾ ਕੁਝ ਬਹੁਤ ਵਧੀਆ ਚਲ ਰਿਹਾ ਹੈ ਅਤੇ ਉਸ ਨੇ ਬਹੁਤ ਤਰੱਕੀ ਕਰ ਲਈ ਹੈ। ਉਸ ਦੇ ਸਿਰ ਸਾਲ 2002 ਵਿੱਚ 17,730 ਕਰੋੜ ਰੁਪਿਆ ਡੈਟ ਸੀ ਜਿਹੜਾ ਕਿ ਅੱਜ ਵੱਧ ਕੇ 75,310 ਕਰੋੜ ਰੁਪਏ ਹੋ ਗਿਆ ਹੈ। ਇਹ ਇਨਕਰੀਜ਼ 325% ਬਣਦੀ ਹੈ। ਕਰਨਾਟਕਾ ਜਿਸ ਨੂੰ ਕਿ ਆਪਣੇ ਆਪ ਵਿੱਚ ਇੱਕ ਪ੍ਰੋਗਰੈਸਿਵ ਸਟੇਟ ਸਮਝਿਆ ਜਾਂਦਾ ਹੈ, ਵਿੱਚ ਸਾਲ 2002 ਵਿੱਚ 31340 ਕਰੋੜ ਰੁਪਏ ਦਾ ਡੈਟ ਸੀ ਜਿਹੜਾ ਕਿ ਅੱਜ ਵੱਧ ਕੇ 1,26,430 ਕਰੋੜ ਰੁਪਏ ਹੋ ਗਿਆ ਹੈ। ਕੇਰਲਾ ਸਟੇਟ ਵਿੱਚ ਸਾਲ 2002 ਵਿੱਚ 29,540 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ ਕਿ ਅੱਜ ਵੱਧ ਕੇ 1,00,193 ਕਰੋੜ ਰੁਪਏ ਹੋ ਗਿਆ ਹੈ। ਮਹਾਰਾਸ਼ਟਰ ਦੀ ਸਰਕਾਰ ਜਿਥੇ ਕਿ 15 ਸਾਲ ਤੋਂ ਕਾਂਗਰਸ ਸਰਕਾਰ ਚਲਾ ਰਹੀ ਹੈ, ਉਥੇ ਸਾਲ 2002 ਵਿੱਚ 78,540 ਕਰੋੜ ਰੁਪਏ ਦਾ ਡੈੱਟ ਸੀ ਜਿਹੜਾ ਕਿ ਅੱਜ ਵੱਧ ਕੇ 2,94,060 ਕਰੋੜ ਰੁਪਏ ਦਾ ਹੋ ਗਿਆ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਆਪਾਂ ਕਿਸੇ ਅੱਛੀ ਗੱਲ ਦਾ ਮੁਕਾਬਲਾ ਕਰੀਏ । ** **

**Expunged as per odered by the chair.

Mr. Speaker : Please sit down. No point of order.

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜ਼ਿਕਰ ਕੀਤਾ । ਮੈਂ ਐਗਜ਼ਾਂਪਲ ਦੇ ਰਿਹਾ ਹਾਂ। ਇਹ ਕਹਿ ਰਹੇ ਹਨ ਕਿ ਆਪਾਂ ਫੇਲ੍ਹਾਂ ਦਾ ਕਿਉਂ ਮੁਕਾਬਲਾ ਕਰੀਏ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਕਾਂਗਰਸ ਰੂਲਜ਼ ਸਟੇਟਸ ਹਨ । ਸਪੀਕਰ ਸਾਹਿਬ, ਦੂਜੀ ਗੱਲ, ਮੈਂ ਸਿਚੂਏਸ਼ਨ ਦੱਸਣੀ ਚਾਹੁੰਦਾ ਹਾਂ । ਰਾਜਸਥਾਨ ਜਿੱਥੇ ਇਨ੍ਹਾਂ ਦੀ ਸਰਕਾਰ ਰਹੀ, 41,000 ਕਰੋੜ ਤੋਂ 1,28,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ। ਉੱਤਰ ਪ੍ਰਦੇਸ਼ 95,000 ਕਰੋੜ ਤੋਂ 2,85,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ। ਵੈਸਟ ਬੰਗਾਲ 66,000 ਕਰੋੜ ਤੋਂ ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ। ਹੁਣ ਪਰਸਨਟੇਜ ਆਫ ਗਰੋਥ ਤੇ ਆ ਜਾਓ। ਪੰਜਾਬ ਵਿੱਚ 35,730 ਕਰੋੜ ਰੁਪਏ ਦਾ ਕਰਜ਼ਾ ਸੀ ਤੇ ਹੁਣ 102 ਕਰੋੜ ਦਾ ਕਰਜ਼ਾ ਹੈ। ਸਾਡਾ ਜੋ Percentage of Growth Debt ਹੈ, it is lowest among all the progressive States. ਤੁਸੀਂ ਇਨਫਲੇਸ਼ਨ ਵਿੱਚ ਵੀ ਦੇਖੋ । ਇਸ ਵਿੱਚ ਵੀ if you look at 7 years of inflation and if you look at the real debt, ਮੈਂ ਦੱਸਦਾ ਹਾਂ, ਡੈੱਟ ਸਾਰੀਆਂ ਸਟੇਟਾਂ ਲੈਂਦੀਆਂ ਹਨ । ਗੌਰਮਿੰਟ ਆਫ ਇੰਡੀਆ ਵੀ ਲੈਂਦੀ ਹੈ ਤੇ ਸਟੇਟਾਂ ਵੀ ਲੈਂਦੀਆਂ ਹਨ। ਸਾਰਾ ਮੁਲਕ ਲੈਂਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਦੀ ਤਾਰੀਖ ਵਿੱਚ ਸਭ ਤੋਂ ਜ਼ਿਆਦਾ ਡੈੱਟ ਜੇ ਕਿਸੇ ਤੇ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ** ** ** **

Mr. Speaker : No point of order.

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਆਪਾਂ ਸੋਚਦੇ ਹਾਂ ਕਿ ਕਰਜ਼ਾ ਸਿਰ ਤੇ ਚੜ੍ਹ ਗਿਆ ਤੇ ਆਪਾਂ ਲੁੱਟੇ ਗਏ, ਮਾਰੇ ਗਏ । ਹਿੰਦੁਸਤਾਨ ਵਿੱਚ ਸਾਰਿਆਂ ਤੋਂ ਵੱਧ ਕਰਜ਼ਾ ਕਿਸ ਤੇ ਹੈ, ਉਹ ਹੈ ਮੁਕੇਸ਼ ਅੰਬਾਨੀ ਤੇ, ਅਨਿਲ ਅੰਬਾਨੀ ਤੇ ਅਤੇ ਟਾਟਾ ਤੇ। ਕੀ ਉਹ ਨੰਗ ਹੋ ਗਏ, ਲੁੱਟੇ ਗਏ ? Debt,

**Expunged as ordered by the Chair.

productive debt is only mode of progress. ਤੁਸੀਂ ਜਿਹੜੀ ਪਿਛਲੇ ਪੰਜ-ਸੱਤ ਸਾਲਾਂ ਵਿੱਚ ਡਿਵੈਲਪਮੈਂਟ ਦੇਖੀ, ਬਿਜਲੀ ਦੇਖੀ, ਰੋਡ ਇਨਫਰਾਸਟਰੱਕਚਰ ਦੇਖਿਆ, it is because you are generating. ਸਪੀਕਰ ਸਾਹਿਬ, ਪੰਜਾਬ ਇੱਕ ਇਹੋ ਜਿਹਾ ਸਟੇਟ ਹੈ ਕਿ we have not defaulted even once in history in payments to the Banks. (ਥੰਪਿੰਗ) ਨੰਗ ਉਹ ਹੁੰਦੇ ਹਨ, ਬੁਰਾ ਹਾਲ ਉਨ੍ਹਾਂ ਦਾ ਹੁੰਦਾ ਹੈ ਜਿਹੜੇ ਵਿਆਜ ਨਹੀਂ ਮੋੜ ਸਕਦੇ, ਲੋਨ ਨਹੀਂ ਮੋੜ ਸਕਦੇ । ਇਕਨਾਮਿਕ ਕਰਾਈਸਿਜ਼ ਹੋ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ you should be like brand ambassador. ਪਰ ਤੁਸੀਂ ਜਾ ਕੇ ਕਹਿੰਦੇ ਹੋ ਕਿ ਅਸੀਂ ਲੁੱਟੇ ਗਏ, ਮਾਰੇ ਗਏ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕਿਸੇ ਬੰਦੇ ਨੂੰ ਪਤਾ ਲੱਗ ਜਾਵੇ ਕਿ ਬੰਦਾ ਨੰਗ ਹੈ, ਕੋਈ ਵੀ ਉਸ ਨੂੰ ਲੋਨ ਨਹੀਂ ਦਿੰਦਾ ਪਰ ਤੁਸੀਂ ਤਾਂ ਆਪ ਹੀ ਪੰਜਾਬ ਨੂੰ ਬਦਨਾਮ ਕਰ ਰਹੇ ਹੋ । ਪਹਿਲਾਂ ਤੁਸੀਂ ਡਰੱਗਜ਼ ਦੇ ਇਸ਼ੂ ਤੇ ਬਦਨਾਮ ਕਰਨ ਲੱਗ ਪਏ ਕਿ 70% ਪੰਜਾਬ ਦਾ ਯੂਥ ਡਰੱਗਜ਼ ਦਾ ਸ਼ਿਕਾਰ ਹੈ।70 % of Punjab youth is in drugs, ਇਹ ਕਹਿਣਾ ਕਿੰਨਾ ਵੱਡਾ ਝੂਠ ਹੈ ।

ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਕਹਿ ਰਹੇ ਸਨ ਕਿ ਇੰਡਸਟਰੀ ਭੱਜ ਗਈ। ਆਈ.ਟੀ. ਸੈਕਟਰ ਭੱਜ ਗਿਆ। ਡੈਲ ਨੇ ਕਿਤੇ ਹੋਰ ਪਲਾਂਟ ਲਗਾ ਦਿੱਤਾ। ਸਪੀਕਰ ਸਾਹਿਬ, ਹਰ ਇੰਡਸਟਰੀ ਦਾ ਆਪਣਾ ਪਲਾਨ ਹੁੰਦਾ ਹੈ। ਹਰ ਇੰਡਸਟਰੀ ਆਪਣਾ ਇਕਨਾਮਿਕ ਪਲਾਨ ਦੇਖਦੀ ਹੈ । ਜੇ ਟਰਾਈਡੈਂਟ ਨੇ ਆਪਣਾ ਪਲਾਂਟ ਲਗਾਇਆ ਹੈ, ਮੱਧ ਪ੍ਰਦੇਸ਼ ਵਿੱਚ ਲਗਾਇਆ ਹੈ ਤੇ ਉਥੇ ਟਰਾਂਸਪੋਰਟੇਸ਼ਨ ਦੇਖ ਕੇ ਲਗਾਉਂਦੇ ਹਨ । ਤੁਸੀਂ ਕਹਿੰਦੇ ਹੋ ਕਿ ਹੀਰੋ ਹੌਂਡਾ ਨੇ ਪੰਜਾਬ ਵਿੱਚ ਪਲਾਂਟ ਨਹੀਂ ਲਗਾਇਆ, ਚੇਨਈ ਵਿੱਚ ਕਿਉਂ ਲਗਾਇਆ ਹੈ, ਕਿਉਂਕਿ ਆਪਣੀ disadvantage ਹੈ ਕਿ ਆਪਣੀ land locked state ਹੈ । ਸਪੀਕਰ ਸਾਹਿਬ, ਪਲਾਂਟ ਮੈਨੂਫੈਕਚਰਿੰਗ ਦਾ ਚੇਨਈ ਵਿੱਚ ਕਿਉਂ ਲੱਗ ਰਿਹਾ ਹੈ? ਚੇਨਈ ਵਿੱਚ ਕੋਈ ਵੱਡਾ ਇਨਸੈਂਟਿਵ ਨਹੀਂ ਹੈ । ਮੇਰਾ ਖਿਆਲ ਹੈ ਕਿ ਲੀਸਟ ਇਨਸੈਂਟਿਵ ਹੈ । ਉਥੇ ਸਾਰੀਆਂ ਕਰਾਈਸਿਜ਼ ਹਨ। ਫਿਰ ਵੀ ਚੇਨਈ ਵਿੱਚ ਇੰਡਸਟਰੀ ਕਿਉਂ ਜਾ ਰਹੀ ਹੈ, ਕਿਉਂਕਿ ਲੋਕੇਸ਼ਨ ਇਹੋ ਜਿਹੀ ਹੈ। ਐਨਸਿਲਰੀਜ਼ ਉਥੇ ਬਣੀਆਂ ਪਈਆਂ ਹਨ। ਉਨ੍ਹਾਂ ਕੋਲ ਮਜਬੂਰੀ ਹੈ ਕਿਉਂਕਿ cost of import in Chennai ਉਥੇ ਨਿਊਕਲਸ ਬਣ ਗਿਆ ਹੈ। ਅਸੀਂ ਹਿੰਮਤ ਕੀਤੀ । ਅਸੀਂ ਇੱਕ ਅਵੇਰਨੈਂਸ ਕਰੀਏਟ ਕਰਨ ਦੀ ਕੋਸ਼ਿਸ਼ ਕੀਤੀ

[ਉਪ ਮੁੱਖ ਮੰਤਰੀ]

ਕਿ ਲੋਕ ਪੰਜਾਬ ਤੋਂ ਬਾਹਰ ਜਾਂਦੇ ਸੀ ਕਿ ਪੰਜਾਬ ਪਤਾ ਨਹੀਂ ਨੰਗ ਹੋ ਗਿਆ, ਲੁੱਟਿਆ ਗਿਆ । ਇਨ੍ਹਾਂ ਨੇ ਇਹੋ ਜਿਹੀ ਪਰਸੈਪਸ਼ਨ ਬਣਾ ਦਿੱਤੀ, ਇਹ ਐਂਟੀ ਪੰਜਾਬ ਬਣਾ ਦਿੱਤੀ ਜੋ ਕਿ ਕਾਂਗਰਸ ਨੇ ਬਣਾਈ ਹੈ । ਇਸ ਦਾ ਅਸਰ ਹੋਣ ਲੱਗ ਪਿਆ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅਸੀਂ ਉਨ੍ਹਾਂ ਨੂੰ ਕਨਵਿੰਨਸ ਕੀਤਾ ਕਿ ਪੰਜਾਬ ਨੰਗ ਨਹੀਂ ਹੈ, Punjab is the most progressive State. ਜੇ ਆਈ.ਟੀ. ਕੰਪਨੀਜ਼ ਇੱਥੇ ਆਈਆਂ, ਡੈੱਲ ਦੀ ਗੱਲ ਕਰਦਾ ਹਾਂ, Dell company is in financial crisis. ਆਪਣੇ ਯੂਨਿਟਸ ਉਹ ਸਾਰੀ ਜਗ੍ਹਾ squeeze ਕਰ ਰਿਹਾ ਹੈ। ਨੋਕੀਆ ਸਵੀਡਨ ਦੀ ਕੰਪਨੀ ਹੈ, it collapsed. ਕੀ ਇਸ ਦਾ ਮਤਲਬ ਕਿ ਸਵੀਡਨ ਨੇ ਉਸ ਦਾ ਬੁਰਾ ਹਾਲ ਕਰ ਦਿੱਤਾ? ਸਪੀਕਰ ਸਾਹਿਬ, ਕੰਪੀਟੀਸ਼ਨ ਵਿੱਚ ਕੰਪਨੀ ਹੀ ਕੁਲੈਪਸ ਹੋ ਗਈ। ਹੁਣ ਡੈੱਲ ਦੇ ਭਾਂਡੇ ਹੀ ਵਿਕ ਗਏ, ਹੁਣ ਅਸੀਂ ਕੀ ਕਰ ਸਕਦੇ ਹਾਂ? ਉਹ ਆਪਣੀ ਇੰਡਸਟਰੀ ਸਾਰੀ ਜਗ੍ਹਾ ਹੀ ਕਲੋਜ਼ ਕਰਨ ਲੱਗ ਗਏ। ਇਨਫੋਸਿਸ, ਵਿਪਰੋ, ਤੁਸੀਂ ਦੇਖੋ ਕਿੰਨੀਆਂ companies are willing to come. ਪਿਛਲੇ ਦਿਨਾਂ ਵਿੱਚ ਮੈਂ ਮੈਡੀਸਿਟੀ ਵਾਲੀ ਗੱਲ ਕੀਤੀ ਸੀ ਕਿ ਬਹੁਤ ਸਾਰੀਆਂ ਕੰਪਨੀਆਂ willing to invest in Punjab. Top Indian/International Chains want to invest in Punjab in Health services, in education, food processing. (Thumping) ਮੈਂ ਤੁਹਾਨੂੰ ਇੰਨਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੇ ਅਜੇ ਚਾਰ ਮਹੀਨੇ ਇਨਵੈਸਟ ਪੰਜਾਬ ਨੂੰ ਬਣੇ ਨੂੰ ਹੋਏ ਹਨ। It took us only one to two months to set it right. ਪੰਜਾਬ ਦਾ ਇਨਵੈਸਟ ਨਾਲ ਸਬੰਧਿਤ department has become example in the industry. ਮੈਂ ਮਾਨਯੋਗ ਲੀਡਰ ਆਫ ਦਿ ਆਪੋਜੀਸ਼ਨ ਨੂੰ ਬੇਨਤੀ ਕਰਾਂਗਾ ਕਿ ਇੱਕ ਦਿਨ ਜ਼ਰੂਰ ਵਿਜ਼ਟ ਕਰਕੇ ਆਉਣ। ਇਹ ਇੱਕੋ ਹੀ ਆਫਿਸ ਹੈ। ਪੂਰੇ ਹਿੰਦੁਸਤਾਨ ਵਿੱਚ ਇਸ ਤਰ੍ਹਾਂ ਦਾ ਸਿਸਟਮ ਨਹੀਂ ਹੈ। ਅੱਜ ਇੰਡਸਟਰੀਲਿਸਟ ਬਾਹਰ ਜਾ ਕੇ ਇਸ ਨੂੰ ਕੋਟ ਕਰਨ ਲੱਗ ਗਏ ਹਨ। ਇੱਕ ਇੰਡਸਟਰੀਲਿਸਟ ਨਾਲ ਚੀਫ ਮਨਿਸਟਰ ਸਾਹਿਬ ਸੀ, ਮੈਂ ਨਾਮ ਨਹੀਂ ਲੈਣਾ, ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਤੁਸੀਂ ਪੰਜਾਬ ਦਾ ਮਾਡਲ ਡਿਵੈਲਪ ਕਰੋ। ਤੁਸੀਂ ਇੱਕ ਜਗ੍ਹਾ ਤੇ ਇੱਕੋ ਹੀ ਅਫਸਰ ਕੋਲ ਜਾਣਾ ਹੈ, ਸਾਰੇ ਮਹਿਕਮੇ ਉਸ ਕੋਲ ਹਨ, ਸਾਰੀ ਪਾਵਰ ਉਸ ਕੋਲ ਹੈ, ਜੇ ਇੰਡੀਆ ਵਿੱਚ ਫਾਸਟੈਸਟ ਕਲੀਅਰੈਂਸ ਹੋ ਰਹੀ ਹੈ ਤਾਂ ਇਹ ਇੱਥੇ ਹੈ, 60 projects have been cleared in the last two months

and 50 % of them i.e. food processing industry have been cleared. ਸਪੀਕਰ ਸਾਹਿਬ, ਜੇ ਆਪਾਂ ਐਵੇਂ ਹੀ ਛੋਟੀ ਛੋਟੀ ਗੱਲ ਨੂੰ ਲੈ ਕੇ ਬਦਨਾਮ ਕਰੀ ਜਾਈਏ just for political games, I think we should desist from that. ਆਪਣੇ ਵਾਸਤੇ ਸਭ ਤੋਂ ਪਹਿਲਾਂ ਪੰਜਾਬ ਹੈ। ਜੇ ਪੰਜਾਬ ਤਕੜਾ ਹੈ ਤਾਂ ਆਪਾਂ ਤਕੜੇ ਹਾਂ। ਜੇ ਪੰਜਾਬ ਖਤਮ ਹੋ ਜਾਵੇਗਾ ਤਾਂ ਆਪਾਂ ਸਾਰੇ ਹੀ ਖਤਮ ਹੋ ਜਾਵਾਂਗੇ। We should be proud to be Punjabi and Indian. ਬਾਹਰਲੇ ਮੁਲਕਾਂ ਵਿੱਚ ਤੁਸੀਂ ਦੇਖੋ। ਅਮਰੀਕਾ ਦਾ ਪ੍ਰੈਜ਼ੀਡੈਂਟ ਨੰਗ ਹੋਇਆ ਪਿਆ ਹੈ। ਤੁਸੀਂ ਕਦੇ ਅਮਰੀਕਾ ਦਾ ਪ੍ਰੈਜ਼ੀਡੈਂਟ ਤੁਰਦਾ ਦੇਖਿਆ ਹੈ, ਉਹ ਛਾਤੀ ਤਾਣ ਕੇ ਤੁਰੇਗਾ। ਕਿਸੇ ਨੂੰ ਉਹ ਮਹਿਸੂਸ ਹੋਣ ਦੇਵੇਗਾ ਕਿ ਉਹ ਨੰਗ ਹੈ ਜਾਂ ਬੁਰਾ ਹਾਲ ਹੈ। ਆਪਾਂ ਪਹਿਲਾਂ ਹੀ ਰੋਈ ਜਾਂਦੇ ਹਾਂ। ਆਪਣੇ ਕੋਲ ਸਾਰਾ ਕੁਝ ਹੈ, ਆਪਾਂ ਪੂਰੇ ਤਕੜੇ ਹਾਂ ਪਰ ਐਵੇਂ ਆਪਣੇ ਆਪ ਨੂੰ ਬਦਨਾਮ ਕਰਨ ਲੱਗੇ ਹਾਂ। ਪਿਛਲੇ ਦਸ ਸਾਲ ਦਾ ਜਿਹੜਾ ਇਕਨਾਮਿਕ ਕਰਾਈਸਿਸ ਹੈ, ਇਸ ਕਰਾਈਸਿਸ ਨੇ ਸਾਰਿਆਂ ਨੂੰ ਹਿਲਾ ਦਿੱਤਾ। ਸਪੀਕਰ ਸਾਹਿਬ, ਮੈਂ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੂਰੇ ਦੇਸ਼ ਵਿੱਚ, ਪੂਰੀ ਦੁਨੀਆਂ ਵਿੱਚ ਇਕਨਾਮਿਕ ਕਰਾਈਸਿਸ ਹੈ ਪਰ ਰੈਵੇਨਿਊ ਦੀ ਗਰੋਥ ਇਕੱਲੇ ਪੰਜਾਬ ਵਿੱਚ ਕਿਉਂ ਹੋਈ ਹੈ। ਹਰਿਆਣੇ ਵਿੱਚ ਮਾਈਨਸ ਥਰੀ ਪਰਸੈਂਟ (–3%) ਹੈ ਅਤੇ ਆਪਣੇ 18 ਪ੍ਰਤੀਸ਼ਤ, 20 ਪ੍ਰਤੀਸ਼ਤ ਗਰੋਥ ਹੈ। ਜੇ ਤੁਸੀਂ ਕਹਿੰਦੇ ਹੋ ਕਿ ਅਸੀਂ ਇੰਨੇ ਟੈਕਸ ਲਗਾ ਦਿੱਤੇ, ਜੇ ਇਸ ਤਰ੍ਹਾਂ ਹੁੰਦਾ ਤਾਂ ਇੱਥੇ ਹਾਹਾਕਾਰ ਮੱਚ ਜਾਣੀ ਸੀ। ਅਸੀਂ ਸੈਕਿੰਡ ਟਰਮ ਵਿੱਚ ਇਲੈਕਟ ਹੋ ਕੇ ਆਏ ਹਾਂ, ਜੇ ਅਸੀਂ ਇੰਨੇ ਟੈਕਸ ਲਗਾਏ ਹੁੰਦੇ ਤਾਂ ਸਾਨੂੰ ਕਿਸੇ ਨੇ ਵਾਪਸ ਨਹੀਂ ਭੇਜਣਾ ਸੀ। ਅਸੀਂ ਸ਼ਹਿਰਾਂ ਦੇ ਕਾਰਪੋਰੇਸ਼ਨ ਇਲੈਕਸ਼ਨ ਜਿੱਤੇ ਹਨ। ਸਾਡੀ ਰੈਵੀਨਿਊ ਦੀ ਗਰੋਥ ਦੇਖੋ ਕਿ ਕਿੰਨੀ ਹੈ। ਅਸੀਂ ਸਿਸਟਮਜ ਨੂੰ ਠੀਕ ਕੀਤਾ ਹੈ। ਜਿਥੇ ਸਿਸਟਮ ਵਿਗੜੇ ਸੀ, ਉਸ ਨੂੰ ਠੀਕ ਕੀਤਾ ਹੈ। ਮੈਂ ਤੁਹਾਨੂੰ ਦੱਸਾਂ, ਤੁਸੀਂ ਵੈਟ ਦੀ ਹਿਸਟਰੀ ਦੇਖ ਲਵੋ, ਸਭ ਤੋਂ ਜ਼ਿਆਦਾ reduction in VAT in various categories ਵਿੱਚ ਕੀਤਾ ਹੈ, ਇਹ ਹੁਣ ਦੀ ਸਰਕਾਰ ਨੇ ਕੀਤਾ ਹੈ, ਸਾਡੀ ਸਰਕਾਰ ਨੇ ਕੀਤਾ ਹੈ। (ਥੰਪਿੰਗ) ਆਪਾਂ ਬਗੈਰ ਦੇਖੇ ਸਮਝੇ ਫੈਕਟਸ ਦੇਈ ਚੱਲੀਏ, ਰੌਲਾ ਪਾਈ ਜਾਈਏ, ਆਪਾਂ ਫਾਇਰ ਕਰੀ ਜਾਈਏ, ਇਸ ਨਾਲ ਆਪਾਂ ਪੰਜਾਬ ਨੂੰ ਬਦਨਾਮ ਕਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਆਪਾਂ ਯੂਨੈਨੀਮਸਲੀ ਡਿਸਾਈਡ ਕਰੀਏ, ਆਪਾਂ ਪੰਜਾਬ

[ਉਪ ਮੁੱਖ ਮੰਤਰੀ]

ਨੂੰ ਬਦਨਾਮ ਨਾ ਕਰੀਏ। ਪਾਲਿਟਿਕਸ ਹੋਰ ਹੈ। ਅਸੀਂ ਅੱਜ ਇੱਥੇ ਹਾਂ, ਕੱਲ੍ਹ ਉਥੇ ਹਾਂ। ਤੁਸੀਂ ਅੱਜ ਉਥੇ ਹੋ, ਕੱਲ੍ਹ ਇੱਥੇ ਹੋ, ਇਹ ਹੁੰਦਾ ਰਹੇਗਾ ਪਰ ਜੇ ਪੰਜਾਬ ਨੂੰ ਇੰਨਾ ਬਦਨਾਮ ਕਰ ਦਿੱਤਾ ਕਿ ਇੱਥੇ ਡਰੱਗਜ਼ ਹਨ, ਆਪਾਂ ਨੰਗ ਹੋ ਗਏ, ਫਿਰ ਕੁਝ ਨਹੀਂ ਲੱਭਣਾ। ਆਪਾਂ as Indian, as Punjabi, we should stop this thing. ਭਾਵੇਂ ਕੁਝ ਵੀ ਨਾ ਹੋਵੇ, ਭਾਵੇਂ ਨੰਗ ਬੰਦਾ ਹੈ, ਮੈਂ ਤੁਹਾਨੂੰ ਦੱਸਦਾ ਹਾਂ, ਉਹ ਵੀ ਵਧੀਆ ਚਿੱਟਾ ਕੁੜਤਾ ਪਜਾਮਾ ਪਾ ਕੇ ਬਾਹਰ ਨਿਕਲਦਾ ਹੈ, ਜੁੱਤੇ ਪਾਲਸ਼ ਕਰਕੇ ਬਾਹਰ ਨਿਕਲਦਾ ਹੈ ਕਿ ਘੱਟ ਤੋਂ ਘੱਟ ਕੋਈ ਸਤਿ ਸ੍ਰੀ ਅਕਾਲ ਤਾਂ ਬੁਲਾ ਦੇਵੇਗਾ। ਜਿਸ ਕੋਲ ਦੁਆਨੀ ਨਹੀਂ ਹੁੰਦੀ, ਉਹ ਕਿਤੇ ਨਹੀਂ ਸ਼ੋਅ ਕਰਦਾ ਕਿ ਮੇਰੇ ਕੋਲ ਕੁਛ ਨਹੀਂ ਹੈ। ਸਾਡੇ ਕੋਲ ਸਾਰਾ ਕੁਝ ਆਪਣੇ ਕੋਲ ਹੈ ਅਤੇ ਆਪਾਂ ਆਪਣੇ ਆਪ ਨੂੰ ਬਦਨਾਮ ਕਰੀ ਜਾਂਦੇ ਹਾਂ। ਮੈਂ ਸਾਰਿਆਂ ਨੂੰ ਅਪੀਲ ਕਰਦਾ ਹਾਂ, ਖਾਸ ਕਰਕੇ ਆਪੋਜ਼ੀਸ਼ਨ ਨੂੰ ਕਿ ਤੁਸੀਂ ਤਕੜੇ ਹੋ ਕੇ ਸਪੋਰਟ ਕਰੋ, ਪਾਜ਼ੇਟਿਵ ਗੱਲ ਕਰੀਏ ਅਤੇ ਘੱਟ ਤੋਂ ਘੱਟ ਫੈਕਟਸ ਨੂੰ ਡਿਸਟੋਰਟ ਨਾ ਕਰੀਏ। ਜੇ ਆਪਾਂ ਦੇਖਣਾ ਹੈ ਤਾਂ ਓਵਰ ਆਲ ਹੋਲਿਸਟਿਕ ਸਿਚੂਏਸ਼ਨ ਦੇਖਣੀ ਚਾਹੀਦੀ ਹੈ ਤਾਂ ਆਪਾਂ ਕੁਝ ਕਿਹਾ ਕਰੀਏ ਨਹੀਂ ਤਾਂ ਪੰਜਾਬ ਦਾ ਨੁਕਸਾਨ ਹੋਵੇਗਾ। Thank you very much. (Thumping)

ਮਾਨਯੋਗ ਸਪੀਕਰ : ਹੁਣ ਐਫ.ਐਮ. ਸਾਹਿਬ ਜੀ। ....(ਵਿਘਨ)... Please do not disturb now... Sidhu Sahib, do not disturb.

ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਇਹ ਜੋ ਬਜਟ ਦੇ ਉਤੇ ਬਹਿਸ ਹੋ ਰਹੀ ਹੈ, ਇਸ ਨੂੰ ਸਮਾਪਤ ਕਰਨ ਦਾ ਅਤੇ ਸਾਡੇ ਮਾਨਯੋਗ ਮੈਂਬਰਾਂ ਵੱਲੋਂ ਜੋ ਸਵਾਲ ਪੁੱਛੇ ਗਏ ਹਨ, ਉਨ੍ਹਾਂ ਦੇ ਜਵਾਬ ਦੇਣ ਦਾ ਮੈਨੂੰ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਧੰਨਵਾਦ ਕਰਦਾ ਹਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਉਪ ਮੁੱਖ ਮੰਤਰੀ ਸਾਹਿਬ ਦਾ ਜਿਨ੍ਹਾਂ ਦੀ ਯੋਗ ਅਗਵਾਈ ਅਤੇ ਸੁਚੱਜੀ ਸੋਚ ਤੇ ਸਹਿਯੋਗ ਸਦਕਾ ਮੈਂ ਇਹ ਆਪਣਾ ਤੀਸਰਾ ਬਜਟ ਪੇਸ਼ ਕਰ ਸਕਿਆ ਹਾਂ। ਪਿਛਲੇ ਸਮੇਂ ਵਿੱਚ ਵੀ ਜਿਹੜੇ ਬਜਟ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਵਿੱਚ ਸਾਡੇ ਮੁੱਖ ਮੰਤਰੀ ਸਾਹਿਬ ਤੇ ਉਪ ਮੁੱਖ ਸਾਹਿਬ ਨੇ ਸਾਨੂੰ ਬਹੁਤ ਸਹਿਯੋਗ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਸਮੂਹ

ਮੈਂਬਰ ਸਾਹਿਬਾਨ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਬਜਟ ਉਤੇ ਬੋਲਦੇ ਹੋਏ ਇਸ ਬਜਟ ਦੀ ਪ੍ਰਸ਼ੰਸਾ ਵੀ ਕੀਤੀ, ਕਈਆਂ ਨੇ ਇਸ ਦੀ ਉਸਾਰੂ ਨੁਕਤਾਚੀਨੀ ਵੀ ਕੀਤੀ । ਮੈਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਕਈਆਂ ਨੇ ਬੇਲੋੜੀ ਤੇ ਬਿਨਾਂ ਸਹੀ ਅੰਕੜਿਆਂ ਤੋਂ ਨੁਕਤਾਚੀਨੀ ਕੀਤੀ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਬਜਟ ਦਾ ਉਦੇਸ਼ ਕੀ ਹੈ? ਮੈਂ ਬਜਟ ਪੇਸ਼ ਕਰਨ ਤੋਂ ਬਾਅਦ ਪ੍ਰੈਸ ਨਾਲ ਵੀ ਗੱਲ ਕੀਤੀ ਤਾਂ ਏਜੰਡਾ ਇਹੀ ਦੱਸਿਆ ਕਿ ਸਾਡਾ ਨਿਸ਼ਾਨਾ ਪੰਜਾਬ ਦੀ ਆਰਥਿਕ ਮਜ਼ਬੂਤੀ ਅਤੇ ਫਿਸਕਲ ਕੰਸੋਲੀਡੇਸ਼ਨ ਹੈ। ਜਾਖੜ ਸਾਹਿਬ ਨੇ ਵੀ ਕਿਹਾ ਹੈ ਕਿ ਇਹ ਦਿਸ਼ਾਹੀਣ ਹੈ। ਇਨ੍ਹਾਂ ਨੂੰ ਆਪਣੇ ਵਿਚਾਰ ਰੱਖਣ ਦਾ ਅਧਿਕਾਰ ਹੈ ਔਰ ਫਿਸਕਲ ਕੰਸੋਲੀਡੇਸ਼ਨ ਦਾ ਨਿਸ਼ਾਨਾ ਕਿਵੇਂ ਹੈ? ਇਸ ਦੇ ਦੋ-ਤਿੰਨ ਪਹਿਲੂ ਰੱਖ ਕੇ ਅਸੀਂ ਫਿਸਕਲ ਕੰਸੋਲੀਡੇਸ਼ਨ ਕੀਤੀ ਹੈ, ਨਿਸ਼ਾਨਾ ਰੱਖਿਆ ਹੈ, ਇੱਕ ਫਿਸਕਲ ਡੈਫੀਸਿਟ ਤੇ ਰੈਵੇਨਿਊ ਡੈਫੇਸਿਟ ਨੂੰ ਘਟਾਉਣਾ, ਇਹ ਸਾਡਾ ਟੀਚਾ ਹੈ। ਇਹ ਅਸੀਂ ਇੱਕੋ ਦਿਨ ਵਿੱਚ ਨਹੀਂ ਘਟਾ ਸਕਾਂਗੇ ਪਰ ਜੇ ਤੁਸੀਂ ਪਿਛਲੇ ਦੋ ਤਿੰਨ ਸਾਲਾਂ ਦਾ ਵੇਖੋਗੇ ਤਾਂ ਲਗਾਤਾਰ ਇਹ ਦੋਨੋਂ ਅੰਕੜੇ ਸੁਧਾਰ ਵੱਲ ਗਏ ਹਨ। ਇੱਕ ਇਸ ਵਾਰੀ ਸਾਡਾ ਨਿਸ਼ਾਨਾ ਹੈ ਕੈਪੀਟਲ ਐਕਸਪੈਂਡੀਚਰ, ਪੂੰਜੀਗਤ ਖਰਚੇ ਨੂੰ ਵਧਾਉਣ ਦਾ, ਪਿਛਲੇ ਸਾਲ ਤਕਰੀਬਨ ਇਹ 2500 ਕਰੋੜ ਸੀ, ਇਸ ਸਾਲ ਸਾਡਾ ਟੀਚਾ ਜਿਹੜਾ ਪੂੰਜੀਗਤ ਖਰਚਾ ਅਸੈਟਸ ਕ੍ਰੀਏਸ਼ਨ ਵਾਸਤੇ ਹੈ, ਉਸ ਨੂੰ ਅਸੀਂ 6000 ਕਰੋੜ ਤੱਕ ਲੈ ਕੇ ਜਾਈਏ, ਪਲਾਨ ਕੰਪਲਾਇੰਸ ਵਧਾਈਏ, ਇਹ ਪਹਿਲੇ ਸਾਲ ਸਾਡੀ 65% ਸੀ, ਦੂਸਰੇ ਸਾਲ 72 % ਅਤੇ ਤੀਸਰੇ ਸਾਲ 73 % ਸੀ। ਇਸ ਸਾਲ ਸਾਡਾ ਨਿਸ਼ਾਨਾ ਹੈ ਕਿ ਜਿਹੜੀ ਸਾਡੀ ਪਲਾਨ ਕੰਪਲਾਇੰਸ ਹੈ, ਉਹ ਅਸੀਂ 100 ਫੀਸਦੀ ਜੇ ਨਹੀਂ ਤਾਂ ਘੱਟੋ ਘੱਟ 90 ਫੀਸਦੀ ਤੱਕ ਸਾਡੀ ਪਲਾਨ ਕੰਪਲਾਇੰਸ ਹੋਵੇ। ਅਸੀਂ ਕੋਈ ਨਵੀਂ ਸਕੀਮ ਬਜਟ ਵਿੱਚ ਇਸ ਕਰਕੇ ਨਹੀਂ ਦਿੱਤੀ ਕਿ ਜਿਹੜੀਆਂ ਸਾਡੀਆਂ ਪੰਜਾਬ ਸਰਕਾਰ ਦੀਆਂ ਐਗਜ਼ਿਸਟਿੰਗ ਸਕੀਮਜ਼ ਸਨ, ਉਨ੍ਹਾਂ ਨੂੰ ਅਸੀਂ ਸਹੀ ਢੰਗ ਨਾਲ ਲਾਗੂ ਕਰ ਸਕੀਏ। ਉਨ੍ਹਾਂ ਦੇ ਵਿੱਚ ਕਦੇ ਕਿਤੇ ਥੋੜ੍ਹੀ ਬਹੁਤੀ ਦੇਰੀ ਹੁੰਦੀ ਹੈ, ਉਸ ਨੂੰ ਖਤਮ ਕਰ ਸਕੀਏ। ਇਸੇ ਤਰ੍ਹਾਂ ਜਿਹੜੀਆਂ ਸੈਂਟਰਲ ਸਪਾਂਸਰਡ, ਸੈਂਟਰ ਗੌਰਮਿੰਟ ਦੀਆਂ ਸਕੀਮਾਂ ਹਨ, ਉਨ੍ਹਾਂ ਨੂੰ ਅਸੀਂ ਉਨ੍ਹਾਂ ਦਾ ਪੂਰੇ ਦਾ ਪੂਰਾ ਫਾਇਦਾ ਲੈਣਾ ਚਾਹੁੰਦੇ ਹਾਂ ਤਾਂ ਕਿ ਇੱਕ ਵੀ ਪੈਸਾ ਜਿਹੜਾ ਕੇਂਦਰ ਸਰਕਾਰ ਤੋਂ ਕਿਸੇ ਨਾ ਕਿਸੇ ਸਕੀਮ ਤਹਿਤ ਮਿਲਦਾ ਹੈ ਉਸ ਵਿੱਚ ਆਪਣਾ ਹਿੱਸਾ ਪਾ ਕੇ ਅਸੀਂ ਉਸ ਨੂੰ ਪੂਰਾ ਯੂਟੇਲਾਈਜ਼

[ਵਿੱਤ ਮੰਤਰੀ)]

ਕਰ ਸਕੀਏ। ਸੋ, ਇਹ ਜਿਹੜਾ ਸਾਡਾ ਰੋਡ ਮੈਪ ਹੈ ਫਿਸਕਲ ਕੰਸੋਲੀਡੇਸ਼ਨ ਦਾ, ਇਸ ਸਾਲ ਵਾਸਤੇ ਰੱਖਿਆ ਹੈ। ਇਨ੍ਹਾਂ ਦੇ ਵਿਸਥਾਰ ਵਿੱਚ ਜਾਂਦਾ ਹੋਇਆ ਮੈਂ ਦੱਸਣਾ ਚਾਹੁੰਦਾ ਹਾਂ। ਪਹਿਲਾਂ ਤਾਂ ਕੁਝ ਜਿਹੜੇ ਅੰਕੜੇ ਪੇਸ਼ ਕਰਦੇ ਹੋਏ ਜਿਵੇਂ ਸਰਦਾਰ ਲਾਲ ਸਿੰਘ ਸਾਡੇ ਬੜੇ ਸਨਮਾਨ ਯੋਗ ਹਨ, ਇਨ੍ਹਾਂ ਨੇ ਕਰਜ਼ੇ ਦੀ ਗੱਲ ਕੀਤੀ ਹੈ ਜਿਸ ਦਾ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ। ਮੈਂ ਉਸ ਦੇ ਵਿਸਥਾਰ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਇਹ ਜੋ ਕਰਜ਼ਾ ਹੈ ਇਸ ਦਾ ਤਾਂ ਇਨ੍ਹਾਂ ਨੇ ਦੱਸ ਦਿੱਤਾ ਹੈ ਕਿ ਇਹ ਜਿਹੜਾ 51,155 ਕਰੋੜ ਤੋਂ ਵੱਧ ਕੇ 1,00,013 ਹਜ਼ਾਰ ਕਰੋੜ ਰੁਪਿਆ ਹੋਣ ਦਾ ਅਨੁਮਾਨ ਹੈ ਲੇਕਿਨ ਇੱਕ ਗੱਲ ਇਹ ਖਾ ਗਏ ਕਿ ਜਿਹੜਾ ਸੂਬੇ ਦਾ ਕੁੱਲ ਘਰੇਲੂ ਉਤਪਾਦ ਹੈ ਜਿਸ ਦੇ ਬਿਨਾ ਤੇ ਕਰਜ਼ਾ ਦਿੱਤਾ ਜਾਂਦਾ ਹੈ, ਜੇ ਆਪਾਂ ਕੋਈ ਕਰਜ਼ਾ ਲੈਣ ਚਲੇ ਜਾਈਏ ਤਾਂ ਪਹਿਲਾਂ ਉਹ ਪੁੱਛਣਗੇ ਕਿ ਤੁਹਾਡੀ ਆਪਣੀ ਜਾਇਦਾਦ ਕੀ ਹੈ, ਜਿਸ ਅਧਾਰ ਉਤੇ ਤੁਸੀਂ ਕਰਜ਼ਾ ਲੈਣਾ ਹੈ, ਤੁਸੀਂ ਕਰਜ਼ਾ ਕਿਵੇਂ ਮੋੜੋਗੇ? ਇਸੇ ਤਰ੍ਹਾਂ ਸੂਬੇ ਦਾ ਕੁੱਲ ਘਰੇਲੂ ਉਤਪਾਦ ਹੈ, ਉਸਨੂੰ ਬੇਸ ਬਣਾ ਕੇ ਕਰਜ਼ਾ ਦਿੱਤਾ ਜਾਂਦਾ ਹੈ। ਸਪੀਕਰ ਸਾਹਿਬ, ਇਸ ਦੇ ਵਿੱਚ ਸਾਲ 2006-07 ਵਿੱਚ 1,27,123 ਕਰੋੜ ਰੁਪਿਆ ਸੂਬੇ ਦਾ ਕੁੱਲ ਘਰੇਲੂ ਉਤਪਾਦ ਸੀ ਜਿਹੜਾ ਕਿ ਇਸ ਸਾਲ ਵੱਧ ਕੇ 3,65,278/- ਕਰੋੜ ਰੁਪਿਆ ਹੋਣ ਦਾ ਅਨੁਮਾਨ ਹੈ, ਯਾਨੀ ਕਿ ਇਸ ਵਿੱਚ ਤਿੰਨ ਗੁਣਾਂ ਵਾਧਾ ਹੋਣ ਦਾ ਅਨੁਮਾਨ ਹੈ। (ਥੰਪਿੰਗ) ਸੋ, ਅਸਲ ਜਿਹੜਾ ਸਾਡਾ ਕਰਜ਼ਾ ਹੈ, ਉਸ ਨੂੰ ਤਾਂ ਅਸੀਂ ਕਿਸੇ ਹੱਦ ਤੱਕ ਘਟਾਇਆ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਰਜ਼ਾ ਵਧਿਆ ਹੈ, ਉਸ ਵਿੱਚ ਵੀ ਜਿਹੜੀ ਪੁਰਾਣੀ ਯੂ.ਪੀ.ਏ. ਦੀ ਸਰਕਾਰ ਹੈ, ਉਸ ਦਾ ਬਹੁਤ ਵੱਡਾ ਯੋਗਦਾਨ ਹੈ। ਉਹ ਕਿਵੇਂ? ਮੈਂ ਅੰਕੜੇ ਕਢਵਾਏ ਹਨ, ਜੋ ਇਨਫਲੇਸ਼ਨ ਰੇਟ ਸੀ, ਉਹ ਪਿਛਲੇ ਪੰਜ ਸਾਲਾਂ ਦਾ ਦੱਸਣ ਲੱਗਿਆ ਹਾਂ। ਸਾਲ 2008-09 ਵਿੱਚ 9 ਫੀਸਦੀ ਕੰਜ਼ਿਊਮਰ ਪ੍ਰਾਈਸ ਇੰਡੈਕਸ ਸੀ, ਸਾਲ 2009-10 ਵਿੱਚ 12 ਫੀਸਦੀ, ਸਾਲ 2010-11 ਵਿੱਚ 10 ਫੀਸਦੀ, ਸਾਲ 2011-12 ਵਿੱਚ 8 ਫੀਸਦੀ ਅਤੇ ਫੇਰ ਸਾਲ 2012-13 ਵਿੱਚ 10.26 ਫੀਸਦੀ ਸੀ। ਸੋ, ਕਹਿਣ ਦਾ ਭਾਵ ਇਨਫਲੇਸ਼ਨ ਦਾ ਅਸਰ ਆਮ ਲੋਕਾਂ ਤੇ ਹੀ ਨਹੀਂ ਸਰਕਾਰਾਂ ਤੇ ਵੀ ਪੈਂਦਾ ਹੈ ਕਿਉਂਕਿ ਜਿਹੜਾ ਮੁਲਾਜ਼ਮਾਂ ਨੂੰ ਡੀ.ਏ. ਮਿਲਦਾ ਹੈ, ਉਹ ਇਸ ਇਨਫਲੇਸ਼ਨ ਦੇ ਬੇਸ ਤੇ ਮਿਲਦਾ ਹੈ। ਇਸੇ ਤਰ੍ਹਾਂ ਜਿਹੜਾ ਅਸੀਂ ਕਰਜ਼ਾ ਲੈਂਦੇ ਹਾਂ, ਬਾਂਡਜ਼ ਰੇਜ਼ ਕਰਦੇ ਹਾਂ, ਉਸ

ਤੇ ਵੀ ਇਨਫਲੇਸ਼ਨ ਦਾ ਅਸਰ ਹੁੰਦਾ ਹੈ ਕਿਉਂਕਿ ਇੰਟਰਸਟ ਦਾ ਰੇਟ ਵੱਧ ਜਾਂਦਾ ਹੈ। ਤੁਸੀਂ ਦੇਖੋ ਕਿ ਸਾਲ 2003-04 ਵਿੱਚ ਸਾਡੀਆਂ ਮਾਰਕੀਟ ਬੋਰੋਇੰਗ ਦਾ ਰੇਟ ਆਫ਼ ਇੰਟਰਸਟ ਔਸਤ ਦੇ ਹਿਸਾਬ ਨਾਲ 6.11 ਫੀਸਦੀ ਸੀ, ਸਾਲ 2004-05 ਵਿੱਚ ਔਸਤ 6.37 ਫੀਸਦੀ ਸੀ। ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਦਾ ਦੇਖ ਲਓ। ਇਹ ਸਾਲ 2013-14 ਦਾ 9 ਫੀਸਦੀ ਅਤੇ ਇਸ ਸਾਲ ਦਾ ਹੁਣ ਤੱਕ ਦਾ 9.1 ਫੀਸਦੀ ਹੈ। ਸਾਨੂੰ 3% ਸਿਰਫ਼ ਇੰਟਰਸਟ ਦੇਣਾ ਪਿਆ, ਕਿੰਨਾ ਅਸਰ ਪੈਂਦਾ ਹੈ। ਸਪੀਕਰ ਸਾਹਿਬ, ਜੇਕਰ ਸਾਨੂੰ ਵੱਧ ਇੰਟਰਸਟ ਰੇਟ ਭਰਨਾ ਪੈਂਦਾ ਹੈ ਤਾਂ ਇਸ ਦਾ ਨਤੀਜਾ ਕੀ ਹੈ, ਉਸ ਦਾ ਅਸਰ ਕੀ ਹੁੰਦਾ ਹੈ? ਸਾਨੂੰ 3 ਫੀਸਦੀ ਵੱਧ ਇੰਟਰਸਟ ਰੇਟ ਦੇ ਨਾਲ ਤਕਰੀਬਨ 3000 ਕਰੋੜ ਰੁਪਿਆ ਸਾਲਾਨਾ ਵੱਧ ਬੋਝ ਪੈ ਰਿਹਾ ਹੈ। ਜੇਕਰ ਇਨ੍ਹਾਂ ਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਵਧੀਆ ਹੁੰਦੀਆਂ, ਇਨਫਲੇਸ਼ਨ ਕੰਟਰੋਲ ਵਿੱਚ ਹੁੰਦੀ ਤਾਂ ਸਾਡੇ ਇੰਟਰਸਟ ਰੇਟ ਘੱਟ ਹੁੰਦੇ, ਸਾਡਾ ਕਰਜ਼ਾ ਇੰਨਾ ਨਹੀਂ ਵਧਣਾ ਸੀ। ਸਾਡਾ ਇੰਨਾ ਜ਼ਿਆਦਾ ਪੈਸਾ ਇੰਟਰਸਟ ਮੋੜਨ ਵਿੱਚ ਹੀ ਚਲਾ ਜਾਂਦਾ ਹੈ। ਸਾਡਾ 800 ਕਰੋੜ ਰੁਪਿਆ ਇੱਕ ਸਾਲ ਵਿੱਚ ਰੇਟ ਆਫ਼ ਇੰਟਰਸਟ ਵੱਧਦਾ ਹੈ।ਇੰਨਾ ਵੱਧ ਵਿਆਜ ਸਾਨੂੰ ਹਰ ਸਾਲ ਦੇਣਾ ਪੈਂਦਾ ਹੈ। ਸੋ, ਆਪਣੀ ਜ਼ਿੰਮੇਵਾਰੀ ਤੋਂ ਇਹ ਭੱਜ ਨਹੀਂ ਸਕਦੇ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜਾ ਫਿਸਕਲ ਡੈਫੀਸਿਟ ਹੈ, ਕੁੱਲ ਆਮਦਨ ਅਤੇ ਜਿਹੜਾ ਸਾਡਾ ਖਰਚਾ ਹੈ, ਉਸ ਦਾ ਡਿਫਰੈਂਸ ਵਿੱਤੀ ਘਾਟਾ ਬਣ ਜਾਂਦਾ ਹੈ। ਉਸ ਨੂੰ ਪੂਰਨ ਵਾਸਤੇ ਜਿਹੜਾ ਅਸੀਂ ਕਰਜ਼ਾ ਲੈਂਦੇ ਹਾਂ ਉਸ ਨਾਲ ਸਾਡਾ ਬੈਲੰਸ ਬਣਦਾ ਹੈ। ਮੈਨੂੰ ਇਹ ਦੱਸ ਕੇ ਖੁਸ਼ੀ ਹੈ ਕਿ ਪਿਛਲੇ ਸਾਲ ਸਾਡਾ ਵਿੱਤੀ ਘਾਟਾ 3.28 ਫੀਸਦੀ ਸੀ, ਰਿਵਾਈਜ਼ਡ ਐਸਟੀਮੇਟਸ ਅਨੁਸਾਰ ਅਸੀਂ ਉਸ ਨੂੰ 2.58 ਫੀਸਦੀ ਤੇ ਲੈ ਕੇ ਆਏ ਹਾਂ।(ਥੰਪਿੰਗ) ਇਹ ਪਿਛਲੇ 20 ਸਾਲਾਂ ਵਿੱਚ ਸਭ ਤੋਂ ਘੱਟ ਵਿੱਤੀ ਘਾਟਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਹੈ? ਪਿਛਲੇ 20 ਸਾਲਾਂ ਵਿੱਚ ਇੰਨਾ ਘੱਟ ਵਿੱਤੀ ਘਾਟਾ ਨਹੀਂ ਹੋਇਆ, ਸਾਲ 2005-06 ਵਿੱਚ ਘੱਟ ਹੋਇਆ ਸੀ, ਉਦੋਂ 2.44 ਫੀਸਦੀ ਸੀ। ਉਸ ਵੇਲੇ ਕੇਂਦਰ ਸਰਕਾਰ ਤੋਂ ਸਪੈਸ਼ਲ ਰੈਵੇਨਿਊ ਡੈਫੇਸਿਟ ਗ੍ਰਾਂਟ 1,556 ਕਰੋੜ ਰੁਪਏ ਦੀ ਪੰਜਾਬ ਸਰਕਾਰ ਨੂੰ ਮਿਲੀ ਸੀ। ਇਹ ਆਪਣੇ ਯੋਗਦਾਨ ਸਦਕਾ ਨਹੀਂ ਬਲਕਿ ਕੇਂਦਰ ਸਰਕਾਰ ਤੋਂ ਸਪੈਸ਼ਲ ਗ੍ਰਾਂਟ ਸਦਕਾ ਸੀ। ਅੱਜ ਦੇ ਹਿਸਾਬ ਨਾਲ ਉਸ ਦੀ ਕੀਮਤ 4,000 ਕਰੋੜ ਰੁਪਿਆ ਬਣ ਜਾਂਦੀ ਹੈ। ਜੇ ਅਸੀਂ ਉਸ

[ਵਿੱਤ ਮੰਤਰੀ]

ਨੂੰ ਵਿੱਚ ਨਾ ਲਾਈਏ ਤਾਂ ਪਿਛਲੇ 20 ਸਾਲਾਂ ਦੀ ਸਭ ਤੋਂ ਵਧੀਆ ਪ੍ਰਫਾਰਮੈਂਸ ਪਿਛਲੇ ਸਾਲ ਦੀ ਰਹੀ ਹੈ, ਜਿਹੜੀ ਕਿ ਸਾਡੀ ਸਰਕਾਰ ਦੀ ਆਪਣੇ ਆਪ ਵਿੱਚ ਬਹੁਤ ਵੱਡੀ ਅਚੀਵਮੈਂਟ ਹੈ।

ਸਪੀਕਰ ਸਾਹਿਬ, ਰੈਵੇਨਿਊ ਡੈਫੇਸਿਟ, ਜਿਹੜਾ ਸਾਡਾ ਮਾਲੀ ਘਾਟਾ ਹੈ, ਜੋ ਸਾਡੀ ਮਾਲੀ ਆਮਦਨ ਅਤੇ ਮਾਲੀ ਖਰਚ ਹੈ, ਉਸ ਦਾ ਡਿਫਰੈਂਸ ਹੈ। ਇਸ ਦਾ ਟਾਰਗੈਟ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਸੂਬੇ ਦਾ ਰੈਵੇਨਿਊ ਬੈਲੰਸ ਬਣੇ, ਰੈਵੇਨਿਊ ਡੈਫੇਸਿਟ ਨਹੀਂ ਹੋਣਾ ਚਾਹੀਦਾ। ਇਸ ਦੀ ਪਰਜ਼ੰਪਸ਼ਨ ਕੀ ਹੈ? ਜਿਹੜਾ ਪੈਸਾ ਤੁਸੀਂ ਲੈਂਦੇ ਹੋ, ਉਹ ਕੈਪੀਟਲ ਐਕਸਪੈਂਡੀਚਰ ਤੇ ਖਰਚ ਹੋਣਾ ਚਾਹੀਦਾ ਹੈ, ਐਸੈਟਸ ਕ੍ਰੀਏਸ਼ਨ ਤੇ ਖਰਚ ਹੋਣਾ ਚਾਹੀਦਾ ਹੈ ਪਰ ਪੰਜਾਬ ਵਿੱਚ ਰੈਵੇਨਿਊ ਡੈਫੇਸਿਟ ਸ਼ੁਰੂ ਤੋਂ ਹੀ ਬਹੁਤ ਵੱਡੀ ਸਮੱਸਿਆ ਰਹੀ ਹੈ। ਅਸੀਂ ਇਸ ਨੂੰ ਘਟਾਉਣ ਵੱਲ ਵੱਡੇ ਕਦਮ ਚੁੱਕੇ ਹਨ। ਸਾਲ 2012-13 ਵਿੱਚ ਸਾਡਾ ਰੈਵੇਨਿਊ ਡੈਫੇਸਿਟ 7,406 ਕਰੋੜ ਰੁਪਏ ਸੀ ਅਤੇ ਪਿਛਲੇ ਸਾਲ ਰਿਵਾਈਜ਼ਡ ਐਸਟੀਮੇਟਸ ਮੁਤਾਬਿਕ 5,260 ਕਰੋੜ ਰੁਪਿਆ ਰੈਵੇਨਿਊ ਡੈਫੇਸਿਟ ਸੀ। ਇਹ ਤਕਰੀਬਨ 2000 ਕਰੋੜ ਰੁਪਿਆ ਘਟਿਆ ਹੈ। ਇਸ ਦੇ ਬਾਵਜੂਦ ਕਿ ਦੇਸ਼ ਵਿੱਚ ਰੈਵੇਨਿਊ ਗ੍ਰੋਥ ਸਲੋਅ ਰਹੀ ਹੈ, ਜਿਸ ਦਾ ਅਸਰ ਪੰਜਾਬ ਤੇ ਵੀ ਪਿਆ ਹੈ। ਜੇਕਰ ਦੇਸ਼ ਵਿੱਚ ਗ੍ਰੋਥ ਚੰਗੀ ਹੁੰਦੀ ਤਾਂ ਸਾਨੂੰ ਹੋਰ ਵੀ ਪਾਜ਼ੇਟਿਵ ਫਾਇਦਾ ਹੋਣਾ ਸੀ, ਸ਼ਾਇਦ ਅਸੀਂ ਇਸ ਨੂੰ ਹੋਰ ਵੀ ਘਟਾ ਲੈਂਦੇ।

ਸਪੀਕਰ ਸਾਹਿਬ, ਸਾਡਾ ਅਗਲੇ ਸਾਲ ਦਾ ਜਿਹੜਾ ਟੀਚਾ ਹੈ ਉਹ 42,052 ਕਰੋੜ ਰੁਪਏ ਦਾ ਹੈ। ਇਹ ਟਾਰਗੈਟ ਪਿਛਲੇ ਸਾਲ ਨਾਲੋਂ 1000 ਕਰੋੜ ਰੁਪਿਆ ਘੱਟ ਹੈ ਅਤੇ ਰੈਵੇਨਿਊ ਡੈਫੇਸਿਟ ਨੂੰ ਅੱਗੋਂ ਵਾਸਤੇ ਹੋਰ ਕਿਵੇਂ ਘਟਾਇਆ ਜਾਵੇ, ਇਸ ਦਾ ਇੱਕੋ ਹੀ ਰਸਤਾ ਹੈ ਕਿ ਅਸੀਂ ਆਪਣੀ ਮਾਲ ਆਮਦਨ ਨੂੰ ਵਧਾਈਏ। ਇਸ ਸਾਲ ਅਸੀਂ ਆਪਣੀ ਮਾਲ ਆਮਦਨ ਨੂੰ 18 ਫੀਸਦੀ ਵਧਾਉਣ ਦਾ ਟੀਚਾ ਰੱਖਿਆ ਹੈ। ਦੂਜਾ ਤਰੀਕਾ ਹੈ ਕਿ ਆਪਣੇ ਖਰਚੇ ਘਟਾਏ ਜਾਣ। ਹੁਣ ਜਿਹੜੇ ਖਰਚੇ ਹਨ, ਇਹ ਘਟਾਉਣੇ ਉਨੇ ਸੰਭਵ ਨਹੀਂ ਹਨ ਕਿਉਂਕਿ ਕੁਝ ਖਰਚੇ ਅਜਿਹੇ ਹਨ ਜਿਹੜੇ ਆਟੋਮੈਟੀਕਲੀ ਵਧ ਜਾਂਦੇ ਹਨ। ਬਹੁਤ ਥੋੜ੍ਹੇ ਖਰਚੇ ਅਸੀਂ ਐਡਮਨਿਸਟ੍ਰੇਟਿਵ ਤੌਰ ਤੇ ਕੰਟਰੋਲ ਕਰ ਸਕਦੇ ਹਾਂ। ਜਿਸ ਤਰ੍ਹਾਂ ਕਿ ਸਾਡੇ ਵਿਆਜ ਦੀਆਂ ਅਦਾਇਗੀਆਂ ਹਨ, ਵਿਆਜ ਦੀਆਂ

ਅਦਾਇਗੀਆਂ ਹਰ ਸਾਲ ਆਟੋਮੈਟੀਕਲੀ ਵਧਣੀਆਂ ਹਨ। ਇਸ ਸਾਲ 800 ਕਰੋੜ ਵਧੀਆਂ ਹਨ। ਜਿਵੇਂ ਕਿ ਤਨਖਾਹਾਂ ਤੇ ਹਰ ਸਾਲ ਇੰਕਰੀਮੈਂਟ ਲਗਦਾ ਹੈ, ਉਹ ਵੀ ਹਰ ਸਾਲ ਵਧਣੀਆਂ ਹਨ, ਉਨ੍ਹਾਂ ਨੂੰ ਅਸੀਂ ਰੋਕ ਨਹੀਂ ਸਕਦੇ। ਮੈਂ ਦੱਸਣਾ ਚਾਹੁੰਦਾ ਹਾਂ ਕਿ 7,687 ਕਰੋੜ ਰੁਪਿਆ ਸਾਡਾ ਸੈਲਰੀ ਤੇ ਵੇਜਿਜ਼ ਦਾ ਬਿਲ ਸਾਲ 2006-07 ਦਾ ਸੀ ਜਿਹੜਾ ਪਿਛਲੇ ਸਾਲ ਵਧ ਕੇ ਇਸ ਸਾਲ 19740 ਕਰੋੜ ਰੁਪਿਆ ਹੋ ਗਿਆ ਹੈ। ਇਹ ਸਭ ਕੁਝ ਵਧਣ ਦੇ ਬਾਵਜੂਦ ਵੀ ਸਾਡਾ ਰੈਵੇਨਿਊ ਡੈਫੇਸਿਟ ਘਟਿਆ ਹੈ। ਇਨ੍ਹਾਂ ਚੀਜ਼ਾਂ ਕਰਕੇ ਸਾਡੇ ਰੈਵੇਨਿਊ ਡੈਫੀਸਿਟ ਦੀ ਰਫਤਾਰ ਨੂੰ ਜਿਸ ਤਰ੍ਹਾਂ ਅਸੀਂ ਘਟਾਉਣਾ ਚਾਹੁੰਦੇ ਹਾਂ, ਉਹ ਉਸ ਤਰ੍ਹਾਂ ਨਹੀਂ ਘੱਟ ਸਕਦੀ ਕਿਉਂਕਿ ਇਹ ਕੁਝ ਅਜਿਹੇ ਖਰਚੇ ਹਨ ਜਿਨ੍ਹਾਂ ਦਾ ਵਧਣਾ ਲਾਜ਼ਮੀ ਹੈ। ਸਾਡੀ ਕੋਸ਼ਿਸ਼ ਇਹ ਹੈ ਕਿ ਸਾਡੀਆਂ ਜੋ ਰੈਵੇਨਿਊ ਰਸੀਟਸ ਹਨ, ਉਹ ਸਾਡੇ ਰੈਵੇਨਿਊ ਐਕਸਪੈਂਡੀਚਰ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧਣ। ਇਹੀ ਚੀਜ਼ ਸਾਡੀ ਰੈਵੇਨਿਊ ਡੈਫੀਸਿਟ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਸਪੀਕਰ ਸਾਹਿਬ, ਇਹ ਦੋਵੇਂ ਜਿਹੜੇ ਫਿਸਕਲ ਤੇ ਰੈਵੇਨਿਊ ਡੈਫੀਸਿਟ ਹਨ, ਡੈਫੀਸਿਟ ਸਬੰਧੀ ਸਾਡੇ ਜੋ ਟੀਚੇ ਹਨ, ਮੈਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਾਲ ਵਿੱਚ ਇਨ੍ਹਾਂ ਨੂੰ ਅਸੀਂ ਕੰਟਰੋਲ ਕਰ ਲਵਾਂਗੇ।

ਇਸੇ ਤਰ੍ਹਾਂ ਵਿਕਾਸ ਦਰ ਹੈ। ਅਗਰ ਅਸੀਂ ਸੂਬੇ ਦੀ ਤਰੱਕੀ ਦਾ ਕੋਈ ਅੰਕੜਾ ਦੇਈਏ ਤਾਂ ਸਾਰਿਆਂ ਤੋਂ ਅੱਗੇ ਵਿਕਾਸ ਦਰ ਹੁੰਦੀ ਹੈ। ਪਿਛਲੇ ਸਾਲ ਸਾਡੀ ਵਿਕਾਸ ਦਰ 5.25% ਸੀ ਪਰ ਜੋ ਨੈਸ਼ਨਲ ਗਰੋਥ ਰੇਟ ਸੀ, ਉਹ 4.74% ਸੀ। ਅਗਰ ਦੇਖਿਆ ਜਾਵੇ ਤਾਂ ਨੈਸ਼ਨਲ ਐਵਰੇਜ ਨਾਲੋਂ ਲਗਾਤਾਰ ਦੋ ਸਾਲ ਪੰਜਾਬ ਨੇ ਗਰੋਥ ਰੇਟ ਵੱਧ ਅਚੀਵ ਕੀਤੀ ਹੈ। ਮੈਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਪੰਜ ਸਾਲ ਰਹੀ ਹੈ, ਉਸ ਸਮੇਂ ਦੇਸ਼ ਦੀ ਵਿਕਾਸ ਦਰ 7.8% ਸੀ। ਦੇਸ਼ ਬਹੁਤ ਤੇਜ਼ੀ ਨਾਲ ਵਿਕਾਸ ਅਤੇ ਤਰੱਕੀ ਕਰ ਰਿਹਾ ਸੀ ਪਰ ਉਦੋਂ ਪੰਜਾਬ ਦੀ ਵਿਕਾਸ ਦਰ ਕੀ ਸੀ? ਇਹ ਸਿਰਫ 5.11% ਸੀ। ਇਹ ਤਕਰੀਬਨ 2.5% ਤੋਂ ਲੈ ਕੇ 2.75% ਤੱਕ ਦਾ ਡਿਫਰੈਂਸ ਸੀ। ਪੰਜਾਬ ਦੀ ਵਿਕਾਸ ਦਰ ਅਤੇ ਦੇਸ਼ ਦਰ ਦੀ ਇਹ ਪੁਜੀਸ਼ਨ ਤੁਹਾਡੀ ਸਰਕਾਰ ਵੇਲੇ ਸੀ। ਅਸੀਂ ਇਸ ਵਿਕਾਸ ਦਰ ਦੇ ਟੀਚੇ ਤੋਂ ਖੁਸ਼ ਨਹੀਂ ਹਾਂ, ਇਹ ਵੱਧ ਹੋਣੀ ਚਾਹੀਦੀ ਹੈ, ਪਰ ਫਿਰ ਵੀ ਪੰਜਾਬ ਦੀ ਗਰੋਥ ਰੇਟ ਨੈਸ਼ਨਲ ਗਰੋਥ ਰੇਟ ਨਾਲੋਂ ਵੱਧ ਹੈ। ਇਸ ਗੱਲ ਦੀ ਸਾਨੂੰ ਸੰਤੁਸ਼ਟੀ ਹੈ। (ਥੰਪਿੰਗ)

ਸਪੀਕਰ ਸਾਹਿਬ, ਜਿਹੜੀ ਵਿਕਾਸ ਦਰ ਹੈ, ਇਹ ਕਿਸ ਚੀਜ਼ ਤੇ

[ਵਿੱਤ ਮੰਤਰੀ]

ਨਿਰਭਰ ਕਰਦੀ ਹੈ? ਇਸ ਵਿੱਚ ਸਭ ਤੋਂ ਵੱਡਾ ਰੋਲ ਕੇਂਦਰ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਹੁੰਦਾ ਹੈ। ਇਸ ਦਾ ਪ੍ਰਭਾਵ ਸਾਰੇ ਦੇਸ਼ ਤੇ ਪੈਂਦਾ ਹੈ। ਦੇਸ਼ ਦੀ ਵਿਕਾਸ ਦਰ ਕਿਉਂ ਘਟੀ? ਕਿਉਂ ਦੇਸ਼ ਦਾ ਫਿਸਕਲ ਡੈਫੀਸਿਟ ਇੰਨਾ ਵਧਿਆ? ਕਿਉਂ ਰੈਵੇਨਿਊ ਡੈਫੀਸਿਟ ਇੰਨਾ ਵਧਿਆ? ਅੱਜ ਇਸ ਗੱਲ ਤੇ ਹਰ ਅਰਥ ਸ਼ਾਸ਼ਤਰੀ ਚਰਚਾ ਕਰਦਾ ਹੈ। ਕੇਂਦਰ ਦੀ ਜੋ ਯੂ.ਪੀ.ਏ. ਸਰਕਾਰ ਹੈ, ਉਸ ਨੇ ਇਸ ਗੱਲ ਨੂੰ ਲੈੱਟ ਡਾਊਨ ਕੀਤਾ ਹੈ। ਅੱਜ ਦੇਸ਼ ਨੂੰ ਅਗਰ ਸਲੋਅ ਗਰੋਥ ਸਾਈਕਲ ਵਿੱਚ ਫਸਾ ਦਿੱਤਾ ਹੈ ਤਾਂ ਉਸ ਦੇ ਲਈ ਕੇਂਦਰ ਦੀ ਜੋ ਪਿਛਲੀ ਯੂ.ਪੀ.ਏ. ਸਰਕਾਰ ਹੈ, ਉਹ ਜ਼ਿੰਮੇਵਾਰ ਹੈ ਪਰ ਹੁਣ ਉਸ ਦਾ ਰਸਤਾ ਕੀ ਹੈ? ਉਸ ਦਾ ਰਸਤਾ ਇਹ ਹੈ ਕਿ ਕੇਂਦਰ ਸਰਕਾਰ ਵੀ ਕਦਮ ਚੁੱਕੇ ਅਤੇ ਸੂਬੇ ਦੀਆਂ ਸਰਕਾਰਾਂ ਵੀ ਕਦਮ ਚੁੱਕਣ। ਕੇਂਦਰ ਸਰਕਾਰ ਦਾ ਫਿਸਕਲ ਪਾਲਿਸੀ ਬਣਾਉਣ ਵਿੱਚ ਬਹੁਤ ਅਸਰ ਹੈ। ਐਫ.ਡੀ.ਆਈ. ਨੂੰ ਅਲਾਉ ਕਰਨਾ, ਫਾਰੇਨ ਇੰਸਟੀਚਿਊਸ਼ਨਲਜ਼ ਇਨਵੈਸਟਰਜ਼ ਨੂੰ ਉਤਸ਼ਾਹਿਤ ਕਰਨਾ, ਉਨ੍ਹਾਂ ਲਈ ਚੰਗੀਆਂ ਪਾਲਿਸੀਆਂ ਲੈ ਕੇ ਆਉਣੀਆਂ ਅਤੇ ਇਸੇ ਤਰ੍ਹਾਂ ਜੋ ਆਰ.ਬੀ.ਆਈ. ਹੈ, ਜੋ ਸਾਡੀ ਮਾਨੀਟਰੀ ਪਾਲਿਸੀ ਬਣਾਉਣਾ ਹੈ, ਉਸ ਦਾ ਵੀ ਬਹੁਤ ਵੱਡਾ ਰੋਲ ਹੈ ਪਰ ਉਸ ਦੇ ਹੱਥ ਬੰਨ੍ਹੇ ਹੋਏ ਹਨ ਕਿਉਂਕਿ ਇਨਫਲੇਸ਼ਨ ਤੇ ਅਸਰ ਕਰਕੇ ਉਹ ਕਰੈਡਿਟ ਫਲੋਅ ਨਹੀਂ ਵਧਾ ਸਕਦੇ। ਇਨਵੈਸਟਮੈਂਟ ਵਾਸਤੇ ਕਰੈਡਿਟ ਫਲੋਅ ਦਾ ਵਧਣਾ ਬਹੁਤ ਜ਼ਰੂਰੀ ਹੈ। ਇੰਟਰਸਟ ਰੇਟ ਘੱਟ ਹੋਣੇ ਚਾਹੀਦੇ ਹਨ ਤਾਂ ਕਿ ਦੇਸ਼ ਦਾ ਗਰੋਥ ਸਾਈਕਲ ਦੁਬਾਰਾ ਚਾਲੂ ਹੋ ਸਕੇ। ਇਸ ਵਿੱਚ ਜ਼ਿਆਦਾ ਰੋਲ ਕੇਂਦਰ ਸਰਕਾਰ ਦੀਆਂ ਅਤੇ ਆਰ.ਬੀ.ਆਈ. ਦੀਆਂ ਨੀਤੀਆਂ ਦਾ ਹੁੰਦਾ ਹੈ। ਕੁਝ ਰੋਲ ਸੂਬੇ ਦੀ ਸਰਕਾਰ ਦੀਆਂ ਨੀਤੀਆਂ ਦਾ ਹੁੰਦਾ ਹੈ ਪਰ ਸਪੀਕਰ ਸਾਹਿਬ, ਉਸ ਵਾਸਤੇ ਅਸੀਂ ਕੀ ਕਦਮ ਚੁੱਕੇ ਹਨ? ਅਸੀਂ ਜੋ ਪਾਲਿਸੀ ਬਣਾਈ ਹੈ, ਫਿਸਕਲ ਇਨਸੈਂਟੀਟਿਵ ਫਾਰ ਇੰਡਸਟਰੀਅਲ ਪਰਮੋਸ਼ਨ, ਇਹ ਉਸ ਵੱਲ ਇੱਕ ਬੜਾ ਕਦਮ ਹੈ।ਸਾਡੇ ਮਾਨਯੋਗ ਉਪ ਮੁੱਖ ਮੰਤਰੀ ਜੀ ਦੀ ਸੋਚ ਸਦਕਾ ਇਹ ਇੰਡਸਟਰੀਅਲ ਪਾਲਿਸੀ ਬਣੀ ਹੈ ਜਿਸ ਦੀ ਸਾਰੇ ਦੇਸ਼ ਵਿੱਚ ਸ਼ਲਾਘਾ ਹੋਈ ਹੈ। ਸਾਡੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੇ ਗੱਲ ਕੀਤੀ ਕਿ ਇੰਨਸੈਂਟਿਵ ਸਾਨੂੰ ਸਬਸਿਡੀ ਦੇ ਤੌਰ ਤੇ, ਕੈਪੀਟਲ ਸਬਸਿਡੀ ਦੇ ਤੌਰ ਤੇ ਅਲਾਟਮੈਂਟ ਦੇ ਤੌਰ ਤੇ ਨਹੀਂ ਮਿਲ ਰਹੇ। ਅਸੀਂ ਪਾਲਿਸੀ ਨੂੰ ਚੇਂਜ ਕੀਤਾ ਹੈ। ਇੱਕ ਜਿਹੜਾ ਚੰਗੀ ਸੋਚ ਵਾਲਾ ਇਨਵੈਸਟਰ ਹੈ, ਅਜਿਹਾ ਉਸ ਨੂੰ

ਉਤਸ਼ਾਹਿਤ ਕਰਨ ਵਾਸਤੇ ਕੀਤਾ ਹੈ ਕਿਉਂਕਿ ਪਹਿਲਾਂ ਕੀ ਹੁੰਦਾ ਸੀ ਕਿ ਸਬਸਿਡੀ ਲੈ ਲੈਂਦੇ ਸੀ ਅਤੇ ਇੰਡਸਟਰੀ ਬੰਦ ਹੋ ਜਾਂਦੀ ਸੀ ਪਰ ਹੁਣ ਨਵੀਂ ਪਾਲਿਸੀ ਮੁਤਾਬਿਕ ਤੁਸੀਂ ਵੈਟ ਰਿਟੈਂਸ਼ਨ ਕਰੋਗੇ। ਜਿੰਨਾ ਤੁਸੀਂ ਪ੍ਰੋਡਿਊਸ ਕਰੋਗੇ, ਤੁਸੀਂ ਵੈਟ ਕਲੇਮ ਕਰਕੇ ਆਪਣੇ ਕੋਲ ਰੱਖ ਸਕਦੇ ਹੋ, ਤੁਹਾਨੂੰ ਸਰਕਾਰ ਤੋਂ ਲੈਣ ਦੀ ਲੋੜ ਨਹੀਂ ਹੈ। ਤੁਹਾਨੂੰ ਸੀ.ਐਸ.ਟੀ. ਦੀ ਐਗਜ਼ੰਪਸ਼ਨ ਹੈ। ਇਲੈਕਟ੍ਰੀਸਿਟੀ ਡਿਊਟੀ ਐਗਜ਼ੰਪਟਿਡ ਹੈ। ਸਟੈਂਪ ਡਿਊਟੀ ਐਗਜ਼ੰਪਟਿਡ ਹੈ। ਅੱਜ ਦੇਸ਼ ਦਾ ਮਾਹੌਲ ਕਿਹੋ ਜਿਹਾ ਹੈ, ਇਨਵੈਸਟਮੈਂਟ ਕਲਾਈਮੇਟ ਦੇਖ ਕੇ ਆਪਣੇ ਆਪ ਅੰਦਾਜ਼ਾ ਲਗਾ ਲਓ। ਅਸੀਂ ਕੈਪੀਟਲ ਐਕਸਪੈਂਡੀਚਰ ਵਧਾਉਣ ਦਾ ਟੀਚਾ ਰੱਖਿਆ ਹੈ। ਇਸੇ ਤਰ੍ਹਾਂ ਸਾਡਾ ਫੋਕਸ ਐਜੂਕੇਸ਼ਨ ਵੱਲ ਹੈ। ਇਸ ਬਜਟ ਵਿੱਚ ਅਸੀਂ 46 ਫੀਸਦੀ ਵਾਧਾ ਕੀਤਾ ਹੈ ਅਤੇ ਨਵੀਆਂ ਸੰਸਥਾਵਾਂ ਜਿਵੇਂ ਰੈਜ਼ੀਡੈਂਸ਼ੀਅਲ ਸਕੂਲਜ਼ ਫਾਰ ਪੂਅਰ ਸਟੂਡੈਂਟਸ ਵੱਲ ਵਿਸ਼ੇਸ਼ ਤਵੱਜੋ ਦਿੱਤੀ ਹੈ। ਕਿੱਤਾਮੁੱਖੀ ਟਰੇਨਿੰਗ ਦੇਣ ਵਾਸਤੇ, ਸਕਿੱਲ ਡਿਵੈਲਪਮੈਂਟ ਵੀ ਬਹੁਤ ਜ਼ਰੂਰੀ ਹੈ। ਜੇ ਸਾਡੇ ਨੌਜਵਾਨ ਸਕਿਲਡ ਹੋਣਗੇ ਤਾਂ ਉਹ ਆਪਣੇ ਸੂਬੇ ਦੇ ਵਿਕਾਸ ਲਈ ਆਪਣਾ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਲਈ ਸਰਕਾਰ ਨੇ ਸਪੈਸ਼ਲ ਤੌਰ ਤੇ ਸਕਿਲ ਡਿਵੈਲਪਮੈਂਟ ਤੇ ਜ਼ੋਰ ਦਿੱਤਾ ਹੈ। ਇਸ ਲਈ ਅਸੀਂ 500 ਕਰੋੜ ਰੁਪਿਆ ਰੱਖਿਆ ਹੈ। ਮਾਨਯੋਗ ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਮਿਸ਼ਨ ਬਣਿਆ ਹੈ। ਟੈਕਨੀਕਲ ਐਜੂਕੇਸ਼ਨ ਨੂੰ ਨੋਡਲ ਡਿਪਾਰਟਮੈਂਟ ਬਣਾ ਕੇ ਕੋਸ਼ਿਸ਼ ਕਰ ਰਹੇ ਹਾਂ ਕਿ ਕੋਰਸਾਂ ਵਿੱਚ ਵੀ ਇਕਸਾਰਤਾ ਲਿਆਂਦੀ ਜਾਵੇ। ਜੇ ਸਾਡੀ ਯੂਥ ਸਕਿਲਡ ਹੈ ਤਾਂ ਆਟੋਮੈਟੀਕਲੀ ਸਾਡੀ ਤਰੱਕੀ ਨੂੰ ਕੋਈ ਰੋਕ ਨਹੀਂ ਸਕਦਾ। ਸੋ, ਇਹ ਕਦਮ ਸਰਕਾਰ ਨੇ ਸੂਬੇ ਦੇ ਵਿਕਾਸ ਨੂੰ ਅੱਗੇ ਲਿਜਾਣ ਲਈ ਚੁੱਕੇ ਹਨ। ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੈਂਬਰ ਵੇਰਕਾ ਜੀ ਅਤੇ ਨਾਗਰਾ ਜੀ ਚਲੇ ਗਏ ਹਨ , ਉਨ੍ਹਾਂ ਨੇ ਗੱਲ ਕੀਤੀ ਸੀ ਕਿ ਸਰਕਾਰ ਨੇ ਆਪਣੇ ਖਰਚੇ ਘਟਾ ਦਿੱਤੇ ਹਨ। ਉਹ ਸਾਲ 2008-09 ਦੇ ਫਿਗਰਜ਼ ਕੋਟ ਕਰ ਰਹੇ ਸਨ ਪਰ ਮੇਰੇ ਕੋਲ ਜੋ ਫਿਗਰਜ਼ ਹਨ, ਜੋ ਟੋਟਲ ਪਲੈਨ ਅਤੇ ਨਾਨ-ਪਲੈਨ ਐਕਸਪੈਂਡੀਚਰ ਦੇ ਹਨ। ਮੈਂ ਪਿਛਲੇ ਸਾਲ ਦਾ ਕੋਟ ਕਰਾਂਗਾ ਕਿਉਂਕਿ ਉਹ ਐਕਚੂਅਲ ਹੈ ਅਤੇ ਅਗਲਾ ਸਾਡਾ ਬਜਟਿਡ ਹੈ। ਮਾਨਯੋਗ ਸਪੀਕਰ ਸਾਹਿਬ, ਐਜੂਕੇਸ਼ਨ ਦੇ ਸੈਕਟਰ ਵਿੱਚ ਸਾਲ 2006-07 ਵਿੱਚ 2,336 ਕਰੋੜ ਰੁਪਿਆ ਖਰਚ ਕੀਤਾ ਸੀ ਅਤੇ ਪਿਛਲੇ ਸਾਲ 8,178 ਕਰੋੜ ਰੁਪਿਆ ਖਰਚ ਕੀਤਾ ਹੈ।

[ਵਿੱਤ ਮੰਤਰੀ]

ਚਾਰ ਗੁਣਾ ਵਾਧਾ ਅਸੀਂ ਕੀਤਾ ਹੈ। ਇਸੇ ਤਰ੍ਹਾਂ ਮੈਡੀਕਲ ਪਬਲਿਕ ਹੈਲਥ ਐਂਡ ਫੈਮਲੀ ਵੈਲਫੇਅਰ ਵਿੱਚ ਵੀ 2,336 ਕਰੋੜ ਤੋਂ ਵਧਾ ਕੇ 8,178 ਕਰੋੜ ਪਿਛਲੇ ਸਾਲ ਖਰਚ ਕੀਤਾ ਹੈ। ਇਸੇ ਤਰ੍ਹਾਂ ਵੇਰਕਾ ਜੀ ਨੇ ਗੱਲ ਕੀਤੀ ਸੀ, ਉਹ ਸੋਸ਼ਲ ਵੈਲਫੇਅਰ ਅਤੇ ਵੈਲਫੇਅਰ ਆਫ ਐਸ.ਸੀ/ਬੀ.ਸੀਜ਼ ਬਾਰੇ ਕਹਿੰਦੇ ਸੀ ਕਿ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਸਪੀਕਰ ਸਾਹਿਬ, ਅੰਕੜੇ ਦੱਸਦੇ ਹਨ ਕਿ ਸਾਲ 2006-07 ਵਿੱਚ 83 ਕਰੋੜ ਰੁਪਿਆ ਖਰਚ ਹੋਇਆ ਸੀ ਅਤੇ ਪਿਛਲੇ ਸਾਲ ਅਸੀਂ 696 ਕਰੋੜ ਰੁਪਿਆ ਖਰਚ ਕੀਤਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਤਕਰੀਬਨ ਤਕਰੀਬਨ 8-9 ਗੁਣਾ ਵਾਧਾ ਕਰਕੇ ਅਸੀਂ ਦਲਿਤ ਭਰਾਵਾਂ ਦੀ ਭਲਾਈ ਲਈ ਖਰਚ ਕੀਤਾ ਹੈ।

ਇਸੇ ਤਰ੍ਹਾਂ ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਅਤੇ ਹੋਰ ਸਾਰੇ, ਤਕਰੀਬਨ ਹਰ ਸੈਕਟਰ ਵਿੱਚ ਜਿਹੜਾ ਸਾਡਾ ਖਰਚਾ ਹੈ, ਅਸੀਂ ਕਈ ਗੁਣਾ ਵਾਧਾ ਕੀਤਾ ਹੈ ਤਾਂ ਕਿ ਸਰਕਾਰ ਦੀਆਂ ਨੀਤੀਆਂ ਦਾ ਫਾਇਦਾ ਆਮ ਲੋਕਾਂ ਨੂੰ, ਗਰੀਬਾਂ ਨੂੰ, ਹਰ ਵਰਗ ਨੂੰ ਮਿਲ ਸਕੇ। ਵਿਰੋਧੀ ਧਿਰ ਦੇ ਮਾਨਯੋਗ ਮੈਂਬਰ ਇੱਕ ਫਿੱਗਰ ਇੱਕ ਹੈੱਡ ਦੇ ਅੰਡਰ ਚੁੱਕ ਲੈਂਦੇ ਹਨ ਕਿ ਇਸ ਵਿੱਚੋਂ ਇੰਨਾ ਘੱਟ ਕੀਤਾ ਹੈ ਪਰ ਜਿਹੜੀ ਫਿੱਗਰ ਮੈਂ ਤੁਹਾਨੂੰ ਦਿੱਤੀ ਹੈ, ਇਹ ਕੰਪੋਜ਼ਿਟ ਫਿੱਗਰ ਹੈ। ਇਹ ਸਾਰੇ ਜੋੜ ਕੇ ਅਸੀਂ ਇੰਨਾ ਖਰਚਾ ਕੀਤਾ ਹੈ। ਇਸ ਸਾਲ ਅਸੀਂ ਪਲਾਨ ਸਕੀਮਾਂ ਵਿੱਚ ਵੀ ਵਾਧਾ ਕੀਤਾ ਹੈ। ਇਹ ਤਾਂ ਟੋਟਲ ਬਜਟ ਸੀ, ਨਾਨ ਪਲਾਨ ਅਤੇ ਪਲਾਨ। ਜਿਹੜੀ ਪਲਾਨ ਦੀ ਗੱਲ ਹੈ, ਐਜੂਕੇਸ਼ਨ ਸੈਕਟਰ ਵਿੱਚ ਵੀ ਅਸੀਂ 46% ਵਾਧਾ ਕਰਨ ਦਾ ਫੈਸਲਾ ਕੀਤਾ, ਹੈਲਥ ਦੀ ਪਲਾਨ ਸਕੀਮ ਵਿੱਚ 97 ਫੀਸਦੀ ਦਾ ਵਾਧਾ ਕੀਤਾ ਹੈ। ਐਸ.ਸੀ.ਬੀ.ਸੀ. ਵੈਲਫੇਅਰ ਸਕੀਮ ਵਿੱਚ ਵਿੱਚ 37 ਫੀਸਦੀ ਵਾਧਾ ਕੀਤਾ ਹੈ। (ਥੰਪਿੰਗ) ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਲਈ ਵਚਨਬੱਧ ਹੈ। ਸਪੀਕਰ ਸਾਹਿਬ, ਡੀਐਡਿਕਸ਼ਨ ਨੂੰ ਇਸ ਬਜਟ ਵਿੱਚ ਖਾਸ ਤਵੱਜੋ ਦਿੱਤੀ ਗਈ ਹੈ। 100 ਕਰੋੜ ਰੁਪਿਆ ਅਸੀਂ ਰੱਖਿਆ ਹੈ। ਮੈਂ ਦੇਸ਼ ਦੇ ਵਿੱਤ ਮੰਤਰੀ ਸਾਹਿਬ ਸ਼੍ਰੀ ਅਰੁਨ ਜੇਤਲੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਆਪਣੇ ਬਜਟ ਦੇ ਭਾਸ਼ਣ ਨੂੰ ਕਨਕਲੂਡ ਕਰਦੇ ਹੋਏ 50 ਕਰੋੜ ਰੁਪਏ ਪੰਜਾਬ ਲਈ ਸਪੈਸ਼ਲ ਤੌਰ ਤੇ ਡੀਐਡਿਕਸ਼ਨ ਵਾਸਤੇ ਰੱਖਿਆ ਹੈ। (ਥੰਪਿੰਗ) ਮੈਂ ਜਿੱਥੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ, ਉਥੇ ਇਹ ਦੱਸਣਾ

ਚਾਹੁੰਦਾ ਹਾਂ ਕਿ ਇਸ 100 ਕਰੋੜ ਰੁਪਏ ਨਾਲ ਅਸੀਂ ਇਨਫਰਾਸਟਰੱਕਚਰ ਕ੍ਰੀਏਟ ਕਰਨਾ ਹੈ। ਪੰਜਾਬ ਦੇ ਬੱਚਿਆਂ ਦੀ ਚੰਗੀ ਕੌਂਸਲਿੰਗ ਲਈ ਨਵੇਂ ਸਾਈਕੈਟਰਿਸਟ ਅਤੇ ਸਾਈਕਾਲੋਜਿਸਟ ਭਰਤੀ ਕਰ ਰਹੇ ਹਾਂ। ਸਾਡੇ ਸੂਬਿਆਂ ਵਿੱਚ ਉਨ੍ਹਾਂ ਦੀ ਅਵੇਲੇਬਿਲਿਟੀ ਨਹੀਂ ਹੈ, ਅਸੀਂ ਹੋਰ ਸੂਬਿਆਂ ਵਿੱਚ ਜਾ ਕੇ ਉਨ੍ਹਾਂ ਦੀ ਭਰਤੀ ਪੰਜਾਬ ਲਈ ਕਰ ਰਹੇ ਹਾਂ। ਜਿਵੇਂ ਜਿਆਨੀ ਸਾਹਿਬ ਨੇ ਦੱਸਿਆ ਹੈ ਕਿ ਦਿੱਲੀ ਜਾਂ ਰਾਜਸਥਾਨ ਵਿੱਚ ਜਿੱਥੇ ਵੀ ਸਾਨੂੰ ਸਾਈਕੈਟਰਿਸਟ ਜਾਂ ਸਾਈਕਾਲੋਜਿਸਟ ਮਿਲਦੇ ਹਨ, ਉਨ੍ਹਾਂ ਦੀ ਭਰਤੀ ਕਰਕੇ ਉਨ੍ਹਾਂ ਨੂੰ ਪੰਜਾਬ ਵਿੱਚ ਸੇਵਾ ਦੇਵਾਂਗੇ ਤਾਂ ਕਿ ਸਾਡੇ ਬੱਚਿਆਂ ਦੀ ਚੰਗੀ ਕੌਂਸਲਿੰਗ ਹੋ ਸਕੇ ਅਤੇ ਉਨ੍ਹਾਂ ਨੂੰ ਚੰਗੀ ਕੇਅਰ ਪ੍ਰਦਾਨ ਕਰ ਸਕੀਏ।

ਇੱਕ ਹੋਰ ਜਿਹੜੀ ਸਾਡੀ ਵਿਰੋਧੀ ਪਾਰਟੀ ਨੇ ਵਾਰ ਵਾਰ ਐਸ.ਸੀ. ਸਬ ਪਲਾਨ ਦੀ ਗੱਲ ਕੀਤੀ ਹੈ, ਉਸ ਵਿੱਚ ਵੀ ਉਨ੍ਹਾਂ ਨੇ ਪੁਰਾਣੇ ਸਾਲ 2008-09 ਦੇ ਅੰਕੜੇ ਕੋਟ ਕੀਤੇ ਹਨ, ਮੈਂ ਉਨ੍ਹਾਂ ਨੂੰsubstantiate ਤਾਂ ਨਹੀਂ ਕਰ ਸਕਦਾ ਪਰ ਇਸ ਸਾਲ ਅਸੀਂ 32% ਦੇ ਹਿਸਾਬ ਨਾਲ 6,432 ਕਰੋੜ ਰੁਪਿਆ ਇਸ ਲਈ ਰੱਖਿਆ ਹੈ । ਇੱਕ ਹੋਰ ਵੱਡੀ ਗੱਲ ਹੈ, ਪਹਿਲਾਂ ਤਾਂ ਕਹਿ ਦਿੰਦੇ ਸੀ ਕਿ ਪੈਸਾ ਡਾਈਵਰਟ ਹੋ ਗਿਆ ਜਾਂ ਕੁਝ ਹੋਰ ਹੋ ਗਿਆ। ਹੁਣ ਅਸੀਂ ਐਸ.ਸੀ. ਸਬ ਪਲਾਨ ਦੀ ਪਲਾਨਿੰਗ ਅਤੇ ਮਾਨੀਟਰਿੰਗ ਦਾ ਅਧਿਕਾਰ ਵੈਲਫੇਅਰ ਡਿਪਾਰਟਮੈਂਟ ਨੂੰ ਦੇ ਦਿੱਤਾ ਹੈ। (ਥੰਪਿੰਗ) ਸੋ, ਅਮੈਂਡਮੈਂਟ ਕਰਕੇ ਐਸ.ਸੀ. ਸਬ ਪਲਾਨ ਦੀਆਂ ਸਾਰੀਆਂ ਸਕੀਮਾਂ ਦੀ ਦੇਖ-ਰੇਖ ਭਲਾਈ ਵਿਭਾਗ ਨੂੰ ਦਿੱਤੀ ਹੈ। ਭਲਾਈ ਵਿਭਾਗ ਇਸ ਗੱਲ ਦੀ ਨਿਗਰਾਨੀ ਕਰੇਗਾ ਅਤੇ ਯਤਨ ਕਰੇਗਾ ਕਿ ਇਹ ਸਹੀ ਢੰਗ ਨਾਲ ਲਾਗੂ ਹੋਵੇ। ਪਿਛਲੇ ਸਾਲ ਦੀ ਸਾਡੀ ਐਸ.ਸੀ. ਸਬ ਪਲਾਨ ਦੀ ਕੰਪਲਾਇੰਸ, ਸਾਡੀ ਟੋਟਲ ਪਲਾਨ ਕੰਪਲਾਇੰਸ ਦੇ ਬਰਾਬਰ ਹੈ। ਸਾਡੀ ਪਲਾਨ ਕੰਪਲਾਇੰਸ 73 ਫੀਸਦੀ ਹੈ ਅਤੇ ਐਸ.ਸੀ. ਸਬ ਪਲਾਨ ਦੀ ਕੰਪਲਾਇੰਸ 72.3 ਜਾਂ 72.4 ਫੀਸਦੀ ਹੈ, ਤਕਰੀਬਨ ਬਰਾਬਰ ਕੰਪਲਾਇੰਸ ਕੀਤੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਹੜੇ ਸਾਡੇ ਐਸ.ਸੀ. ਪਰਿਵਾਰ ਹਨ, ਉਦੋਂ ਤੱਕ ਉਨ੍ਹਾਂ ਦੇ ਹੱਕ ਬਿਲਕੁਲ ਸੁਰੱਖਿਅਤ ਹਨ, ਜਦੋਂ ਤੱਕ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਸਰਕਾਰ ਹੈ। (ਥੰਪਿੰਗ)

ਸਪੀਕਰ ਸਾਹਿਬ, ਇਸੇ ਤਰ੍ਹਾਂ ਇੱਕ ਹੋਰ ਗੱਲ ਕੀਤੀ ਗਈ। ਜਾਖੜ ਸਾਹਿਬ ਨੇ ਬਜਟ ਤੋਂ ਤੁਰੰਤ ਬਾਅਦ ਇਹ ਬਿਆਨ ਵੀ ਦਿੱਤਾ ਕਿ ਇਹ ਤਾਂ

[ਵਿੱਤ ਮੰਤਰੀ]

ਸਾਰਾ ਬਜਟ ਕੇਂਦਰ ਦੀਆਂ ਸਕੀਮਾਂ ਤੇ ਆਧਾਰਿਤ ਹੈ। ਇਨ੍ਹਾਂ ਦੀ ਗਲਤਫਹਿਮੀ ਮੈਂ ਕੱਢ ਦੇਣਾ ਚਾਹੁੰਦਾ ਹਾਂ ਕਿ ਕੁੱਲ ਜੋ ਬਜਟ ਹੈ, 58,000 ਕਰੋੜ ਰੁਪਏ ਵਿੱਚੋਂ ਕੇਂਦਰ ਦੀਆਂ ਸਕੀਮਾਂ ਤੇ ਆਧਾਰਿਤ ਸਿਰਫ 8,000 ਕਰੋੜ ਰੁਪਏ ਦਾ ਹੈ। ਬਾਕੀ ਸਾਰਾ ਪੈਸਾ ਸਾਡੇ ਸੂਬੇ ਦੀ ਆਪਣੀ ਸਰਕਾਰ ਦੇ ਆਪਣੇ ਸਾਧਨਾਂ ਰਾਹੀਂ ਹੈ। ਸਗੋਂ ਅਸੀਂ ਤਾਂ ਉਲਟ ਕਹਿੰਦੇ ਹਾਂ ਕਿ ਇਹ 8,000 ਹਜ਼ਾਰ ਕਰੋੜ ਰੁਪਿਆ ਵੀ ਸਾਡੇ ਹਿੱਸੇ ਨਾਲੋਂ ਘੱਟ ਹੈ। ਸਾਡਾ ਹਿੱਸਾ ਇਸ ਨਾਲੋਂ ਕਿਤੇ ਵੱਧ ਬਣਦਾ ਹੈ ਪਰ ਜਿਹੜੇ ਕੇਂਦਰ ਦੀਆਂ ਸਕੀਮਾਂ ਦੇ ਫਾਰਮੂਲੇ ਬਣੇ ਹਨ, ਉਹ ਪੰਜਾਬ ਵਰਗੇ ਸੂਬਿਆਂ ਦੇ ਨਾਲ ਵਿਤਕਰਾ ਕਰਦੇ ਹਨ। ਜਿਥੇ ਕਦੇ ਕੁਝ ਮਿਲਦਾ ਵੀ ਹੈ, ਉਥੇ ਵੀ ਫਾਰਮੂਲੇ ਚੇਂਜ ਕਰ ਦਿੰਦੇ ਹਨ। ਸੀ.ਆਰ.ਐਫ. ਵਿੱਚ ਪਹਿਲਾਂ ਜਿਹੜੀ ਵੇਟੇਜ ਸੀ, ਉਹ 60% ਜਿਹੜੇ ਸੂਬੇ ਵਿੱਚੋਂ ਰੈਵੇਨਿਊ ਆਉਂਦਾ ਹੈ, ਉਸ ਨੂੰ ਦਿੱਤੀ ਜਾਂਦੀ ਸੀ ਅਤੇ 40% ਏਰੀਏ ਦੀ ਸੀ । ਕੇਂਦਰ ਸਰਕਾਰ ਨੇ ਉਸ ਨੂੰ ਬਦਲ ਕੇ 70% ਤਾਂ ਏਰੀਏ ਨੂੰ ਵੇਟੇਜ ਦੇ ਦਿੱਤੀ ਅਤੇ 30% ਜਿਹੜੇ ਸੂਬੇ ਵਿਚੋਂ ਪੈਸਾ ਆਉਂਦਾ ਹੈ, ਉਸ ਨੂੰ ਦੇ ਦਿੱਤੀ। ਸੋ, ਸਮੇਂ ਸਮੇਂ ਤੇ ਪਿਛਲੀ ਸਰਕਾਰ ਆਪਣੇ ਫਾਰਮੂਲੇ ਚੇਂਜ ਕਰਦੀ ਰਹੀ ਹੈ। ਸਾਨੂੰ ਜਿਹੜਾ ਸਾਡੀ ਡੀਵੈਲਿਊਏਸ਼ਨ ਦਾ ਹੱਕ ਸੀ, ਉਹ ਵੀ ਨਹੀਂ ਮਿਲਦਾ ਸੀ। ਜਿੰਨਾ ਸਾਨੂੰ ਪੈਸਾ ਮਿਲਣਾ ਚਾਹੀਦਾ ਸੀ, ਉਸ ਨਾਲੋਂ ਹੁਣ ਤੱਕ ਘੱਟ ਮਿਲਦਾ ਰਿਹਾ ਹੈ। ਇਹ ਹੀ ਸਾਡੀ ਲੜਾਈ ਰਹੀ ਹੈ। ਅਸੀਂ 14ਵੇਂ ਵਿੱਤ ਕਮਿਸ਼ਨ ਅੱਗੇ ਜਦੋਂ ਉਹ ਸਾਡੇ ਸੂਬੇ ਵਿੱਚ ਆਇਆ ਸੀ, ਇਹੀ ਗੱਲ ਰੱਖੀ ਸੀ ਕਿ ਸਾਨੂੰ ਜਿਹੜਾ ਸਾਡੇ ਸੂਬੇ ਦਾ ਹੱਕ ਬਣਦਾ ਹੈ, ਉਹ ਮਿਲਣਾ ਚਾਹੀਦਾ ਹੈ। ਸਾਨੂੰ ਉਮੀਦ ਹੈ ਕਿ ਸਾਡੀਆਂ ਗੱਲਾਂ ਪੂਰੀਆਂ ਕੀਤੀਆਂ ਜਾਣਗੀਆਂ। ਇਸ ਤਰ੍ਹਾਂ ਪਲਾਨ ਵਿੱਚ 20,100 ਕਰੋੜ ਰੁਪਏ ਵਿੱਚੋਂ ਕੇਵਲ 6,000 ਕਰੋੜ ਰੁਪਏ ਦਾ ਹਿੱਸਾ ਕੇਂਦਰ ਸਰਕਾਰ ਦਾ ਹੈ। ਬਾਕੀ ਜਿਹੜਾ ਕਰਜ਼ਾ ਪੀ.ਐਸ.ਈ.ਬੀ. ਦਾ ਹੈ, ਉਸ ਬਾਰੇ ਡਿਪਟੀ ਸੀ.ਐਮ. ਸਾਹਿਬ ਨੇ ਬੜੇ ਵਿਸਥਾਰ ਨਾਲ ਦੱਸ ਦਿੱਤਾ ਹੈ। ਮੇਰੇ ਕਹਿਣ ਲਈ ਕੋਈ ਗੱਲ ਨਹੀਂ ਰਹਿ ਗਈ ਅਤੇ ਵਿਰੋਧੀ ਧਿਰ ਦਾ ਸਾਰਾ ਭੁਲੇਖਾ ਕੱਢ ਦਿੱਤਾ ਹੈ।

ਸਪੀਕਰ ਸਾਹਿਬ, ਇੱਕ 15,000 ਕਰੋੜ ਰੁਪਿਆ ਜਿਹੜਾ ਵੇਜ਼ ਐਂਡ ਮੀਨਜ਼ ਦਾ ਹੈ, ਉਸ ਬਾਰੇ ਵਾਰ ਵਾਰ ਗੱਲ ਕੀਤੀ ਗਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਵੇਜ਼ ਐਂਡ ਮੀਨਜ਼ ਨਾ ਤਾਂ ਆਮਦਨ ਹੈ, ਨਾ ਖਰਚਾ ਹੈ। ਇਹ ਤਾਂ ਆਪਾਂ ਜਿਵੇਂ ਕੋਈ ਕਾਰੋਬਾਰ ਕਰਦੇ ਹਾਂ ਅਤੇ ਉਸ ਦੀ ਸੀ.ਸੀ. ਲਿਮਿਟ ਬਣੀ ਹੁੰਦੀ

ਹੈ, ਇਹ ਉਸ ਤਰ੍ਹਾਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਮਹੀਨੇ ਐਸੇ ਹਨ ਜਦੋਂ ਪੰਜਾਬ ਸਰਕਾਰ ਦੀ ਆਮਦਨ ਜ਼ਿਆਦਾ ਹੁੰਦੀ ਹੈ ਅਤੇ ਖਰਚਾ ਘੱਟ ਹੁੰਦਾ ਹੈ। ਖਰਚਾ ਤਾਂ ਤਕਰੀਬਨ ਹਰ ਮਹੀਨੇ ਬਰਾਬਰ ਹੁੰਦਾ ਹੈ। ਤਨਖਾਹਾਂ ਦੇਣੀਆਂ ਹੁੰਦੀਆਂ ਹਨ, ਬਿਜਲੀ ਦੀ ਸਬਸਿਡੀ ਦੇਣੀ ਹੁੰਦੀ ਹੈ ਪਰ ਆਮਦਨ ਦਾ ਹਰ ਮਹੀਨੇ ਦਾ ਫਰਕ ਹੁੰਦਾ ਹੈ। ਸਾਡੇ ਮਈ, ਅਕਤੂਬਰ, ਨਵੰਬਰ, ਜਨਵਰੀ ਅਤੇ ਮਾਰਚ ਮਹੀਨੇ ਵਿੱਚ ਆਮਦਨ ਵੱਧ ਹੁੰਦੀ ਹੈ। ਬਾਕੀ ਮਹੀਨਿਆਂ ਵਿੱਚ ਆਮਦਨ ਘੱਟ ਹੁੰਦੀ ਹੈ ਜਿਸ ਕਰਕੇ ਸਾਡੇ ਕੈਸ਼ ਲੋਨ ਦੀਆਂ distortions ਪੈਦਾ ਹੋ ਜਾਂਦੀਆਂ ਹਨ ਅਤੇ ਆਰ.ਬੀ.ਆਈ. ਕੋਲ ਜਿਹੜਾ ਸਾਡਾ ਅਕਾਊਂਟ ਹੈ, ਉਸ ਵਿੱਚੋਂ ਅਸੀਂ ਵੱਧ ਬੌਰੋ (borrow) ਕਰ ਲੈਂਦੇ ਹਾਂ। ਉਹ ਪੈਸੇ ਸਾਡੇ ਵੇਜ਼ ਐਂਡ ਮੀਨਜ਼ ਵਿੱਚ ਚਲੇ ਜਾਂਦੇ ਹਨ ਅਤੇ ਫਿਰ ਸੀਮਾਂ ਬੱਧ ਦੋ ਹਫਤਿਆਂ ਦੇ ਵਿੱਚ ਵਿੱਚ ਉਹ ਮੋੜ ਦਿੰਦੇ ਹਾਂ। ਫਿਰ ਜਿਵੇਂ ਸਾਡਾ ਰੈਵੇਨਿਊ ਆਉਂਦਾ ਹੈ, ਇਸ ਤਰ੍ਹਾਂ ਇਹ ਨਾ ਹੀ ਸਾਡੇ ਖਰਚੇ ਹਨ ਅਤੇ ਨਾ ਹੀ ਆਮਦਨ ਹੈ। ਇਹ ਤਾਂ ਇੱਕ ਤਰ੍ਹਾਂ ਨਾਲ ਟਰਾਂਜ਼ੈਕਸ਼ਨਜ਼ ਹਨ ਜਿਹੜੀਆਂ ਅਸੀਂ 15,000 ਕਰੋੜ ਰੁਪਏ ਦੀਆਂ ਲਿਖੀਆਂ ਹਨ। ਮੈਂ ਕਿਹਾ ਸੀ ਕਿ ਜਿਹੜਾ ਐਕਚੂਅਲ ਬਜਟ ਹੈ ਉਹ 58,000 ਕਰੋੜ ਰੁਪਏ ਦਾ ਹੈ। ਮੈਨੂੰ ਉਮੀਦ ਹੈ ਕਿ ਇਸ ਨਾਲ ਤੁਹਾਡੀ ਸ਼ੰਕਾ ਨਿਕਲ ਗਈ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਕੁਝ ਹੋਰ ਮੁੱਦੇ ਉਠਾਏ ਗਏ ਹਨ, ਉਨ੍ਹਾਂ ਵਿੱਚੋਂ ਸਾਡੇ ਮੈਂਬਰ ਅਸ਼ਵਨੀ ਸ਼ਰਮਾ ਜੀ ਅਤੇ ਦੀਪ ਮਲਹੋਤਰਾ ਜੀ ਨੇ ਟੂਰਿਜ਼ਮ ਦੀ ਗੱਲ ਕੀਤੀ ਹੈ ਕਿ ਰਿਲੀਜੀਅਸ ਟੂਰਿਜ਼ਮ ਨੂੰ ਬੜਾਵਾ ਦੇਣਾ ਚਾਹੀਦਾ ਹੈ। ਸ਼ਾਹਪੁਰਕੰਢੀ ਡੈਮ ਵਿਖੇ ਵੀ ਟੂਰਿਜ਼ਮ ਪਰਮੋਟ ਹੋਣਾ ਚਾਹੀਦਾ ਹੈ। ਅਸੀਂ ਵਰਲਡ ਬੈਂਕ ਦੇ ਨਾਲ ਟੂਰਿਜ਼ਮ ਨੂੰ ਪਰਮੋਟ ਕਰਨ ਵਾਸਤੇ ਇੱਕ ਖਰੜਾ ਤਿਆਰ ਕਰ ਰਹੇ ਹਾਂ। ਇਹ ਤਕਰੀਬਨ 200 ਕਰੋੜ ਰੁਪਏ ਦੇ ਪ੍ਰਾਜੈਕਟ ਦੀ ਡਿਸਕਸ਼ਨ ਚੱਲ ਰਹੀ ਹੈ। ਮੈਨੂੰ ਉਮੀਦ ਹੈ ਕਿ ਉਨ੍ਹਾਂ ਦੇ ਵਿੱਚ ਹੀ ਇਨ੍ਹਾਂ ਦਾ ਇਹ ਪ੍ਰਾਜੈਕਟ ਕਵਰ ਹੋ ਜਾਣਾ ਚਾਹੀਦਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਵਰਲਡ ਬੈਂਕ ਦੇ ਪ੍ਰਾਜੈਕਟ ਵਿੱਚ ਇਨ੍ਹਾਂ ਸੁਝਾਵਾਂ ਨੂੰ incorporate ਜੇ ਹੋ ਸਕੇ ਤਾਂ ਜ਼ਰੂਰ ਕਰਨ।

ਇਸੇ ਤਰ੍ਹਾਂ ਸਰਦਾਰ ਬਲਬੀਰ ਸਿੰਘ ਸਿੱਧੂ ਅਤੇ ਜਾਖੜ ਸਾਹਿਬ ਨੇ ਇੱਕ ਲੱਖ ਘਰਾਂ ਦੇ ਟੀਚੇ ਬਾਰੇ ਮਸਲਾ ਰੱਖਿਆ ਹੈ। ਮੈਂ ਇਸ ਬਜਟ ਵਿੱਚ ਵੀ ਇਸ ਦਾ ਵਰਨਣ ਕੀਤਾ ਹੈ। 300 ਏਕੜ ਜ਼ਮੀਨ ਸਾਡੇ ਮੈਗਾ ਪ੍ਰਾਜੈਕਟ ਵਿੱਚ

[ਵਿੱਤ ਮੰਤਰੀ]

ਜਿਹੜੀ ਈ.ਡਬਲਿਯੂ.ਐਸ. ਹਾਊਸਿੰਗ ਸਕੀਮ ਵਾਸਤੇ ਹੈ, ਉਹ ਸਰਕਾਰ ਨੇ ਆਪਣੇ ਪੁਜ਼ੈਸ਼ਨ ਵਿੱਚ ਲੈ ਲਈ ਹੈ। ਹੋਰ ਸ਼ਹਿਰਾਂ ਦੀ ਵੱਖਰੀ ਹੈ। 300 ਏਕੜ ਤਾਂ ਇਕੱਲੇ ਮੋਹਾਲੀ ਦੀ ਗੱਲ ਕਰ ਰਿਹਾ ਹਾਂ। ਇਕਨਾਮਿਕ ਵੀਕਰ ਸੈਕਸ਼ਨ ਵਾਸਤੇ ਹਾਊਸਿੰਗ ਸਕੀਮ ਤਹਿਤ 1 ਲੱਖ ਘਰਾਂ ਦੇ ਟੀਚੇ ਬਾਰੇ ਇਸ ਵਾਰ ਬਜਟ ਵਿੱਚ ਵੀ ਗੱਲ ਕੀਤੀ ਗਈ ਹੈ। ਸਾਡੀ ਸਾਰੇ ਸੋਰਸਿਜ਼ ਤੋਂ ਟਾਈ-ਅੱਪ ਕਰਕੇ ਉਹ ਟੀਚਾ ਪੂਰਾ ਕਰਨ ਦੀ ਮਨਸ਼ਾ ਹੈ ਅਤੇ ਅਸੀਂ ਕਰਾਂਗੇ। ਸਰਦਾਰ ਇਕਬਾਲ ਸਿੰਘ ਝੂੰਦਾਂ ਨੇ ਛੱਪੜਾਂ ਦੀ ਗੰਭੀਰ ਸਮੱਸਿਆ ਵਾਸਤੇ ਮਸਲਾ ਉਠਾਇਆ ਹੈ।ਇਸ ਵਾਸਤੇ ਅਸੀਂ ਨਬਾਰਡ ਤੋਂ 100 ਕਰੋੜ ਰੁਪਏ ਦਾ ਟਾਈ-ਅੱਪ ਕੀਤਾ ਹੈ ਪਰ ਨਾਲ ਹੀ 216 ਕਰੋੜ ਰੁਪਏ 13ਵੇਂ ਵਿੱਤ ਕਮਿਸ਼ਨ ਵੱਲੋਂ ਸਾਨੂੰ ਆਉਣੇ ਹਨ। ਉਹ ਵੀ ਅਸੀਂ ਇਸ ਪਰਪਜ਼ ਵਾਸਤੇ ਯੂਜ਼ ਕਰ ਸਕਦੇ ਹਾਂ। ਇਸ ਦੇ ਨਾਲ ਹੀ ਨਰੇਗਾ ਦੀ ਸਕੀਮ ਹੈ, ਉਸ ਨੂੰ ਵੀ ਇਸ ਨਾਲ ਜੋੜ ਕੇ ਸਰਕਾਰ ਵੱਲੋਂ ਟੋਭਿਆਂ ਦੀ ਸਫਾਈ ਵਾਸਤੇ ਪਰਪੋਜ਼ਲ ਤਿਆਰ ਕੀਤੀ ਜਾ ਰਹੀ ਹੈ ।

ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸ੍ਰੀ ਸੋਮ ਪ੍ਰਕਾਸ਼ ਜੀ ਨੇ ਬੜਾ ਵਧੀਆ ਸੁਝਾਅ ਦਿੱਤਾ ਸੀ । ਉਨ੍ਹਾਂ ਪਿੰਡਾਂ ਵਾਸਤੇ ਇਨਸੈਂਟਿਵ ਸਕੀਮ ਕੱਢੀ ਜਾਵੇ ਜਿੱਥੇ ਸਾਰੀਆਂ ਕਮਿਊਨਿਟੀਆਂ ਦਾ, ਸਾਰੇ ਭਾਈਚਾਰਿਆਂ ਦਾ ਇੱਕੋ ਸ਼ਮਸ਼ਾਨ-ਘਾਟ ਹੋਵੇ । ਉਨ੍ਹਾਂ ਨੂੰ ਇਨਸੈਂਟਿਵ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਕਿ ਇੱਕ ਚੰਗੀ ਭਾਈਚਾਰਕ ਏਕਤਾ ਨੂੰ ਪਰਮੋਟ ਕੀਤਾ ਜਾਵੇ । ਇਨ੍ਹਾਂ ਦੇ ਸੁਝਾਅ ਨੂੰ ਜ਼ਰੂਰ ਧਿਆਨ ਵਿੱਚ ਰੱਖਾਂਗੇ ਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਲੇ ਬਜਟ ਵਿੱਚ ਇਸ ਦਾ ਧਿਆਨ ਰੱਖਿਆ ਜਾਵੇਗਾ । (ਥੰਪਿੰਗ)

ਸਪੀਕਰ ਸਾਹਿਬ, ਕਲੇਰ ਸਾਹਿਬ ਨੇ ਐਸ. ਸੀ. ਵੈਲਫੇਅਰ ਕਾਰਪੋਰੇਸ਼ਨ ਦੀ ਗੱਲ ਕੀਤੀ ਹੈ ਤੇ ਉਸ ਵਾਸਤੇ ਇਸ ਸਾਲ ਸਪੈਸ਼ਲੀ 10 ਕਰੋੜ ਰੁਪਿਆ ਰੱਖਿਆ ਹੈ । ਇਸ ਸਾਲ ਅਸੀਂ ਐਸ. ਸੀਜ਼ ਵੈਲਫੇਅਰ ਕਾਰਪੋਰੇਸ਼ਨ ਨੂੰ ਇਕੁਅਟੀ ਦੇ ਤੌਰ ਤੇ ਦੇਣ ਜਾ ਰਹੇ ਹਾਂ ।

ਸਪੀਕਰ ਸਾਹਿਬ, ਬੜਾ ਹੈਰਾਨੀਜਨਕ ਸਵਾਲ ਸਰਦਾਰ ਲਾਲ ਸਿੰਘ ਜੀ ਨੇ ਵੀ ਕੀਤਾ ਤੇ ਸੇਖੜੀ ਸਾਹਿਬ ਨੇ ਵੀ ਕੀਤਾ ਹੈ ਕਿ ਤੁਹਾਡੀ ਆਮਦਨ ਕਿੱਥੋਂ ਆਉਣੀ ਹੈ । ਪਿਛਲੇ ਸਾਲ ਅਸੀਂ Budget at a glance ਤਿਆਰ ਕਰਨਾ

ਸ਼ੁਰੂ ਕੀਤਾ ਸੀ । ਉਸ ਦੇ ਪੇਜ ਨੰ. 5 ਅਤੇ 6 ਵਿੱਚ ਅਸੀਂ ਇੱਕ ਇੱਕ ਚੀਜ਼ ਰੱਖੀ ਹੈ ਕਿ ਕਿੱਥੋਂ ਕਿੱਥੋਂ ਕਿੰਨਾ ਕਿੰਨਾ ਪੈਸਾ ਆਉਣਾ ਹੈ । ਜੇ ਕਿਸੇ ਬਜਟ ਤੇ ਤੁਹਾਨੂੰ ਡਾਊਟ ਹੈ ਕਿ ਇਸ ਤੇ ਟੀਚਾ ਪੂਰਾ ਨਹੀਂ ਕੀਤਾ ਜਾ ਸਕਦਾ, ਇਸ ਤੇ ਬਹੁਤ ਜ਼ਿਆਦਾ ਰੱਖਿਆ ਗਿਆ ਹੈ, ਉਸ ਬਾਰੇ ਤੁਸੀਂ ਜ਼ਰੂਰ ਸਵਾਲ ਕਰੋ। ਅਸੀਂ ਤੁਹਾਨੂੰ ਜਵਾਬ ਵੀ ਦੇਵਾਂਗੇ ਔਰ ਜਿਹੜਾ ਸਾਡਾ ਟੀਚਾ ਹੈ, ਇਹ ਸਿਰਫ ਉਨਾ ਕੁ ਹੀ ਰੱਖਿਆ ਹੈ ਕਿ ਇਸ ਨੂੰ ਅਸੀਂ ਪੂਰਾ ਕਰ ਸਕੀਏ । ਪਿਛਲੇ ਸਾਲ ਇਸ ਦਾ ਓਵਰ ਐਸਟੀਮੇਟ ਇਸ ਕਰਕੇ ਹੋ ਗਿਆ ਸੀ ਕਿ ਸਾਨੂੰ ਉਮੀਦ ਨਹੀਂ ਸੀ ਕਿ ਇਕਾਨਮੀ ਦਾ ਅਸਰ ਰੈਵੀਨਿਊ ਗਰੋਥ ਤੇ ਪਵੇਗਾ । ਤੁਸੀਂ ਦੇਖੋਗੇ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਅਸੀਂ ਕਾਫੀ ਘੱਟ ਟੀਚੇ ਰੱਖੇ ਹਨ ਤਾਂ ਕਿ ਉਨ੍ਹਾਂ ਨੂੰ ਅਸਾਨੀ ਨਾਲ ਪੂਰਾ ਕੀਤਾ ਜਾ ਸਕੇ । ਸੋ, ਜਿਹੜੀ ਇਹ ਸਾਡੀ ਅਕਾਊਂਟ ਦੀ ਸਟੇਟਮੈਂਟ ਹੈ, ਇੱਕ ਇੱਕ ਚੀਜ਼ ਜਿਹੜੀ ਹੈ, ਇਸ ਵਿੱਚ ਅਸੀਂ ਪੂਰਾ ਵਰਣਨ ਕੀਤਾ ਹੈ । ਇਸ ਤੇ ਫਿਰ ਵੀ ਤੁਹਾਨੂੰ ਕੋਈ ਡਾਊਟ ਹੋਵੇ ਤੇ ਤੁਸੀਂ ਪੁੱਛ ਸਕਦੇ ਹੋ ਇਸ ਦਾ ਜ਼ਰੂਰ ਜਵਾਬ ਦਿੱਤਾ ਜਾਵੇਗਾ । ਅਸੀਂ ਕੋਈ ਪੈਸਾ ਵੀ ਇਨਫਲੇਟ ਨਹੀਂ ਕੀਤਾ । ਅਸੀਂ ਬਜਟ ਨੂੰ ਸਹੀ ਢੰਗ ਨਾਲ ਲਾਗੂ ਵੀ ਕਰਾਂਗੇ ਤੇ ਪੂਰਾ ਵੀ ਕਰਾਂਗੇ ।

ਸਪੀਕਰ ਸਾਹਿਬ, ਅਸ਼ਵਨੀ ਕੁਮਾਰ ਜੀ ਨੇ ਇਨਫਰਾਸਟਰਕਚਰ ਦੀ ਗੱਲ ਕੀਤੀ ਹੈ । ਇਸ ਤੋਂ ਇਲਾਵਾ ਹੋਰ ਕਈ ਸਾਡੇ ਮੈਂਬਰ ਸਾਹਿਬਾਨ ਨੇ ਆਪਣੀਆਂ ਆਪਣੀਆਂ ਕਾਂਸਟੀਚੂਐਂਸੀਜ਼ ਦੀ ਗੱਲ ਕੀਤੀ ਹੈ । ਇਹ ਮੈਂਬਰ ਸਾਹਿਬਾਨ ਦਾ ਹੱਕ ਵੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਵੱਖ ਵੱਖ ਡਿਪਾਰਟਮੈਂਟਸ ਨੂੰ ਵੱਖ ਵੱਖ ਸਕੀਮਾਂ ਲਈ ਵੱਖ ਵੱਖ ਹੈਡਜ਼ ਦੇ ਅੰਦਰ ਪੈਸਾ ਐਲੋਕੇਟ ਕਰਦੇ ਹਾਂ । ਇਹ ਪ੍ਰੋਰੈਰੋਗੇਟਿਵ ਕਨਸਰਨਡ ਐਡਮਨਿਸਟਰੇਟਿਵ ਡਿਪਾਰਟਮੈਂਟ ਦਾ ਹੈ ਕਿ ਉਨ੍ਹਾਂ ਨੇ ਕਿਹੜੇ ਕਿਹੜੇ ਸਪੈਸੇਫਿਕ ਪ੍ਰਾਜੈਕਟ ਨੂੰ ਅਪਰੂਵਲ ਦੇਣੀ ਹੈ । ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਸਾਡਾ ਪੈਸਾ ਘੱਟ ਹੈ ਤਾਂ ਉਹ ਸਾਲ ਦੇ ਦੌਰਾਨ ਵੀ ਆਪਣੀਆਂ ਪਰਪੋਜ਼ਲਜ਼ ਭੇਜ ਸਕਦੇ ਹਨ । ਅਸੀਂ ਕਿਸੇ ਹੋਰ ਡਿਪਾਰਟਮੈਂਟ ਦੀ ਅਥਾਰਟੀ ਤੇ ਐਨਕਰੋਚ ਨਹੀਂ ਕਰਨਾ ਚਾਹੁੰਦੇ । ਜੋ ਵੀ ਡਿਪਾਰਟਮੈਂਟਸ ਦੀਆਂ ਪ੍ਰਾਇਰਟੀਜ਼ ਹਨ ਜਾਂ ਉਨ੍ਹਾਂ ਦੇ ਪ੍ਰਾਜੈਕਟ ਹਨ, ਉਸ ਮੁਤਾਬਕ ਉਹ ਹੈੱਡ ਦੇ ਅੰਦਰ ਜਾਂ ਸਕੀਮ ਦੇ ਅੰਦਰ ਤਿਆਰ ਕਰਦੇ ਹਨ। ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕਨਸਰਨਡ ਡਿਪਾਰਟਮੈਂਟ ਨਾਲ ਆਪਣੇ ਮੈਟਰਜ਼ ਟੇਕ ਅੱਪ ਕਰ ਸਕਦੇ ਹਨ।

[ਵਿੱਤ ਮੰਤਰੀ]

ਸਪੀਕਰ ਸਾਹਿਬ, ਸੇਖੜੀ ਸਾਹਿਬ ਨੇ ਗੱਲ ਕੀਤੀ ਹੈ ਕਿ ਸਪੋਰਟਸ ਲਈ ਸਿਰਫ 30 ਕਰੋੜ ਰੁਪਿਆ ਹੀ ਰੱਖਿਆ ਗਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 30 ਕਰੋੜ ਨਹੀਂ, ਉਸ ਦੇ ਅਗਲੇ ਪੈਰ੍ਹੇ ਵਿੱਚ ਲਿਖਿਆ ਹੈ ਕਿ ਡੈਡੀਕੇਟਿਡ ਸਪੋਰਟਸ ਫੰਡਜ਼ ਵਿੱਚੋਂ 50 ਕਰੋੜ ਰੁਪਿਆ ਵੀ ਸਪੋਰਟਸ ਤੇ ਖਰਚਿਆ ਜਾਣਾ ਹੈ । ਇਸ ਤਰ੍ਹਾਂ 80 ਕਰੋੜ ਰੁਪਿਆ ਅਸੀਂ ਸਪੋਰਟਸ ਵਾਸਤੇ ਰੱਖਿਆ ਗਿਆ ਹੈ । (ਥੰਪਿੰਗ) ਲੋੜ ਪਈ ਤਾਂ ਇਸ ਨੂੰ ਹੋਰ ਵੀ ਵਧਾ ਦਿਆਂਗੇ, ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ । ਸਾਡੇ ਡਿਪਟੀ ਮੁੱਖ ਮੰਤਰੀ ਸਾਹਿਬ ਖੁਦ ਬੜੇ ਚਿੰਤਤ ਹਨ । ਜੋ ਵੀ ਹੁਕਮ ਹੋਵੇਗਾ, ਅਸੀਂ ਉਸ ਨੂੰ ਲਾਗੂ ਕਰਾਂਗੇ। ਵੈਟ ਰਿਫੰਡ ਦੀ ਗੱਲ ਵੀ ਆ ਹੀ ਗਈ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਇੱਕ ਸਵਾਲ ਕੀਤਾ ਸੀ ਕਿ ਜਿਹੜੀ ਪਰ ਕੈਪਿਟਾ ਇਨਕਮ 89,349 ਸੀ ਪਰ ਐਕਚੂਅਲ 84,529 ਕਰੋੜ ਹੈ ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਤਿੰਨ ਸਟੇਜਾਂ ਹਨ। ਜਿਹੜਾ ਸਾਡਾ ਇਕਨਾਮਿਕ ਸਟੈਟਿਸਟਿਕ ਐਡਵਾਈਜ਼ਰ ਦਾ ਆਫਿਸ ਹੈ, ਉਹ ਐਡਵਾਂਸ ਐਸਟੀਮੇਟਸ ਪ੍ਰੀਪੇਅਰ ਕਰਦਾ ਹੈ। ਪਿਛਲੀਆਂ ਗਰੋਥ ਫਿਗਰਜ਼ ਨੂੰ ਲੈ ਕੇ, ਪਿਛਲੀ ਪਰ ਕੈਪਿਟਾ ਇਨਕਮ ਦੀ ਗਰੋਥ ਨੂੰ ਲੈ ਕੇ, ਪੂਰਾ ਹਿਸਾਬ ਲਗਾ ਕੇ, ਉਨ੍ਹਾਂ ਤੋਂ ਅਗਲੀ ਫਿੱਗਰ ਬਣਾਉਂਦਾ ਹੈ। ਉਸ ਤੋਂ ਬਾਅਦ ਫਿਰ ਸਾਡੇ ਰਿਵਾਈਜ਼ਡ ਫਿੱਗਰ ਬਣਦੇ ਹਨ ਜਿਹੜੇ ਤਕਰੀਬਨ ਐਕਚੂਅਲ ਦੇ ਨੇੜੇ-ਤੇੜੇ ਹੁੰਦੇ ਹਨ। ਉਸ ਤੋਂ ਬਾਅਦ ਐਕਚੂਅਲ ਬਣਦੇ ਹਨ। ਜੇਕਰ ਕੁਝ ਲੁਕਾਉਣਾ ਹੁੰਦਾ ਤਾਂ ਫਿਰ ਅਸੀਂ ਤੁਹਾਨੂੰ ਐਕਚੂਅਲ ਕਿਉਂ ਦਿੰਦੇ। ਸੋ, ਇਸ ਲਈ ਇਹ ਨਾਰਮਲੀ ਸਟੈਟਿਸਟਿਕਲ ਡਾਟਾ ਕੁਲੈਕਸ਼ਨ ਦਾ ਤਰੀਕਾ ਹੈ। ਜਿਹੜੇ ਐਡਵਾਂਸ ਐਸਟੀਮੇਟਸ ਹੁੰਦੇ ਹਨ, ਉਨ੍ਹਾਂ ਵਿੱਚ, ਰਿਵਾਈਜ਼ਡ ਐਸਟੀਮੇਟਸ ਵਿੱਚ ਅਤੇ ਐਕਚੂਅਲ ਵਿੱਚ ਹਮੇਸ਼ਾ ਅੰਤਰ ਹੁੰਦਾ ਹੈ, ਜਿਸ ਕਰਕੇ ਇਸ ਫਿੱਗਰ ਵਿੱਚ ਫਰਕ ਆਇਆ ਹੈ।

ਇਸੇ ਤਰ੍ਹਾਂ ਬੀ.ਪੀ.ਐਲ. ਫੈਮਿਲੀਜ਼ ਦੀ ਤੁਸੀਂ ਗੱਲ ਕੀਤੀ ਹੈ ਕਿ ਸਿਰਫ 40 ਕਰੋੜ ਰੁਪਏ ਆਈ.ਏ.ਵਾਈ. ਵਿੱਚ ਰੱਖਿਆ ਹੈ। ਇੱਕ ਤੁਸੀਂ ਇੰਦਰਾ ਆਵਾਸ ਯੋਜਨਾ ਦਾ ਕਿਹਾ ਹੈ, ਇਹ ਬੀ.ਪੀ.ਐਲ. ਫੈਮਿਲੀਜ਼ ਵਾਸਤੇ ਸਕੀਮ ਹੈ। ਸਾਡੇ ਬਹੁਤ ਬੈਨੀਫਿਸ਼ਰੀਜ਼ ਐਗਜ਼ਾਸਟ ਹੋ ਚੁੱਕੇ ਹਨ। ਜਿਹੜੇ ਤੁਹਾਡੇ ਕੁਝ

ਪੈਂਡਿੰਗ ਹਨ, ਉਨ੍ਹਾਂ ਵਾਸਤੇ ਇਹ ਰੱਖਿਆ ਹੈ। ਜਦ ਵੀ ਕੇਂਦਰ ਸਰਕਾਰ ਦੁਬਾਰਾ ਕੋਈ ਬੀ.ਪੀ.ਐਲ. ਲਿਸਟ ਕੱਢੇਗੀ, ਜਿਹੜੇ ਨਵੇਂ ਬੈਨੀਫਿਸ਼ਰੀਜ਼ ਆਉਣਗੇ, ਉਸ ਦੇ ਮੁਤਾਬਿਕ ਫਿਰ ਸਾਨੂੰ ਟਾਰਗੈਟ ਮਿਲੇਗਾ, ਟੀਚਾ ਮਿਲੇਗਾ। ਉਸ ਦੇ ਮੁਤਾਬਿਕ ਫਿਰ ਅਸੀਂ ਆਪਣੀਆਂ ਪ੍ਰੋਵੀਜ਼ਨਜ਼ ਰੱਖਾਂਗੇ। ਇਹ ਆਲਰੈਡੀ ਐਗਜ਼ਾਸਟ ਹੋ ਚੁੱਕੀ ਹੈ। ਇਸ ਕਰਕੇ ਅਸੀਂ ਇਹ ਨਹੀਂ ਕਰ ਸਕੇ। ਸੋ, ਸਪੀਕਰ ਸਾਹਿਬ, ਇਸ ਦੇ ਨਾਲ ਹੀ ਇੱਕ ਗੱਲ ਕੀਤੀ ਹੈ ਕਿ ਹੁਣ ਤੁਹਾਡੀ ਆਪਣੀ ਸਰਕਾਰ ਆ ਗਈ ਹੈ, ਕੋਈ ਮਦਦ ਨਹੀਂ ਮਿਲੀ, ਇਹ ਨਹੀਂ ਹੋਇਆ। ਅਜੇ ਸਿਰਫ ਡੇਢ ਮਹੀਨੇ ਦਾ ਸਮਾਂ ਹੋਇਆ ਹੈ। ਡੇਢ ਮਹੀਨੇ ਵਿੱਚ ਤਾਂ ਘਰ ਠੀਕ ਕਰਨ ਨੂੰ ਹੀ ਸਮਾਂ ਲੱਗ ਜਾਂਦਾ ਹੈ। ਡੇਢ ਮਹੀਨਾ ਕਿੰਨਾ ਕੁ ਸਮਾਂ ਹੁੰਦਾ ਹੈ। ਆਪਣਾ ਬਜਟ ਹੀ ਅਜੇ ਉਨ੍ਹਾਂ ਨੇ ਪੇਸ਼ ਕੀਤਾ ਹੈ। ਮਾਨਯੋਗ ਸੀ.ਐਮ. ਸਾਹਿਬ ਕਿੰਨੀ ਵਾਰ, ਡਿਪਟੀ ਸੀ.ਐਮ. ਸਾਹਿਬ ਕਿੰਨੀ ਵਾਰ, ਤਿੰਨ ਵਾਰ ਮੈਂ ਜੇਤਲੀ ਸਾਹਿਬ ਨੂੰ ਮਿਲ ਚੁੱਕਿਆ ਹਾਂ। ਉਨ੍ਹਾਂ ਨੇ ਸਾਨੂੰ ਇਸ ਗੱਲ ਦਾ ਭਰੋਸਾ ਦਿਵਾਇਆ ਹੈ ਕਿ ਪੰਜਾਬ ਦੀਆਂ ਜਿਹੜੀਆਂ ਹੱਕੀ ਮੰਗਾਂ ਹਨ, ਉਨ੍ਹਾਂ ਤੇ ਜ਼ਰੂਰ ਗੌਰ ਕਰਕੇ ਤੁਹਾਡੇ ਹੱਕ ਤੁਹਾਨੂੰ ਮਿਲਣਗੇ। (ਥੰਪਿੰਗ) ਇਸ ਦੇ ਨਾਲ ਹੀ ਕਿਉਂਕਿ ਪਿਛਲੀ ਸਰਕਾਰ ਦੇ ਵੇਲੇ ਕੀ ਹੋਇਆ, ਸਾਨੂੰ ਉਮੀਦ ਸੀ ਕਿ ਸਾਨੂੰ ਹੁਣੇ ਕੁਝ ਮਿਲ ਜਾਂਦਾ ਪਰ ਪਿਛਲੀ ਕਾਂਗਰਸ ਸਰਕਾਰ ਨੇ ਇੱਕ ਫਿਸਕਲ ਡੈਫੀਸਿਟ ਦਾ ਟੀਚਾ ਮਿਥ ਲਿਆ ਕਿ ਇੰਨਾ ਅਸੀਂ ਨਹੀਂ ਹੋਣ ਦੇਣਾ। ਉਸ ਨੂੰ ਅਸੀਂ ਅਚੀਵ ਕਰਨ ਵਾਸਤੇ 80,000 ਕਰੋੜ ਰੁਪਏ ਦੀਆਂ ਜਿਹੜੀਆਂ ਲਾਇਬਿਲਟੀਜ਼ ਹਨ, ਪਿਛਲੇ ਸਾਲ ਦੇ ਬਿਲਜ , ਉਹ ਅਨਪੇਡ ਛੱਡ ਗਏ ਸੀ, ਜਿਸ ਦੀ ਅਦਾਇਗੀ ਇਸ ਸਾਲ ਕਰਨੀ ਪਈ, ਜਿਸ ਕਰਕੇ ਐਕਸਟਰਾ ਬਰਡਨ ਉਨ੍ਹਾਂ ਦਾ ਵੀ ਪਿਆ ਹੈ, ਅੱਧਾ ਜੋ ਫਿਸਕਲ ਡੈਫੀਸਿਟ ਹੈ, ਤੁਸੀਂ ਵੀ ਅਖਬਾਰ ਵਿੱਚ ਪੜ੍ਹਿਆ ਹੋਣਾ ਹੈ, ਤਿੰਨ ਮਹੀਨਿਆਂ ਵਿੱਚ ਹੀ ਐਗਜ਼ਾਸਟ ਹੋ ਗਿਆ। ਸੋ, ਉਨ੍ਹਾਂ ਤੇ ਵੀ ਫਾਈਨਾਂਸ਼ਲ ਬਰਡਨ ਹੈ। ਉਨ੍ਹਾਂ ਦਾ ਸਾਨੂੰ ਭਰੋਸਾ ਹੈ ਕਿ ਜਦ ਸਰਕਾਰ ਦੇ ਵਿੱਚ ਹਾਲਾਤ ਸੁਧਰਦੇ ਹਨ ਤਾਂ ਪੰਜਾਬ ਨੂੰ ਪ੍ਰੀਆਇਰਟੀ ਤੇ ਰੱਖਾਂਗੇ, ਜੋ ਅਸੀਂ ਪੰਜਾਬ ਦੀਆਂ ਲੰਬੇ ਸਮੇਂ ਤੋਂ ਹੱਕਾਂ ਦੀ ਲੜਾਈ ਲੜ ਰਹੇ ਹਾਂ, ਸਾਨੂੰ ਉਮੀਦ ਹੈ ਕਿ ਜਲਦੀ ਹੀ ਪੰਜਾਬ ਦੇ ਹੱਕ ਮੰਨੇ ਜਾਣਗੇ।

ਇਸ ਦੇ ਨਾਲ ਹੀ ਇੱਕ ਕਾਲੀਆ ਸਾਹਿਬ ਨੇ ਗੱਲ ਕੀਤੀ ਸੀ ਕਿ ਅੰਮ੍ਰਿਤਸਰ ਤੇ ਲੁਧਿਆਣਾ ਨੂੰ ਸੇਫ ਸਿਟੀ ਪ੍ਰੋਜੈਕਟ ਵਿੱਚ ਲਿਆ ਗਿਆ ਹੈ, ਜਲੰਧਰ ਨੂੰ ਵੀ ਲਿਆ ਜਾਵੇ। ਇਨ੍ਹਾਂ ਦੀ ਗੱਲ ਨਾਲ ਮੈਂ ਸਹਿਮਤ ਹਾਂ ਅਤੇ

[ਵਿੱਤ ਮੰਤਰੀ]

ਅਸੀਂ ਜਲੰਧਰ ਨੂੰ ਵੀ ਇਸ ਸੇਫ ਸਿਟੀ ਪ੍ਰੋਜੈਕਟ ਵਿੱਚ ਲੈਣ ਦਾ ਇਸ ਵਿੱਚ ਇਨਕਲੂਡ ਕਰਦੇ ਹਾਂ। (ਥੰਪਿੰਗ) ਇੰਡਸਟਰੀ ਵਾਸਤੇ ਵੀ ਕਈਆਂ ਨੇ ਗੱਲ ਕੀਤੀ ਹੈ ਕਿ ਇੰਡਸਟਰੀ ਵਾਸਤੇ ਹੋਰ ਕੁਝ ਕੀਤਾ ਜਾਣਾ ਚਾਹੀਦਾ ਸੀ। ਨਾਲ ਹੀ ਇੰਡਸਟਰੀ ਵਾਸਤੇ ਮੈਂ ਹੋਰ ਐਲਾਨ ਕਰਦਾ ਹਾਂ ਕਿ ਬਜਟ ਵਿੱਚ ਇੱਕ ਪ੍ਰੋਵੀਜ਼ਨ 50 ਕਰੋੜ ਰੁਪਏ ਦੀ ਪੀ.ਐਸ.ਆਈ.ਡੀ.ਸੀ. ਵਾਸਤੇ ਰੱਖੀ ਹੈ, ਉਨ੍ਹਾਂ ਨੂੰ ਕਿਸ ਰੂਪ ਵਿੱਚ ਦੇਣਾ ਹੈ, ਇੱਕਵਿਟੀ ਦੇ ਰੂਪ ਵਿੱਚ ਦੇਣਾ ਹੈ ਜਾਂ ਲੋਨ ਦੇ ਰੂਪ ਵਿੱਚ ਦੇਣਾ ਹੈ, ਉਹ ਅਸੀਂ ਗੌਰਮਿੰਟ ਲੈਵਲ ਤੇ ਬੈਠ ਕੇ ਡਿਸਾਈਡ ਕਰ ਲਵਾਂਗੇ ਪਰ 50 ਕਰੋੜ ਰੁਪਿਆ ਪੀ.ਐਸ.ਆਈ.ਡੀ.ਸੀ. ਵਿੱਚ ਕੈਪੀਟਲ ਇਨਫਿਊਜ਼ ਕਰਨ ਵਾਸਤੇ ਇਸ ਬਜਟ ਵਿੱਚ ਪ੍ਰੋਵੀਜ਼ਨ ਕਰਨ ਦੀ ਮੈਂ ਪਰੋਪੋਜ਼ਲ ਰੱਖਦਾ ਹਾਂ।

ਸੋ, ਸਪੀਕਰ ਸਾਹਿਬ, ਮੈਂ ਇਸ ਬਜਟ ਨੂੰ ਕਨਕਲੂਡ ਕਰਦੇ ਹੋਏ ਇਹੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੇ ਵੱਲੋਂ ਹਮੇਸ਼ਾ ਇਹ ਕੋਸ਼ਿਸ਼ ਹੈ ਕਿ ਪੰਜਾਬ ਦੇ ਹਿਤਾਂ ਨੂੰ ਮੂਹਰੇ ਰੱਖ ਕੇ, ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਨੂੰ ਮੁੱਖ ਰੱਖ ਕੇ, ਜਿਹੜੇ ਪੰਜਾਬ ਦੀ ਆਰਥਿਕਤਾ ਨੂੰ ਹੋਰ ਮਜ਼ਬੂਤੀ ਵੱਲ ਅਤੇ ਹੋਰ ਖੁਸ਼ਹਾਲੀ ਵੱਲ ਲਿਜਾਣ, ਜੋ ਸਾਡਾ ਮਾਨਯੋਗ ਸੀ.ਐਮ. ਸਾਹਿਬ ਦਾ ਅਤੇ ਡਿਪਟੀ ਸੀ.ਐਮ. ਦਾ ਸੁਪਨਾ ਹੈ ਕਿ ਪੰਜਾਬ ਵੀ ਖੁਸ਼ਹਾਲ ਹੋਵੇ, ਪੰਜਾਬ ਵਿਕਾਸ ਕਰੇ ਅਤੇ ਪੰਜਾਬ ਦਾ ਇੱਕ ਸੁਨਹਿਰਾ ਭਵਿੱਖ ਹੋਵੇ, ਉਸ ਸੁਪਨੇ ਨੂੰ ਪੂਰਾ ਕਰਨ ਵਾਸਤੇ, ਸਾਕਾਰ ਕਰਨ ਵਾਸਤੇ, ਮੈਂ ਬੇਨਤੀ ਕਰਦਾ ਹਾਂ ਕਿ ਇਸ ਬਜਟ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ। ਇੰਨੇ ਸ਼ਬਦਾਂ ਨਾਲ ਬਹੁਤ ਬਹੁਤ ਧੰਨਵਾਦ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਮੈਂ ਲੰਬੀ ਗੱਲ ਨਹੀਂ ਕਰਦਾ। ਸਪੀਕਰ ਸਾਹਿਬ, ਬੜੇ ਵਧੀਆ ਢੰਗ ਨਾਲ, ਬੜੇ ਵਧੀਆ ਅੱਛੇ ਅਲਫਾਜ਼ਾਂ ਨਾਲ ਵਿੱਤ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਉਸ ਉਤੇ ਮੈਂ ਕੋਈ ਬਹੁਤੀ ਟਿੱਪਣੀ ਨਹੀਂ ਕਰਦਾ ।ਇੱਕੋ ਗੱਲ ਕਹੀ ਹੈ ਕਿ ਇਨ੍ਹਾਂ ਦੀ ਤਸੱਲੀ ਹੋ ਗਈ ਹੋਣੀ ਹੈ। ਤਸੱਲੀ ਤਾਂ ਸਾਡੀ ਹੋ ਨਹੀਂ ਸਕਦੀ , ਤਸੱਲੀ ਕਿਹੜੀ ਹੋਈ ਹੈ, ਇਸ ਬਾਰੇ ਮੈਂ ਬਹੁਤ ਗੱਲਾਂ ਕਹਿ ਸਕਦਾ ਹਾਂ ਪਰ ਮੈਂ ਕਹਿਣੀਆਂ ਨਹੀਂ ਹਨ ਕਿਉਂਕਿ ਫਿਰ ਕਹਿਣਗੇ ਕਿ ਪੰਜਾਬ ਦੀ ਬਾਹਰ ਬਦਨਾਮੀ ਹੋਵੇਗੀ। ਹੁਣ ਮੈਂ ਪੰਜਾਬ ਦਾ ਕੋਈ ਦੁਸ਼ਮਣ ਤਾਂ ਹੈ ਨਹੀਂ।ਬਾਦਲ ਸਾਹਿਬ ਉਤੇ ਮੈਨੂੰ ਸ਼ਿਕਵਾ

ਬਹੁਤ ਹੈ ਪਰ ਮੈਂ ਗੱਲਾਂ ਕਰਨੀਆਂ ਨਹੀਂ ਹਨ। ਇੱਕ ਗੱਲ ਮੈਂ ਚਾਹੁੰਦਾ ਹਾਂ ਕਿ ਤੁਸੀਂ ਕਿਹਾ ਹੈ ਕਿ ਇਹ ਬਜਟ ਕਰ ਰਹਿਤ ਹੈ, ਕੋਈ ਵੀ ਅਸੀਂ ਕਿਸੇ ਤੇ ਟੈਕਸ ਨਹੀਂ ਲਾਵਾਂਗੇ, ਟੈਕਸ ਰਹਿਤ ਹੈ। ਇਹ ਆਸ਼ਵਾਸਨ ਦਿਵਾ ਦਿਉ ਕਿ ਅਸੀਂ ਬਜਟ ਤੋਂ ਬਾਅਦ ਟੈਕਸ ਨਹੀਂ ਲਾਵਾਂਗੇ, ਬਾਕੀ ਮੈਂ ਤੁਹਾਡੇ ਕਹਿਣ ਮੁਤਾਬਕ ਕਹਿ ਦਿੰਦਾ ਹਾਂ ਕਿ ਆਪਣੀ ਮਾਲੀ ਪੁਜ਼ੀਸ਼ਨ ਬਹੁਤ ਵਧੀਆ ਹੈ ਲੇਕਿਨ ਮੈਨੂੰ ਇੱਕ ਗੱਲ ਦੱਸੋ ਕਿ ਜਿਹੜੇ ਵਾਅਦੇ ਕੀਤੇ ਹਨ, ਕੀ ਉਹ ਤੁਸੀਂ ਪੂਰੇ ਕੀਤੇ ਹਨ, ਕਿਉਂਕਿ ਜੇ ਪੈਸੇ ਹਨ, ਕੋਈ ਤਾਂ ਵਾਅਦਾ ਪੂਰਾ ਕਰ ਦਿਉ। ਜੇ ਤੁਹਾਡੀ ਮਾਲੀ ਹਾਲਤ ਬਹੁਤ ਚੰਗੀ ਹੈ, ਮੈਂ ਕਹਿੰਦਾ ਹਾਂ ਕਿ ਬਹੁਤ ਚੰਗੀ ਹੈ, ਮੰਨ ਲੈਂਦਾ ਹਾਂ ਤੁਹਾਡੀ ਗੱਲ, ਇਹ ਜਿਹੜਾ ਲੋਕਾਂ ਨੂੰ ਬੇਵਕੂਫ ਬਣਾਇਆ ਹੈ ਪਿਛੇ ਇਲੈਕਸ਼ਨਾਂ ਵਿੱਚ ਕਿਤਨੇ ਵਾਅਦੇ ਕੀਤੇ ਹਨ, ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਕਿਸ ਤਰ੍ਹਾਂ ਮੰਨ ਲਈਏ ਕਿ ਤੁਹਾਡੀ ਮਾਲੀ ਹਾਲਤ ਚੰਗੀ ਹੈ? ਪਰ ਜ਼ਿਆਦਾ ਮੈਂ ਕੁਝ ਨਹੀਂ ਕਹਿੰਦਾ ਕਿਉਂਕਿ ਪੰਜਾਬ ਦੀ ਬਦਨਾਮੀ ਹੋਵੇਗੀ, ਭਾਈ ਪ੍ਰੈਸ ਵਾਲਿਓ ਦੱਸਿਉ ਨਾ, ਪੰਜਾਬ ਦੀ ਬਦਨਾਮੀ ਨਹੀਂ ਹੋਣੀ ਚਾਹੀਦੀ ।

ਉਪ ਮੁੱਖ ਮੰਤਰੀ : ਤੁਸੀਂ ਚਿੰਤਾ ਨਾ ਕਰੋ।

ਮਾਨਯੋਗ ਸਪੀਕਰ : ਧੰਨਵਾਦ ਜੀ।

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ, ਮੈਂ ਸਰਦਾਰ ਲਾਲ ਸਿੰਘ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਟੈਕਸ ਨਹੀਂ ਲਗਾਉਣੇ ਚਾਹੀਦੇ। ਕੇਂਦਰ ਦੀ ਜਿਹੜੀ ਸਰਕਾਰ ਗਈ ਹੈ ਉਨ੍ਹਾਂ ਨੇ ਤਾਂ ਵੋਡਾਫੋਨ ਉਤੇ retrospective tax ਲਗਾ ਦਿੱਤਾ ਸੀ, ਉਸ ਦਾ ਇੰਨਾ ਰੌਲਾ ਪੁਆ ਦਿੱਤਾ ਕਿ ਸਾਰੀ ਇੰਡਸਟਰੀ ਭੱਜ ਗਈ ਤੇ ਇਕਨਾਮਿਕ ਗ੍ਰੋਥ 4% ਤੇ ਰਹਿ ਗਈ। ਇਸ ਲਈ ਆਪਾਂ ਇਹ ਗੱਲ ਕਰਦੇ ਚੰਗੇ ਨਹੀਂ ਲੱਗਦੇ..

ਮਾਨਯੋਗ ਸਪੀਕਰ : ਹੁਣ ਸਦਨ ਮੰਗਲਵਾਰ, ਮਿਤੀ 22 ਜੁਲਾਈ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*8.32 ਵਜੇ ਰਾਤ

(*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 22 ਜੁਲਾਈ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8524/01-2015

PUNJAB VIDHAN SABHA

DEBATES

Monday, the 21st July, 2014

Vol. VIII – No. 5

OFFICIAL REPORT

CONTENTS

Punjab Vidhan Sabha Secretariat, Chandigarh

Price : Rs._________.

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
9)	ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
10)	ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ

11)	ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12)	ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ
13)	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
14)	ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
15)	ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
16)	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
17)	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਜਾਈ ਮੰਤਰੀ
18)	ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ: ਨਾਮ	ਮਹਿਕਮਾ/ਮਹਿਕਮੇ
1) ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2) ਸੰਤ ਬਲਵੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3) ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4) ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
5) ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6) ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
7) ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8) ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9) ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10) ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11) ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12) ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ
13) ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14) ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
15) ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16) ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ

17) ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ